
## Reo-Bankowned Properties

From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
**$25 2500 Minutes**
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

FARMERS INSURANCE
*Auto *Home *Life
*Business *Work Comp



Gurcharan S. Mann
License # 0C70672

Do You Drive with
Uber - Curb – Lyft - SideCar
Need Insurance?
We have Special Coverage for You!!
Call: 510-797-7989
Duabba Insurance Agency
2450 Peralta Blvd, Suite 203
Fremont CA 94536



Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 39, September 26, 2015
20451 N Plum Grove Rd., Palatine, IL 60074
Ph:847-359-0746, Fax:847-705-9388


# ਪੰਜਾਬ ਦੀ ਸਿਆਸੀ ਫਿਜ਼ਾ ਵਿਚ ਫੇਰਬਦਲ ਦੇ ਸੰਕੇਤ

## ਕੈਪਟਨ ਅਮਰਿੰਦਰ ਸਿੰਘ ਨੇ ਹਾਈ ਕਮਾਨ ਨੂੰ ਅੱਖਾਂ ਦਿਖਾਈਆਂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਅੰਮ੍ਰਿਤਸਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀ ਸਿਆਸਤ ਵਿਚ ਵੱਡੇ ਫੇਰਬਦਲ ਦੇ ਸੰਕੇਤ ਦਿੱਤੇ ਹਨ। ਪਿਛਲੇ ਛੇ ਮਹੀਨਿਆਂ ਤੋਂ ਪੰਜਾਬ ਵਿਚ ਆਪਣੀ ਤਾਕਤ ਵਿਖਾਉਣ ਵਿਚ ਰੁੱਝੇ ਕੈਪਟਨ ਨੇ ਪਾਰਟੀ ਹਾਈ ਕਮਾਨ ਉਤੇ ਸੂਬੇ ਨੂੰ ਗੰਭੀਰਤਾ ਨਾਲ ਨਾ ਲੈਣ ਦੇ ਦੋਸ਼ ਲਾਉਂਦਿਆਂ ਨੇੜਲੇ ਭਵਿੱਖ ਵਿਚ ਕੋਈ ਨਵਾਂ ਰਾਹ ਲੱਭਣ ਦੀ ਗੱਲ ਆਖੀ ਹੈ। ਕਾਂਗਰਸ ਦੀ ਮੌਜੂਦਾ ਲੀਡਰਸ਼ਿਪ ਨਾਲ ਚੱਲਣ ਤੋਂ ਹੱਥ ਖੜ੍ਹੇ ਕਰਦਿਆਂ ਕੈਪਟਨ ਨੇ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ 'ਤੇ ਵੀ ਗੰਭੀਰ ਸਵਾਲ ਚੁੱਕੇ ਹਨ। ਇਕ ਅੰਗਰੇਜ਼ੀ ਅਖ਼ਬਾਰ ਨੂੰ ਦਿੱਤੀ ਇੰਟਰਵਿਊ ਵਿਚ ਕੈਪਟਨ ਨੇ ਆਖਿਆ ਹੈ ਕਿ ਪੰਜਾਬ ਦੇ ਲੋਕਾਂ ਨੂੰ ਕਾਂਗਰਸ ਤੋਂ ਵੱਡੀਆਂ ਉਮੀਦਾਂ ਸਨ, ਪਰ ਕੇਂਦਰੀ ਲੀਡਰਸ਼ਿਪ ਸੂਬੇ ਵਿਚ ਦਮ-ਖਮ ਰੱਖਣ ਵਾਲੇ ਆਗੂਆਂ ਨੂੰ ਖੂੰਜੇ ਲਾਉਣ ਦੀ ਨੀਤੀ 'ਤੇ ਚੱਲ ਰਹੀ ਹੈ। ਉਧਰ, ਇਹ ਵੀ ਚਰਚਾ ਹੈ ਕਿ ਅਮਰਿੰਦਰ ਸਿੰਘ, ਭਾਜਪਾ ਨਾਲ ਸਾਂਝ ਪਾਉਣ ਦੇ ਰੌਂਅ ਵਿਚ ਹਨ। ਕਾਂਗਰਸ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਖੁਲਾਸਾ ਕੀਤਾ ਹੈ ਕਿ ਕੈਪਟਨ, ਕਾਂਗਰਸ ਦੇ ਕਈ ਵਿਧਾਇਕਾਂ ਨੂੰ ਨਾਲ ਲੈ ਕੇ ਅਗਲੇ ਸਾਲ ਵਿਸਾਖੀ ਉਤੇ ਤਲਵੰਡੀ ਸਾਬੋ ਵਿਚ ਪੰਜਾਬ ਵਿਕਾਸ ਪਾਰਟੀ ਬਣਾ ਰਿਹਾ ਹੈ ਤੇ ਇਹ ਪਾਰਟੀ ਭਾਜਪਾ ਨਾਲ ਖੜ੍ਹ ਜਾਵੇਗੀ।



### 'ਆਪ' ਦੀ ਲਹਿਰ ਨੂੰ ਡੱਕਣਾ ਵੱਡੀ ਵੰਗਾਰ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਨੂੰ ਘਟਾ ਕੇ ਨਾ ਦੇਖਣ ਦੀ ਨਸੀਹਤ ਦਿੰਦਿਆਂ ਆਖਿਆ ਹੈ ਕਿ ਇਸ ਵੇਲੇ ਉਹ ਲੋਕ ਅੱਗੇ ਲਿਆਉਣ ਦੀ ਲੋੜ ਹੈ ਜੋ 'ਆਪ' ਦੀ ਲਹਿਰ ਨੂੰ ਰੋਕ ਸਕਣ। 'ਆਪ' ਬਾਰੇ ਉਨ੍ਹਾਂ ਇਹ ਵੀ ਕਿਹਾ ਕਿ ਇਸ ਪਾਰਟੀ ਵਿਚ ਅਤਿਵਾਦੀ ਅਤੇ ਨਕਸਲਵਾਦੀ ਭਰਤੀ ਹੋ ਰਹੇ ਹਨ।

ਦੱਸਣਯੋਗ ਹੈ ਕਿ ਕੈਪਟਨ ਹਾਈ ਕਮਾਨ ਕੋਲ ਕਈ ਵਾਰ ਨਾਰਾਜ਼ਗੀ ਜ਼ਾਹਿਰ ਕਰ ਚੁੱਕੇ ਹਨ, ਪਰ ਇਹ ਪਹਿਲੀ ਵਾਰ ਹੈ ਜਦੋਂ ਉਹ ਖੁੱਲ੍ਹ ਕੇ ਕੇਂਦਰੀ ਲੀਡਰਸ਼ਿਪ ਖਿਲਾਫ ਖੜ੍ਹ ਗਏ ਹਨ। ਪਿਛਲੇ ਡੇਢ-ਦੋ ਮਹੀਨਿਆਂ ਵਿਚ ਉਹ 23 ਰੈਲੀਆਂ ਤੇ 76 ਮੀਟਿੰਗਾਂ ਕਰ ਚੁੱਕੇ ਹਨ। ਕੈਪਟਨ ਨੇ ਇਨ੍ਹਾਂ ਰੈਲੀਆਂ ਤੋਂ ਸ. ਬਾਜਵਾ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਦੂਰ ਹੀ ਰੱਖਿਆ। ਵਿਧਾਨ ਸਭਾ ਵਿਚ ਇਸ ਸਮੇਂ 43 ਵਿਧਾਇਕਾਂ ਵਿਚੋਂ 33

*(ਬਾਕੀ ਸਫਾ 6 'ਤੇ)*

# 'ਆਪ' ਉਤੇ ਫਿਰ ਲੱਗੀ ਸਵਾਲਾਂ ਦੀ ਝੜੀ

## ਫੂਲਕਾ ਨੇ ਸਾਰੇ ਅਹੁਦਿਆਂ ਤੋਂ ਦਿੱਤਾ ਅਸਤੀਫਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵਿਚ ਸਾਫ਼-ਸੁਥਰੇ ਅਕਸ ਵਜੋਂ ਜਾਣੇ ਜਾਂਦੇ ਸੀਨੀਅਰ ਆਗੂ ਐਚ.ਐਸ. ਫੂਲਕਾ ਨੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਕੇ ਪਾਰਟੀ ਨੂੰ ਵੱਡਾ ਝਟਕਾ ਦਿੱਤਾ ਹੈ। 'ਆਪ' ਦੇ ਪੰਜਾਬ ਯੂਨਿਟ ਵਿਚ ਵਾਪਰ ਰਹੀਆਂ ਘਟਨਾਵਾਂ ਦੌਰਾਨ ਇਸ ਆਗੂ ਦੇ ਅਸਤੀਫੇ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਯਾਦ ਰਹੇ ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਪੰਜਾਬ ਤੋਂ ਵਾਪਸ ਬੁਲਾ ਲਿਆ ਗਿਆ ਸੀ।

ਲੋਕ ਸਭਾ ਚੋਣਾਂ ਵਿਚ ਲੁਧਿਆਣਾ ਤੋਂ 'ਆਪ' ਦੇ ਉਮੀਦਵਾਰ ਰਹੇ ਸ. ਫੂਲਕਾ ਨੇ ਅਸਤੀਫ਼ੇ ਦਾ ਕਾਰਨ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਉਤੇ ਧਿਆਨ ਕੇਂਦਰਿਤ ਕਰਨਾ ਦੱਸਿਆ ਹੈ ਪਰ ਇਹ ਦਲੀਲ ਲੋਕਾਂ ਦੇ ਗਲੇ ਨਹੀਂ ਉਤਰ ਰਹੀ। ਸ. ਫੂਲਕਾ ਨੇ ਲੰਮੇ ਸਮੇਂ ਤੋਂ ਆਪ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹਰ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ ਤੇ ਉਹ ਪਾਰਟੀ ਦੇ ਅੰਦਰੂਨੀ ਕਲੇਸ਼ ਤੋਂ ਦੂਰ ਹੀ ਰਹੇ ਹਨ। ਪਿਛਲੇ ਦਿਨੀਂ ਡਾ. ਧਰਮਵੀਰ ਗਾਂਧੀ ਤੇ ਭਗਵੰਤ ਮਾਨ ਦਰਮਿਆਨ ਫੋਨ ਵਾਰਤਾ ਦੀ ਜਿਹੜੀ ਆਡੀਓ ਸੀ.ਡੀ. ਨਸ਼ਰ ਹੋਈ ਸੀ, ਉਸ ਵਿਚ ਭਗਵੰਤ ਮਾਨ ਦੀਆਂ ਸ. ਫੂਲਕਾ ਬਾਰੇ ਟਿੱਪਣੀਆਂ ਤੋਂ ਇਹੀ ਝਲਕਦਾ ਸੀ ਕਿ ਉਨ੍ਹਾਂ ਦਾ ਸਮਾਜ-ਸੇਵੀ ਅਕਸ ਭਗਵੰਤ ਮਾਨ ਨੂੰ ਰਾਸ ਨਹੀਂ ਸੀ ਆ ਰਿਹਾ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸ. ਫੂਲਕਾ ਦੇ ਹਮਾਇਤੀਆਂ ਨੇ ਉਨ੍ਹਾਂ ਨੂੰ ਪੰਜਾਬ ਦੇ ਭਾਵੀ ਮੁੱਖ ਮੰਤਰੀ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਸੀ। ਪੰਜਾਬ ਵਿਚ 'ਆਪ' ਦੇ ਆਗੂਆਂ ਵਿਚ ਖਹਿਬਾਜ਼ੀ ਲਗਾਤਾਰ ਜਾਰੀ ਹੈ। ਸ਼ਾਇਦ ਇਸੇ ਕਾਰਨ ਭਗਵੰਤ ਮਾਨ ਨੇ ਫੂਲਕਾ ਦੇ ਫੈਸਲੇ ਬਾਰੇ ਆਪਣਾ ਪ੍ਰਤੀਕਰਮ ਦੇਣ ਤੋਂ ਗੁਰੇਜ਼ ਕੀਤਾ ਹੈ। ਜਿਥੋਂ ਤੱਕ ਪਾਰਟੀ ਵਰਕਰਾਂ ਦਾ ਸਵਾਲ ਹੈ, ਉਨ੍ਹਾਂ ਵਿਚੋਂ ਬਹੁਤੇ ਮਹਿਸੂਸ ਕਰਦੇ ਹਨ ਕਿ ਭਾਈ ਬਲਦੀਪ ਸਿੰਘ, ਡਾ. ਦਲਜੀਤ ਸਿੰਘ, ਐਡਵੋਕੇਟ ਫੂਲਕਾ, ਧਰਮਵੀਰ ਗਾਂਧੀ ਤੇ ਜਿਓਤੀ ਮਾਨ ਵਰਗੀਆਂ ਸ਼ਖਸੀਅਤਾਂ ਨੂੰ ਲਾਂਭੇ ਕਰ ਕੇ ਪਾਰਟੀ ਇਹ ਸੰਕੇਤ ਦੇ ਰਹੀ ਹੈ ਕਿ ਸਵੱਛ ਅਕਸ ਦਾ ਉਸ ਲਈ ਕੋਈ ਮਹੱਤਵ ਨਹੀਂ।



ਯਾਦ ਰਹੇ ਕਿ 'ਆਪ' ਵੱਲੋਂ ਬੁਨਿਆਦੀ

*(ਬਾਕੀ ਸਫਾ 6 'ਤੇ)*


## We Do Real Estate in Bay Area & Central Valley

We do loans anywhere in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

## Law Office of Manpreet S. Gahra

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

ਲਖ ਖੁਸ਼ੀਆਂ ਪਾਤਿਸਾਹੀਆਂ ਜੇ ਸਤਿਗੁਰ ਨਦਰਿ ਕਰੇਇ॥

ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮ੍ਹਾਰੇ ਲੇਖੇ॥ ਕਹਿ ਰਵਿਦਾਸ ਆਸ ਲਗਿ ਜੀਵਉ॥ ਚਿਰ ਭਇਓ ਦਰਸਨੁ ਦੇਖੇ॥੨॥੧॥

## ਗੁਰੂ ਘਰ ਦੀ ਸਥਾਪਨਾ ਦੀ 23ਵੀਂ ਵਰ੍ਹੇਗੰਢ ਦੀ ਸਭ ਸੰਗਤਾਂ ਨੂੰ ਵਧਾਈ ਹੋਵੇ



ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਸਥਾਪਨਾ ਦੀ 23ਵੀਂ ਵਰ੍ਹੇਗੰਢ 27 ਸਤੰਬਰ 2015 ਨੂੰ ਇਕ ਸਮਾਗਮ ਦੇ ਰੂਪ ਵਿਚ ਮਨਾਈ ਜਾ ਰਹੀ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਇਸ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।

**ਅਖੰਡ ਪਾਠ ਦੀ ਸੇਵਾ:** ਸੁਭਾਸ਼ ਬੰਗਾ, ਜੱਸੀ ਬੰਗਾ ਤੇ ਪਰਿਵਾਰ ਅਤੇ ਅਵਤਾਰ ਸਿੰਘ ਜੱਸਲ ਤੇ ਪਰਿਵਾਰ ਵਲੋਂ
**ਨਿਸ਼ਾਨ ਸਾਹਿਬ ਦੀ ਸੇਵਾ:** ਭਾਈ ਜਸਵਿੰਦਰ ਸਿੰਘ ਤੇ ਪਰਿਵਾਰ ਵਲੋਂ

ਜਾਰੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ
ਫੋਨ: 916-992-1710

### ਪ੍ਰੋਗਰਾਮਾਂ ਦਾ ਵੇਰਵਾ

**ਸ਼ੁੱਕਰਵਾਰ 25 ਸਤੰਬਰ 2015**
ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**ਸਨਿਚਰਵਾਰ 26 ਸਤੰਬਰ 2015**
ਨਿਸ਼ਾਨ ਸਾਹਿਬ ਦੀ ਸੇਵਾ: ਬਾਅਦ ਦੁਪਹਿਰ 3 ਵਜੇ

**ਐਤਵਾਰ 27 ਸਤੰਬਰ 2015**
ਭੋਗ ਸ੍ਰੀ ਅਖੰਡ ਪਾਠ: ਸਵੇਰੇ 10:30 ਵਜੇ
**ਉਪਰੰਤ ਸ਼ਬਦ ਕੀਰਤਨ:** ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਅਤੇ ਕਥਾਕਾਰ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਨਿਹਾਲ ਕਰਨਗੇ। ਵਿਸ਼ੇਸ਼ ਤੌਰ 'ਤੇ ਭਾਈ ਅਮਰੀਕ ਸਿੰਘ ਅਤੇ ਜਥਾ (ਚੰਡੀਗੜ੍ਹ ਵਾਲੇ) ਪਹੁੰਚ ਰਹੇ ਹਨ।

**ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ, ਸੈਕਰਾਮੈਂਟੋ (ਕੈਲੀਫੋਰਨੀਆ)**

---

# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

---

# Imperial Truck Driving School

3506 Nielsen Ave., Fresno, CA 93706

## ਖੁਸ਼ਖਬਰੀ ! ਖੁਸ਼ਖਬਰੀ ! !


ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ

*ਰਹਿਣ ਵਾਸਤੇ ਖਾਸ ਪ੍ਰਬੰਧ*

**Ph: 559-266-4000, Cell: 916-470-5520**



## ਸੁਰਜੀਤ ਪਾਤਰ ਨਾਲ ਸਾਹਿਤਕ ਸ਼ਾਮ 25 ਨੂੰ

**ਨਿਊ ਯਾਰਕ, ਕੈਲੀਫੋਰਨੀਆ (ਬਿਊਰੋ):** ਪ੍ਰਸਿਧ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਨਾਲ ਇਕ ਰੂਬਰੂ ਅਤੇ ਡਿਨਰ ਪ੍ਰੋਗਰਾਮ 25 ਸਤੰਬਰ ਨੂੰ ਸਥਾਨਕ ਮਹਿਰਾਨ ਰੈਸਟੋਰੈਂਟ (5774 ਮੋਵਰੇ ਸਕੂਲ ਰੋਡ) ਵਿਚ ਰੱਖਿਆ ਗਿਆ ਹੈ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਨੇ ਜਾਰੀ ਬਿਆਨ ਵਿਚ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਸ਼ਾਮ 6:30 ਸ਼ੁਰੂ ਹੋਵੇਗਾ ਅਤੇ ਸ਼ਾਇਰ ਸੁਰਜੀਤ ਪਾਤਰ ਆਪਣੇ ਵਿਚਾਰ ਪੇਸ਼ ਕਰਨਗੇ।

# ਸਿੱਖ ਰਾਈਡਰਜ਼ ਅਮਰੀਕਾ ਵਲੋਂ ਫੰਡਰੇਜ਼ਰ

**ਬੇਕਰਜ਼ਫੀਲਡ (ਬਿਊਰੋ):** ਨੈਸ਼ਨਲ ਸਿੱਖ ਕੰਪੇਨ ਨਾਮੀ ਸੰਸਥਾ ਵਲੋਂ ਅਮਰੀਕਾ ਵਿਚ ਸਿੱਖ ਪਛਾਣ ਲਈ ਅਰੰਭੇ ਯਤਨਾਂ ਲਈ ਇਕ ਫੰਡਰੇਜ਼ਰ ਸਿੱਖ ਰਾਈਡਰਜ਼ ਅਮਰੀਕਾ ਵਲੋਂ ਇਥੇ ਤਾਜ ਮਹੱਲ ਕੁਜ਼ੀਨ ਵਿਚ ਕੀਤਾ ਗਿਆ। ਇਸ ਫੰਡਰੇਜ਼ਰ ਵਿਚ ਸਥਾਨਕ ਸਿੱਖ ਭਾਈਚਾਰੇ ਦੇ ਪਤਵੰਤੇ ਅਤੇ ਸਮੂਹ ਗੁਰਦੁਆਰਾ ਕਮੇਟੀਆਂ ਦੇ ਮੈਂਬਰ ਸ਼ਾਮਲ ਹੋਏ।

ਇਸ ਮੌਕੇ ਨੈਸ਼ਨਲ ਸਿੱਖ ਕੰਪੇਨ ਦੇ ਕੋ-ਕਨਵੀਨਰ ਡਾ. ਰਾਜਵੰਤ ਸਿੰਘ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਮਾ ਵਿਚ ਸਿੱਖ ਪਛਾਣ ਲਈ ਭਰਪੂਰ ਯਤਨ ਕੀਤੇ ਜਾਣ ਦੀ ਲੋੜ ਹੈ ਤਾਂ ਜੋ ਨਸਲੀ ਹਮਲਿਆਂ ਨੂੰ ਠੱਲ੍ਹ ਪਾਈ ਜਾ ਸਕੇ। ਉਨ੍ਹਾਂ ਕਿਹਾ 9/11 ਦੇ ਹਮਲੇ ਪਿਛੋਂ ਅਮਰੀਕਾ ਨੂੰ ਨਸਲੀ ਟਿੱਪਣੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਡਾ. ਰਾਜਵੰਤ ਸਿੰਘ ਨੇ ਹਾਜ਼ਰੀਨ ਨੂੰ ਸਲਾਈਡ ਸ਼ੋਅ ਰਾਹੀਂ ਕੁਝ ਸੁਝਾਅ ਸੁਝਾਏ ਅਤੇ ਸੰਗਤਾਂ ਦੇ ਸਵਾਲਾਂ ਦੇ ਤਸੱਲੀਬਖਸ਼ ਜਵਾਬ ਵੀ ਦਿੱਤੇ। ਡਾ. ਮਨਵੀਰ ਸਿੰਘ, ਡਾ. ਸਰਬਜੀਤ ਸਿੰਘ ਛਾਬੜਾ, ਡਾ. ਜਸਲੀਨ ਕੌਰ, ਡਾ. ਰਸ਼ਮ ਸੰਧੂ ਅਤੇ ਹੋਰ ਪਤੰਵਤੇ ਸੱਜਣਾਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕਰੀਬ 12000 ਡਾਲਰ ਫੰਡ ਇਕੱਤਰ ਹੋਇਆ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



We Accept Personal Injury (PI) Cases
Medicare & Most Private Insurances Accepted



Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

REALTOR
EQUAL HOUSING OPPORTUNITY

JAGDEV SINGH
Realtor
CalBre #01423409
42820 Albrae, St.,
Fremont, CA 94538

# ਪੰਜਾਬ ਸਰਕਾਰ ਨੇ ਨਿਵੇਸ਼ਕਾਂ ਨੂੰ ਪਲੋਸਣ ਲਈ ਲਾਇਆ ਟਿੱਲ

**ਚੰਡੀਗੜ੍ਹ:** ਪੰਜਾਬ ਵਿਚ ਦੂਜੀ ਵਾਰੀ ਨਿਵੇਸ਼ ਸੰਮੇਲਨ 28 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਪੰਜਾਬ ਸਰਕਾਰ, ਖਾਸ ਕਰਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਸ ਸੰਮੇਲਨ ਤੋਂ ਪਹਿਲਾਂ ਨਿਵੇਸ਼ਕਾਂ ਨੂੰ ਪਲੋਸਣ ਵਿਚ ਰੁੱਝੇ ਹੋਏ ਹਨ ਪਰ ਪਿਛਲੇ ਦਿਨੀਂ ਵਿਸ਼ਵ ਬੈਂਕ ਵੱਲੋਂ ਭਾਰਤ ਦੇ ਵੱਖ-ਵੱਖ ਸੂਬਿਆਂ ਦੀ ਸਨਅਤ ਲਗਾਉਣ ਪੱਖੋਂ ਸਾਜ਼ਗਾਰ ਹਾਲਾਤ ਦੇ ਆਧਾਰ 'ਤੇ ਕੀਤੀ ਦਰਜਾਬੰਦੀ ਨੇ ਸੂਬਾ ਸਰਕਾਰ ਨੂੰ ਫਿਕਰ ਵਿਚ ਪਾ ਦਿੱਤਾ ਹੈ। ਨਿਵੇਸ਼ ਲਈ ਸਾਜ਼ਗਾਰ ਮਾਹੌਲ ਪੱਖੋਂ ਪੰਜਾਬ ਦਾ ਨੰਬਰ 16ਵਾਂ ਹੈ ਤੇ ਉਹ ਹਰਿਆਣੇ ਤੋਂ ਵੀ ਪਿੱਛੇ ਹੈ।

ਦਰਜਾਬੰਦੀ ਲਈ ਬਹੁਤ ਸਾਰੀਆਂ ਗੱਲਾਂ ਨੂੰ ਆਧਾਰ ਬਣਾਇਆ ਗਿਆ ਹੈ, ਜਿਨ੍ਹਾਂ ਵਿਚ ਜ਼ਮੀਨ ਦਾ ਹੋਣਾ, ਬੁਨਿਆਦੀ ਸਹੂਲਤਾਂ ਦਾ ਹੋਣਾ, ਬਿਜਲੀ, ਵਾਤਾਵਰਨ, ਕਰਜ਼ੇ ਲੈਣ ਵਿਚ ਆਸਾਨੀ, ਸਮਝੌਤਿਆਂ ਨੂੰ ਅਮਲੀ ਰੂਪ ਦੇਣਾ ਤੇ ਟੈਕਸ ਪ੍ਰਣਾਲੀ ਆਦਿ ਸ਼ਾਮਲ ਹਨ। ਅਜਿਹੇ ਕੁਝ ਨੂੰ ਆਧਾਰ ਬਣਾ ਕੇ ਗੁਜਰਾਤ ਸੂਬੇ ਨੂੰ ਪਹਿਲਾ ਨੰਬਰ ਦਿੱਤਾ ਗਿਆ ਹੈ। ਉਸ ਤੋਂ ਪਿੱਛੋਂ ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ, ਉੜੀਸਾ ਤੇ ਮਹਾਰਾਸ਼ਟਰ ਆਦਿ ਸੂਬੇ ਆਉਂਦੇ ਹਨ। ਇਸ



ਲਿਹਾਜ਼ ਨਾਲ ਪੰਜਾਬ ਦਾ ਨੰਬਰ 16ਵਾਂ ਹੈ।

ਪੰਜਾਬ ਸਰਕਾਰ ਉਦਯੋਗਪਤੀਆਂ ਨੂੰ ਨਿਵੇਸ਼ ਲਈ ਤਾਂ ਪਰੇਰ ਰਹੀ ਹੈ ਪਰ ਨਿਵੇਸ਼ ਲਈ ਚੰਗਾ ਮਾਹੌਲ ਦੇਣ ਵਿਚ ਨਾਕਾਮ ਰਹੀ ਹੈ। ਹਾਲ ਹੀ ਵਿਚ ਅੰਬਾਨੀ ਨੇ ਇਸ ਸਾਲ ਦਸੰਬਰ ਤੱਕ ਪੰਜਾਬ ਦੇ ਸਾਰੇ ਪਿੰਡਾਂ ਨੂੰ 4-ਜੀ ਨਾਲ ਜੋੜਨ ਦਾ ਇਕਰਾਰ ਕੀਤਾ ਹੈ। ਇਸ ਦਾ ਮੰਤਵ ਸੂਬੇ ਨੂੰ ਹੇਠਲੀ ਪੱਧਰ ਤੱਕ ਸੰਚਾਰ ਦੀ ਨਵੀਂ ਤੇ ਤੇਜ਼ ਤਕਨੀਕ ਨਾਲ ਜੋੜਨਾ ਹੈ। ਅੰਬਾਨੀ ਨੇ ਇਹ ਵੀ ਕਿਹਾ ਹੈ ਕਿ ਪੰਜਾਬ ਅਜਿਹੀ ਤਕਨੀਕ ਵਾਲਾ ਦੇਸ਼ ਦਾ ਪਹਿਲਾ ਸੂਬਾ ਹੋਵੇਗਾ। ਰਿਲਾਇੰਸ ਵੱਲੋਂ ਸੂਬੇ ਵਿਚ ਪਹਿਲਾਂ ਹੀ 3500 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਚੁੱਕਾ ਹੈ ਤੇ 1000 ਕਰੋੜ ਰੁਪਏ ਦਾ ਹੋਰ ਨਿਵੇਸ਼ ਕੀਤਾ ਜਾਵੇਗਾ ਪਰ ਸਰਕਾਰ ਵੱਲੋਂ ਨਿਵੇਸ਼ ਬਾਰੇ ਅਪਣਾਈ ਜਾ ਰਹੀ ਨੀਤੀ ਸਵਾਲਾਂ ਵਿਚ ਘਿਰ ਗਈ ਹੈ।

## ਨਿਵੇਸ਼ ਲਈ ਪੰਜਾਬ ਵਿਚ ਨਹੀਂ ਸਾਜ਼ਗਾਰ ਮਾਹੌਲ

**ਚੰਡੀਗੜ੍ਹ:** ਨਿਵੇਸ਼ ਲਈ ਸਾਜ਼ਗਾਰ ਮਾਹੌਲ ਪੱਖੋਂ ਪੰਜਾਬ ਦਾ ਨੰਬਰ 16ਵਾਂ ਹੈ ਤੇ ਉਹ ਹਰਿਆਣੇ ਤੋਂ ਵੀ ਪਿੱਛੇ ਹੈ। ਸੂਬੇ ਵਿਚ ਹੁਣ ਤੱਕ 17770 ਸਨਅਤੀ ਇਕਾਈਆਂ ਬੰਦ ਹੋ ਚੁੱਕੀਆਂ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਅੰਮ੍ਰਿਤਸਰ ਵਿਚ 8000, ਲੁਧਿਆਣਾ 3000, ਜਲੰਧਰ 2000 ਅਤੇ ਕਪੂਰਥਲਾ ਵਰਗੇ ਛੋਟੇ ਜਿਹੇ ਸ਼ਹਿਰ ਵਿਚ ਤਕਰੀਬਨ 1000 ਤੋਂ ਵਧੇਰੇ ਯੂਨਿਟ ਬੰਦ ਹੋ ਚੁੱਕੇ ਹਨ। ਇਸ ਤੋਂ ਇਲਾਵਾ ਛੋਟੀਆਂ-ਛੋਟੀਆਂ ਹੋਰ ਬੰਦ ਹੋਈਆਂ ਇਕਾਈਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਅੰਮ੍ਰਿਤਸਰ ਵਿਚ ਪੱਖਾ ਸਨਅਤ ਦੇ 2500 ਯੂਨਿਟਾਂ ਵਿਚੋਂ ਸਿਰਫ 30 ਇਕਾਈਆਂ ਹੀ ਬਚੀਆਂ ਹਨ। ਕਦੀ ਇਸ ਸ਼ਹਿਰ ਤੋਂ ਈਰਾਨ ਤੇ ਯੂਰਪ ਦੇ ਹੋਰ ਸ਼ਹਿਰਾਂ ਵਿਚ ਗਲੀਚੇ ਭੇਜੇ ਜਾਂਦੇ ਸਨ, ਅੱਜ ਇਨ੍ਹਾਂ 100 ਇਕਾਈਆਂ ਵਿਚੋਂ ਸਿਰਫ 30 ਹੀ ਬਚੀਆਂ ਰਹਿ ਸਕੀਆਂ ਹਨ। ਸਾਲ 2005 ਵਿਚ ਜਲੰਧਰ ਵਿਚ ਪਾਈਪ ਫਿਟਿੰਗ ਦੇ 500 ਕਾਰਖਾਨੇ ਸਨ, ਜਿਨ੍ਹਾਂ ਵਿਚੋਂ ਹੁਣ 10 ਫ਼ੀਸਦੀ ਹੀ ਬਚੇ ਹਨ।

## ਪੰਜਾਬ ਵਿਚ ਨਿਵੇਸ਼ ਦੁੱਗਣਾ ਕਰੇਗਾ ਆਈ.ਟੀ.ਸੀ.

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਦਿੱਲੀ ਵਿਚ ਹੋਈ ਮੀਟਿੰਗ ਦੌਰਾਨ ਆਈ.ਟੀ.ਸੀ. ਨੇ ਐਲਾਨ ਕੀਤਾ ਕਿ ਉਹ ਆਪਣੇ ਪੰਜਾਬ ਵਿਚ ਪਹਿਲਾਂ ਕੀਤੇ ਗਏ 700 ਕਰੋੜ ਰੁਪਏ ਦੇ ਨਿਵੇਸ਼ ਨੂੰ ਦੁੱਗਣਾ ਕਰਕੇ 1400 ਕਰੋੜ ਰੁਪਏ ਕਰੇਗਾ। ਆਈ.ਟੀ.ਸੀ. ਦੇ ਮੁਖੀ ਸੰਜੀਵ ਪੁਰੀ ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਕਪੂਰਥਲਾ ਵਿਚ ਫੂਡ ਪਾਰਕ ਵਿਚ ਨਿਵੇਸ਼ ਵਧਾ ਰਹੀ ਹੈ। ਉਪ ਮੁੱਖ ਮੰਤਰੀ ਵੱਲੋਂ ਪੇਸ਼ ਕੀਤੀ ਤਜਵੀਜ਼ ਦੇ ਜਵਾਬ ਵਿਚ ਗੋਦਰੇਜ ਐਗਰੋਵੈਟ ਦੇ ਮੈਨੇਜਿੰਗ ਡਾਇਰੈਕਟਰ ਬਲਰਾਮ ਯਾਦਵ ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਪੰਜਾਬ ਵਿਚ 100 ਏਕੜ ਰਕਬੇ ਵਿਚ ਫੂਡ ਪਾਰਕ ਤੇ ਗਰੀਨ ਹਾਊਸ ਸਥਾਪਤ ਕਰਨ ਬਾਰੇ ਮੁਲਾਂਕਣ ਕਰੇਗੀ।

# ਉਰਦੂ, ਪੰਜਾਬੀ ਤੇ ਸਿੰਧੀ ਅਨੁਵਾਦ ਵਾਲਾ ਸਾਫਟਵੇਅਰ ਜਾਰੀ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਦੇ ਉੱਚਤਮ ਕੇਂਦਰ ਨੇ ਉਰਦੂ, ਪੰਜਾਬੀ ਤੇ ਸਿੰਧੀ ਭਾਸ਼ਾ ਨੂੰ ਅਨੁਵਾਦ ਕਰਨ ਵਾਲਾ ਪਹਿਲਾ 'ਸੰਗਮ' ਨਾਂ ਦਾ ਸਾਫ਼ਟਵੇਅਰ ਲਾਂਚ ਕੀਤਾ। ਇਹ ਸਾਫ਼ਟਵੇਅਰ ਇਥੇ 'ਰੇਗਆਈਕੋਨ-2015' ਦੇ ਵਿਸ਼ੇ 'ਤੇ ਸ਼ੁਰੂ ਹੋਈ ਦੋ ਰੋਜ਼ਾ ਤੀਸਰੀ ਖੇਤਰੀ ਅੰਤਰਰਾਸ਼ਟਰੀ ਕਾਨਫ਼ਰੰਸ ਦੇ ਸ਼ੁਰੂਆਤ ਸੈਸ਼ਨ ਵਿਚ ਲਾਂਚ ਕੀਤਾ ਗਿਆ। ਸਾਫ਼ਟਵੇਅਰ ਕੇਂਦਰ ਦੇ ਡਾਇਰੈਕਟਰ ਡਾ. ਗੁਰਪ੍ਰੀਤ ਸਿੰਘ ਲਹਿਲ ਦੀ ਅਗਵਾਈ ਵਿਚ ਤਿਆਰ ਕੀਤਾ ਗਿਆ ਹੈ। ਡਾ. ਨੀਰਜ ਸ਼ਰਮਾ (ਵਿਭਾਗ ਦੇ ਮੁਖੀ) ਨੇ




ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਉਤਰੀ ਭਾਰਤ ਦੀਆਂ ਛੇ ਭਾਸ਼ਾਵਾਂ ਹਿੰਦੀ, ਪੰਜਾਬੀ, ਉਰਦੂ, ਡੋਗਰੀ, ਸਿੰਧੀ ਤੇ ਕਸ਼ਮੀਰੀ ਨੂੰ ਕਾਨਫ਼ਰੰਸ ਵਿਚ ਸ਼ਾਮਲ ਕੀਤਾ ਗਿਆ ਹੈ।

# ਟਰਾਂਸਪੋਰਟ ਵਿਭਾਗ ਦੇ ਕੰਮਾਂ ਤੋਂ ਦੂਰ ਰਹੇ ਬਾਦਲ ਲਾਣਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਾਰੋਬਾਰੀ ਹਿੱਤਾਂ ਦੇ ਟਕਰਾਅ ਦੇ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਡਿਵੀਜਨ ਬੈਂਚ ਨੇ ਪੰਜਾਬ ਦੇ ਮੁੱਖ ਸਕੱਤਰ, ਔਰਬਿਟ ਏਵੀਏਸ਼ਨ ਤੇ ਡੱਬਵਾਲੀ ਟਰਾਂਸਪੋਰਟ ਕੰਪਨੀ ਨੂੰ ਦਸ ਦਸੰਬਰ ਤੱਕ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਪਾਈ ਜਨਹਿੱਤ ਪਟੀਸ਼ਨ ਉਤੇ ਜਾਰੀ ਕੀਤਾ ਹੈ। ਸ੍ਰੀ ਅਰੋੜਾ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਹ ਪੰਜਾਬ ਦੇ ਮੁੱਖ ਸਕੱਤਰ ਨੂੰ ਇਹ ਯਕੀਨੀ ਬਣਾਉਣ ਲਈ ਹੁਕਮ ਦੇਵੇ ਕਿ ਜਦ ਤੱਕ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਉਨ੍ਹਾਂ ਦੇ ਪਰਿਵਾਰ ਦੇ ਨਿੱਜੀ ਟਰਾਂਸਪੋਰਟ ਕੰਪਨੀਆਂ ਵਿਚ ਹਿੱਸੇ ਹਨ ਉਦੋਂ ਤੱਕ ਉਹ ਸੂਬੇ ਦੇ ਟਰਾਂਸਪੋਰਟ ਵਿਭਾਗ ਤੇ ਸਰਕਾਰੀ ਬੱਸ ਅਦਾਰਿਆਂ ਦੇ ਮਾਮਲਿਆਂ ਵਿਚ ਦਖਲ ਨਾ ਦੇਣ। ਉਨ੍ਹਾਂ ਨਿੱਜੀ ਤੌਰ 'ਤੇ ਪੇਸ਼ ਦਾਅਵਾ ਕੀਤਾ ਕਿ ਪੰਜਾਬ ਰਾਜ ਟਰਾਂਸਪੋਰਟ ਕਮਿਸ਼ਨਰ ਨੇ ਜੋ ਹਲਫ਼ਨਾਮਾ ਪੇਸ਼ ਕੀਤਾ ਹੈ ਉਸ ਵਿਚ ਨਿੱਜੀ ਟਰਾਂਸਪੋਟਰ ਕੰਪਨੀਆਂ, ਉਨ੍ਹਾਂ ਦੇ ਹਿੱਸੇਦਾਰਾਂ ਤੇ ਡਾਇਰੈਕਟਰਾਂ ਦੇ ਵੇਰਵੇ ਹਨ। ਇਹ ਹਲਫ਼ਨਾਮਾ ਹਾਈਕੋਰਟ ਵੱਲੋਂ ਇਸ ਮਾਮਲੇ ਵਿਚ ਖ਼ੁਦ-ਬਖ਼ੁਦ ਲਏ ਨੋਟਿਸ ਦੌਰਾਨ ਤਿਆਰ ਕੀਤਾ ਗਿਆ ਸੀ। ਪਟੀਸ਼ਨਰ ਦਾ ਕਹਿਣਾ ਹੈ ਕਿ ਹਿੱਤਾਂ ਦੇ ਟਕਰਾਅ ਕਾਰਨ ਹੀ ਪੰਜਾਬ ਦੀ ਸੱਤਾ 'ਤੇ ਕਾਬਜ਼ ਲੋਕਾਂ ਦੀਆਂ ਟਰਾਂਸਪੋਰਟ ਕੰਪਨੀਆਂ ਤਾਂ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਹੀਆਂ ਹਨ ਜਦ ਕਿ ਪੰਜਾਬ ਦੀ ਸਰਕਾਰੀ ਟਰਾਂਸਪੋਰਟ ਦਾ ਦਮ ਨਿਕਲ ਗਿਆ ਹੈ। ਪਟੀਸ਼ਨਰ ਨੇ ਕੈਗ ਦੀ ਰਾਜ ਟਰਾਂਸਪੋਰਟ ਬਾਰੇ ਸਾਲ 2009-10 ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਿੱਜੀ ਟਰਾਂਸਪੋਰਟਰਾਂ ਨੂੰ ਲਾਭ ਦੇਣ ਲਈ ਕਾਨੂੰਨਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ ਹਨ। ਨਿੱਜੀ ਕੰਪਨੀਆਂ ਨੂੰ ਨਿਯਮਾਂ ਤੋਂ ਵੱਧ ਪਰਮਿਟ ਦਿੱਤੇ ਗਏ ਹਨ ਤੇ ਕੌਮੀ ਮਾਰਗਾਂ 'ਤੇ ਵੀ ਨਿੱਜੀ ਬੱਸਾਂ ਦੌੜਾਈਆਂ ਜਾ ਰਹੀਆਂ ਹਨ।

## ਪਟੀਸ਼ਨਰ ਨੇ ਕੀਤੀ ਹਾਈਕੋਰਟ ਨੂੰ ਅਪੀਲ




## ਸਭ ਤੋਂ ਵੱਧ ਹਿੱਸੇਦਾਰੀ ਬਾਦਲ ਪਰਿਵਾਰ ਦੀ

**ਚੰਡੀਗੜ੍ਹ:** ਦਸਤਾਵੇਜ਼ਾਂ ਦੀ ਘੋਖ ਕਰਨ ਤੋਂ ਪਤਾ ਲੱਗਦਾ ਹੈ ਕਿ ਸੁਖਬੀਰ ਬਾਦਲ ਦਾ ਡੱਬਵਾਲੀ ਟਰਾਂਸਪੋਰਟ ਕੰਪਨੀ ਵਿਚ 90 ਫੀਸਦੀ ਤੋਂ ਵੱਧ ਹਿੱਸਾ ਹੈ ਜਦ ਕਿ ਔਰਬਿਟ ਰਿਜ਼ੋਰਟ ਕੰਪਨੀ ਵੀ ਇਸੇ ਪਰਿਵਾਰ ਦੀ ਹੈ। ਉਨ੍ਹਾਂ ਦੀ ਪਤਨੀ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਔਰਬਿਟ ਏਵੀਏਸ਼ਨ ਵਿਚ ਹਿੱਸਾ ਹੈ। ਇਸ ਤੋਂ ਇਲਾਵਾ ਡੱਬਵਾਲੀ ਟਰਾਂਸਪੋਰਟ ਕੰਪਨੀ ਦੇ ਡਾਇਰੈਕਟਰ ਹੀ ਤਾਜ ਟਰੈਵਲਜ਼ ਲਿਮਟਿਡ ਤੇ ਇੰਡੋ ਕੈਨੇਡੀਅਨ ਟਰਾਂਸਪੋਰਟ ਵਿਚ ਸਹਿ ਡਾਇਰੈਕਟਰ ਹਨ। ਇਸੇ ਤਰ੍ਹਾਂ ਮੁਹੰਮਦ ਜਮੀਲ ਡੱਬਵਾਲੀ ਟਰਾਂਸਪੋਰਟ ਕੰਪਨੀ ਦਾ ਡਾਇਰੈਕਟਰ ਹੋਣ ਦੇ ਨਾਲ-ਨਾਲ ਔਰਬਿਟ ਏਵੀਏਸ਼ਨ ਵਿਚ ਵੀ ਡਾਇਰੈਕਟਰ ਹੈ। ਇਸੇ ਨਾਲ ਮੁਹੰਮਦ ਰਫ਼ੀਕ ਔਰਬਿਟ ਏਵੀਏਸ਼ਨ ਦੇ ਨਾਲ-ਨਾਲ ਡੱਬਵਾਲੀ ਟਰਾਂਸਪੋਰਟ ਕੰਪਨੀ ਦਾ ਵੀ ਡਾਇਰੈਕਟਰ ਹੈ।

# ਗੁਰੂ ਚਰਨਾਂ ਵਿਚ ਸੋਨੇ ਦੀ ਸੇਵਾ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ 'ਤੇ ਸੋਨੇ ਜੜੇ ਸ਼ਬਦ ਦੀ ਪੰਕਤੀ 'ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ' ਸੁਸ਼ੋਭਿਤ ਕੀਤੀ ਗਈ ਹੈ। ਇਹ ਸੇਵਾ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਰੱਖਣ ਵਾਲੀ ਮੁੰਬਈ ਨਿਵਾਸੀ ਬੀਬੀ ਸੁਰਜੀਤ ਕੌਰ ਵੱਲੋਂ ਕਰਵਾਈ ਗਈ ਹੈ।

ਬੀਬੀ ਸੁਰਜੀਤ ਕੌਰ ਵੱਲੋਂ ਦਰਸ਼ਨ ਕਰਨ ਆਉਣ ਵਾਲੀ ਸੰਗਤ ਦੇ ਮਨਾਂ ਵਿਚ ਗੁਰਬਾਣੀ ਪ੍ਰਤੀ ਹੋਰ ਸ਼ਰਧਾ ਤੇ ਸਤਿਕਾਰ ਵਧਾਉਣ ਲਈ ਕਰਵਾਈ ਇਸ ਸੇਵਾ ਲਈ ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਅਰਦਾਸ ਕੀਤੀ ਤੇ ਬੀਬੀ ਸੁਰਜੀਤ ਕੌਰ ਨੂੰ ਸਿਰੋਪਾਓ ਦੀ ਬਖ਼ਸ਼ੀਸ਼ ਕੀਤੀ। ਉਨ੍ਹਾਂ ਇਸ ਤੋਂ ਪਹਿਲਾਂ ਵੀ ਸੋਨੇ ਦੇ ਛੱਬੇ ਤੇ ਝਾਲਰਾਂ ਦੀ ਸੇਵਾ ਕਰਵਾਈ ਹੈ ਜੋ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਅੰਦਰ ਚੰਦੋਆ ਸਾਹਿਬ ਦੇ ਨਾਲ ਲੱਗਦੇ ਹਨ। 510 ਗ੍ਰਾਮ 24 ਕੈਰਟ ਸੋਨੇ ਵਿਚ ਤਕਰੀਬਨ 15 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਗੁਰਬਾਣੀ ਦੇ ਸ਼ਬਦ ਦੀ ਪੰਕਤੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਉੱਪਰ ਲਗਵਾਈ ਹੈ।

# 4 ਸਾਲਾਂ ਪਿਛੋਂ ਵੀ ਸ਼੍ਰੋਮਣੀ ਕਮੇਟੀ ਨੂੰ ਨਾ ਮਿਲਿਆ ਸੰਵਿਧਾਨਕ ਹੱਕ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰਾਂ ਦੀ ਚੋਣ ਹੋਇਆਂ ਚਾਰ ਵਰ੍ਹੇ ਬੀਤ ਚੁੱਕੇ ਹਨ ਪਰ ਸਦਨ ਦੀ ਹੋਂਦ ਦਾ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੋਣ ਕਾਰਨ ਇਸ ਦੇ ਚੁਣੇ ਹੋਏ ਮੈਂਬਰ ਆਪਣਾ ਸੰਵਿਧਾਨਕ ਹੱਕ ਮਾਨਣ ਤੋਂ ਵਾਂਝੇ ਰਹਿ ਗਏ ਹਨ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮਿਆਦ ਪੰਜ ਵਰ੍ਹੇ ਹੁੰਦੀ ਹੈ, ਜਿਸ ਵਿਚੋਂ ਚਾਰ ਵਰ੍ਹੇ ਅਦਾਲਤੀ ਲੜਾਈ ਦੌਰਾਨ ਹੀ ਬੀਤ ਚੁੱਕੇ ਹਨ।

ਸ਼੍ਰੋਮਣੀ ਕਮੇਟੀ ਦੇ ਇਕ ਉਚ ਅਧਿਕਾਰੀ ਨੇ ਦੱਸਿਆ ਕਿ ਸਦਨ ਦੀ ਹੋਂਦ ਦਾ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਤੇ ਇਹ ਮਾਮਲਾ ਅਦਾਲਤ ਵਿਚ ਆਖਰੀ ਪੜਾਅ ਉਤੇ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਦੀ 2010 ਵਾਲੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵੱਲੋਂ ਸਿੱਖ ਸੰਸਥਾ ਦਾ ਨਿੱਤ ਦਿਨ ਦਾ ਕੰਮ ਚਲਾਇਆ ਜਾ ਰਿਹਾ ਹੈ। ਇਸੇ ਕਮੇਟੀ ਵੱਲੋਂ ਹੀ ਸਿੱਖ ਸੰਸਥਾ ਦਾ ਸਾਲਾਨਾ ਬਜਟ ਵੀ ਪ੍ਰਵਾਨ ਕੀਤਾ ਜਾ ਰਿਹਾ ਹੈ ਜਦੋਂਕਿ ਸਿੱਖ ਗੁਰਦੁਆਰਾ ਐਕਟ 1925 ਮੁਤਾਬਕ ਸਿੱਖ

### ਪੁਰਾਣੀ ਕਮੇਟੀ ਹੀ ਚਲਾ ਰਹੀ ਹੈ ਕੰਮਕਾਜ




ਸੰਸਥਾ ਦੇ ਸਾਲਾਨਾ ਬਜਟ ਨੂੰ ਪ੍ਰਵਾਨਗੀ ਦੇਣ ਦਾ ਹੱਕ ਸਿਰਫ ਜਨਰਲ ਹਾਊਸ ਨੂੰ ਹੈ। ਇਹ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੋਣ ਕਾਰਨ ਸਿੱਖ ਸੰਸਥਾ ਦੇ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੀ ਹਰ ਸਾਲ ਹੋਣ ਵਾਲੀ ਚੋਣ ਵੀ ਪਿਛਲੇ ਚਾਰ ਸਾਲਾਂ ਤੋਂ ਨਹੀਂ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੇ ਮੈਂਬਰਾਂ ਦੀ ਚੋਣ ਵਾਸਤੇ ਵੋਟਾਂ ਸਤੰਬਰ 2011 ਵਿਚ ਪਈਆਂ ਸਨ ਤੇ 170 ਮੈਂਬਰਾਂ ਦੀ ਚੋਣ ਕੀਤੀ ਗਈ ਸੀ।

ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ ਸੀ। ਚੋਣਾਂ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਨੋਟੀਫਿਕੇਸ਼ਨ ਵੀ ਜਾਰੀ ਹੋ ਗਿਆ ਸੀ ਤੇ ਪੰਜ ਦਸੰਬਰ ਨੂੰ 15 ਮੈਂਬਰ ਵੀ ਨਾਮਜ਼ਦ ਕਰ ਲਏ ਗਏ ਸਨ। 20 ਦਸੰਬਰ 2011 ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਉਸ ਵੇਲੇ ਅਦਾਲਤ ਵਿਚ ਵਿਚਾਰ ਅਧੀਨ ਮਾਮਲੇ ਤਹਿਤ 2003 ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕ ਲਾਉਣ ਵਾਲਾ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਗਿਆ ਸੀ, ਜਿਸ ਕਾਰਨ ਮੌਜੂਦਾ ਸਦਨ ਦੇ ਮੈਂਬਰਾਂ ਦੀ ਚੋਣ ਦਾ ਮਾਮਲਾ ਹਵਾ ਵਿਚ ਲਟਕ ਗਿਆ। ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ, ਜਿਥੇ ਇਹ ਮਾਮਲਾ ਹੁਣ ਵੀ ਵਿਚਾਰ ਅਧੀਨ ਹੈ।

## ਮਣੀਕਰਨ ਬੱਸ ਹਾਦਸੇ ਦੇ ਪੀੜਤਾਂ ਦੀ ਮਦਦ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਮਣੀਕਰਨ ਸਾਹਿਬ ਜਾ ਰਹੀ ਬੱਸ ਦੇ ਦਰਿਆ ਵਿਚ ਡਿੱਗਣ ਕਰਕੇ ਮਾਰੇ ਗਏ ਤੇ ਲਾਪਤਾ ਹੋਏ ਲੋਕਾਂ ਦੇ ਪਰਿਵਾਰਾਂ ਨੂੰ ਮਾਲੀ ਮਦਦ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਹਾਦਸੇ ਵਿਚ 22 ਲੋਕਾਂ ਦੀ ਮੌਤ ਹੋਈ ਸੀ ਜਦਕਿ 24 ਅਜੇ ਤੱਕ ਲਾਪਤਾ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਸਹਾਇਤਾ ਦਿੱਤੀ ਜਾਵੇਗੀ ਤੇ ਜਿਹੜੇ ਲਾਪਤਾ ਹਨ ਉਨ੍ਹਾਂ ਬਾਰੇ ਵੀ ਰਿਪੋਰਟ ਆਉਣ 'ਤੇ ਪੀੜਤ ਪਰਿਵਾਰਾਂ ਨੂੰ ਵੀ ਸਹਾਇਤਾ ਦਿੱਤੀ ਜਾਵੇਗੀ।

# ਵਾਡੀਆ ਨੂੰ ਸਾਹਿਤ ਸਾਗਰ ਉਪਾਧੀ

**ਚੰਡੀਗੜ੍ਹ:** ਜਲੰਧਰ ਤੋਂ ਉੱਘੀ ਲੇਖਕਾ ਡਾ. ਜਗਦੀਸ਼ ਕੌਰ ਵਾਡੀਆ ਨੂੰ ਮਹਾਰਾਸ਼ਟਰ ਦੇ ਸ਼ਹਿਰ ਨਾਗਪੁਰ ਵਿਚ ਕੌਮਾਂਤਰੀ ਕਾਨਫਰੰਸ ਮੌਕੇ 'ਸਾਹਿਤ ਸਾਗਰ ਉਪਾਧੀ (ਡੀ.ਲਿਟ)-2015' ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਪੁਰਸਕਾਰ ਮਹਾਤਮਾ ਫੂਲੇ ਟੇਲੈਂਟ ਰਿਸਰਚ ਅਕੈਡਮੀ, ਨਾਗਪੁਰ ਵੱਲੋਂ ਕੌਮੀ ਅਧਿਆਪਕ ਦਿਵਸ ਸਮਾਗਮਾਂ ਦੌਰਾਨ ਦਿੱਤਾ ਗਿਆ।

ਅਕੈਡਮੀ ਵੱਲੋਂ ਮਹਾਤਮਾ ਫੂਲੇ, ਜੋ ਸਾਰੀ ਉਮਰ ਸਿੱਖਿਆ ਤੇ ਔਰਤਾਂ ਦੇ ਸਸ਼ਕਤੀਕਰਨ ਨੂੰ ਸਮਰਪਤ ਰਹੇ, ਦੀ ਯਾਦ ਵਿਚ ਇਹ ਪੁਰਸਕਾਰ ਦਿੱਤਾ ਗਿਆ। ਡਾ. ਵਾਡੀਆ ਦੀ ਪੰਜਾਬੀ ਸਾਹਿਤ ਨੂੰ ਵੱਡੀ ਦੇਣ ਹੈ। ਉਨ੍ਹਾਂ ਨੇ 46 ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚ ਅਨੁਵਾਦ, ਸਵੈ ਲਿਖਤਾਂ, ਬਾਲ ਸਾਹਿਤ ਤੇ ਕਾਵਿ ਪੁਸਤਕਾਂ ਸ਼ਾਮਲ ਹਨ।

# Matrimonial

## ਵਰ ਦੀ ਲੋੜ ਹੈ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕੀ ਐਮ ਐਡ, ਉਮਰ 37 ਸਾਲ, ਕੱਦ 5'-4" ਲਈ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਯੋਗ ਲੜਕੇ ਦੀ ਲੋੜ ਹੈ। ਸੰਪਰਕ ਕਰੋ ਫੋਨ:1-773-443-2720 ਜਾਂ ਈਮੇਲ nikkisekhon@hotmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। 37-40

## ਕੰਨਿਆ ਦੀ ਲੋੜ ਹੈ

Wanted US citizen girl for Amaritdhari Jatt Sikh handsome boy, 30, 5'-10", visiting US on B1/B2 visa. Please send picture and bio data on hayer3_sandeep@yahoo.co.in or call: 623-505-8250 37-40

Jatt Sikh parents seeking tall, professional match for their U.S. citizen, athletic build son, 26 yrs, 6'-3" in first year of residency. Pl. Email: chardikhala5@ymail.com 37-40

ਪੜ੍ਹੇ ਲਿਖੇ ਚੰਗੇ ਖਾਨਦਾਨ ਤੇ ਨਾਮੀ ਪਰਿਵਾਰ ਦੇ 24 ਸਾਲ, 6'-1", ਲੜਕੇ ਲਈ ਅਮਰੀਕਨ ਪੱਕੀ ਵਸਨੀਕ ਲੜਕੀ ਦੀ ਲੋੜ ਹੈ। ਲੜਕਾ ਯੂਰਪ ਦਾ ਪੱਕਾ ਵਸਨੀਕ ਹੈ ਤੇ ਅੱਜ ਕੱਲ੍ਹ ਆਪਣੇ ਅਮਰੀਕਨ ਸਿਟੀਜ਼ਨ ਪਰਿਵਾਰ ਕੋਲ ਆਇਆ ਹੋਇਆ ਹੈ। ਉਹ ਵੀ ਸੰਪਰਕ ਕਰ ਸਕਦੇ ਹਨ ਜੋ ਲੜਕੇ ਦੇ 26 ਸਾਲਾ ਵੱਡੇ ਅਮਰੀਕਨ ਸਿਟੀਜ਼ਨ ਭਰਾ ਨੂੰ ਇੰਡੀਆ ਤੋਂ ਰਿਸ਼ਤਾ ਕਰਵਾਉਣ ਦੇ ਇੱਛੁਕ ਹੋਣ। ਸੰਪਰਕ ਕਰੋ, ਫੋਨ: 510-695-4836

ਜੱਟ ਸਿੱਖ ਅਮਰੀਕੀ ਸਿਟੀਜ਼ਨ, 28 ਸਾਲ, 5'-8", ਫੈਡਰਲ ਜੌਬ ਕਰਦੇ ਲੜਕੇ ਲਈ ਸੁੰਦਰ ਸੁਸ਼ੀਲ ਜੱਟ ਸਿੱਖ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਬੇਅ ਏਰੀਆ, ਕੈਲੀਫੋਰਨੀਆ ਨੂੰ ਪਹਿਲ। ਸੰਪਰਕ ਕਰੋ: 408-931-5803 38-41

ਜੱਟ ਸ਼ੇਰਗਿੱਲ, ਐਮ ਕਾਮ, 24 ਸਾਲ, 6'-2", ਵੈਸ਼ਨੂੰ ਲੜਕੇ ਵਾਸਤੇ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 ਜਾਂ ਈਮੇਲ: ranjitdhillons@gmail.com 38-41

# ਮੋਦੀ ਦੇ ਅਮਰੀਕਾ ਦੌਰੇ ਖਿਲਾਫ ਪ੍ਰਦਰਸ਼ਨ ਲਈ ਰਣਨੀਤੀ




**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਅਗਲੇ ਹਫ਼ਤੇ ਅਮਰੀਕਾ ਦੌਰੇ ਦੌਰਾਨ ਕਈ ਭਾਰਤੀ-ਅਮਰੀਕੀ ਜਥੇਬੰਦੀਆਂ ਵੱਲੋਂ ਉਨ੍ਹਾਂ ਖ਼ਿਲਾਫ਼ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਅਲਾਇੰਸ ਫਾਰ ਜਸਟਿਸ ਐਂਡ ਅਕਾਊਂਟਬਿਲਟੀ (ਏ.ਜੇ.ਏ.) ਦੇ ਬੈਨਰ ਹੇਠ ਇਹ ਜਥੇਬੰਦੀਆਂ ਸੈਨ ਜੋਸ ਵਿਚ ਐਸ.ਏ.ਪੀ. ਸੈਂਟਰ ਦੇ ਬਾਹਰ 27 ਸਤੰਬਰ ਨੂੰ ਪ੍ਰਦਰਸ਼ਨ ਕਰਨਗੀਆਂ। ਇਥੇ ਸ੍ਰੀ ਮੋਦੀ ਨੇ 18,500 ਲੋਕਾਂ ਨੂੰ ਸੰਬੋਧਨ ਕਰਨਾ ਹੈ।

ਜਥੇਬੰਦੀ ਦਾ ਕਹਿਣਾ ਹੈ ਕਿ ਸ੍ਰੀ ਮੋਦੀ ਦੀਆਂ ਨਾਕਾਮੀਆਂ ਨੂੰ ਉਜਾਗਰ ਕਰਨ ਲਈ ਇਹ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਜਥੇਬੰਦੀ ਵੱਲੋਂ ਮੋਦੀਫੇਲ੍ਹਡਾਟਕਾਮ ਨਾਮ ਦੀ ਵੈਬਾਈਟ ਵੀ ਸ਼ੁਰੂ ਕਰ ਦਿੱਤੀ ਹੈ। ਏ.ਜੇ.ਏ. ਵੱਲੋਂ ਪਿਛਲੇ ਸਾਲ ਵੀ ਸ੍ਰੀ ਮੋਦੀ ਦੇ ਨਿਊਯਾਰਕ ਦੌਰੇ ਸਮੇਂ ਮੈਡੀਸਨ ਸਕੁਏਅਰ ਵਿਚ ਰੈਲੀ ਮੌਕੇ ਪ੍ਰਦਰਸ਼ਨ ਕੀਤੇ ਗਏ ਸਨ।

# ਗੁਰਦੀਪ ਸਿੰਘ ਖੈੜਾ ਦੀ ਪੈਰੋਲ ਲਈ ਅਰਜ਼ੀ ਰੱਦ

**ਅੰਮ੍ਰਿਤਸਰ:** ਕਰਨਾਟਕ ਤੋਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਤਬਦੀਲ ਕੀਤੇ ਗਏ ਸਿੱਖ ਕੈਦੀ ਗੁਰਦੀਪ ਸਿੰਘ ਖੇੜਾ ਨੂੰ ਪੈਰੋਲ ਉਤੇ ਰਿਹਾਅ ਕਰਨ ਦੀ ਅਪੀਲ ਨੂੰ ਪ੍ਰਸ਼ਾਸਨ ਨੇ ਰੱਦ



ਕਰ ਦਿੱਤਾ ਹੈ।

ਦਿਹਾਤੀ ਪੁਲਿਸ ਵੱਲੋਂ ਦਿੱਤੀ ਰਿਪੋਰਟ ਵਿਚ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਕਿ ਜੇ ਉਸ ਨੂੰ ਪੈਰੋਲ 'ਤੇ ਰਿਹਾਈ ਮਿਲਦੀ ਹੈ ਤਾਂ ਉਹ ਫ਼ਰਾਰ ਹੋ ਸਕਦਾ ਹੈ ਤੇ ਅਮਨ ਤੇ ਕਾਨੂੰਨ ਦੀ ਸਥਿਤੀ ਵੀ ਵਿਗੜ ਸਕਦੀ ਹੈ। ਦਿਹਾਤੀ ਪੁਲਿਸ ਦੀ ਇਸ ਰਿਪੋਰਟ ਦੇ ਆਧਾਰ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੈਰੋਲ ਸਬੰਧੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ।

ਡਿਪਟੀ ਕਮਿਸ਼ਨਰ ਰਵੀ ਭਗਤ ਨੇ ਆਖਿਆ ਕਿ ਪੁਲਿਸ ਵੱਲੋਂ ਮਿਲੀ ਰਿਪੋਰਟ ਦੇ ਆਧਾਰ 'ਤੇ ਪੈਰੋਲ 'ਤੇ ਰਿਹਾਅ ਕਰਨ ਤੋਂ ਮਨ੍ਹਾਂ ਕੀਤਾ ਗਿਆ ਹੈ। ਦੂਜੇ ਪਾਸੇ ਦਿਹਾਤੀ ਪੁਲਿਸ ਦਾ ਕਹਿਣਾ ਹੈ ਕਿ ਜਿਸ ਆਧਾਰ 'ਤੇ ਪੈਰੋਲ 'ਤੇ ਰਿਹਾਈ ਦੀ ਅਪੀਲ ਕੀਤੀ ਗਈ ਸੀ, ਉਹ ਜਾਇਜ਼ ਨਹੀਂ ਹੈ।

ਗੁਰਦੀਪ ਸਿੰਘ ਖੈੜਾ ਵੱਲੋਂ ਆਪਣੀ ਅਰਜ਼ੀ ਵਿਚ ਦੱਸਿਆ ਗਿਆ ਸੀ ਕਿ ਉਸ ਦੇ ਘਰ ਦੀ ਮੁਰੰਮਤ ਦੀ ਲੋੜ ਹੈ ਤੇ ਉਹ ਆਪਣੀ ਹਾਜ਼ਰੀ ਵਿਚ ਮੁਰੰਮਤ ਕਰਾਉਣਾ ਚਾਹੁੰਦਾ ਹੈ। ਗੁਰਦੀਪ ਸਿੰਘ ਖੈੜਾ (55 ਸਾਲ) ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਜੱਲੂਪੁਰ ਖੈੜਾ ਦਾ ਵਾਸੀ ਹੈ ਤੇ ਉਸ ਨੂੰ ਟਾਡਾ ਕਾਨੂੰਨ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਖਿਲਾਫ 1996 ਵਿਚ ਦੋ ਕੇਸ ਦਿੱਲੀ ਤੇ ਕਰਨਾਟਕ ਵਿਚ ਦਰਜ ਸਨ। ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਉਸ ਨੂੰ ਹੁਣ ਕਰਨਾਟਕ ਤੋਂ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਹੈ।

# ਕੈਨੇਡਾ ਨੂੰ ਬੜੀ ਮਹਿੰਗੀ ਪਈ ਮੋਦੀ ਦੀ ਮਹਿਮਾਨ ਨਿਵਾਜ਼ੀ

**ਟੋਰਾਂਟੋ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਹੁਣ ਤੱਕ ਦੇ ਵਿਦੇਸ਼ੀ ਦੌਰਿਆਂ ਵਿਚ ਸਭ ਤੋਂ ਮਹਿੰਗਾ ਕੈਨੇਡਾ ਦਾ ਦੌਰਾ ਰਿਹਾ ਹੈ। ਪ੍ਰਧਾਨ ਮੰਤਰੀ ਦੀ ਤਿੰਨ ਦਿਨ ਦੀ ਕੈਨੇਡਾ ਯਾਤਰਾ ਉੱਤੇ 3,83,100 ਅਮਰੀਕੀ ਡਾਲਰ ਖ਼ਰਚ ਹੋਏ। ਹਫਿੰਗਟਨ ਪੋਸਟ ਕੈਨੇਡਾ ਨੇ ਸੂਚਨਾ ਦੇ ਅਧਿਕਾਰ ਐਕਟ ਤਹਿਤ ਲਈ ਜਾਣਕਾਰੀ ਦੇ ਹਵਾਲੇ ਨਾਲ ਰਿਪੋਰਟ ਜਾਰੀ ਕੀਤੀ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਪ੍ਰਧਾਨ ਮੰਤਰੀ ਦੇ ਦੌਰੇ ਵਿਚ ਭੋਜਨ ਤੇ ਸ਼ਰਾਬ ਉੱਤੇ 17 ਹਜ਼ਾਰ 600 ਡਾਲਰ, ਸੁਆਗਤੀ ਸਮਾਗਮ ਉੱਤੇ 80,000 ਅਮਰੀਕੀ ਡਾਲਰ, ਗੱਡੀਆਂ ਦੇ ਕਾਫ਼ਲੇ ਉੱਤੇ 106,400 ਡਾਲਰ ਖ਼ਰਚ ਹੋਏ ਸਨ।

ਰਿਪੋਰਟ ਮੁਤਾਬਕ ਸਰਕਾਰੀ ਖ਼ਜ਼ਾਨੇ ਵਿਚੋਂ ਹੋਟਲ ਦੇ ਕਮਰਿਆਂ ਉੱਤੇ 10.400 ਡਾਲਰ ਖ਼ਰਚ ਹੋਏ। ਆਡੀਓ-ਵਿਜ਼ੁਅਲ ਉਪਕਰਨਾਂ ਉਤੇ 30,000 ਡਾਲਰ ਤੇ ਫੁਟਕਲ ਕੰਮਾਂ ਉੱਤੇ 21,708 ਡਾਲਰ ਖ਼ਰਚ ਕੀਤੇ ਗਏ। ਮੋਦੀ ਦੀ ਯਾਤਰਾ ਬਾਰੇ ਸਰਕਾਰੀ ਅਧਿਕਾਰੀਆਂ ਦੀ ਭੱਜ ਦੌੜ ਉੱਤੇ 73,213 ਡਾਲਰ ਤੇ ਸਿਹਤ ਸੇਵਾਵਾਂ ਉੱਤੇ 14,790 ਡਾਲਰ ਖ਼ਰਚ ਹੋਏ। ਇਸ ਤੋਂ ਇਲਾਵਾ 3356 ਡਾਲਰ ਫੁੱਲਾਂ ਉਤੇ, 1584 ਅਨੁਵਾਦ ਅਤੇ 75 ਡਾਲਰ ਝੰਡਿਆਂ ਉਤੇ ਸਰਕਾਰੀ ਖਜ਼ਾਨੇ ਵਿਚੋਂ ਖਰਚ ਕੀਤੇ ਗਏ। ਇਹ ਸਾਰਾ ਪੈਸਾ ਕੈਨੇਡਾ ਸਰਕਾਰ ਦਾ ਖ਼ਰਚ ਹੋਇਆ ਹੈ। ਇਸ ਤੋਂ ਇਲਾਵਾ ਮੋਦੀ ਵੱਲੋਂ ਭਾਰਤੀ ਭਾਈਚਾਰੇ ਨੂੰ ਸੰਬੋਧਨ ਲਈ ਕੀਤੇ ਗਏ ਸਮਾਗਮ ਉੱਤੇ ਸਭ ਤੋਂ ਜ਼ਿਆਦਾ ਪੈਸਾ ਖ਼ਰਚ ਹੋਇਆ।

# ਮਾਇਆਵਤੀ ਤੋਂ ਪੁੱਛਗਿੱਛ ਕਰੇਗੀ ਸੀ.ਬੀ.ਆਈ.

**ਨਵੀਂ ਦਿੱਲੀ:** ਰਾਸ਼ਟਰੀ ਗ੍ਰਾਮੀਣ ਸਿਹਤ ਮਿਸ਼ਨ (ਐਨ.ਆਰ.ਐਚ.ਐਮ.) ਘੁਟਾਲੇ ਦੀ ਜਾਂਚ ਕਰ ਰਹੀ ਸੀ.ਬੀ.ਆਈ. ਛੇਤੀ ਹੀ ਉਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਤੋਂ ਪੁਛਗਿੱਛ ਕਰੇਗੀ।

ਇਸ ਮਾਮਲੇ 'ਚ 74 ਐਫ.ਆਈ.ਆਰ. ਅਤੇ 48 ਦੋਸ਼ ਪੱਤਰ ਦਾਖ਼ਲ ਕੀਤੇ ਜਾਣ ਤੋਂ ਬਾਅਦ ਸੀ.ਬੀ.ਆਈ. ਨੇ ਘੁਟਾਲੇ 'ਚ ਵੱਡੀ ਸਾਜ਼ਿਸ਼ ਦਾ ਖ਼ੁਲਾਸਾ ਕਰਨ ਲਈ ਮਾਇਆਵਤੀ ਤੋਂ ਪੁਛਗਿੱਛ ਕਰਨ ਦਾ ਫ਼ੈਸਲਾ ਕੀਤਾ ਹੈ। ਸੀ.ਬੀ.ਆਈ. ਮੁਤਾਬਕ, ਕੁਝ ਨਵੇਂ ਸਬੂਤ ਹੱਥ ਲੱਗੇ ਹਨ ਜਿਸ ਕਾਰਨ ਜਾਂਚ ਜ਼ਰੂਰੀ ਹੈ।

# ਸੌ ਡਾਲਰ 'ਚ ਮਿਲਦੀ ਹੈ ਪਾਕਿ ਦੀ ਨਾਗਰਿਕਤਾ?

**ਇਸਲਾਮਾਬਾਦ:** ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦਾ ਕਹਿਣਾ ਹੈ ਕਿ 100 ਡਾਲਰ ਰਿਸ਼ਵਤ ਦੇ ਕੇ ਕੋਈ ਵੀ ਵਿਅਕਤੀ ਪਾਕਿਸਤਾਨ ਦੀ ਨਾਗਰਿਕਤਾ ਲੈ ਸਕਦਾ ਹੈ। ਭ੍ਰਿਸ਼ਟਾਚਾਰ ਕਾਰਨ ਹੀ ਪਾਕਿਸਤਾਨ ਉੱਤੇ ਦਹਿਸ਼ਤਗਰਦਾਂ ਨੂੰ ਪਨਾਹ ਦੇਣ ਦੇ ਅਕਸਰ ਦੋਸ਼ ਲੱਗਦੇ ਹਨ। ਆਈ.ਐਸ. ਆਈ. ਨੇ ਆਪਣੀ ਤਾਜ਼ਾ ਰਿਪੋਰਟ ਵਿਚ ਆਖਿਆ ਹੈ ਕਿ ਬਹੁਤ ਸਾਰੇ ਵਿਦੇਸ਼ੀ ਦਹਿਸ਼ਤਗਰਦ ਰਿਸ਼ਵਤ ਦੇ ਕੇ ਪਾਕਿਸਤਾਨ ਵਿਚ ਦਾਖਲ ਹੋਏ ਹਨ। ਇਨ੍ਹਾਂ ਦਹਿਸ਼ਤਗਰਦਾਂ ਦਾ ਸਬੰਧ ਅਫਗਾਨਿਸਤਾਨ, ਚੀਨ, ਮਾਲਦੀਵ, ਉਜ਼ਬੇਕਿਸਤਾਨ ਤੇ ਅਮਰੀਕਾ ਨਾਲ ਹੈ।

ਰਿਪੋਰਟ ਅਨੁਸਾਰ ਦਹਿਸ਼ਤਗਰਦ ਪਾਕਿਸਤਾਨ ਦੇ ਦਸਤਾਵੇਜ਼ 100 ਡਾਲਰ ਰਿਸ਼ਵਤ ਦੇ ਕੇ ਬਹੁਤ ਹੀ ਆਸਾਨੀ ਹਾਸਲ ਕਰ ਲੈਂਦੇ ਹਨ। ਦਸਤਾਵੇਜ਼ਾਂ ਦੇ ਆਧਾਰ ਉੱਤੇ ਉਹ ਸੁਰੱਖਿਆ ਕਰਮੀਆਂ ਨੂੰ ਚਕਮਾ ਦਿੰਦੇ ਹਨ। ਜ਼ਿਆਦਾਤਰ ਦਹਿਸ਼ਤਗਰਦ ਪਾਕਿਸਤਾਨ ਦੀ ਅਫਗਾਨਿਸਤਾਨ ਨਾਲ ਲੱਗਦੀ ਸੀਮਾ ਤੋਂ ਹੀ ਘੁਸਪੈਠ ਕਰਦੇ ਹਨ। ਏਜੰਸੀ ਨੇ ਸਪਸ਼ਟ ਆਖਿਆ ਹੈ ਕਿ ਜਿਸ ਦੇਸ਼ ਵਿਚ ਨਾਗਰਿਕਤਾ ਪ੍ਰਦਾਨ ਕਰਨ ਵਾਲੇ ਅਫ਼ਸਰ ਭ੍ਰਿਸ਼ਟ ਹੋਣਗੇ ਤਾਂ ਉਸ ਦੀ ਰੱਖਿਆ ਕਰਨੀ ਔਖੀ ਹੈ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਕੁੱਕ, ਵੇਟਰ ਸਟਾਫ, ਹੈਲਪਰ ਅਤੇ ਹੋਰ ਸਹਾਇਕ ਸਟਾਫ ਦੀ ਲੋੜ ਹੈ

ਮੁਫਤ ਰਿਹਾਇਸ਼, ਵਧੀਆ ਤਨਖਾਹ

ਸੰਪਰਕ ਕਰੋ

ਫੋਨ: 918-984-8390

ਜਾਂ 918-576-1899

31-/

## ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ

ਸੰਪਰਕ ਕਰੋ, ਫੋਨ:262-391-7666

37-39

DHOL RADIO

WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

ਹੁਣ ਸ਼ਿਕਾਗੋ ਤੋਂ

REQUEST SONG
MUSIC 24/7
LISTEN ON PHONE

Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)

## Prince's Barber Shop

37477 Fremont Blvd, suite C, Fremont, CA 94536

Men & Children's Hair Cut

- *Threading
- *Men's Facials
- *Custom Designing
- *Line-ups
- *Custom Text
- *Hair Coler
- *Shave &
- *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942

Shop: (510)-505-9605

www.princebarbershop.com

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਖਰਕਾਰ ਛਾ ਗਿਆ ਘੜੀ ਵਾਲਾ ਅਹਿਮਦ ਮੁਹੰਮਦ

**ਟੈਕਸਸ:** 14 ਸਾਲ ਦੇ ਵਿਦਿਆਰਥੀ ਅਹਿਮਦ ਮੁਹੰਮਦ ਨਾਲ ਸਕੂਲ ਵਿਚ ਜੋ ਹੋਈ-ਬੀਤੀ, ਉਸ ਨੇ ਆਮ ਅਮਰੀਕੀ ਦੇ ਮਨ ਅੰਦਰ ਘਰ ਕਰੀ ਬੈਠਾ ਫਿਰਕੂ ਤੁਅੱਸਬ ਇਕ ਵਾਰ ਫਿਰ ਜ਼ਾਹਿਰ ਕਰ ਦਿੱਤਾ ਹੈ। ਅਹਿਮਦ ਮੁਹੰਮਦ ਨੂੰ ਹੱਥਕੜੀ ਲਾ ਦਿੱਤੀ ਗਈ ਸੀ ਅਤੇ ਸਕੂਲ ਨੇ ਵੀ ਉਸ ਨੂੰ ਮੁਅੱਤਲ ਕਰ ਦਿੱਤਾ ਸੀ, ਪਰ ਮੁਲਕ ਵਿਚ ਜਿਸ ਤਰ੍ਹਾਂ ਦਾ ਹੁੰਗਾਰਾ ਉਸ ਦੇ ਹੱਕ ਵਿਚ ਉਮੜਿਆ, ਉਸ ਨੇ ਉਸ ਨੂੰ ਨਾਇਕ ਬਣਾ ਦਿੱਤਾ।

ਮੈਸਾਚੂਸੈੱਟਸ ਦੀ ਸੰਸਾਰ ਪ੍ਰਸਿੱਧ ਸੰਸਥਾ ਐਮ.ਆਈ.ਟੀ. ਵਿਚ ਦਾਖਲ ਹੋਣ ਦੇ ਸੁਪਨੇ ਵਾਲੇ ਅਹਿਮਦ ਮੁਹੰਮਦ ਨੇ ਕਦੀ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ ਕਿ ਉਸ ਵੱਲੋਂ ਘਰੇ ਬਣਾਈ ਘੜੀ ਉਸ ਲਈ ਮੁਸੀਬਤ ਖੜ੍ਹੀ ਕਰ ਦੇਵੇਗੀ। ਅਹਿਮਦ ਮੁਹੰਮਦ ਲਈ ਮੁਸੀਬਤ ਦੀ ਸ਼ੁਰੂਆਤ ਉਸ ਸਮੇਂ ਹੋਈ ਜਦੋਂ ਉਹ ਚਾਅ ਚਾਅ ਵਿਚ ਆਪ ਬਣਾਈ ਘੜੀ ਆਪਣੀ ਅਧਿਆਪਕਾ ਨੂੰ ਦਿਖਾਉਣ ਇਰਵਿੰਗ ਦੇ ਮੈਕ ਆਰਥਰ ਸਕੂਲ ਲੈ ਗਿਆ ਜਿਥੇ ਉਹ ਪੜ੍ਹਦਾ ਸੀ। ਉਥੇ ਇਕ ਹੋਰ ਅਧਿਆਪਕਾ ਨੇ ਇਸ ਨੂੰ ਬੰਬ ਸਮਝ ਲਿਆ ਅਤੇ ਸਕੂਲ ਦੇ ਅਧਿਕਾਰੀਆਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਨੇ ਸਕੂਲ ਅਧਿਆਪਕਾਂ ਅਤੇ ਪ੍ਰਬੰਧਕਾਂ ਨੂੰ ਸਮਝਾਉਣ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਉਸ ਦੀ ਇਕ ਨਾ ਸੁਣੀ ਗਈ।

**ਘਰੇ ਬਣਾਈ ਘੜੀ ਨੂੰ ਬੰਬ ਸਮਝ ਕੇ ਸਕੂਲ ਨੇ ਲੁਆ ਦਿੱਤੀ ਸੀ ਹੱਥਕੜੀ**



ਯਾਦ ਰਹੇ, 9/11 ਦੇ ਹਮਲਿਆਂ ਤੋਂ ਬਾਅਦ ਅਮਰੀਕਾ ਵਿਚ ਲੋਕਾਂ ਅੰਦਰ ਮੁਸਲਮਾਨਾਂ ਪ੍ਰਤੀ ਇੰਨਾ ਤੁਅੱਸਬ ਭਰ ਗਿਆ ਹੈ ਕਿ ਬਹੁਤੇ ਅਮਰੀਕੀ ਹਰ ਮੁਸਲਮਾਨ ਨੂੰ ਅਤਿਵਾਦੀ ਸਮਝਣ ਲੱਗੇ ਹਨ। ਇਸ ਤੁਅੱਸਬ ਦਾ ਖਾਮਿਆਜ਼ਾ ਸਿੱਖਾਂ ਨੂੰ ਵੀ ਭੁਗਤਣਾ ਪਿਆ ਕਿਉਂਕਿ ਮਿਲਦੀ-ਜੁਲਦੀ ਦਿੱਖ ਕਾਰਨ ਕਈ ਥਾਂਈਂ ਇਸੇ ਫਿਰਕੂ ਤੁਅੱਸਬ ਕਾਰਨ ਸਿੱਖਾਂ 'ਤੇ ਹਮਲੇ ਹੋਏ। ਅਜਿਹੇ ਹਮਲੇ ਭਾਵੇਂ ਲਾਗਤਾਰ ਹੋਏ ਹਨ ਅਤੇ ਮੁਸਲਮਾਨਾਂ ਪ੍ਰਤੀ ਤ੍ਰਿਸਕਾਰ ਵੀ ਜਿਉਂ ਦਾ ਤਿਉਂ ਹੈ ਪਰ ਮੁਸਲਮਾਨਾਂ ਖਿਲਾਫ ਪਲ ਰਹੇ ਇਸ ਤੁਅੱਸਬ ਨੂੰ ਘਟਾਉਣ ਲਈ ਸਰਕਾਰੀ ਅਤੇ ਸਮਾਜਕ ਪੱਧਰ 'ਤੇ ਕੁਝ ਖਾਸ ਨਹੀਂ ਕੀਤਾ ਗਿਆ।

ਹੁਣ ਅਹਿਮਦ ਮੁਹੰਮਦ ਨੇ ਕਿਹਾ ਹੈ ਕਿ ਉਹ ਮੈਕ ਆਰਥਰ ਸਕੂਲ ਨਹੀਂ ਜਾਣਾ ਚਾਹੁੰਦਾ। ਉਸ ਦੇ ਪਿਤਾ ਮੁਹੰਮਦ ਅਲ-ਹਸਨ ਮੁਹੰਮਦ ਨੇ ਵੀ ਇਹੀ ਗੱਲ ਆਖੀ ਹੈ ਕਿ ਮੁਹੰਮਦ ਅਹਿਮਦ ਨੂੰ ਹੋਰ ਸਕੂਲ ਵਿਚ ਦਾਖਲ ਕਰਵਾਇਆ ਜਾਵੇਗਾ। ਇਹੀ ਨਹੀਂ, ਅਹਿਮਦ ਮੁਹੰਮਦ ਦੇ ਛੋਟੇ ਭਰਾ ਅਤੇ ਭੈਣ ਨੂੰ ਵੀ ਸਕੂਲ ਵਿਚੋਂ ਹਟਾ ਲਿਆ ਗਿਆ ਹੈ। ਇਸੇ ਦੌਰਾਨ ਸਕੂਲ ਨੇ ਆਪਣੀ ਕਾਰਵਾਈ ਦੀ ਖਿਮਾ-ਜਾਚਨਾ ਦੀ ਥਾਂ ਕਿਹਾ ਹੈ ਕਿ ਵਿਦਿਆਰਥੀਆਂ ਦੀ ਸੁਰੱਖਿਆ ਦੇ ਮਾਮਲੇ ਵਿਚ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਸਕੂਲ ਦੀ ਤਰਜਮਾਨ ਲੈਸਲੀ ਵੀਵਰ ਨੇ ਕਿਹਾ ਹੈ ਕਿ ਜੇ ਭਵਿੱਖ ਵਿਚ ਵੀ ਅਜਿਹੀ ਕਿਸੇ ਹਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਕੂਲ ਇਸੇ ਤਰ੍ਹਾਂ ਦੀ ਕਾਰਵਾਈ ਫਿਰ ਕਰੇਗਾ।

ਉਂਜ ਇਸ ਮਾਮਲੇ ਬਾਰੇ ਪਤਾ ਲੱਗਣ ਉਤੇ ਸਕੂਲ ਨੇ ਅਹਿਮਦ ਮੁਹੰਮਦ ਨੂੰ ਬਹਾਲ ਕਰ ਦਿੱਤਾ ਸੀ ਪਰ ਉਸ ਦੇ ਘਰਦਿਆਂ ਨੇ ਉਸ ਨੂੰ ਸਕੂਲ ਤੋਂ ਹਟਾ ਲਿਆ। ਅਹਿਮਦ ਮੁਹੰਮਦ ਨਾਲ ਵਾਪਰੀ ਇਸ ਘਟਨਾ ਨਾਲ ਪੂਰੇ ਮੁਲਕ ਵਿਚ ਗੁੱਸਾ ਫੈਲ ਗਿਆ ਸੀ। ਰਾਸ਼ਟਰਪਤੀ ਬਰਾਕ ਓਬਾਮਾ, ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕ੍ਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ, ਫੇਸਬੁੱਕ ਦੇ ਸੰਸਥਾਪਕ ਮਾਰਕ ਜ਼ਕਰਬਰਗ ਅਤੇ ਕਈ ਹੋਰ ਸ਼ਖਸੀਅਤਾਂ ਨੇ ਉਸ ਦੇ ਸਮਰਥਨ ਵਿਚ ਸੰਦੇਸ਼ ਦਿੱਤਾ। ਮਕੈਨੀਕਲ ਕੰਮਾਂ ਨੂੰ ਲੈ ਕੇ ਉਤਸ਼ਾਹੀ ਅਹਿਮਦ ਮੁਹੰਮਦ ਘਰ ਵਿਚ ਇਸੇ ਤਰ੍ਹਾਂ ਦੀਆਂ ਚੀਜ਼ਾਂ ਅਕਸਰ ਬਣਾਉਂਦਾ ਰਹਿੰਦਾ ਹੈ। ਸਕੂਲ ਦੀ ਵਧੀਕੀ ਕਾਰਨ ਭਾਵੇਂ ਉਸ ਦੇ ਦਿਲ ਨੂੰ ਠੇਸ ਪੁੱਜੀ ਹੈ, ਪਰ ਉਸ ਦਾ ਕਹਿਣਾ ਹੈ ਕਿ ਉਹ ਆਪਣੇ ਕੰਮ ਅਤੇ ਨਵੀਆਂ ਖੋਜਾਂ ਵੱਲ ਧਿਆਨ ਦੇਵੇਗਾ ਅਤੇ ਦੁਨੀਆਂ ਨੂੰ ਦੱਸ ਦੇਵੇਗਾ ਕਿ ਉਹ ਕੀ ਕੁਝ ਕਰ ਸਕਦਾ ਹੈ।

# ਪੰਜਾਬ ਦੀ ਸਿਆਸੀ ਫ਼ਿਜ਼ਾ 'ਚ ਵੱਡੇ ਫੇਰਬਦਲ ਦੇ ਸੰਕੇਤ

*(ਸਫਾ ਇਕ ਦੀ ਬਾਕੀ)*

ਕੈਪਟਨ ਦੇ ਨਾਲ ਹਨ। ਇਨ੍ਹਾਂ ਵਿਧਾਇਕਾਂ ਨੂੰ ਵਾਰ ਵਾਰ ਖਾਣੇ 'ਤੇ ਬੁਲਾ ਕੇ ਉਹ ਆਪਣੀ ਤਾਕਤ ਦਾ ਅਹਿਸਾਸ ਕਰਵਾ ਰਹੇ ਹਨ।

ਕੈਪਟਨ ਇਕ ਸਾਲ ਤੋਂ ਸੰਸਦ ਵਿਚ ਨਹੀਂ ਜਾ ਰਹੇ। ਜੀ.ਐਸ.ਟੀ. ਸਮੇਤ ਕਈ ਮੁਦਿਆਂ 'ਤੇ ਪਾਰਟੀ ਖ਼ਿਲਾਫ਼ ਅਤੇ ਕੇਂਦਰ ਸਰਕਾਰ ਦੇ ਹੱਕ ਵਿਚ ਬਿਆਨਬਾਜ਼ੀ ਕਰਦੇ ਰਹੇ ਹਨ। ਕਿਸਾਨ ਮੁੱਦਿਆਂ ਉਤੇ ਕਾਂਗਰਸ ਪਾਰਟੀ ਦੀ ਦਿੱਲੀ ਵਿਚ ਰੈਲੀ ਤੋਂ ਦੂਰ ਰਹਿ ਕੇ ਵੀ ਕੈਪਟਨ ਨੇ ਹਾਈ ਕਮਾਨ ਪ੍ਰਤੀ ਬੇਪਰਵਾਹੀ ਵਾਲੇ ਸੰਕੇਤ ਦਿੱਤੇ ਹਨ। ਨਵੀਂ ਪਾਰਟੀ ਬਾਰੇ ਕੈਪਟਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਜੇ ਲੀਡਰਸ਼ਿਪ ਪੰਜਾਬ ਵਿਚ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੋਵੇਗੀ ਤਾਂ ਹੋਰ ਤਜਵੀਜ਼ਾਂ ਬਾਰੇ ਸੋਚਣਾ ਪਵੇਗਾ। ਕੈਪਟਨ ਨੇ ਕਿਹਾ ਹੈ ਕਿ ਸ. ਪ੍ਰਤਾਪ ਸਿੰਘ ਬਾਜਵਾ ਅਸਫਲ ਕਪਤਾਨ ਸਾਬਤ ਹੋਇਆ ਹੈ ਤੇ ਪਾਰਟੀ ਸਭ ਕੁਝ ਜਾਣਦੇ ਹੋਏ ਵੀ ਉਸ ਨੂੰ ਮੌਕਾ ਦੇ ਰਹੀ ਹੈ। ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਲੀਡਰਸ਼ਿਪ ਬਾਰੇ ਕੈਪਟਨ ਦਾ ਕਹਿਣਾ ਕਿ ਉਸ ਨੂੰ ਅਸਲੀਅਤ ਦੀ ਸਮਝ ਹੀ ਨਹੀਂ। ਦਲਿਤਾਂ ਦੇ ਘਰਾਂ ਜਾ ਕੇ ਰਹਿਣ ਅਤੇ ਖਾਣਾ ਖਾਣ ਨਾਲ ਮਸਲੇ ਹੱਲ ਨਹੀਂ ਹੁੰਦੇ, ਇਹ ਨਿਰਾ ਡਰਾਮਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰਾਹੁਲ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਕੋਈ ਮੁਕਾਬਲਾ ਨਹੀਂ। ਮੋਦੀ ਤਿੰਨ ਵਾਰ ਮੁੱਖ ਮੰਤਰੀ ਅਤੇ 20 ਸਾਲ ਆਰ.ਐਸ.ਐਸ. ਦੇ ਪ੍ਰਚਾਰਕ ਰਹੇ ਹਨ। ਉਸ (ਰਾਹੁਲ) ਨੂੰ ਭਾਰਤੀ ਹਕੀਕਤਾਂ ਸਮਝਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ।

# 'ਆਪ' ਉਤੇ ਫਿਰ ਲੱਗੀ ਸਵਾਲਾਂ ਦੀ ਝੜੀ

*(ਸਫਾ ਇਕ ਦੀ ਬਾਕੀ)*

ਸਿਧਾਂਤਾਂ ਤੋਂ ਭਟਕ ਜਾਣ ਦੇ ਦੋਸ਼ ਲਗਾ ਕੇ ਸਾਜ਼ੀਆ ਇਲਮੀ ਸਮੇਤ ਅੰਨਾ ਹਜ਼ਾਰੇ ਲਹਿਰ ਦੇ ਕਈ ਮੁੱਢਲੇ ਮੈਂਬਰ ਪਾਰਟੀ ਛੱਡ ਗਏ ਸਨ। ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿਚ ਪਾਰਟੀ ਦੀ ਪੰਜਾਬ ਤੋਂ ਬਾਹਰ ਕੋਈ ਗਿਣਨਯੋਗ ਕਾਰਗੁਜ਼ਾਰੀ ਨਾ ਰਹਿਣ ਨੇ ਵੀ ਕਈ ਆਗੂਆਂ ਨੂੰ ਨਿਰਾਸ਼ ਕੀਤਾ ਸੀ, ਪਰ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਹੋਈ ਮਿਸਾਲੀ ਜਿੱਤ ਨੇ ਪਾਰਟੀ ਉਤੇ ਕੇਜਰੀਵਾਲ ਦੀ ਪਕੜ ਨੂੰ ਹੋਰ ਮਜ਼ਬੂਤ ਕਰ ਦਿੱਤਾ ਤੇ ਅਲੱਗ ਸੁਰ ਰੱਖਣ ਵਾਲੇ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਣ ਤੇ ਸ਼ਾਂਤੀ ਭੂਸ਼ਣ ਸਮੇਤ ਕਈ ਹੋਰ ਵੱਡੇ ਆਗੂਆਂ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ। ਕਿਆਸਅਰਾਈਆਂ ਅਨੁਸਾਰ ਸ. ਫੂਲਕਾ ਪੰਜਾਬ ਵਿਚੋਂ ਆਪਣੀ ਸਿਆਸੀ ਵਾਪਸੀ ਤੋਂ ਖ਼ੁਸ਼ ਨਹੀਂ ਸਨ। ਆਮ ਆਦਮੀ ਪਾਰਟੀ 'ਮਿਸ਼ਨ 2017' ਨੂੰ ਲੈ ਕੇ ਪੰਜਾਬ ਵਿਚ ਸਰਗਰਮ ਹੈ। ਕੇਂਦਰੀ ਆਗੂ ਸੰਜੇ ਸਿੰਘ, ਵੱਖ ਵੱਖ ਹਲਕਿਆਂ ਦੇ ਦਿੱਲੀ ਤੋਂ ਲਾਏ ਇੰਚਾਰਜ, ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਅਤੇ ਪਾਰਟੀ ਦੀ ਚੋਣ ਮੁਹਿੰਮ ਕਮੇਟੀ ਦੇ ਆਗੂ ਭਗਵੰਤ ਮਾਨ ਰੈਲੀਆਂ ਦੌਰਾਨ ਦਿਖਾਈ ਦੇ ਰਹੇ ਹਨ। ਅਜਿਹੇ ਹਾਲਾਤ ਵਿਚ ਸ. ਫੂਲਕਾ ਵੱਲੋਂ 'ਆਪ' ਦਾ ਸਾਥ ਛੱਡਣਾ ਪਾਰਟੀ ਲਈ ਵੱਡਾ ਧੱਕਾ ਮੰਨਿਆ ਜਾ ਰਿਹਾ ਹੈ।

# ਅੱਕੇ ਕਿਸਾਨਾਂ ਨੇ ਭੂੰਦੜ ਨੂੰ ਸਟੇਜ ਤੋਂ ਬੋਲਣ ਨਾ ਦਿੱਤਾ

**ਬਠਿੰਡਾ:** ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਪਣੇ ਬਠਿੰਡਾ ਸਥਿਤ ਖੇਤਰੀ ਖੋਜ ਕੇਂਦਰ ਵਿਚ ਕਰਵਾਏ ਕਿਸਾਨ ਮੇਲੇ ਵਿਚ ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਸਟੇਜ ਵੱਲ ਜੁੱਤੀਆਂ ਲਹਿਰੀਆਂ ਅਤੇ ਕੁਰਸੀਆਂ ਸੁੱਟੀਆਂ। ਹਾਲਤ ਦੀ ਗੰਭੀਰਤਾ ਨੂੰ ਦੇਖ ਕੇ ਪੁਲਿਸ ਨੇ ਸਟੇਜ ਨੂੰ ਘੇਰਾ ਪਾ ਲਿਆ ਅਤੇ ਮੇਲੇ ਦੇ ਮੁੱਖ ਮਹਿਮਾਨਾਂ- ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ, ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਬਲਦੇਵ ਸਿੰਘ ਢਿੱਲੋਂ ਤੇ ਹੋਰ ਅਧਿਕਾਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਲੈ ਗਈ। ਸ. ਭੂੰਦੜ ਨੇ ਕਿਸਾਨਾਂ ਨੂੰ ਸਮਝਾਉਣ ਦਾ ਯਤਨ ਵੀ ਕੀਤਾ, ਪਰ ਕਿਸਾਨਾਂ ਨੇ ਉਨ੍ਹਾਂ ਨੂੰ ਬੋਲਣ ਨਾ ਦਿੱਤਾ।

ਇਸ ਦੌਰਾਨ ਭੜਕੇ ਕਿਸਾਨਾਂ ਨੇ ਸਟੇਜ 'ਤੇ ਕਬਜ਼ਾ ਕਰ ਲਿਆ ਅਤੇ ਅਕਾਲੀ-ਭਾਜਪਾ ਸਰਕਾਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੇਤੀਬਾੜੀ ਮੰਤਰੀ ਤੋਤਾ ਸਿੰਘ ਅਤੇ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਬਲਦੇਵ ਸਿੰਘ ਢਿੱਲੋਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨੇ ਸਟੇਜ 'ਤੇ ਪਏ ਸੋਫ਼ੇ ਵੀ ਮੂਧੇ ਮਾਰ ਦਿੱਤੇ ਅਤੇ ਸਟੇਜ ਤੇ ਪੰਡਾਲ ਭੰਨ-ਤੋੜ ਦਿੱਤਾ। ਇਸ ਤੋਂ ਬਾਅਦ ਮੇਲਾ ਮੁੱਖ ਮਹਿਮਾਨਾਂ ਅਤੇ ਹੋਰ ਖੇਤੀ ਮਾਹਿਰਾਂ ਦੇ ਭਾਸ਼ਣਾਂ ਤੋਂ ਬਗੈਰ ਹੀ ਸਮਾਪਤ ਕਰ ਦਿੱਤਾ ਗਿਆ।



ਮੇਲੇ ਦੇ ਪੰਡਾਲ ਵਿਚ 2500 ਤੋਂ 3000 ਕਿਸਾਨ ਕੁਰਸੀਆਂ 'ਤੇ ਬੈਠੇ ਸਨ ਅਤੇ ਇੰਨੀ ਹੀ ਗਿਣਤੀ 'ਚ ਕਿਸਾਨ ਮੇਲੇ 'ਚ ਲੱਗੀ ਖੇਤੀ ਪ੍ਰਦਰਸ਼ਨੀ ਦੇਖ ਰਹੇ ਸਨ ਜਾਂ ਫਿਰ ਬੀਜ ਆਦਿ ਖਰੀਦ ਰਹੇ ਸਨ। ਮੇਲੇ ਦੇ ਪੰਡਾਲ 'ਚ ਖੇਤੀ ਮਾਹਿਰ ਕਿਸਾਨਾਂ ਨੂੰ ਹਾੜ੍ਹੀ ਦੀਆਂ ਫ਼ਸਲਾਂ ਸਬੰਧੀ ਤਕਨੀਕੀ ਜਾਣਕਾਰੀ ਦੇ ਰਹੇ ਸਨ, ਇਸੇ ਦੌਰਾਨ ਖੇਤੀ ਯੂਨੀਵਰਸਿਟੀ ਦੇ ਡਾਇਰੈਕਟਰ ਖੋਜ ਬਲਵਿੰਦਰ ਸਿੰਘ ਨੇ ਆਪਣੀ ਤਕਰੀਰ 'ਚ ਚਿੱਟੇ ਮੱਛਰ ਨਾਲ ਕਪਾਹ ਦੀ ਫ਼ਸਲ ਦੀ ਹੋਈ ਬਰਬਾਦੀ ਦਾ ਜ਼ਿਕਰ ਕਰਦਿਆਂ ਜਦੋਂ ਇਹ ਕਿਹਾ ਕਿ ਇਸ ਨੁਕਸਾਨ ਲਈ ਜਿਥੇ ਅਸੀਂ ਜ਼ਿੰਮੇਵਾਰ ਹਾਂ, ਉਥੇ ਕਿਸਾਨ ਵੀ ਜ਼ਿੰਮੇਵਾਰ ਹਨ। ਉਨ੍ਹਾਂ ਮਤਾਬਕ ਕਿਸਾਨ, ਯੂਨੀਵਰਸਿਟੀਆਂ ਦੀਆਂ ਸਿਫ਼ਾਰਿਸ਼ਾਂ 'ਤੇ ਅਮਲ ਕਰਨ ਦੀ ਥਾਂ ਖੇਤੀ ਵਸਤਾਂ ਵੇਚਣ ਵਾਲੇ ਦੁਕਾਨਦਾਰ ਦੀ ਕਹੀ ਗੱਲ 'ਤੇ ਜ਼ਿਆਦਾ ਅਮਲ ਕਰਦੇ ਹਨ। ਉਨ੍ਹਾਂ ਦੇ ਇੰਨਾ ਕਹਿਣ 'ਤੇ ਪੰਡਾਲ ਵਿਚ ਹੰਗਾਮਾ ਖੜ੍ਹਾ ਹੋ ਗਿਆ ਅਤੇ ਨਰਮੇ ਦੀ ਫ਼ਸਲ ਦੀ ਹੋਈ ਭਾਰੀ ਬਰਬਾਦੀ ਕਾਰਨ ਕਿਸਾਨਾਂ ਦਾ ਗੁੱਸਾ ਫੁੱਟ ਪਿਆ। ਕਿਸਾਨਾਂ ਦਾ ਕਹਿਣਾ ਸੀ ਕਿ ਖੇਤੀਬਾੜੀ ਵਿਭਾਗ ਹੁਣ ਜਾਅਲੀ ਕੀੜੇਮਾਰ ਦਵਾਈਆਂ ਤੇ ਖਾਦਾਂ ਦੇ ਨਮੂਨੇ ਲੈ ਰਿਹਾ ਹੈ, ਜੇ ਖੇਤੀ ਵਿਭਾਗ ਪਹਿਲਾਂ ਅਜਿਹੀ ਛਾਪੇਮਾਰੀ ਕਰਦਾ ਤਾਂ ਕਿਸਾਨਾਂ ਦਾ ਨੁਕਸਾਨ ਨਹੀਂ ਹੋਣਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਬਜ਼ੁਰਗ ਸਿੱਖ 'ਤੇ ਹਮਲਾ ਕਰਨ ਵਾਲੇ ਅਮਰੀਕੀ ਨੂੰ ਕੈਦ

**ਫਰਿਜ਼ਨੋ (ਬਿਊਰੋ):** ਇਥੋਂ ਦੇ 82 ਸਾਲਾ ਪਿਆਰਾ ਸਿੰਘ ਨੂੰ ਲੋਹੇ ਦੀ ਰਾਡ ਨਾਲ ਕੁੱਟਣ ਦੇ ਨਸਲੀ ਅਪਰਾਧ ਵਿਚ ਇਕ ਵਿਅਕਤੀ ਨੂੰ 13 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਘਟਨਾ ਦੋ ਸਾਲ ਪਹਿਲਾਂ ਗੁਰਦੁਆਰਾ ਨਾਨਕਸਰ ਚੈਰੀ ਰੋਡ ਦੇ ਬਾਹਰ ਵਾਪਰੀ ਸੀ।



ਗਿਲਬਰਟ ਗਰਾਸੀਆ ਨਾਂ ਦੇ ਇਸ ਵਿਅਕਤੀ ਨੇ ਗੁਰਦੁਆਰੇ ਬਾਹਰ ਉਸ ਨੂੰ ਦੇਖਦਿਆਂ ਤਾਲਿਬਾਨ ਤੇ ਮੁਸਲਮਾਨਾਂ ਬਾਰੇ ਕੁਝ ਕਹਿੰਦਿਆਂ ਹਮਲਾ ਕਰ ਦਿੱਤਾ। ਅਦਾਲਤ ਨੇ ਇਸ ਨੂੰ ਨਸਲੀ ਅਪਰਾਧ ਮੰਨਿਆ।

ਸ. ਪਿਆਰਾ ਸਿੰਘ ਦੇ ਸਿਰ ਉੱਤੇ ਗੰਭੀਰ ਸੱਟਾਂ ਲੱਗੀਆਂ ਸਨ ਤੇ ਪਸਲੀਆਂ ਟੁੱਟ ਗਈਆਂ ਸਨ। ਉਹ ਇਕ ਹਫਤੇ ਤੋਂ ਵੱਧ ਸਮੇਂ ਲਈ ਹਸਪਤਾਲ ਵਿਚ ਰਹੇ।

ਫਰਿਜ਼ਨੋ ਕਾਊਂਟੀ ਦੀ ਸੁਪੀਰੀਅਰ ਕੋਰਟ ਦੇ ਜੱਜ ਐਲਵਿਨ ਹੈਰੇਲ ਨੇ ਕਿਹਾ ਕਿ ਇਹ ਗੱਲ ਸਮਝਾਉਣ ਲਾਇਕ ਹੈ ਕਿ ਅਜਿਹੀ ਘਟਨਾ ਨੂੰ ਅੰਜਾਮ ਦੇਣਾ ਕੋਈ ਆਮ ਗੱਲ ਨਹੀਂ ਹੈ।

ਇਸ ਅਦਾਲਤੀ ਕਾਰਵਾਈ ਦਾ ਸਿਹਰਾ ਸਿੱਖ ਐਕਟਵਿਸਟ ਇਕਬਾਲ ਸਿੰਘ ਗਰੇਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਜਾਂਦਾ ਹੈ। ਹੋਰ ਜਾਣਕਾਰੀ ਲਈ ਫੋਨ 559-906-7403 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਸੈਨ ਹੋਜ਼ੇ ਵਿਚ ਯੋਗਾ ਕਲਾਸਾਂ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਚ ਇਨ੍ਹੀਂ ਦਿਨੀਂ ਯੋਗਾ ਦੀਆਂ ਕਲਾਸਾਂ ਚੱਲ ਰਹੀਆਂ ਹਨ, ਜਿਨ੍ਹਾਂ ਪ੍ਰਤੀ ਲੋਕਾਂ ਨੇ ਭਰਵੀਂ ਦਿਲਚਸਪੀ ਦਿਖਾਈ ਹੈ ਅਤੇ ਇਸ ਸਮੇਂ 25-30 ਸਾਲ ਤੋਂ 80 ਸਾਲਾਂ ਦੇ ਕੋਈ 35 ਲੋਕ ਇਸ ਦਾ ਲਾਭ ਉਠਾਉਂਦੇ ਹਨ। ਥਾਈਲੈਂਡ ਦੀ ਰਹਿਣ ਵਾਲੀ ਇੰਸਟਰਕਟਰ ਬੀਬੀ ਸੁੱਕੂ ਇਨ੍ਹਾਂ ਦੀ ਅਗਵਾਈ ਕਰਦੀ ਹੈ ਤੇ ਹੋਰ ਸਾਰੇ ਸਿੱਖਿਅਕ ਉਸ ਦੇ ਨਾਲ ਕਸਰਤ ਕਰਦੇ ਹਨ। ਲਾਇਬਰੇਰੀ ਹਾਲ ਵਿਚ ਸਵੇਰੇ 8:30 ਤੋਂ 9:30 ਵਜੇ ਤੱਕ ਹਰ ਸੋਮਵਾਰ, ਬੁੱਧਵਾਰ ਤੇ ਸ਼ੁੱਕਰਵਾਰ ਲਗਦੀ ਇਹ ਕਲਾਸ ਬਿਲਕੁਲ ਮੁਫਤ ਹੈ।

ਇਸ ਕਲਾਸ ਦੇ ਸੰਚਾਲਕ ਡਾ. ਹਰਭਜਨ ਸਿੰਘ ਯੋਗੀ ਨੇ ਦੱਸਿਆ ਕਿ ਯੋਗਾ ਰਾਹੀਂ ਕਸਰਤ ਸਿਹਤ ਵਾਸਤੇ ਬਹੁਤ ਲਾਹੇਵੰਦ ਹੈ ਤੇ ਇਕ ਘੰਟੇ ਵਿਚ ਸਰੀਰ ਦੇ ਹਰ ਅੰਗ ਦੀ ਹਿੱਲਜੁੱਲ ਕਰਵਾ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਰਿਸ਼ੀਆਂ ਮੁਨੀਆਂ ਦੀ ਦਿੱਤੀ ਇਸ ਦਾਤ ਨਾਲ ਕਈ ਅਸਾਧ ਰੋਗ ਵੀ ਠੀਕ ਹੋ ਜਾਂਦੇ ਹਨ ਤੇ ਇਕ ਔਰਤ ਜੋ ਪਹਿਲੇ ਦਿਨ ਇੱਥੇ ਵੀਲ੍ਹ ਚੇਅਰ 'ਤੇ ਆਈ ਸੀ, ਹੁਣ ਆਪਣੇ ਆਪ ਤੁਰ ਕੇ ਆਉਂਦੀ ਹੈ ਤੇ ਪੂਰੀ ਕਸਰਤ ਕਰਦੀ ਹੈ।

## ਅਣਖ ਖਾਤਰ ਧੀ ਮਾਰਨ ਵਾਲੇ ਮਾਪਿਆਂ ਨੂੰ ਉਮਰ ਕੈਦ

**ਪਟਿਆਲਾ:** ਅਦਾਲਤ ਨੇ ਅਣਖ ਖਾਤਰ ਨਾਬਾਲਗ ਧੀ ਦਾ ਕਤਲ ਕਰਨ ਦੇ ਦੋਸ਼ ਹੇਠ ਮ੍ਰਿਤਕਾ ਦੇ ਮਾਪਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਜਦਕਿ ਲੜਕੀ ਦੇ ਪ੍ਰੇਮੀ ਵਜੋਂ ਨਾਮਜ਼ਦ ਨੌਜਵਾਨ ਸਮੇਤ ਦੋ ਮੁਲਜ਼ਮ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਗਏ।

ਸਜ਼ਾ ਦਾ ਸਾਹਮਣਾ ਕਰਨ ਵਾਲਿਆਂ ਵਿਚ ਰੌਸ਼ਨ ਲਾਲ ਤੇ ਉਸ ਦੀ ਪਤਨੀ ਸੁਰੇਸ਼ ਕੌਰ ਵਾਸੀ ਜਨਸੂਆ ਸ਼ਾਮਲ ਹਨ। ਇਸ ਜੋੜੇ ਨੇ ਆਪਣੀ 15 ਸਾਲਾ ਧੀ ਪਲਵਿੰਦਰ ਕੌਰ ਦਾ ਰਾਜ ਕੁਮਾਰ ਨਾਂ ਦੇ ਇਕ ਨੌਜਵਾਨ ਨਾਲ ਪ੍ਰੇਮ ਦਾ ਸ਼ੱਕ ਹੋਣ 'ਤੇ ਗਲਾ ਘੁੱਟ ਕੇ ਕਤਲ ਕਰ ਦਿੱਤਾ ਸੀ। ਪੁਲਿਸ ਨੇ ਲੜਕੀ ਦੀ ਮਾਤਾ ਪਿਤਾ ਤੇ ਰਾਜ ਕੁਮਾਰ ਨਾਂ ਦੇ ਪ੍ਰੇਮੀ ਸਮੇਤ ਚਾਰ ਵਿਅਕਤੀਆਂ ਖ਼ਿਲਾਫ਼ 25 ਸਤੰਬਰ 2014 ਨੂੰ ਕਤਲ ਦਾ ਕੇਸ ਦਰਜ ਕੀਤਾ ਸੀ।


ਕਮਾਲ ਬਈ ਕਮਾਲ !

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




*For a Free Demo of our new HD Cameras*

*Please Contact us*: Balbir S Sidhu

209-495-3905 (Cell)

www.dvrunlimited.com

Toll Free (888) 233-4566

DVRunlimited Inc.

Installation Available



Golden State Realty

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers 2009 to 2014

*Please Contact For*

Commercial or Residential Needs

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*

Ph: 916-612-5773

**email:** samchahal@hotmail.com

Serving all over California



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# 'ਆਪ' ਤੇ ਕੈਪਟਨ ਦੀ ਸਰਗਰਮੀ ਨੇ ਅਕਾਲੀਆਂ ਦੇ ਫਿਕਰ ਵਧਾਏ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਚੜ੍ਹਤ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਰੈਲੀਆਂ ਨੂੰ ਮਿਲ ਰਹੇ ਹੁੰਗਾਰੇ ਨੇ ਹਾਕਮ ਸ਼੍ਰੋਮਣੀ ਅਕਾਲੀ ਦਲ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। 'ਆਪ' ਦੀਆਂ ਸਰਗਰਮੀਆਂ ਨੂੰ ਅਕਾਲੀ ਦਲ ਵੱਡੀ ਚੁਣੌਤੀ ਵਜੋਂ ਦੇਖ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸਰਕਾਰ ਉਤੇ ਜ਼ੋਰ ਦਿੱਤਾ ਹੈ ਕਿ ਪੰਜਾਬ ਦੇ ਲੋਕਾਂ ਦਾ ਰੁਖ ਆਮ ਆਦਮੀ ਪਾਰਟੀ (ਆਪ) ਵੱਲੋਂ ਮੋੜਨ ਲਈ ਗਰੀਬਾਂ, ਕਿਸਾਨਾਂ ਤੇ ਨੌਜਵਾਨਾਂ ਲਈ ਸਰਕਾਰੀ ਖ਼ਜ਼ਾਨੇ ਦਾ ਮੂੰਹ ਖੋਲ੍ਹਿਆ ਜਾਵੇ। ਕੋਰ ਕਮੇਟੀ ਦੀ ਮੀਟਿੰਗ ਦੌਰਾਨ 'ਆਪ' ਨਾਲ ਟਾਕਰਾ ਕਰਨ ਦਾ ਬਦਲ ਇਹੀ ਲੱਭਾ ਹੈ ਕਿ ਵਿਕਾਸ ਕਾਰਜਾਂ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨੇਪਰੇ ਚਾੜ੍ਹਿਆ ਜਾਵੇ। ਮੀਟਿੰਗ ਵਿਚ ਜਿਨ੍ਹਾਂ ਮੁੱਦਿਆਂ 'ਤੇ ਚਰਚਾ ਹੋਈ, ਉਨ੍ਹਾਂ ਵਿਚ 'ਆਪ' ਦੀਆਂ ਸਰਗਰਮੀਆਂ ਤੇ ਲੋਕਾਂ ਵੱਲੋਂ ਦਿੱਤਾ ਗਿਆ ਸਮਰਥਨ, ਕੈਪਟਨ ਅਮਰਿੰਦਰ ਸਿੰਘ ਦੀਆਂ ਰੈਲੀਆਂ, ਸਰਕਾਰੀ ਵਿਭਾਗਾਂ ਵਿਚਲਾ ਭ੍ਰਿਸ਼ਟਾਚਾਰ, ਰੇਤ-ਬਜਰੀ ਦੀ ਕਾਲਾਬਾਜ਼ਾਰੀ, ਭਾਈਵਾਲ ਭਾਜਪਾ ਨਾਲ ਚੱਲ ਰਹੇ ਸਬੰਧਾਂ ਤੇ ਭਵਿੱਖ ਦੀ ਸਿਆਸੀ ਰਣਨੀਤੀ ਸ਼ਾਮਲ ਹਨ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਬੁਢਾਪਾ, ਵਿਧਵਾ, ਅੰਗਹੀਣਾਂ ਤੇ ਬੇਸਹਾਰਾ ਬੱਚਿਆਂ ਦੀਆਂ ਪੈਨਸ਼ਨਾਂ 250 ਰੁਪਏ ਤੋਂ ਵਧਾ ਕੇ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ ਤੇ ਟਿਊਬਵੈਲ ਕੁਨੈਕਸ਼ਨ ਦੇਣ ਸਮੇਤ ਹੋਰ ਕਿਸਾਨੀ ਮੁੱਦਿਆਂ ਦੇ ਹੱਲ ਲਈ ਜ਼ੋਰ ਦਿੱਤਾ ਗਿਆ।

ਨੀਲੇ ਕਾਰਡਾਂ ਵਿਚ ਕੱਟੇ ਗਏ ਪੰਜ ਲੱਖ ਪਰਿਵਾਰਾਂ ਦੇ ਨਾਂ ਵੀ ਮੁੜ ਸੂਚੀ ਵਿਚ ਸ਼ਾਮਲ ਕੀਤੇ ਜਾਣਗੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੈਨਸ਼ਨਾਂ ਵਿਚ ਵਾਧੇ ਉਤੇ ਮੋਹਰ ਲਾ ਦਿੱਤੀ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਕਣਕ ਦੀ ਬਿਜਾਈ ਤੋਂ ਬਾਅਦ ਵਿਧਾਨ ਸਭਾ ਪੱਧਰ ਉਤੇ ਹਲਕਾ ਵਾਰ ਰਾਜਸੀ ਰੈਲੀਆਂ ਕੀਤੀਆਂ ਜਾਣ ਤੇ ਇਨ੍ਹਾਂ ਰੈਲੀਆਂ ਤੋਂ ਪਹਿਲਾਂ ਸਾਰੀਆਂ ਯੋਜਨਾਵਾਂ ਦਾ ਐਲਾਨ ਕਰ ਦਿੱਤਾ ਜਾਵੇ। ਯੋਜਨਾਵਾਂ ਵਿਚ ਕਿਸਾਨਾਂ ਦਾ ਜੀਵਨ ਬੀਮਾ, ਟਿਊਬਵੈਲ ਕੁਨੈਕਸ਼ਨ ਤੇ ਹਰ ਵਿਧਾਨ ਸਭਾ ਹਲਕੇ ਨੂੰ 25 ਕਰੋੜ ਰੁਪਏ ਦੀ ਗਰਾਂਟ ਦੇਣਾ ਵੀ ਸ਼ਾਮਲ ਹੈ। ਵਿਦਿਆਰਥੀ ਵਿੰਗ ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ਼ ਇੰਡੀਆ (ਸੋਈ) ਦੀਆਂ ਸ਼ਾਖਾਵਾਂ ਹਰ ਕਾਲਜ ਤੇ ਯੂਨੀਵਰਸਿਟੀ ਵਿਚ ਖੋਲ੍ਹਣ ਦਾ ਫ਼ੈਸਲਾ ਵੀ ਕੀਤਾ ਗਿਆ ਤਾਂ ਜੋ ਨੌਜਵਾਨਾਂ ਨੂੰ ਅਕਾਲੀ ਦਲ ਨਾਲ ਜੋੜਿਆ ਜਾ ਸਕੇ। ਪਾਰਟੀ ਵੱਲੋਂ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਉਕਤ ਤਿੰਨੋਂ ਵਰਗ ਅਕਾਲੀ ਦਲ ਤੋਂ ਦੂਰ ਹੋ ਰਹੇ ਹਨ। ਸੂਤਰਾਂ ਦਾ ਦੱਸਣਾ ਹੈ ਕਿ ਉਕਤ ਸਾਰੀਆਂ ਸਕੀਮਾਂ ਆਉਣ ਵਾਲੇ ਦੋ ਕੁ ਮਹੀਨਿਆਂ ਦੇ ਸਮੇਂ ਅੰਦਰ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ। ਪਾਰਟੀ ਵੱਲੋਂ ਕੀਤੀਆਂ ਜਾਣ ਵਾਲੀਆਂ ਹਲਕਾ ਪੱਧਰ ਦੀਆਂ ਰੈਲੀਆਂ ਵਿਚ ਇਨ੍ਹਾਂ ਯੋਜਨਾਵਾਂ ਨੂੰ ਪ੍ਰਚਾਰ ਦਾ ਆਧਾਰ ਬਣਾਇਆ ਜਾਵੇਗਾ।

### ਕੋਰ ਕਮੇਟੀ ਦੀ ਮੀਟਿੰਗ 'ਚ ਅਗਲੀ ਰਣਨੀਤੀ ਲਈ ਵਿਚਾਰਾਂ



### ਅਕਾਲੀ ਦਲ ਦੀ ਰਣਨੀਤੀ

- ਵਿਕਾਸ ਕਾਰਜਾਂ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨੇਪਰੇ ਚਾੜ੍ਹਨ ਦਾ ਪ੍ਰਣ
- ਪੈਨਸ਼ਨਾਂ 250 ਤੋਂ ਵਧਾ ਕੇ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ ਦੀ ਸਿਫਾਰਸ਼
- ਟਿਊਬਵੈਲ ਕੁਨੈਕਸ਼ਨ ਦੇਣ ਸਮੇਤ ਹੋਰ ਕਿਸਾਨੀ ਮੁੱਦਿਆਂ ਦੇ ਹੱਲ ਲਈ ਜ਼ੋਰ
- ਹਰ ਵਿਧਾਨ ਸਭਾ ਹਲਕੇ ਨੂੰ 25 ਕਰੋੜ ਰੁਪਏ ਦੀ ਗਰਾਂਟ ਦੇਣਾ
- ਨੌਜਵਾਨਾਂ ਨੂੰ ਅਕਾਲੀ ਦਲ ਨਾਲ ਜੋੜਨ ਲਈ ਰਣਨੀਤੀ
- ਸਿਰਫ਼ ਜਿੱਤਣ ਦੀ ਸਮਰੱਥਾ ਵਾਲੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਣ
- ਮਾੜੀ ਕਾਰਗੁਜ਼ਾਰੀ ਵਾਲੇ ਵਿਧਾਇਕਾਂ ਦੀਆਂ ਟਿਕਟਾਂ ਕੱਟਣ 'ਤੇ ਸਹਿਮਤੀ

### ਪਾਰਟੀ ਦੀ ਧੜੇਬੰਦੀ ਤੋਂ ਬਾਦਲ ਫ਼ਿਕਰਮੰਦ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਰ ਕਮੇਟੀ ਦੀ ਮੀਟਿੰਗ ਵਿਚ ਕਈ ਜ਼ਿਲ੍ਹਿਆਂ ਦੇ ਆਗੂਆਂ ਦਰਮਿਆਨ ਚੱਲ ਰਹੀ ਖਹਿਬਾਜ਼ੀ ਉਤੇ ਚਿੰਤਾ ਪ੍ਰਗਟਾਈ ਤੇ ਅਕਾਲੀ ਆਗੂਆਂ ਨੂੰ ਨਸੀਹਤ ਦਿੰਦਿਆਂ ਧੜੇਬੰਦੀ ਖ਼ਤਮ ਕਰਨ ਲਈ ਕਿਹਾ। ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਬਹੁ ਗਿਣਤੀ ਜ਼ਿਲ੍ਹਿਆਂ ਵਿਚ ਅੰਦਰੂਨੀ ਜੰਗ ਸਿਖਰਾਂ 'ਤੇ ਹੈ ਜਿਸ ਨਾਲ ਪਾਰਟੀ ਦਾ ਨੁਕਸਾਨ ਹੋ ਰਿਹਾ ਹੈ।

# ਘਾਟੇ ਵਾਲਾ ਸੌਦਾ ਬਣ ਗਈ ਖੇਤੀ

**ਚੰਡੀਗੜ੍ਹ:** ਹਰ ਸਾਲ ਸਾਢੇ ਤਿੰਨ ਫੀਸਦੀ ਕਿਸਾਨ, ਖੇਤ ਮਜ਼ਦੂਰ ਬਣ ਰਹੇ ਹਨ। ਦੇਸ਼ ਦੀ ਕਿਸਾਨੀ ਦੀ ਹਾਲਤ ਮਾੜੀ ਹੈ ਤੇ ਜੇਕਰ ਕਿਸਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲ ਜਾਣ ਤਾਂ 40 ਫੀਸਦੀ ਕਿਸਾਨ ਖੇਤੀ ਛੱਡਣ ਲਈ ਤਿਆਰ ਹਨ। ਇਕ ਦਹਾਕੇ ਵਿਚ ਰੁਜ਼ਗਾਰ ਦੀ ਦਰ .6 ਫੀਸਦੀ ਰਹੀ ਹੈ, ਜਦੋਂ ਕਿ ਕੰਮਕਾਜੀ ਵਸੋਂ ਦੀ ਦਰ 1.9 ਫੀਸਦੀ ਦੇ ਹਿਸਾਬ ਨਾਲ ਵਧੀ ਹੈ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 66 ਫੀਸਦੀ ਕੰਮਕਾਜੀ ਵਸੋਂ ਨੂੰ ਰੁਜ਼ਗਾਰ ਨਹੀਂ ਮਿਲ ਸਕਿਆ। ਖੇਤੀ ਸੈਕਟਰ ਵਿਚ ਪਿਛਲੇ ਦਹਾਕੇ ਵਿਚ 3.3 ਕਰੋੜ ਰੁਜ਼ਗਾਰ ਘਟਿਆ ਹੈ ਤੇ ਗੈਰ ਖੇਤੀ ਸੈਕਟਰ ਵਿਚ ਦੋ ਫੀਸਦੀ ਵਧਿਆ ਹੈ ਪਰ ਇਸ ਨਾਲ ਸਾਰੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਨਹੀਂ ਮਿਲ ਸਕਿਆ। ਇਸ ਨਾਲ ਸਭ ਤੋਂ ਵੱਧ ਨੁਕਸਾਨ ਖੇਤ ਮਜ਼ਦੂਰ ਔਰਤਾਂ ਨੂੰ ਹੋਇਆ ਹੈ ਕਿਉਂਕਿ ਉਨ੍ਹਾਂ ਨੂੰ ਕੰਮ ਬਹੁਤ ਘੱਟ ਮਿਲਿਆ ਹੈ। ਖੇਤ ਮਜ਼ਦੂਰਾਂ ਨੂੰ ਸਾਲ ਵਿਚ 90 ਦਿਨ ਕੰਮ ਲੱਭਣ ਵਿਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਤਿੰਨ ਰੋਜ਼ਾ 13ਵੀਂ ਕਾਨਫਰੰਸ ਵਿਚ ਇਨ੍ਹਾਂ ਸਮੱਸਿਆਵਾਂ 'ਤੇ ਚਰਚਾ ਕੀਤੀ ਗਈ। ਯੂਨੀਅਨ ਦੇ ਜਨਰਲ ਸਕੱਤਰ ਤੇ ਸਾਬਕਾ ਪਾਰਲੀਮੈਂਟ ਮੈਂਬਰ ਨਗਿੰਦਰ ਨਾਥ ਓਝਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਗਰੀਬਾਂ ਲਈ ਚਲਾਈਆਂ ਜਾ ਰਹੀਆਂ ਅੱਠ ਭਲਾਈ ਯੋਜਨਾਵਾਂ ਨੂੰ ਬੰਦ ਕਰ ਦਿੱਤਾ ਹੈ ਤੇ 24 ਦਾ ਪੈਸਾ ਘਟਾ ਦਿੱਤਾ ਹੈ। ਸਰਕਾਰ ਦਾ ਸਾਰਾ ਜ਼ੋਰ ਕਾਰਪੋਰੇਟ ਸੈਕਟਰ ਦੀ ਮਦਦ 'ਤੇ ਲੱਗਾ ਹੋਇਆ ਹੈ। ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਦੇਸ਼ ਦੀਆਂ ਖੇਤ ਮਜ਼ਦੂਰ ਜਥੇਬੰਦੀਆਂ ਛੇ ਦਸੰਬਰ ਨੂੰ ਰੋਸ ਦਿਵਸ ਮਨਾਉਣਗੀਆਂ। ਸਾਲ 2013-14 ਵਿਚ 11 ਕਰੋੜ ਖੇਤ ਮਜ਼ਦੂਰਾਂ ਦੇ ਜਾਬ ਕਾਰਡ ਬਣੇ ਸਨ ਪਰ ਉਨ੍ਹਾਂ ਨੂੰ ਵੀ ਮੁਸ਼ਕਲ ਨਾਲ ਹੀ ਸੌ ਦਿਨ ਕੰਮ ਮਿਲ ਸਕਿਆ। ਇਸ ਮਾਮਲੇ ਵਿਚ ਪੰਜਾਬ ਦੀ ਸਥਿਤੀ ਹੋਰ ਸੂਬਿਆਂ ਦੇ ਮੁਕਾਬਲੇ ਬਹੁਤ ਖਰਾਬ ਹੈ ਤੇ ਪੰਜਾਬ ਵਿਚ ਸਿਰਫ 36 ਦਿਨ ਹੀ ਕੰਮ ਮਿਲਿਆ ਤੇ ਉਜਰਤਾਂ ਸਮੇਂ ਸਿਰ ਨਹੀਂ ਮਿਲ ਰਹੀਆਂ।

**ਰੁਜ਼ਗਾਰ ਮਿਲੇ ਤਾਂ 40 ਫੀਸਦੀ ਕਿਸਾਨ ਇਹ ਧੰਦਾ ਛੱਡਣ ਲਈ ਤਿਆਰ**

# ਦਿੱਲੀ ਦਰਬਾਰ ਕਰੇਗਾ 'ਆਪ' ਦੇ ਮੁੱਖ ਮੰਤਰੀ ਦੀ ਚੋਣ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਪੰਜਾਬ 2017 ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਉਮੀਦਵਾਰ ਕੌਣ ਹੋਵੇਗਾ ਇਸ ਦਾ ਫ਼ੈਸਲਾ ਦਿੱਲੀ ਦਰਬਾਰ ਹੋਵੇਗਾ। ਪਾਰਟੀ ਹਾਈਕਮਾਨ ਤੈਅ ਕਰੇਗੀ ਕਿ ਕਿਸ ਨੂੰ ਪੰਜਾਬ ਚੋਣਾਂ ਲਈ ਚਿਹਰਾ ਬਣਾਇਆ ਜਾਵੇ। ਸੰਗਰੂਰ ਤੋਂ 'ਆਪ' ਦੇ ਸੰਸਦ ਮੈਂਬਰ ਤੇ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਭਗਵੰਤ ਮਾਨ ਨੇ ਕਿਹਾ ਕਿ ਦਿੱਲੀ ਵਿਚ ਵੱਡੀ ਜਿੱਤ ਦਰਜ ਕਰਵਾਉਣ ਤੋਂ ਬਾਅਦ 'ਆਪ' ਦੀ ਨਜ਼ਰ ਹੁਣ ਪੰਜਾਬ ਉਤੇ ਹੈ।

ਮਾਨ ਮੁਤਾਬਕ ਪਾਰਟੀ ਹਰ ਫ਼ੈਸਲੇ ਵਿਚ ਪੰਜਾਬ ਦੀ ਜਨਤਾ ਦੀ ਵੀ ਸਲਾਹ ਲਏਗੀ। ਪਾਰਟੀ ਦਾ ਚੋਣ ਮੈਨੀਫੈਸਟੋ ਵੀ ਜਨਤਾ ਦੀ ਸਲਾਹ ਨਾਲ ਹੀ ਤਿਆਰ ਕੀਤਾ ਜਾਵੇਗਾ। ਉਨ੍ਹਾਂ ਨੂੰ ਪੰਜਾਬ ਵਿਚ ਕੀ ਜ਼ਿੰਮੇਵਾਰੀ ਦਿੱਤੀ ਜਾਵੇਗੀ, ਇਸ ਦਾ ਫ਼ੈਸਲਾ ਵੀ ਪਾਰਟੀ ਹਾਈਕਮਾਨ ਕਰੇਗੀ।'ਆਪ' ਤੋਂ ਕੱਢੇ ਗਏ ਪਟਿਆਲਾ ਤੋਂ ਪਾਰਟੀ ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਬਾਰੇ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਹਾਈਕਮਾਨ ਨਾਲ ਗੱਲਬਾਤ ਕਰਕੇ ਸਾਰੇ ਮਤਭੇਦ ਦੂਰ ਕਰਨੇ ਚਾਹੀਦੇ ਹਨ।

ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਆਖਿਆ ਕਿ ਪੰਜਾਬ ਵਿਚ ਅਕਾਲੀ ਭਾਜਪਾ ਸਰਕਾਰ ਤੋਂ ਦੁਖੀ ਉਦਯੋਗਪਤੀ ਦੂਜੇ ਸੂਬਿਆਂ ਵਿਚ ਪਲਾਇਨ ਕਰ ਰਹੇ ਹਨ ਤੇ ਨੌਜਵਾਨ ਵਿਦੇਸ਼ਾਂ ਵਿਚ ਜਾਣ ਨੂੰ ਤਰਜੀਹ ਦੇ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਹੈ ਕਿ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਸੂਬੇ ਦੀਆਂ 117 ਸੀਟਾਂ ਜਿੱਤ ਕੇ ਨਵਾਂ ਇਤਿਹਾਸ ਸਿਰਜੇਗੀ।



### ਕੈਪਟਨ ਅਮਰਿੰਦਰ ਸਿੰਘ ਦੀ ਜ਼ੁਬਾਨ ਉਤੇ ਵੀ 'ਆਪ'


**ਫਿਰੋਜ਼ਪੁਰ:** ਪੰਜਾਬ ਵਿਚ ਲਗਾਤਾਰ ਰੈਲੀਆਂ ਕਰ ਰਹੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀ ਵਿਰੋਧੀ ਧਿਰ ਅਕਾਲੀ ਦਲ ਦੇ ਨਾਲ-ਨਾਲ 'ਆਪ' ਉਤੇ ਵੀ ਨਿਸ਼ਾਨੇ ਲਗਾ ਰਹੇ ਹਨ। ਕੈਪਟਨ ਦੇ ਬਿਆਨਾਂ ਤੋਂ ਲੱਗ ਰਿਹਾ ਹੈ ਕਿ ਬੇਸ਼ੱਕ ਉਹ 'ਆਪ' ਨੂੰ ਕਮਜ਼ੋਰ ਕਰਾਰ ਦੇ ਰਹੇ ਹਨ ਪਰ ਕਿਤੇ ਨਾ ਕਿਤੇ ਉਹ ਪੰਜਾਬ ਦੀਆਂ 2017 ਚੋਣਾਂ ਲਈ 'ਆਪ' ਨੂੰ ਹਲਕੇ ਵਿਚ ਨਹੀਂ ਲੈਣਾ ਚਾਹੁੰਦੇ। ਕੈਪਟਨ ਨੇ ਕਿਹਾ ਹੈ ਕਿ ਪੰਜਾਬ ਵਿਚ 'ਆਪ' ਦੇ ਚਾਰ ਮੈਂਬਰ ਪਾਰਲੀਮੈਂਟ ਚੁਣੇ ਗਏ ਪਰ ਉਹ ਵੀ ਵਿਵਾਦਾਂ ਵਿਚ ਫਸੇ ਹੋਏ ਹਨ ਤੇ ਇਕ ਦੂਸਰੇ ਦੀ ਟੋਪੀ ਉਛਾਲ ਰਹੇ ਹਨ।

# ਭਾਜਪਾ ਆਗੂ ਅਫ਼ੀਮ ਸਣੇ ਗ੍ਰਿਫ਼ਤਾਰ

**ਫ਼ਤਹਿਗੜ੍ਹ ਸਾਹਿਬ:** ਭਾਜਪਾ ਸੂਬਾ ਪ੍ਰਧਾਨ ਕਮਲ ਸ਼ਰਮਾ ਦੇ ਨਜ਼ਦੀਕੀਆਂ ਨੂੰ ਨਸ਼ਾ ਤਸਕਰੀ ਵਿਚ ਫੜੇ ਜਾਣ ਦਾ ਮਾਮਲਾ ਅਜੇ ਠੰਢਾ ਨਹੀਂ ਹੋਇਆ ਕਿ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਪੁਲਿਸ ਨੇ ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਨੀਰਜ ਅਰੋੜਾ ਉਰਫ ਸ਼ੈਲੀ ਨੂੰ ਇਕ ਹੋਰ ਸਾਥੀ ਸਮੇਤ ਡੇਢ ਕਿੱਲੋ ਅਫ਼ੀਮ ਸਮੇਤ ਗ੍ਰਿਫ਼ਤਾਰ ਕੀਤਾ ਹੈ। ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਸੁਦਰਸ਼ਨ ਸਿੰਘ ਰਾਏ ਨੇ ਸ਼ੈਲੀ ਦਾ ਪਾਰਟੀ ਨਾਲ ਕੋਈ ਵੀ ਸਬੰਧ ਨਾ ਹੋਣ ਦਾ ਦਾਅਵਾ ਕੀਤਾ ਹੈ। ਮੁੱਢਲੀ ਪੁੱਛ ਪੜਤਾਲ ਵਿਚ ਪਤਾ ਲੱਗਾ ਹੈ ਕਿ ਇਹ ਭਾਜਪਾ ਆਗੂ ਹਰਿਆਣਾ ਦੇ ਸਮਾਲਾਬਾਦ ਪਿਹੇਵਾ ਵੱਲੋਂ ਅਫ਼ੀਮ ਲੈ ਕੇ ਆਏ ਸਨ। ਉਧਰ ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਸੁਖਦਰਸ਼ਨ ਸਿੰਘ ਰਾਏ ਨੇ ਦੱਸਿਆ ਕਿ ਨੀਰਜ ਅਰੋੜਾ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ ਪਰ ਕੁਝ ਮਹੀਨਿਆਂ ਬਾਅਦ ਹੀ ਉਸ ਦੀ ਕਾਰਗੁਜ਼ਾਰੀ ਉਪਰ ਸ਼ੱਕ ਪੈਣ ਉਤੇ ਸਾਰੇ ਭਾਜਪਾਈਆਂ ਨੂੰ ਉਸ ਨਾਲ ਕੋਈ ਵੀ ਸਬੰਧ ਨਾ ਰੱਖਣ ਬਾਰੇ ਕਹਿ ਦਿੱਤਾ ਸੀ।

# ਪੰਜਾਬ ਵਿਚ ਵੀ ਵੱਜਿਆ ਡੇਂਗੂ ਦਾ ਡੰਗ

**ਲੁਧਿਆਣਾ:** ਉੱਤਰੀ ਭਾਰਤ ਵਿਚ ਹੋਰਨਾਂ ਸੂਬਿਆਂ ਦੇ ਨਾਲ-ਨਾਲ ਪੰਜਾਬ ਵਿਚ ਡੇਂਗੂ ਨੇ ਆਪਣਾ ਕਹਿਰ ਮਚਾਇਆ ਹੋਇਆ ਹੈ। ਪੰਜਾਬ ਵਿਚ ਇਸ ਵੇਲੇ ਬਠਿੰਡਾ ਜ਼ਿਲ੍ਹਾ ਸਭ ਤੋਂ ਵੱਧ ਡੇਂਗੂ ਬੁਖ਼ਾਰ ਦੀ ਲਪੇਟ ਵਿਚ ਹੈ। ਇਸ ਪਿੱਛੋਂ ਲੁਧਿਆਣਾ ਦੀ ਵਾਰੀ ਹੈ ਤੇ ਲੁਧਿਆਣਾ ਤੋਂ ਬਾਅਦ ਪਟਿਆਲਾ ਇਸ ਦੀ ਮਾਰ ਹੇਠ ਹੈ। ਸਿਹਤ ਵਿਭਾਗ ਮੁਤਾਬਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਹਸਪਤਾਲਾਂ ਵਿਚ 150 ਮਰੀਜ਼ ਨਵੇਂ ਦਾਖ਼ਲ ਹੋਏ ਹਨ, ਜਿਨ੍ਹਾਂ ਦੇ ਖ਼ੂਨ ਵਿਚ ਜਾਂਚ ਦੌਰਾਨ ਡੇਂਗੂ ਬੁਖ਼ਾਰ ਦੇ ਲੱਛਣ ਪਾਏ ਗਏ ਹਨ, ਜਦੋਂ ਕਿ ਹੁਣ ਤੱਕ ਸਮੁੱਚੇ ਪੰਜਾਬ ਵਿਚ ਤਕਰੀਬਨ 1500 ਡੇਂਗੂ ਪੀੜਤਾਂ ਬਾਰੇ ਪਤਾ ਲਗਾਇਆ ਜਾ ਚੁੱਕਿਆ ਹੈ। ਇਕੱਲੇ ਲੁਧਿਆਣਾ ਜ਼ਿਲ੍ਹੇ ਵਿਚ 311 ਮਰੀਜ਼ ਦਾਖ਼ਲ ਹੋਏ ਹਨ। ਅੰਮ੍ਰਿਤਸਰ ਵਿਚ ਡੇਂਗੂ ਦੇ ਪੁਸ਼ਟੀ ਵਾਲੇ ਮਰੀਜ਼ ਦੀ ਗਿਣਤੀ 93 ਤੱਕ ਜਾ ਪੁੱਜੀ ਹੈ।




### ਰਾਮਦੇਵ ਵੱਲੋਂ ਆਯੁਰਵੇਦ ਨਾਲ ਇਲਾਜ ਹੋਣ ਦਾ ਦਾਅਵਾ

**ਨਵੀਂ ਦਿੱਲੀ:** ਦਿੱਲੀ ਵਿਚ ਡੇਂਗੂ ਦੇ ਵਧ ਰਹੇ ਮਾਮਲਿਆਂ 'ਤੇ ਚਿੰਤਾ ਕਰਦਿਆਂ ਯੋਗ ਗੁਰੂ ਬਾਬਾ ਰਾਮਦੇਵ ਨੇ ਦਾਅਵਾ ਕੀਤਾ ਕਿ ਆਯੁਰਵੇਦ ਵਿਚ ਡੇਂਗੂ ਦਾ ਪੂਰੀ ਤਰ੍ਹਾਂ ਨਾਲ ਇਲਾਜ ਸੰਭਵ ਹੈ। ਐਲੋਪੈਥੀ ਕੁਝ ਹੱਦ ਤੱਕ ਕੰਮ ਕਰਦੀ ਹੈ ਪਰ ਆਯੁਰਵੇਦ ਨਾਲ ਇਸ ਨੂੰ ਮੁਕੰਮਲ ਤੌਰ 'ਤੇ ਕਾਬੂ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਐਲੋ ਵੇਰਾ ਦੇ ਜੂਸ, ਪਪੀਤੇ ਦੇ ਪੱਤੇ, ਗਿਲੋਏ ਤੇ ਅਨਾਰ ਨਾਲ ਡੇਂਗੂ ਤੋਂ ਮੁਕਤੀ ਮਿਲ ਸਕਦੀ ਹੈ।

# ਕੈਪਟਨ ਨੇ 1965 ਦੇ ਭਾਰਤ-ਪਾਕਿ ਜੰਗ ਉਤੇ ਲਿਖੀ ਕਿਤਾਬ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 1965 ਦੇ ਭਾਰਤ-ਪਾਕਿਸਤਾਨ ਜੰਗ ਬਾਰੇ ਕਿਤਾਬ ਲਿਖੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਨਵੀਂ ਕਿਤਾਬ ਵਿਚ ਉਨ੍ਹਾਂ ਨੇ 50 ਸਾਲ ਪਹਿਲਾਂ ਲੜੇ ਗਏ ਇਸ ਯੁੱਧ ਨੂੰ ਸਹੀ ਤੱਥਾਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।



ਅਮਰਿੰਦਰ ਸਿੰਘ ਨੇ ਲੈਫਟੀਨੈਂਟ ਜਨਰਲ ਤੇਜਿੰਦਰ ਸ਼ੇਰਗਿੱਲ ਨਾਲ ਮਿਲ ਕੇ 'ਦ ਮਾਨਸੂਨ ਵਾਰ-ਯੰਗ ਆਫੀਸਰਜ਼ ਰੇਮਿਨਿਸ 1965 ਇੰਡੀਆ ਪਾਕਿਸਤਾਨ' ਕਿਤਾਬ ਲਿਖੀ ਹੈ ਜਿਨ੍ਹਾਂ ਨੇ ਯੁੱਧ ਦੌਰਾਨ ਟਰੂਪ ਸਕਵਾਡ੍ਰਨ ਡੈਕਨ ਹਾਰਸ ਦੀ ਅਗਵਾਈ ਕੀਤੀ ਸੀ। ਸਿੰਘ ਨੇ ਕਿਹਾ ਕਿ 'ਮੈਂ ਯੁੱਧ ਵਿਚ ਹਿੱਸਾ ਲੈ ਰਿਹਾ ਸੀ ਤੇ ਮੈਂ ਜੀ.ਓ.ਸੀ. ਇਨ ਸੀ: ਪੱਛਮੀ ਕਮਾਨ ਹਰਬਖ਼ਸ਼ ਸਿੰਘ ਦਾ ਏ.ਡੀ.ਸੀ. ਸੀ। ਜ਼ਿਆਦਾਤਰ ਕਾਰਵਾਈ ਪੱਛਮੀ ਕਮਾਨ ਵਿਚ ਹੋਈ, ਇਸ ਲਈ ਮੈਂ ਯੁੱਧ ਦੀ ਸਹੀ ਤਸਵੀਰ ਪੇਸ਼ ਕਰਨਾ ਚਾਹੁੰਦਾ ਸੀ। ਉਨ੍ਹਾਂ ਦੱਸਿਆ ਕਿ ਕਿਤਾਬ ਵਿਚ ਕਈ ਰਿਕਾਰਡਾਂ ਨੂੰ ਸਿੱਧੇ ਸਿੱਧੇ ਰੱਖਿਆ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਤੇ ਲੈਫਟੀਨੈਂਟ ਜਨਰਲ ਤੇਜਿੰਦਰ ਸ਼ੇਰਗਿੱਲ ਨੇ ਕਿਤਾਬ ਲਿਖਣ ਦੇ ਆਪਣੇ ਅਨੁਭਵਾਂ ਨੂੰ ਸਾਂਝਾ ਕੀਤਾ। ਪਾਕਿਸਤਾਨ ਵੱਲੋਂ ਸ਼ੇਰਗਿੱਲ ਨੂੰ ਕੈਦ ਕਰ ਲਏ ਜਾਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਹਰਬਖ਼ਸ਼ ਸਿੰਘ ਦੇ ਏ.ਡੀ.ਸੀ. ਦੇ ਤੌਰ 'ਤੇ ਕੰਮ ਕਰ ਰਹੇ ਸਨ। ਕਿਤਾਬ ਨੂੰ ਜਾਰੀ ਕਰਨ ਮੌਕੇ ਸਮਾਰੋਹ ਵਿਚ ਮੌਜੂਦਾ ਤੇ ਸਾਬਕਾ ਸੈਨਿਕ ਤੇ ਅਧਿਕਾਰੀ ਮੌਜੂਦ ਸਨ।

# ਪੰਜਾਬ ਤੇ ਹਰਿਆਣਾ ਮਿਲ ਕੇ ਕਰਨਗੇ ਚਿੱਟੇ ਮੱਛਰ ਨਾਲ ਦੋ ਹੱਥ

**ਚੰਡੀਗੜ੍ਹ:** ਨਰਮੇ ਦੀ ਫ਼ਸਲ ਨੂੰ ਚਿੱਟੇ ਮੱਛਰ ਦੀ ਮਾਰ ਤੋਂ ਬਚਾਉਣ ਲਈ ਪੰਜਾਬ ਤੇ ਹਰਿਆਣਾ ਮਿਲ ਕੇ ਕੋਸ਼ਿਸ਼ਾਂ ਕਰਨਗੇ। ਦੋਵਾਂ ਸੂਬਿਆਂ ਨੇ ਮਾਹਿਰਾਂ ਦੀ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਹੈ ਜਿਸ ਦੀ ਇਕ ਮਹੀਨੇ ਵਿਚ ਰਿਪੋਰਟ ਆਵੇਗੀ ਤੇ ਦੋਵੇਂ ਸਰਕਾਰਾਂ ਮਾਹਿਰਾਂ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਗੀਆਂ। ਪੰਜਾਬ ਦੇ ਖੇਤੀਬਾੜੀ ਮੰਤਰੀ ਤੋਤਾ ਸਿੰਘ ਤੇ ਹਰਿਆਣਾ ਦੇ ਖੇਤੀਬਾੜੀ ਮੰਤਰੀ ਓਮ ਪ੍ਰਕਾਸ਼ ਧਨਖੜ ਦੀ ਬੈਠਕ ਦੌਰਾਨ ਇਹ ਫ਼ੈਸਲਾ ਲਿਆ ਗਿਆ। ਕਮੇਟੀ ਅਗਲੇ ਸਾਲ ਨਰਮੇ ਤੇ ਕਪਾਹ ਦੀਆਂ ਕਿਸਮਾਂ ਬੀਜਣ ਤੇ ਬਿਮਾਰੀ ਲੱਗਣ 'ਤੇ ਦਵਾਈ ਵਰਤਣ ਬਾਰੇ ਵੀ ਸੁਝਾਅ ਦੇਵੇਗੀ।

ਦੋਵੇਂ ਮੰਤਰੀ ਇਸ ਗੱਲ ਨਾਲ ਸਹਿਮਤ ਸਨ ਕਿ ਹਰੇ ਇਨਕਲਾਬ ਨਾਲ ਭਾਵੇਂ ਦੋਵਾਂ ਸੂਬਿਆਂ ਦੇ ਕਿਸਾਨਾਂ ਨੇ ਦੇਸ਼ ਦੇ ਲੋਕਾਂ ਦਾ ਪੇਟ ਭਰਿਆ ਹੈ ਪਰ ਅਜਿਹਾ ਕਰਦੇ ਸਮੇਂ ਜ਼ਮੀਨ ਦੀ ਸਿਹਤ ਤੇ ਪੌਣ-ਪਾਣੀ ਵੀ ਖਰਾਬ ਕਰ ਲਿਆ ਹੈ ਜਿਸ ਕਾਰਨ ਧਰਤੀ ਹੇਠਲਾ ਪਾਣੀ ਬਹੁਤ ਹੇਠਾਂ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਮੁਸ਼ਕਲਾਂ ਦਾ ਹੱਲ ਵੀ ਮਿਲ ਕੇ ਹੀ ਲੱਭਣਾ ਪਵੇਗਾ।



ਜ਼ਿਕਰਯੋਗ ਹੈ ਕਿ ਹਰਿਆਣਾ ਵਿਚ 5.83 ਲੱਖ ਹੈਕਟੇਅਰ ਵਿੱਚ ਨਰਮੇ ਦੀ ਖੇਤੀ ਕੀਤੀ ਗਈ ਤੇ ਤਕਰੀਬਨ 3.06 ਲੱਖ ਹੈਕਟੇਅਰ 'ਤੇ ਚਿੱਟੇ ਮੱਛਰ ਨੇ ਹਮਲਾ ਕੀਤਾ ਹੈ ਜਦਕਿ ਪੰਜਾਬ ਵਿਚ 4.5 ਲੱਖ ਹੈਕਟੇਅਰ ਵਿੱਚ ਨਰਮੇ ਦੀ ਖੇਤੀ ਹੋਈ ਹੈ ਤੇ 1.36 ਲੱਖ ਹੈਕਟੇਅਰ ਫ਼ਸਲ 'ਤੇ ਚਿੱਟੇ ਮੱਛਰ ਦਾ ਕਹਿਰ ਹੋਇਆ ਹੈ। ਸਭ ਤੋਂ ਵੱਧ ਹਮਲਾ ਬੀ.ਟੀ. ਕਾਟਨ ਦੀਆਂ ਕਿਸਮਾਂ 'ਤੇ ਹੋਇਆ ਹੈ ਤੇ ਦੇਸੀ ਕਪਾਹ ਉਤੇ ਚਿੱਟੇ ਮੱਛਰ ਦਾ ਕੋਈ ਅਸਰ ਨਹੀਂ ਪਿਆ। ਪੰਜਾਬ ਵਿਚ ਕਿਸਾਨਾਂ ਨੇ 4500 ਹੈਕਟੇਅਰ ਨਰਮਾ ਵਾਹ ਦਿੱਤਾ ਹੈ ਜਦੋਂ ਕਿ ਹਰਿਆਣਾ ਵਿਚ 37 ਕਿਸਾਨਾਂ ਨੇ ਹੀ ਫ਼ਸਲ ਵਾਹੀ ਹੈ। ਉਂਜ ਦੋਵਾਂ ਸੂਬਿਆਂ ਨੇ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ ਤੇ ਰਿਪੋਰਟ ਆਉਣ ਤੋਂ ਬਾਅਦ ਹੀ ਕੁਲ ਨੁਕਸਾਨ ਦਾ ਪਤਾ ਲੱਗੇਗਾ।

## ਨਰਮੇ ਦੇ ਨੁਕਸਾਨ ਲਈ ਸੂਬਾ ਸਰਕਾਰ ਜ਼ਿੰਮੇਵਾਰ: ਕੈਪਟਨ

**ਅਬੋਹਰ:** ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿਚ ਨਰਮੇ ਉਤੇ ਚਿੱਟੇ ਮੱਛਰ ਦੇ ਹਮਲੇ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ ਤੇ ਹੁਣ ਸਰਕਾਰ ਨੇ 12 ਲੱਖ ਏਕੜ ਦੇ ਖਰਾਬੇ ਲਈ 10 ਕਰੋੜ ਰੁਪਏ ਰਾਹਤ ਰਾਸ਼ੀ ਦਾ ਐਲਾਨ ਕਰਕੇ ਕਿਸਾਨਾਂ ਨਾਲ ਮਜ਼ਾਕ ਕੀਤਾ ਹੈ।

ਨਰਮਾ ਉਤਪਾਦਕ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਮੁੱਖ ਮੰਤਰੀ ਰਾਹਤ ਫੰਡ ਵਿਚੋਂ ਦਿੱਤਾ ਜਾਵੇ। ਕੈਪਟਨ ਨੇ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਨਰਮੇ ਦੀ ਫਸਲ ਦੀ ਲੇਟ ਬਿਜਾਈ ਨੂੰ ਚਿੱਟੇ ਮੱਛਰ ਦਾ ਕਾਰਨ ਦੱਸ ਰਹੇ ਹਨ ਜਦਕਿ ਖੇਤੀ ਯੂਨੀਵਰਸਿਟੀ ਵਿਚ ਵੀ ਨਰਮੇ ਦੀ ਫਸਲ 'ਤੇ ਹਮਲਾ ਹੋਇਆ ਹੈ।

## ਸਿੱਖ ਪ੍ਰਚਾਰਕ ਵੱਲੋਂ ਆੜ੍ਹਤੀ ਨੂੰ ਗੋਲੀ ਮਾਰਨ ਪਿੱਛੋਂ ਖੁਦਕੁਸ਼ੀ


**ਬੁਢਲਾਡਾ:** ਇੰਗਲੈਂਡ ਦੇ ਡਰਬੀ ਸ਼ਹਿਰ ਵਿਚ ਰਹਿੰਦੇ ਸਿੱਖ ਇਤਿਹਾਸ ਦੇ ਪ੍ਰਚਾਰਕ ਗਿਆਨੀ ਨਿਰੰਜਣ ਸਿੰਘ ਨਰਗਿਸ ਵੱਲੋਂ ਅਨਾਜ ਮੰਡੀ ਵਿਚ ਇਕ ਆੜ੍ਹਤੀ ਰਕਸ਼ ਬਿਹਾਰੀ ਨੂੰ ਗੋਲੀ ਮਾਰਨ ਤੋਂ ਬਾਅਦ ਕੀਟਨਾਸ਼ਕ ਪੀ ਕੇ ਆਤਮ ਹੱਤਿਆ ਕਰ ਲਈ। ਆੜ੍ਹਤੀ ਹਸਪਤਾਲ ਵਿਚ ਜੇਰੇ ਇਲਾਜ਼ ਹੈ। ਘਟਨਾ ਵੇਲੇ ਆੜ੍ਹਤੀ ਆਪਣੀ ਦੁਕਾਨ ਵਿਚ ਸੀ। ਗਿਆਨੀ ਆਪਣੇ ਕੁਝ ਸਾਥੀਆਂ ਸਮੇਤ ਉਥੇ ਆਇਆ। ਉਹ ਆਪਣੀ ਉਸ ਜ਼ਮੀਨ ਨੂੰ ਵਾਪਸ ਲੈਣ ਲਈ ਗੱਲ ਕਰਨ ਲੱਗੇ ਜਿਸ ਵਿਚ ਆੜ੍ਹਤੀਏ ਨੇ ਸ਼ੈਲਰ ਲਾਇਆ ਹੋਇਆ ਹੈ।

ਗੱਲਬਾਤ ਦੌਰਾਨ ਤਕਰਾਰ ਹੋ ਗਈ ਤੇ ਗਿਆਨੀ ਨਰਗਿਸ ਨੇ ਰਕਸ਼ ਬਿਹਾਰੀ ਨੂੰ ਗੋਲੀ ਮਾਰ ਦਿੱਤੀ। ਗਿਆਨੀ ਨਿਰੰਜਣ ਸਿੰਘ ਨਰਗਿਸ ਲੰਬਾ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਢਾਡੀ ਰਹੇ ਹਨ। ਉਹ ਦੇਸ-ਵਿਦੇਸ਼ ਅੰਦਰ ਸਿੱਖ ਇਤਿਹਾਸ ਦੇ ਪ੍ਰਚਾਰਕ ਵਜੋਂ ਜਾਂਦੇ ਸਨ। ਉਨ੍ਹਾਂ ਨੇ ਸਿੱਖ ਇਤਿਹਾਸ ਲਈ ਇਕ ਦਰਜਨ ਤੋਂ ਵੱਧ ਪੁਸਤਕਾਂ ਵੀ ਲਿਖੀਆਂ ਹਨ।

# ਓਕ ਕਰੀਕ ਗੁਰਦੁਆਰੇ ਉਤੇ ਹਮਲੇ ਦੀ ਘਟਨਾ ਕਿਤਾਬ ਵਿਚ ਦਰਜ

**ਓਕ ਕਰੀਕ, ਵਿਸਕਾਨਸਿਨ (ਬਿਊਰੋ):** ਮੇਅਰ ਸਟੀਫਨ ਸਕੈਫਿਡੀ ਨੇ ਗੁਰਦੁਆਰਾ ਓਕ ਕਰੀਕ ਵਿਚ ਅਗਸਤ 2012 ਵਿਚ ਹੋਏ ਗੋਲੀ ਕਾਂਡ ਉਤੇ ਇਕ ਕਿਤਾਬ 'ਸਿਕਸ ਮਿੰਟ ਇਨ ਅਗਸਤ' ਲਿਖੀ ਹੈ ਜੋ ਗੋਲੀਬਾਰੀ ਵਿਚ ਮਾਰੇ ਗਏ ਸਿੱਖਾਂ ਨੂੰ ਸਮਰਪਿਤ ਹੈ।

ਸਟੀਫਨ ਨੇ ਕਿਤਾਬ ਵਿਚ ਇਸ ਕਾਂਡ ਦੀ ਛੇ ਮਿੰਟਾਂ ਦੀ ਘਟਨਾ ਨੂੰ ਵਿਸਥਾਰਪੂਰਵਕ ਬਿਆਨ ਕੀਤਾ ਹੈ। ਕਿਤਾਬ ਐਮਾਜ਼ੋਨ ਡਾਟ ਕਾਮ ਸਾਈਟ ਉਤੇ ਵਿਕਰੀ ਲਈ ਉਪਲਬਧ ਹੈ। ਮੇਅਰ ਸਟੀਫਨ ਨੇ ਲਿਖਿਆ ਹੈ ਕਿ ਇਸ ਘਟਨਾ ਦਾ ਉਨ੍ਹਾਂ ਉਤੇ ਡੂੰਘਾ ਅਸਰ ਪਿਆ ਜਿਸ ਕਰਕੇ ਉਨ੍ਹਾਂ ਇਹ ਕਿਤਾਬ ਲਿਖੀ ਹੈ। ਕਿਤਾਬ ਵਿਚ ਘਟਨਾ ਦੌਰਾਨ ਮਾਰੇ ਗਏ




ਅਮਰੀਕੀ ਪੁਲਿਸ ਦੇ ਜਵਾਨ ਬਰਾਇਨ ਮਰਫੀ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਉਸ ਨੇ ਆਪਣੀ ਜਾਨ ਖਤਰੇ ਵਿਚ ਪਾ ਕੇ ਹੋਰ ਲੋਕਾਂ ਦੀ ਜਾਨ ਬਚਾਈ।

ਓਕ ਕਰੀਕ ਗੋਲੀਕਾਂਡ ਨੇ ਪੂਰੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ ਸੀ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਵੀ ਘਟਨਾ ਨੂੰ ਅਮਰੀਕੀ ਇਤਿਹਾਸ ਵਿਚ ਸਭ ਤੋਂ ਸ਼ਰਮਸਾਰ ਘਟਨਾ ਦੱਸਿਆ ਸੀ। ਪੰਜ ਅਗਸਤ, 2012 ਨੂੰ ਇਕ ਬੰਦੂਕਧਾਰੀ ਗੋਰੇ ਨਸਲਪ੍ਰਸਤ ਮਾਈਕਲ ਪੇਜ ਨੇ ਓਕ ਕਰੀਕ ਗੁਰਦੁਆਰੇ ਵਿਚ ਜਾ ਕੇ ਗੋਲੀਆਂ ਚਲਾ ਦਿੱਤੀਆਂ ਸਨ ਜਿਸ ਵਿਚ ਛੇ ਸਿੱਖਾਂ ਦੀ ਮੌਤ ਹੋ ਗਈ ਸੀ।

## ਆਸਟਰੇਲੀਆ ਵਿਚ ਅਫਸਰ ਬਣਿਆ ਮਾਹਿਲਪੁਰ ਦਾ ਨੌਜਵਾਨ

**ਗੜ੍ਹਸ਼ੰਕਰ:** ਮਾਹਿਲਪੁਰ ਦੇ ਨੌਜਵਾਨ ਨੀਰਜ ਪਾਲ ਨੇ ਆਸਟਰੇਲੀਆ ਦੀ ਸਭ ਤੋਂ ਵੱਡੀ ਸਿਵਲ ਸਰਵਿਸਜ਼ ਪ੍ਰੀਖਿਆ ਪਾਸ ਕਰਕੇ ਪਹਿਲਾ ਪੰਜਾਬੀ ਅਧਿਕਾਰੀ ਬਣਨ ਦਾ ਮਾਣ ਹਾਸਲ ਕੀਤਾ ਹੈ। ਉਸ ਨੇ ਆਸਟਰੇਲੀਆ ਵਿਚ ਵੱਖ-ਵੱਖ ਕਬਾਇਲੀ ਜਾਤੀਆਂ ਦੇ ਲੋਕਾਂ ਦੇ ਜੀਵਨ 'ਤੇ ਉਚੇਰੀ ਖੋਜ ਕਰਕੇ ਇਹ ਮੱਲ ਮਾਰੀ ਹੈ। ਨੀਰਜ ਦੀ ਭੈਣ ਇੰਗਲੈਂਡ ਦੀ ਬ੍ਰਿਟਿਸ਼ ਬਰਾਡਕਾਸਟਿੰਗ ਕਾਰਪੋਰੇਸ਼ਨ ਵਿਚ ਜਨਰਲ ਮੈਨੇਜਰ ਦੇ ਅਹੁਦੇ 'ਤੇ ਕੰਮ ਕਰਦੀ ਹੈ।


**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
**ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


### ਬੀਰੋਕੇ ਖੁਰਦ ਕਾਂਡ

# 13 ਕਿਸਾਨ ਮਜ਼ਦੂਰ ਆਗੂਆਂ ਨੂੰ ਕੈਦ

**ਮਾਨਸਾ:** ਫਤਿਆਬਾਦ (ਹਰਿਆਣਾ) ਦੀ ਅਦਾਲਤ ਨੇ ਬੀਰੋਕੇ ਖੁਰਦ ਗੋਲੀਕਾਂਡ ਮਾਮਲੇ ਦਾ ਫੈਸਲਾ ਸੁਣਾਉਂਦਿਆਂ ਮਾਨਸਾ ਜ਼ਿਲ੍ਹੇ ਦੇ 13 ਕਿਸਾਨ-ਮਜ਼ਦੂਰ ਆਗੂਆਂ ਨੂੰ ਤਿੰਨ-ਤਿੰਨ ਸਾਲ ਦੀ ਕੈਦ ਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਉਧਰ ਜਥੇਬੰਦੀ ਨੇ ਕਿਹਾ ਕਿ ਉਹ ਫੈਸਲੇ ਖ਼ਿਲਾਫ਼ ਹਾਈਕੋਰਟ ਜਾਏਗੀ।

ਪੰਜਾਬ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ



ਐਡਵੋਕੇਟ ਬਲਕਰਨ ਸਿੰਘ ਬੱਲੀ ਨੇ ਦੱਸਿਆ ਕਿ ਅਦਾਲਤ ਨੇ ਸਾਰੇ ਆਗੂਆਂ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾਈ ਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਕਰ ਦਿੱਤਾ, ਜਦੋਂਕਿ ਜੁਰਮਾਨਾ ਨਾ ਭਰਨ 'ਤੇ ਤਿੰਨ-ਤਿੰਨ ਮਹੀਨਿਆਂ ਦੀ ਹੋਰ ਸਜ਼ਾ ਕੱਟਣ ਦੇ ਹੁਕਮ ਦਿੱਤੇ ਗਏ ਸਨ। ਇਹ ਗੋਲੀ ਕਾਂਡ 11 ਅਕਤੂਬਰ, 2010 ਨੂੰ ਪਿੰਡ ਬੀਰੋਕੇ ਖੁਰਦ ਵਿਚ ਉਦੋਂ ਵਾਪਰਿਆ ਸੀ, ਜਦੋਂ ਇਕ ਕਿਸਾਨ ਦੀ ਕੁਰਕੀ ਕਰਨ ਲਈ ਆੜ੍ਹਤੀਆਂ ਵੱਲੋਂ ਨਿਲਾਮੀ ਆਰਡਰ ਲਏ ਗਏ ਸਨ ਤੇ ਇਸ ਕੁਰਕੀ ਦੇ ਵਿਰੋਧ ਵਿਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਇਕ ਵੱਡੀ ਰੈਲੀ ਪਿੰਡ ਵਿਚ ਰੱਖੀ ਗਈ ਸੀ। ਕੁਰਕੀ ਦੇ ਇਸ ਰੌਲੇ-ਰੱਪੇ ਵਿਚ ਗੋਲੀ ਚੱਲਣ ਕਾਰਨ ਕਿਸਾਨ ਆਗੂ ਪ੍ਰਿਥੀਪਾਲ ਸਿੰਘ ਮੌਤ ਹੋ ਗਈ ਸੀ।




# ਉੱਚ ਸਿੱਖਿਆ ਤੋਂ ਪਾਸਾ ਵੱਟਣ ਲੱਗੀ ਪੰਜਾਬ ਦੀ ਨਵੀਂ ਪੀੜ੍ਹੀ

**ਚੰਡੀਗੜ੍ਹ:** ਬੇਰੁਜ਼ਗਾਰੀ ਦੀ ਝੰਬੀ ਨੌਜਵਾਨ ਪੀੜ੍ਹੀ ਹੁਣ ਉੱਚ ਸਿੱਖਿਆ ਤੋਂ ਪਾਸਾ ਵੱਟਣ ਲੱਗੀ ਹੈ। ਪਿਛਲੇ ਕਈ ਸਾਲਾਂ ਤੋਂ ਸਿੱਖਿਆ ਦੇ ਨਿੱਜੀਕਰਨ ਦੇ ਵਧ ਰਹੇ ਰੁਝਾਨ ਦੇ ਮੱਦੇਨਜ਼ਰ ਧੜਾਧੜ ਖੁੱਲ੍ਹੀਆਂ ਇੰਜਨੀਅਰਿੰਗ, ਨਰਸਿੰਗ ਤੇ ਹੋਰ ਕਿੱਤਾ ਮੁਖੀ ਸਿੱਖਿਆ ਸੰਸਥਾਵਾਂ ਨੂੰ ਵਿਦਿਆਰਥੀ ਲੱਭਣੇ ਔਖੇ ਹੋਏ ਪਏ ਹਨ। ਇਨ੍ਹਾਂ ਸੰਸਥਾਵਾਂ ਵਿਚੋਂ ਇੰਜਨੀਅਰਿੰਗ ਤੇ ਹੋਰ ਕੋਰਸ ਕਰਕੇ ਨਿਕਲੇ ਨੌਜਵਾਨ ਜਿਥੇ ਬੇਰੁਜ਼ਗਾਰੀ ਦੇ ਹਨੇਰੇ ਵਿਚ ਗੁਆਚ ਰਹੇ ਹਨ, ਉੱਥੇ ਬਹੁਤੇ ਰੁਜ਼ਗਾਰ ਯੋਗ ਹੁਨਰ ਵੀ ਹਾਸਲ ਨਹੀਂ ਕਰ ਸਕੇ। ਮਹਿੰਗੀਆਂ ਫੀਸਾਂ, ਬੇਰੁਜ਼ਗਾਰੀ ਤੇ ਵਿੱਦਿਅਕ ਮਿਆਰ ਵਿਚ ਗਿਰਾਵਟ ਦੇ ਕਾਰਨ ਬਹੁਤੀਆਂ ਨਿੱਜੀ ਸੰਸਥਾਵਾਂ ਦਾਖਲਿਆਂ ਲਈ ਜੱਦੋ-ਜਹਿਦ ਕਰਦੀਆਂ ਦਿਖਾਈ ਦਿੰਦੀਆਂ ਹਨ।

ਵਿਦਿਆਰਥੀਆਂ ਦਾ ਅਧਿਆਪਕ ਬਣਨ ਦਾ ਸੁਪਨਾ ਵੀ ਮੱਠਾ ਪੈਂਦਾ ਨਜ਼ਰ ਆ ਰਿਹਾ ਹੈ। ਸੂਬੇ ਦੇ ਸਾਰੇ 198 ਸਿੱਖਿਆ ਕਾਲਜਾਂ ਦੀਆਂ 40 ਫੀਸਦੀ ਸੀਟਾਂ ਖਾਲੀ ਰਹਿ ਗਈਆਂ ਹਨ। ਸੂਬੇ ਦੇ ਕਾਲਜਾਂ ਵਿਚ 20 ਹਜ਼ਾਰ ਸੀਟਾਂ ਵਿਚੋਂ 12 ਹਜ਼ਾਰ ਦਾਖਲੇ ਹੋਣਾ ਸਾਬਤ ਕਰਦਾ ਹੈ ਕਿ ਮੈਰਿਟ ਤਾਂ



ਦੂਰ ਹੁਣ ਸਾਧਾਰਨ ਸ਼ਰਤਾਂ ਪੂਰੀਆਂ ਕਰਨ ਵਾਲੇ ਵਿਦਿਆਰਥੀ ਵੀ ਦਾਖਲਾ ਲੈਣ ਲਈ ਤਿਆਰ ਨਹੀਂ ਹਨ। ਨਵੇਂ ਸ਼ੁਰੂ ਹੋਏ ਵਿਦਿਅਕ ਸੈਸ਼ਨ ਤੋਂ ਬੀ.ਐੱਡ. ਕੋਰਸ ਦੋ ਸਾਲਾਂ ਦਾ ਕਰ ਦਿੱਤਾ ਗਿਆ ਹੈ। ਲੰਘੇ ਸਾਲ ਤੱਕ ਬੀ.ਐੱਡ. ਦੀ ਪੜ੍ਹਾਈ ਨੌਂ ਮਹੀਨਿਆਂ ਵਿਚ ਪੂਰੀ ਹੋ ਜਾਂਦੀ ਸੀ। ਇਸ ਵਿਚ ਦੋ ਮਹੀਨਿਆਂ ਦੀ ਸਕੂਲਾਂ ਦੀ ਪ੍ਰੈਕਟੀਕਲ ਟਰੇਨਿੰਗ ਸ਼ਾਮਲ ਨਹੀਂ ਸੀ।

ਇਸ ਸਾਲ ਤੋਂ ਬੀ.ਐੱਡ ਦੋ ਸਾਲ ਦੀ ਹੋ ਗਈ ਹੈ ਤੇ ਨਾਲ ਹੀ ਸਮੈਸਟਰ ਸਿਸਟਮ ਲਾਗੂ ਕਰ ਦਿੱਤਾ ਗਿਆ ਹੈ। ਪਹਿਲਾ, ਦੂਜਾ ਤੇ ਚੌਥਾ ਸਮੈਸਟਰ ਥਿਊਰੀ ਦੀ ਪੜ੍ਹਾਈ ਦਾ ਹੈ ਜਦੋਂਕਿ ਛੇ ਮਹੀਨੇ ਦੇ ਤੀਜੇ ਪੂਰੇ ਸਮੈਸਟਰ ਵਿਚ ਪ੍ਰੈਕਟੀਕਲ ਟਰੇਨਿੰਗ ਕਰਨੀ ਪਵੇਗੀ।

ਬੀ.ਐੱਡ ਕੋਰਸ ਦੋ ਸਾਲਾਂ ਦਾ ਕਰ ਦਿੱਤੇ ਜਾਣ ਤੋਂ ਬਾਅਦ ਇਸ ਦੀ ਫੀਸ ਵੀ ਦੁੱਗਣੀ ਹੋ ਗਈ ਹੈ। ਦੋ ਸਾਲਾਂ ਦੀ ਫੀਸ ਸਵਾ ਲੱਖ ਦੇ ਨੇੜੇ ਪੁੱਜ ਗਈ ਹੈ। ਅਧਿਆਪਕ ਦੇ ਕਿੱਤੇ ਨੂੰ ਆਮ ਕਰਕੇ ਮੱਧ ਵਰਗ ਪਹਿਲ ਦੇ ਰਿਹਾ ਸੀ ਤੇ ਇਕ ਸਾਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਮਾਸਟਰ ਲੱਗਣ ਦੀ ਉਮੀਦ ਬੱਝ ਜਾਂਦੀ ਸੀ ਪਰ ਨਵੇਂ ਫੈਸਲੇ ਅਨੁਸਾਰ ਪੜ੍ਹਾਈ ਦਾ ਸਮਾਂ ਤੇ ਖਰਚ ਦੁੱਗਣਾ ਹੋ ਗਿਆ ਹੈ। ਸੂਬੇ ਦੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੇ ਘਟਦੇ ਦਾਖਲਿਆਂ ਕਾਰਨ ਅਧਿਆਪਕ ਭਰਤੀ ਦੀ ਮੱਧਮ ਪੈਂਦੀ ਉਮੀਦ ਨੇ ਸਥਾਈ ਰੁਜ਼ਗਾਰ ਦੀ ਸੰਭਾਵਨਾ ਉੱਤੇ ਸੁਆਲੀਆ ਨਿਸ਼ਾਨ ਲਗਾ ਦਿੱਤਾ ਹੈ। ਪ੍ਰਾਈਵੇਟ ਸਕੂਲਾਂ ਵਿਚ ਵੱਧ ਕੰਮ ਤੇ ਨਿਗੂਣੀਆਂ ਤਨਖਾਹਾਂ ਕਾਰਨ ਅਧਿਆਪਨ ਦਾ ਕਿੱਤਾ ਖਿੱਚ ਪੈਦਾ ਨਹੀਂ ਕਰ ਪਾ ਰਿਹਾ।

## ਨੌਂ ਫੀਸਦੀ ਵਿਦਿਆਰਥੀ ਹੀ ਪਹੁੰਚਦੇ ਨੇ ਗ੍ਰੈਜੂਏਸ਼ਨ ਪੱਧਰ ਤੱਕ

**ਚੰਡੀਗੜ੍ਹ:** ਪੰਜਾਬ ਵਿਚ ਸਿਰਫ ਨੌਂ ਫੀਸਦੀ ਵਿਦਿਆਰਥੀ ਹੀ ਗ੍ਰੈਜੂਏਸ਼ਨ ਪੱਧਰ ਤੱਕ ਪਹੁੰਚਦੇ ਹਨ। ਕੇਂਦਰ ਸਰਕਾਰ ਵੱਲੋਂ ਹਾਲ ਹੀ ਜਾਰੀ 2011 ਦੇ ਸਮਾਜਿਕ-ਆਰਥਿਕ ਤੇ ਜਾਤੀਗਤ ਜਨਗਣਨਾ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਦੇ ਦਿਹਾਤੀ ਖੇਤਰ ਵਿਚ ਰਹਿਣ ਵਾਲੇ 32 ਲੱਖ ਪਰਿਵਾਰਾਂ ਵਿਚੋਂ ਤਾਂ ਸਿਰਫ ਤਿੰਨ ਫੀਸਦੀ ਵਿਚ ਹੀ ਕੋਈ ਗ੍ਰੈਜੂਏਟ ਹੈ। ਆਰਥਿਕ ਸਥਿਤੀ ਵੀ ਅਜਿਹੀ ਹੈ ਕਿ 73 ਫੀਸਦੀ ਪਰਿਵਾਰ ਪੰਜ ਹਜ਼ਾਰ ਰੁਪਏ ਮਹੀਨੇ ਤੋਂ ਵੀ ਘੱਟ ਆਮਦਨ ਉੱਤੇ ਗੁਜ਼ਾਰਾ ਕਰਦੇ ਹਨ। ਜੇ ਦਸ ਹਜ਼ਾਰ ਰੁਪਏ ਤੱਕ ਦੀ ਆਮਦਨ ਜੋੜ ਲਈ ਜਾਵੇ ਤਾਂ ਇਹ ਗਿਣਤੀ 90 ਫੀਸਦੀ ਪਰਿਵਾਰਾਂ ਤੱਕ ਪੁੱਜ ਜਾਂਦੀ ਹੈ। ਅਜਿਹੀ ਸਥਿਤੀ ਵਿਚ ਉੱਚ ਵਿੱਦਿਆ ਹਾਸਲ ਕਰਨੀ ਟੇਢੀ ਖੀਰ ਬਣੀ ਹੋਈ ਹੈ।

# ਆਪਣਿਆਂ ਹੀ ਘੇਰ ਲਈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਹਾਕਮ ਧਿਰ ਦੇ ਮੈਂਬਰ ਜਸਟਿਸ (ਸੇਵਾਮੁਕਤ) ਨਿਰਮਲ ਸਿੰਘ ਵੱਲੋਂ ਟਰਾਂਸਪੋਰਟ ਅਤੇ ਸਿਹਤ ਮੰਤਰੀਆਂ ਨੂੰ ਭਰਤੀ ਵਿਚ ਰਾਖਵੇਂਕਰਨ ਸਬੰਧੀ ਪੁੱਛੇ ਸਵਾਲਾਂ ਨਾਲ ਸਰਕਾਰ ਨੂੰ ਭਾਰੀ ਨਮੋਸ਼ੀ ਝੱਲਣੀ ਪਈ। ਇਹ ਅਜਿਹਾ ਮੁੱਦਾ ਬਣ ਗਿਆ ਜਦੋਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਵੀ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਸਰਕਾਰ ਦੇ ਬਚਾਅ ਲਈ ਅੱਗੇ ਆਏ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਚੁੱਪ ਕਰਾ ਦਿੱਤਾ। ਹਾਕਮ ਧਿਰ ਦੇ ਹੀ ਇਕ ਹੋਰ ਮੈਂਬਰ ਦਰਸ਼ਨ ਸਿੰਘ ਸ਼ਿਵਾਲਿਕ ਨੇ ਵੀ ਲੁਧਿਆਣਾ ਜ਼ਿਲ੍ਹੇ ਵਿਚ ਪੰਚਾਇਤੀ ਜ਼ਮੀਨਾਂ 'ਤੇ ਕਬਜ਼ੇ ਦੇ ਮਾਮਲੇ 'ਤੇ ਤੱਥ ਪੇਸ਼ ਕਰਦਿਆਂ ਕਰੋੜਾਂ ਰੁਪਏ ਦੀ ਜ਼ਮੀਨ ਦੱਬੀ ਹੋਣ ਦੀ ਗੱਲ ਕਹੀ।

ਜਸਟਿਸ ਨਿਰਮਲ ਸਿੰਘ ਵੱਲੋਂ ਟਰਾਂਸਪੋਰਟ ਮੰਤਰੀ ਅਜੀਤ ਸਿੰਘ ਕੋਹਾੜ ਅਤੇ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੂੰ ਇਕੋ ਤਰ੍ਹਾਂ ਦੇ ਵੱਖੋ ਵੱਖਰੇ ਦੋ ਸਵਾਲ ਕਰਦਿਆਂ ਪੁੱਛਿਆ ਗਿਆ ਸੀ ਕਿ ਉਨ੍ਹਾਂ ਦੇ ਵਿਭਾਗਾਂ ਵਿਚ 2013-14-15 ਦੌਰਾਨ ਦਰਜਾ ਤਿੰਨ ਅਤੇ ਚਾਰ ਦੀ ਕਿੰਨੀ ਭਰਤੀ ਠੇਕੇ 'ਤੇ ਕੀਤੀ ਗਈ ਹੈ। ਇਸ ਭਰਤੀ ਦੌਰਾਨ ਰਾਖਵਾਂਕਰਨ ਨੀਤੀ ਤਹਿਤ ਅਨੁਸੂਚਿਤ ਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਿੰਨੇ ਉਮੀਦਵਾਰ ਭਰਤੀ ਹੋਏ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਡਰਾਈਵਰ, ਕੰਡਕਟਰ ਅਤੇ ਵਰਕਸ਼ਾਪ ਕਾਮਿਆਂ ਦੀ ਭਰਤੀ ਦੌਰਾਨ ਇਨ੍ਹਾਂ ਸ਼੍ਰੇਣੀਆਂ ਦੇ ਉਮੀਦਵਾਰ ਬਹੁਤ ਘੱਟ ਯੋਗ ਪਾਏ ਗਏ ਜਿਸ ਕਰ ਕੇ ਰਾਖਵਾਂਕਰਨ ਪੂਰਾ ਨਹੀਂ ਦਿੱਤਾ ਗਿਆ। ਸਿਹਤ ਮੰਤਰੀ ਵੱਲੋਂ ਦਿੱਤੇ ਗਏ ਜਵਾਬ ਨਾਲ ਵਿਧਾਇਕ ਨੇ ਸਹਿਮਤੀ ਪ੍ਰਗਟਾਈ ਅਤੇ ਨਾਲ ਹੀ ਸਵਾਲ ਖੜ੍ਹਾ ਕੀਤਾ ਕਿ ਸਰਕਾਰੀ ਵਿਭਾਗ ਵੱਲੋਂ ਦਰਜਾ ਚਾਰ ਮੁਲਾਜ਼ਮਾਂ ਲਈ ਆਊਟਸੋਰਸਿੰਗ ਏਜੰਸੀਆਂ ਦੀ ਸਹੂਲਤ ਲਈ ਜਾ ਰਹੀ ਹੈ ਜਿਸ ਕਾਰਨ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀਆਂ ਨੂੰ ਨੌਕਰੀਆਂ ਦਾ ਲਾਭ ਨਹੀਂ ਮਿਲ ਰਿਹਾ। ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਨੇ ਵੀ ਅਕਾਲੀ ਵਿਧਾਇਕ ਦੀ ਦਲੀਲ ਨਾਲ ਸਹਿਮਤੀ ਪ੍ਰਗਟਾਉਂਦਿਆਂ ਸਰਕਾਰ 'ਤੇ ਦਲਿਤ ਵਿਰੋਧੀ ਹੋਣ ਦਾ ਦੋਸ਼ ਲਾਇਆ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਰਕਾਰ ਦੇ ਬਚਾਅ ਲਈ ਖੜ੍ਹੇ ਹੋਏ ਤਾਂ ਸਪੀਕਰ ਨੇ ਕਿਹਾ ਕਿ ਸਰਕਾਰੀ ਵਿਭਾਗਾਂ ਵੱਲੋਂ ਠੇਕਾ ਆਧਾਰਿਤ ਨੌਕਰੀਆਂ ਵਿਚ ਰਾਖਵੇਂਕਰਨ ਦੀ ਨੀਤੀ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਸ੍ਰੀ ਅਟਵਾਲ ਦੇ ਦਖ਼ਲ ਤੋਂ ਬਾਅਦ ਉਪ ਮੁੱਖ ਮੰਤਰੀ ਨੇ ਆਪਣੀ ਸੀਟ 'ਤੇ ਬੈਠਣਾ ਹੀ ਮੁਨਾਸਿਬ ਸਮਝਿਆ।

# ਸੀ.ਆਰ.ਪੀ.ਐਫ. ਵੱਲੋਂ ਬਾਦਲਾਂ ਦੀ ਸੁਰੱਖਿਆ ਵਾਪਸੀ ਦੀ ਚਿਤਾਵਨੀ



**ਚੰਡੀਗੜ੍ਹ:** ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐਫ.) ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਆਉਂਦੀ 10 ਅਕਤੂਬਰ ਤੱਕ ਉਸ ਦੇ ਜਵਾਨਾਂ ਨੂੰ ਰਹਿਣ ਲਈ ਸੁਰੱਖਿਅਤ ਇਮਾਰਤ ਨਾ ਦਿੱਤੀ ਗਈ ਤਾਂ ਉਸ ਵੱਲੋਂ ਮੁੱਖ ਮੰਤਰੀ ਪੰਜਾਬ, ਉਪ ਮੁੱਖ ਮੰਤਰੀ, ਹੋਰ ਮੰਤਰੀਆਂ ਤੇ ਹੋਰ ਅਦਾਰਿਆਂ ਨੂੰ ਦਿੱਤੀ ਸੁਰੱਖਿਆ ਵਾਪਸ ਲੈ ਲਈ ਜਾਵੇਗੀ।

ਸੀ.ਆਰ.ਪੀ.ਐਫ. ਦੀ 13ਵੀਂ ਬਟਾਲੀਅਨ ਦੇ ਕਮਾਂਡੈਂਟ ਰਾਕੇਸ਼ ਰਾਓ ਨੇ ਆਪਣੇ ਦਸਤਖ਼ਤਾਂ ਹੇਠ ਜਾਰੀ ਸੂਚਨਾ ਵਿਚ ਦੱਸਿਆ ਕਿ 13ਵੀਂ ਬਟਾਲੀਅਨ ਦਾ ਹੈੱਡਕੁਆਰਟਰ ਅਜਨਾਲਾ ਰੋਡ ਅੰਮ੍ਰਿਤਸਰ ਵਿਖੇ ਸਥਿਤ ਹੈ। 16 ਦਸੰਬਰ 2013 ਨੂੰ ਇਸ ਦੀ ਇਮਾਰਤ ਦਾ ਇਕ ਹਿੱਸਾ ਢਹਿ ਗਿਆ ਸੀ, ਉਸ ਤੋਂ ਬਾਅਦ ਪੰਜਾਬ ਲੋਕ ਨਿਰਮਾਣ ਵਿਭਾਗ ਦੇ ਇੰਜੀਨੀਅਰਾਂ ਨੇ ਉਸ ਇਮਾਰਤ ਦਾ ਦੌਰਾ ਕੀਤਾ ਸੀ ਤੇ ਇਮਾਰਤ ਨੂੰ ਅਣ-ਸੁਰੱਖਿਅਤ (ਅਨਸੇਫ਼) ਐਲਾਨ ਦਿੱਤਾ ਸੀ, ਪਰ ਸਰਕਾਰ ਦੇ ਵੱਖ-ਵੱਖ ਪੱਧਰ ਦੇ ਅਧਿਕਾਰੀਆਂ ਨਾਲ ਮੁਲਾਕਾਤਾਂ ਦੇ ਬਾਵਜੂਦ ਜਵਾਨਾਂ ਨੂੰ ਉਸ ਅਣਸੁਰੱਖਿਅਤ ਤੇ ਖ਼ਸਤਾ ਇਮਾਰਤ ਵਿਚ ਰਹਿਣਾ ਪੈ ਰਿਹਾ ਹੈ।

ਇਸੇ ਲਈ ਹੁਣ ਸੀ.ਆਰ.ਪੀ.ਐਫ. ਦੇ ਮੁੱਖ ਹੈਡਕੁਆਰਟਰ ਨੇ ਆਪਣੇ ਜਵਾਨਾਂ ਦੀ ਜਾਨ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਉਕਤ ਫੈਸਲਾ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਤੈਅ ਨੇਮਾਂ ਅਨੁਸਾਰ ਜਿਹੜੇ ਵੀ ਰਾਜ ਵਿਚ ਸੀ.ਆਰ.ਪੀ.ਐਫ. ਤਾਇਨਾਤ ਹੈ, ਉਥੇ ਉਸ ਨੂੰ ਰਿਹਾਇਸ਼ ਤੇ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣੀਆਂ ਜ਼ਰੂਰੀ ਹਨ।

# ਮੁਹਾਲੀ ਹਵਾਈ ਅੱਡੇ ਤੋਂ ਅਕਤੂਬਰ 'ਚ ਉਡਾਣਾਂ ਸ਼ੁਰੂ

**ਮੁਹਾਲੀ:** ਕੌਮਾਂਤਰੀ ਹਵਾਈ ਅੱਡੇ ਤੋਂ ਅਕਤੂਬਰ ਦੇ ਪਹਿਲੇ ਹਫ਼ਤੇ ਉਡਾਣਾਂ ਸ਼ੁਰੂ ਹੋਣ ਦੀ ਆਸ ਹੈ, ਪਰ ਇਸ ਤੋਂ ਪਹਿਲਾਂ ਰਨਵੇਅ ਤੇ ਕੈਟਾਗਰੀ -2 ਤੇ 3 ਅਧੀਨ ਰੌਸ਼ਨੀ ਯੰਤਰ ਲਗਾਉਣੇ ਅਜੇ ਬਾਕੀ ਹਨ।

ਇਸ ਦੇ ਚੱਲਦੇ ਏਅਰ ਫੋਰਸ ਸਟੇਸ਼ਨ

**ਪਹਿਲੇ ਪੜਾਅ ਵਿਚ ਦੁਬਈ, ਸਿੰਗਾਪੁਰ ਸਮੇਤ ਘਰੇਲੂ ਉਡਾਣਾਂ ਕੀਤੀਆਂ ਜਾਣਗੀਆਂ ਸ਼ੁਰੂ**

ਵਿਖੇ ਪਹਿਲਾਂ ਤੋਂ ਚੱਲ ਰਹੇ ਦਫ਼ਤਰ ਨਵੇਂ ਹਵਾਈ ਅੱਡੇ 'ਤੇ ਬਕਾਇਦਾ ਸ਼ਿਫਟ ਕੀਤੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਪਹਿਲੇ ਪੜਾਅ ਅੰਦਰ ਦੁਬਈ, ਸਿੰਗਾਪੁਰ ਸਮੇਤ ਘਰੇਲੂ ਉਡਾਣਾਂ ਸ਼ੁਰੂ ਕੀਤੀਆਂ ਜਾਣਗੀਆਂ, ਬਾਅਦ ਵਿਚ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਉਪਰੰਤ ਹੋਰ ਦੇਸ਼ਾਂ ਨੂੰ ਉਡਾਣਾਂ ਸ਼ੁਰੂ ਹੋ ਜਾਣਗੀਆਂ।

ਇਸ ਕੌਮਾਂਤਰੀ ਹਵਾਈ ਅੱਡੇ ਦਾ ਰਨਵੇਅ ਦੇਸ਼ ਦੇ ਕਈ ਹੋਰ ਹਵਾਈ ਅੱਡਿਆਂ ਵਾਂਗ ਏਅਰ ਫੋਰਸ ਦਾ ਹੀ ਵਰਤਿਆ ਜਾਣਾ ਹੈ। ਇੰਡੀਅਨ ਏਅਰਪੋਰਟ ਅਥਾਰਟੀ ਦੇ ਜਨਰਲ ਮੈਨੇਜਰ ਪ੍ਰੋਜੈਕਟ ਡੀ.ਕੇ. ਕਾਮਰਾ ਨੇ ਕਿਹਾ ਕਿ ਅਤਿਆਧੁਨਿਕ ਸਹੂਲਤਾਂ ਨਾਲ ਲੈਸ ਇਹ ਕੌਮਾਂਤਰੀ ਹਵਾਈ ਅੱਡਾ ਦੇਸ਼ ਦਾ ਪਹਿਲਾਂ 4 ਸਟਾਰ ਪ੍ਰਾਪਤ ਹਵਾਈ ਅੱਡਾ ਹੈ। ਹੋਰ ਕੌਮਾਂਤਰੀ ਹਵਾਈ ਅੱਡਿਆਂ ਦੇ ਮੁਕਾਬਲੇ ਸੈਲਾਨੀਆਂ ਦੇ ਬੈਠਣ ਲਈ ਬਹੁਤ ਖੁੱਲ੍ਹੀ ਥਾਂ ਉਪਲਬਧ ਕਰਾਈ ਗਈ ਹੈ।

## ਪਾਕਿਸਤਾਨ ਵਿਚ ਸੈਨਿਕ ਤਖਤ ਪਲਟੇ ਦਾ ਖਦਸ਼ਾ

**ਇਸਲਾਮਾਬਾਦ:** ਪਾਕਿਸਤਾਨੀ ਸੰਸਦ ਦੇ ਸੈਨਟ ਮੁਖੀ ਰਜ਼ਾ ਰੱਬਾਨੀ ਵੱਲੋਂ ਸੈਨਿਕ ਤਖ਼ਤਾ ਪਲਟ ਦੀ ਸ਼ੰਕਾ ਜਤਾਈ ਗਈ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਇਸ ਨੂੰ ਰੋਕਣ ਲਈ ਸੰਵਿਧਾਨ ਦੀ ਸਖ਼ਤੀ ਨਾਲ ਪਾਲਣਾ ਜਾਂ ਇਸ ਵਿਚ ਜ਼ਰੂਰੀ ਬਦਲਾਅ ਨਾ ਕੀਤੇ ਗਏ ਤਾਂ ਕਦੇ ਵੀ ਸੈਨਾ ਤਖ਼ਤਾ ਪਲਟ ਸਕਦੀ ਹੈ। 'ਇੰਟਰਨੈਸ਼ਨਲ ਡੇ ਆਫ ਡੈਮੋਕ੍ਰੇਸੀ' ਮੌਕੇ ਰੱਬਾਨੀ ਨੇ ਇਕ ਸਮਾਰੋਹ ਦੌਰਾਨ ਇਹ ਗੱਲ ਕਹੀ। ਪਾਕਿਸਤਾਨ ਵਿਚ ਸੈਨਾ ਵੱਲੋਂ ਤਖ਼ਤਾ ਪਲਟਣ ਦੀਆਂ ਕੁਝ ਘਟਨਾਵਾਂ ਹੋ ਚੁੱਕੀਆਂ ਹਨ।

ਆਜ਼ਾਦੀ ਤੋਂ ਬਾਅਦ ਹੁਣ ਤੱਕ 68 ਸਾਲਾਂ ਵਿਚੋਂ ਅੱਧੇ ਸਮੇਂ ਤੱਕ ਦੇਸ਼ ਵਿਚ ਸੈਨਿਕ ਸ਼ਾਸਨ ਰਿਹਾ ਹੈ। ਵਿਰੋਧੀ ਨੇਤਾਵਾਂ ਨੇ ਸ਼ਕਤੀਸ਼ਾਲੀ ਸੈਨਾ ਤੇ ਸਰਕਾਰ ਵਿਚਾਲੇ ਵੱਧ ਰਹੇ ਮਤਭੇਦ ਨੂੰ ਲੈ ਕੇ ਸ਼ੰਕਾ ਜਤਾਈ ਹੈ। ਇਸ ਤੋਂ ਪਹਿਲਾਂ ਦੇਸ਼ ਵਿਚ ਸਿੱਧਾ ਸ਼ਾਸਨ ਕਰਨ ਲਈ ਸੈਨਾ ਨੇ ਚਾਰ ਵਾਰ ਚੁਣੀ ਹੋਈ ਸਰਕਾਰ ਨੂੰ ਅਹੁਦੇ ਤੋਂ ਲਾਹ ਦਿੱਤਾ ਤੇ ਸੰਵਿਧਾਨ ਦੀ ਧਾਰਾ ਛੇ ਦੇ ਬਾਵਜੂਦ ਸੈਨਿਕ ਦਖ਼ਲ ਜਾਰੀ ਰਿਹਾ। ਇਸ ਧਾਰਾ ਵਿਚ ਸੰਵਿਧਾਨ ਨੂੰ ਰੱਦ ਕਰਨ ਨੂੰ 'ਰਾਜਧ੍ਰੋਹ' ਕਰਾਰ ਦਿੱਤਾ ਤੇ ਇਸ ਲਈ ਮੌਤ ਦੀ ਸਜ਼ਾ ਦਾ ਪ੍ਰਬੰਧ ਹੈ।


# ਕਤਲੇਆਮ 84: ਹੇਠਲੀ ਅਦਾਲਤ ਵਿਚ ਸੁਣਵਾਈ 'ਤੇ ਰੋਕ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਸੱਜਣ ਕੁਮਾਰ ਖਿਲਾਫ਼ ਹੇਠਲੀ ਅਦਾਲਤ ਵਿਚ ਚੱਲ ਰਹੇ ਮਾਮਲੇ ਨੂੰ ਅੱਗੇ ਵਧਾਉਣ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਮਾਮਲੇ ਦੀ ਪੀੜਤ ਤੇ ਮੁੱਖ ਗਵਾਹ ਸ਼ੀਲਾ ਕੌਰ ਦੀ ਉਸ ਪਟੀਸ਼ਨ ਨੂੰ ਵੀ ਮਨਜ਼ੂਰ ਕਰ ਲਿਆ ਹੈ ਜਿਸ ਵਿਚ ਉਸ ਨੇ ਮਾਮਲੇ ਨੂੰ ਦੂਜੀ ਅਦਾਲਤ ਵਿਚ ਭੇਜਣ ਦੀ ਮੰਗ ਕੀਤੀ ਸੀ।

ਦਿੱਲੀ ਹਾਈਕੋਰਟ ਵਿਚ ਦਾਖ਼ਲ ਪਟੀਸ਼ਨ ਵਿਚ 1984 ਦੀ ਪੀੜਤ ਸ਼ੀਲਾ ਕੌਰ ਨੇ ਕਿਹਾ ਸੀ ਕਿ ਹੇਠਲੀ ਅਦਾਲਤ ਵਿਚ ਵਰਤਮਾਨ ਜੱਜ ਕਮਲੇਸ਼ ਕੁਮਾਰ ਮਾਮਲੇ ਦੀ ਠੀਕ ਤਰੀਕੇ ਨਾਲ ਸੁਣਵਾਈ ਨਹੀਂ ਕਰ ਰਹੇ ਹਨ, ਲਿਹਾਜ਼ਾ ਇਸ ਮਾਮਲੇ ਨੂੰ ਦੂਜੀ ਅਦਾਲਤ ਵਿਚ ਭੇਜਿਆ ਜਾਵੇ। ਅਦਾਲਤ ਨੇ ਇਸ ਮਾਮਲੇ ਵਿਚ ਸਬੰਧਤ ਜੱਜ, ਸੀ.ਬੀ.ਆਈ. ਤੇ ਸੱਜਣ ਕੁਮਾਰ ਨੂੰ ਵੀ ਨੋਟਿਸ ਭੇਜਿਆ ਹੈ।

## ਹੋਂਦ ਚਿੱਲੜ ਕਮਿਸ਼ਨ ਦੀ ਮਿਆਦ ਵਧਣ ਦੇ ਆਸਾਰ

**ਚੰਡੀਗੜ੍ਹ:** ਹੋਂਦ ਚਿੱਲੜ ਕਾਂਡ ਦੀ ਜਾਂਚ ਲਈ ਕਾਇਮ ਕੀਤੇ ਇਕ ਮੈਂਬਰੀ ਕਮਿਸ਼ਨ ਦੀ ਮਿਆਦ 30 ਸਤੰਬਰ ਨੂੰ ਖ਼ਤਮ ਹੋ ਰਹੀ ਹੈ। ਜੱਜ ਟੀ.ਪੀ. ਗਰਗ ਦੀ ਅਗਵਾਈ ਹੇਠ ਬਣੇ ਕਮਿਸ਼ਨ ਵੱਲੋਂ ਗੁੜਗਾਉਂ ਤੇ ਪਟੌਦੀ ਕਸਬੇ ਵਿਚ 1984 ਵਿਚ ਹੋਏ ਜਾਨ-ਮਾਲ ਦੇ ਨੁਕਸਾਨ ਦੀ ਸੁਣਵਾਈ ਅਜੇ ਮੁਕੰਮਲ ਕਰਨੀ ਹੈ। ਇਸ ਲਈ ਕਮਿਸ਼ਨ ਦੀ ਮਿਆਦ ਵਿਚ ਛੇ ਮਹੀਨੇ ਦਾ ਹੋਰ ਵਾਧਾ ਹੋਣਾ ਤੈਅ ਹੈ। ਹੋਂਦ ਚਿੱਲੜ ਕਮੇਟੀ ਦੇ ਆਗੂਆਂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਮੰਗ ਕੀਤੀ ਹੈ ਕਿ ਕਮਿਸ਼ਨ ਦੀ ਮਿਆਦ ਵਿਚ ਛੇ ਮਹੀਨੇ ਦਾ ਵਾਧਾ ਕੀਤਾ ਜਾਵੇ।



ਕਮਿਸ਼ਨ ਦੀ ਹਿਸਾਰ ਸਥਿਤ ਅਦਾਲਤ ਵਿਚ ਨਵੰਬਰ 1984 ਵਿਚ ਪਟੌਦੀ ਕਸਬੇ ਵਿਚ ਮਾਰੇ ਗਏ 17 ਸਿੱਖਾਂ ਦੇ ਵਾਰਸਾਂ ਦੀ ਸੁਣਵਾਈ ਕੀਤੀ। ਦੋ ਘੰਟੇ ਦੀ ਸੁਣਵਾਈ ਦੌਰਾਨ ਪੀੜਤ ਪਰਿਵਾਰਾਂ ਨੇ ਬੀਤੇ ਸਮੇਂ ਨੂੰ ਯਾਦ ਕਰਦਿਆਂ ਕਿਹਾ ਕਿ ਸਿੱਖ ਕਤਲੇਆਮ ਵਿਚ ਉਨ੍ਹਾਂ ਦਾ ਸਾਰਾ ਕੁਝ ਤਬਾਹ ਹੋ ਗਿਆ। ਪਟੌਦੀ ਦੇ ਅਹਿਮ ਵਿਅਕਤੀਆਂ ਗੁਰਜੀਤ ਸਿੰਘ ਤੇ ਮਹਿੰਦਰ ਸਿੰਘ ਨੇ ਕਮਿਸ਼ਨ ਸਾਹਮਣੇ ਬਿਆਨ ਦਰਜ ਕਰਵਾਏ। ਕਮਿਸ਼ਨ ਨੇ ਹੁਣ ਅਗਲੀ ਸੁਣਵਾਈ 16 ਨਵੰਬਰ ਨੂੰ ਕਰੇਗਾ।

# ਸੱਤਾ 'ਤੇ ਕਾਬਜ਼ ਬਾਦਲਾਂ ਦੇ ਹਲਕੇ ਵਿਚ ਸਭ ਕੁਝ ਜਾਇਜ਼!

**ਬਠਿੰਡਾ:** ਪੰਜਾਬ ਦੀ ਸੱਤਾ 'ਤੇ ਕਾਬਜ਼ ਬਾਦਲ ਪਰਿਵਾਰ ਦੇ ਹਲਕਿਆਂ ਵਿਚ ਸਭ ਕੁਝ ਜਾਇਜ਼ਾ ਹੈ। ਸੂਬੇ ਵਿਚੋਂ ਇਕੱਲਾ ਬਾਦਲ ਪਰਿਵਾਰ ਦਾ ਹਲਕਾ ਹੈ ਜਿਥੇ 80 ਫੀਸਦੀ ਅਯੋਗ ਬੁਢਾਪਾ ਪੈਨਸ਼ਨਾਂ ਨੂੰ ਮੁੜ ਯੋਗ ਬਣਾ ਦਿੱਤਾ ਗਿਆ ਹੈ। ਇਥੋਂ ਤੱਕ ਕਿ ਇਨ੍ਹਾਂ ਨੂੰ ਪੈਨਸ਼ਨ ਦੇ ਪੁਰਾਣੇ ਬਕਾਏ ਵੀ ਜਾਰੀ ਕਰ ਦਿੱਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਬੁਢਾਪਾ ਪੈਨਸ਼ਨਾਂ ਦੀ ਪਹਿਲੀ ਜਨਵਰੀ 2014 ਮਗਰੋਂ ਜਦੋਂ ਪਹਿਲੀ ਪੜਤਾਲ ਕਰਾਈ ਗਈ ਤਾਂ ਪੰਜਾਬ ਭਰ ਵਿਚ 3.76 ਲੱਖ ਬੁਢਾਪਾ ਪੈਨਸ਼ਨਾਂ ਅਯੋਗ ਨਿਕਲੀਆਂ। ਸੂਬਾ ਸਰਕਾਰ ਨੇ ਇਨ੍ਹਾਂ ਅਯੋਗ ਪੈਨਸ਼ਨਾਂ ਦੀ ਮੁੜ ਪੜਤਾਲ ਕਰਾਈ ਤਾਂ ਇਨ੍ਹਾਂ ਵਿਚੋਂ ਪੰਜਾਬ ਭਰ ਵਿਚ 75506 ਲਾਭਪਾਤਰੀ ਮੁੜ ਯੋਗ ਬਣ ਗਏ। ਇਕੱਲੇ ਬਠਿੰਡਾ ਜ਼ਿਲ੍ਹੇ ਤੋਂ ਬਿਨਾਂ ਬਾਕੀ ਪੰਜਾਬ ਵਿਚ ਮੁੜ ਪੜਤਾਲ ਵਿਚ ਜੋ ਯੋਗ ਲਾਭਪਾਤਰੀ ਬਣੇ ਹਨ, ਉਨ੍ਹਾਂ ਨੂੰ ਪੁਰਾਣੇ ਬਕਾਏ ਨਹੀਂ ਦਿੱਤੇ ਗਏ ਹਨ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹੁਣ ਨੌਂ ਸਤੰਬਰ ਨੂੰ ਡਿਪਟੀ ਕਮਿਸ਼ਨਰਾਂ ਨੂੰ ਮੁੜ ਬੁਢਾਪਾ ਪੈਨਸ਼ਨਾਂ ਦੇ ਅਯੋਗ ਲਾਭਪਾਤਰੀਆਂ ਦੀ ਪੜਤਾਲ ਕਰਨ ਦੇ ਹੁਕਮ ਕੀਤੇ ਹਨ। ਪੰਜਾਬ ਵਿਚੋਂ ਸਿਰਫ਼ ਬਾਦਲਾਂ ਦਾ ਹਲਕਾ (ਬਠਿੰਡਾ, ਮੁਕਤਸਰ) ਹੈ ਜਿਥੇ ਅਯੋਗ ਬੁਢਾਪਾ ਪੈਨਸ਼ਨਾਂ ਦੀ ਮੁੜ ਪੜਤਾਲ ਦੇ ਹੁਕਮ ਹੋਏ ਹਨ। ਆਰ.ਟੀ.ਆਈ. ਦੇ ਵੇਰਵਿਆਂ ਅਨੁਸਾਰ ਬੁਢਾਪਾ ਪੈਨਸ਼ਨ ਦੀ ਪਹਿਲੀ ਪੜਤਾਲ ਵਿਚ ਬਠਿੰਡਾ ਜ਼ਿਲ੍ਹੇ ਵਿਚ 18395 ਲਾਭਪਾਤਰੀ ਅਯੋਗ ਨਿਕਲੇ ਸਨ। ਤਿੰਨ ਪੜਤਾਲਾਂ ਮਗਰੋਂ ਹੁਣ ਇਨ੍ਹਾਂ ਅਯੋਗ ਲਾਭਪਾਤਰੀਆਂ ਦੀ ਗਿਣਤੀ ਸਿਰਫ 3575 ਰਹਿ ਗਈ ਹੈ। ਮਤਲਬ ਕਿ ਤਕਰੀਬਨ 80 ਫੀਸਦੀ ਲਾਭਪਾਤਰੀ ਅਯੋਗ ਤੋਂ ਯੋਗ ਬਣ ਗਏ ਹਨ। ਅਯੋਗ ਤੋਂ ਯੋਗ ਬਣੇ ਲਾਭਪਾਤਰੀਆਂ ਨੂੰ ਪੁਰਾਣੇ ਬਕਾਇਆ ਸਮੇਤ 73 ਲੱਖ ਦੀ ਪੈਨਸ਼ਨ ਵੀ ਜਾਰੀ ਕਰ ਦਿੱਤੀ ਹੈ। ਹੁਣ ਸਰਕਾਰ ਚੌਥੀ ਦਫਾ ਅਯੋਗ ਬਚੇ 3575 ਲਾਭਪਾਤਰੀਆਂ ਦੀ ਪੜਤਾਲ ਕਰਾ ਰਹੀ ਹੈ। ਇਵੇਂ ਮੁਕਤਸਰ ਜ਼ਿਲ੍ਹੇ ਵਿਚ ਪਹਿਲੀ ਪੜਤਾਲ ਵਿਚ 20987 ਲਾਭਪਾਤਰੀ ਅਯੋਗ ਨਿਕਲੇ ਸਨ। ਤਿੰਨ ਪੜਤਾਲਾਂ ਮਗਰੋਂ ਅਯੋਗ ਪੈਨਸ਼ਨਾਂ ਦੀ ਗਿਣਤੀ 9505 ਰਹਿ ਗਈ ਹੈ। ਹੁਣ ਇਨ੍ਹਾਂ ਦੀ ਚੌਥੀ ਪੜਤਾਲ ਸ਼ੁਰੂ ਹੋ ਗਈ ਹੈ।

ਡਿਪਟੀ ਕਮਿਸ਼ਨਰ ਮੁਕਤਸਰ ਨੇ ਅਯੋਗ ਤੋਂ ਯੋਗ ਬਣੇ ਲਾਭਪਾਤਰੀਆਂ ਨੂੰ ਪੁਰਾਣੇ ਬਕਾਏ ਦੇਣ ਦੇ ਹੁਕਮ ਕਰ ਦਿੱਤੇ ਹਨ।

ਬਾਕੀ ਪੰਜਾਬ ਵਿਚ ਅਜਿਹਾ ਨਹੀਂ ਹੋਇਆ ਹੈ। ਪਟਿਆਲਾ ਜ਼ਿਲ੍ਹੇ ਦੇ ਸਮਾਜਿਕ ਸੁਰੱਖਿਆ ਅਫਸਰ ਵਰਿੰਦਰ ਬੈਂਸ ਦਾ ਕਹਿਣਾ ਹੈ ਕਿ ਜੋ ਮੁੜ ਪੜਤਾਲ ਵਿਚ ਅਯੋਗ ਤੋਂ ਯੋਗ ਲਾਭਪਾਤਰੀ ਬਣੇ ਹਨ, ਉਨ੍ਹਾਂ ਨੂੰ ਪੁਰਾਣੇ ਬਕਾਏ ਜਾਣ ਦੀ ਮਹਿਕਮੇ ਵੱਲੋਂ ਕੋਈ ਹਦਾਇਤ ਨਹੀਂ ਹੈ। ਉਹ ਤਾਜ਼ਾ ਪੈਨਸ਼ਨਾਂ ਹੀ ਦੇ ਰਹੇ ਹਨ। ਕਪੂਰਥਲਾ ਦੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ (ਡੀ.ਐਸ.ਐਸ.ਓ) ਗੁਲਬਰਗ ਲਾਲ ਨੇ ਵੀ ਇਹੀ ਦੱਸਿਆ ਕਿ ਮੁੜ ਪੜਤਾਲ ਵਿਚ ਯੋਗ ਬਣੇ ਲਾਭਪਾਤਰੀਆਂ ਨੂੰ ਪੁਰਾਣਾ ਬਕਾਇਆ ਨਹੀਂ ਦੇ ਰਹੇ ਹਨ ਤੇ ਨਾ ਹੀ ਕੋਈ ਸਰਕਾਰੀ ਹੁਕਮ ਹਨ। ਜ਼ਿਲ੍ਹਾ ਬਠਿੰਡਾ ਦੇ ਸਮਾਜਿਕ ਸੁਰੱਖਿਆ ਅਫਸਰ ਨਵੀਨ ਗਡਵਾਲ ਦਾ ਕਹਿਣਾ ਸੀ ਕਿ ਬਠਿੰਡਾ ਜ਼ਿਲ੍ਹੇ ਵਿਚ ਜ਼ਿਆਦਾ ਲਾਭਪਾਤਰੀ ਪੜਤਾਲਾਂ ਸਮੇਂ ਗੈਰਹਾਜ਼ਰ ਰਹਿ ਗਏ ਸਨ, ਜਿਨ੍ਹਾਂ ਨੇ ਹੁਣ ਹਾਜ਼ਰ ਹੋ ਕੇ ਸਬੂਤ ਦੇ ਦਿੱਤੇ ਹਨ। ਇਸ ਕਰਕੇ ਅਯੋਗ ਤੋਂ ਯੋਗ ਬਣੇ ਲਾਭਪਾਤਰੀਆਂ ਦੀ ਗਿਣਤੀ ਜ਼ਿਆਦਾ ਹੈ।



## ਬਠਿੰਡਾ ਜ਼ਿਲ੍ਹਾ ਸਭ ਤੋਂ ਵੱਧ ਖੁਸ਼ਕਿਸਮਤ

**ਚੰਡੀਗੜ੍ਹ:** ਪੰਜਾਬ ਵਿਚੋਂ ਇਕੱਲਾ ਬਠਿੰਡਾ ਜ਼ਿਲ੍ਹਾ ਹੈ ਜਿਥੇ ਅਯੋਗ ਲਾਭਪਾਤਰੀ ਸਭ ਤੋਂ ਜ਼ਿਆਦਾ ਯੋਗ ਬਣੇ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ 29953 ਅਯੋਗ ਵਿਚੋਂ ਮੁੜ ਪੜਤਾਲ ਵਿਚ ਸਿਰਫ 3437 ਲਾਭਪਾਤਰੀ ਤੇ ਫਿਰੋਜ਼ਪੁਰ ਵਿਚ 16454 ਵਿਚੋਂ 2095 ਤੇ ਪਟਿਆਲਾ ਵਿਚ 19439 ਅਯੋਗ ਵਿਚੋਂ 1833 ਲਾਭਪਾਤਰੀ ਯੋਗ ਬਣੇ ਹਨ। ਤਰਨਤਾਰਨ ਵਿਚ ਪਹਿਲੀ ਪੜਤਾਲ ਵਿਚ ਅਯੋਗ ਨਿਕਲੇ 21638 ਵਿਚੋਂ ਦੂਜੀ ਪੜਤਾਲ ਵਿਚ ਸਿਰਫ 3580 ਯੋਗ ਬਣੇ ਹਨ। ਦੂਜੀ ਪੜਤਾਲ ਮਗਰੋਂ ਜੋ ਯੋਗ ਲਾਭਪਾਤਰੀ ਬਣ ਗਏ ਹਨ, ਉਨ੍ਹਾਂ ਨੂੰ ਇਕੱਲੇ ਬਠਿੰਡਾ ਜ਼ਿਲ੍ਹੇ ਨੂੰ ਛੱਡ ਕੇ ਕਿਤੇ ਵੀ ਪੁਰਾਣੇ ਬਕਾਏ ਨਹੀਂ ਦਿੱਤੇ ਗਏ ਹਨ।

## ਬਾਦਲਾਂ ਦੇ ਹਲਕੇ ਵਿਚ ਨਾਅਰੇ ਮਾਰਨੇ ਪਏ ਮਹਿੰਗੇ

**ਬਠਿੰਡਾ:** ਵੀ.ਆਈ.ਪੀ. ਹਲਕੇ ਦੀਆਂ ਸੜਕਾਂ 'ਤੇ ਉਤਰੇ ਲੋਕਾਂ ਖ਼ਿਲਾਫ਼ ਪੁਲਿਸ ਨੇ ਧੜਾਧੜ ਕੇਸ ਦਰਜ ਕੀਤੇ ਹਨ। ਲੰਘੇ ਅੱਠ ਵਰ੍ਹਿਆਂ ਵਿਚ ਬਠਿੰਡਾ ਜ਼ੋਨ ਦੇ ਸੱਤ ਜ਼ਿਲ੍ਹਿਆਂ ਵਿਚ ਤਕਰੀਬਨ ਛੇ ਹਜ਼ਾਰ ਸੰਘਰਸ਼ੀ ਲੋਕਾਂ ਖ਼ਿਲਾਫ਼ ਪੁਲਿਸ ਕੇਸ ਦਰਜ ਹੋਏ ਹਨ, ਜਿਨ੍ਹਾਂ ਵਿਚੋਂ ਇਕੱਲੇ ਬਠਿੰਡਾ ਜ਼ਿਲ੍ਹੇ ਤੇ ਹਲਕਾ ਲੰਬੀ ਵਿਚ 5250 ਲੋਕਾਂ ਵਿਰੁੱਧ ਕੇਸ ਦਰਜ ਹੋਏ ਹਨ। ਕੇਸਾਂ ਵਿਚ ਵੱਡੀ ਗਿਣਤੀ ਅਣਪਛਾਤੇ ਲੋਕਾਂ ਦੀ ਹੈ। ਮੁੱਖ ਮੰਤਰੀ ਪੰਜਾਬ ਦੇ ਹਲਕੇ ਦੇ ਥਾਣਾ ਲੰਬੀ ਵਿਚ ਪਹਿਲੀ ਅਪਰੈਲ 2007 ਤੋਂ ਜੂਨ 2015 ਤੱਕ 1399 ਸੰਘਰਸ਼ੀ ਲੋਕਾਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ। ਧਾਰਾ 107,151 ਤਹਿਤ ਜੇਲ੍ਹ ਭੇਜੇ ਜਾਂਦੇ ਸੰਘਰਸ਼ੀ ਲੋਕਾਂ ਦੀ ਗਿਣਤੀ ਵੱਖਰੀ ਹੈ। ਆਰ.ਟੀ.ਆਈ ਤਹਿਤ ਮਿਲੇ ਵੇਰਵਿਆਂ ਅਨੁਸਾਰ ਪੁਲਿਸ ਨੇ ਸੰਘਰਸ਼ੀ ਲੋਕਾਂ ਖ਼ਿਲਾਫ਼ ਇਰਾਦਾ ਕਤਲ ਵਰਗੇ ਕੇਸ ਵੀ ਦਰਜ ਕੀਤੇ ਹਨ।

## ਆਈ.ਐਸ. ਨਾਲ ਸਬੰਧਾਂ ਦੇ ਦੋਸ਼ ਵਿਚ ਅਮਰੀਕੀ ਆਇਆ ਅੜਿੱਕੇ

**ਨਿਊ ਯਾਰਕ:** ਅਮਰੀਕਾ ਦੀਆਂ ਸੁਰੱਖਿਆ ਏਜੰਸੀਆਂ ਨੇ 22 ਸਾਲ ਦੇ ਇਕ ਨੌਜਵਾਨ ਨੂੰ ਆਈ.ਐਸ. ਨਾਲ ਸਬੰਧ ਰੱਖਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਐਫ.ਬੀ.ਆਈ. ਮੁਤਾਬਕ ਅਲੀ ਸਲੇਹ ਨਾਮਕ ਨੌਜਵਾਨ ਆਈ.ਐਸ. ਵਿਚ ਸ਼ਾਮਲ ਹੋਣ ਲਈ ਤੁਰਕੀ ਜਾਣ ਦੀ ਕੋਸ਼ਿਸ਼ ਵਿਚ ਸੀ। ਤੁਰਕੀ ਤੋਂ ਅਲੀ ਨੇ ਯਮਨ ਜਾਂ ਸੀਰੀਆ ਜਾਣਾ ਸੀ। ਇਸ ਗੱਲ ਦਾ ਖ਼ੁਲਾਸਾ ਉਸ ਨੇ ਬਕਾਇਦਾ ਟਵਿੱਟਰ ਉੱਤੇ ਕੀਤਾ ਸੀ। ਅਲੀ ਪਹਿਲਾਂ ਵੀ ਪੰਜ ਵਾਰ ਆਈ.ਐਸ. ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰ ਚੁੱਕਾ ਹੈ।

ਐਫ.ਬੀ.ਆਈ. ਅਨੁਸਾਰ ਅਲੀ ਨੇ ਕੁਝ ਦਿਨ ਪਹਿਲਾਂ ਟਵਿੱਟਰ ਰਾਹੀਂ ਆਈ.ਐਸ. ਦੇ ਭਰਤੀ ਏਜੰਟ ਨੂੰ ਪੁੱਛਿਆ ਸੀ ਕਿ ਸੰਗਠਨ ਵਿਚ ਸ਼ਾਮਲ ਹੋਣ ਲਈ ਉਸ ਨੂੰ ਕੀ ਕਰਨਾ ਹੋਵੇਗਾ। ਨਾਲ ਹੀ ਉਸ ਨੇ ਇਹ ਵੀ ਲਿਖਿਆ ਸੀ ਕਿ ਉਹ ਸੰਘਰਸ਼ ਲਈ ਮਰਨ ਲਈ ਵੀ ਤਿਆਰ ਹੈ।


Grocery Store With Check Cashing
For Sale or Lease
*Near Downtown, Cleveland, Ohio*
Store Sale: $120,000/month
Check Cashing Net Profit: $4000 to $5000/month
Lottery Commission: $1500/month
ATM Commission: $1500/month
Asking price : $295,000+inventory
Store Timings - 8:00Am to 9:00Pm
Contact: Mohinder
Ph: (216)-280-4201
39-40

ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ
ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ।
ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ
ਸੰਪਰਕ ਕਰੋ
ਫੋਨ: 501-309-4140
39

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

ਸਨਿਚਰਵਾਰ, 26 ਸਤੰਬਰ 2015

## ਪੰਜਾਬ ਦੀ ਪੀੜ

ਪੰਜਾਬ ਦੇ ਸਿਆਸੀ ਨਗਾਰੇ ਉਤੇ ਚੋਟ ਕਦੋਂ ਦੀ ਵੱਜ ਚੁੱਕੀ ਹੈ ਅਤੇ ਇਸ ਦੀ ਧਮਕ ਹੁਣ ਹਰ ਖਿੱਤੇ ਅਤੇ ਖੇਤਰ ਵਿਚ ਸੁਣ ਰਹੀ ਹੈ। ਇਨ੍ਹੀਂ ਦਿਨੀਂ ਜਿਹੜੀਆਂ ਘਟਨਾਵਾਂ ਅਤੇ ਸਰਗਰਮੀਆਂ ਨੇ ਧਿਆਨ ਖਿੱਚਿਆ ਹੈ, ਸਿਆਸਤ ਦੇ ਪਿੜ ਵਿਚ ਇਨ੍ਹਾਂ ਦੇ ਅਰਥ ਬੜੇ ਗਹਿਰੇ ਹਨ ਅਤੇ ਇਨ੍ਹਾਂ ਨੇ ਆਉਣ ਵਾਲੇ ਦਿਨਾਂ ਵਿਚ ਇਸ ਪਿੜ ਵਿਚ ਹੋਰ ਰੰਗ ਬੰਨ੍ਹਣਾ ਹੈ। ਇਹ ਘਟਨਾਵਾਂ ਅਤੇ ਸਰਗਰਮੀਆਂ ਲੀਡਰਸ਼ਿਪ ਨਾਲ ਜੁੜੀਆਂ ਹੋਈਆਂ ਹਨ। ਚਿਰਾਂ ਤੋਂ ਜੋਟੀ ਪਾ ਕੇ ਤੁਰ ਰਹੀਆਂ ਦੋ ਜਥੇਬੰਦੀਆਂ ਦਲ ਖਾਲਸਾ ਅਤੇ ਪੰਚ ਪ੍ਰਧਾਨੀ ਨੇ ਪੱਕੀ ਜੋਟੀ ਪਾ ਲਈ ਹੈ। ਇਹ ਹੁਣ ਇਕ ਜਥੇਬੰਦੀ ਤਹਿਤ ਚੱਲਣਗੀਆਂ ਜਿਸ ਦਾ ਐਲਾਨ ਹੋਣਾ ਅਜੇ ਬਾਕੀ ਹੈ। ਉਂਜ, ਜਥੇਬੰਦੀ ਨੇ ਕਰਨਾ ਕੀ ਹੈ, ਇਸ ਬਾਰੇ ਐਲਾਨ ਕਰ ਦਿੱਤਾ ਗਿਆ ਹੈ। ਦਾਅਵਾ ਸਿੱਖਾਂ ਨੂੰ ਸਿਆਸੀ ਸੇਧ ਦੇਣ ਦਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦੋਵੇਂ ਜਥੇਬੰਦੀਆਂ ਆਪੋ-ਆਪਣੇ ਢੰਗ ਨਾਲ ਸਿਆਸਤ ਦੇ ਪਿੜ ਵਿਚ ਵਿਚਰਦੀਆਂ ਰਹੀਆਂ ਹਨ, ਇਨ੍ਹਾਂ ਨੇ ਬਹੁਤ ਸਾਰੇ ਮਾਮਲਿਆਂ ਵਿਚ ਆਪਣੀ ਹੋਂਦ ਵੀ ਦਰਜ ਕੀਤੀ ਹੈ। ਇਸ ਸਿਲਸਿਲੇ ਵਿਚ ਉਸ ਤਰ੍ਹਾਂ ਦੇ ਐਲਾਨ ਪਹਿਲਾਂ ਵੀ ਗਾਹੇ-ਬਗਾਹੇ ਹੁੰਦੇ ਰਹੇ ਹਨ ਜਿਨ੍ਹਾਂ ਦੀ ਚਰਚਾ ਅੱਜ ਇਕ ਵਾਰ ਫਿਰ ਹੋ ਰਹੀ ਹੈ। ਦੂਜੇ, ਸਿਆਸਤ ਦੀ ਕਾਇਆ-ਕਲਪ ਲਈ ਸਿਆਸੀ ਪਿੜ ਵਿਚ ਛਾਲ ਮਾਰਨ ਵਾਲੀ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਐਡਵੋਕੇਟ ਐਚ.ਐਸ. ਫੂਲਕਾ ਨੇ ਸਿਆਸਤ ਦੇ ਪਿੜ ਤੋਂ ਕਿਨਾਰਾ ਕਰ ਲਿਆ ਹੈ। ਐਡਵੋਕੇਟ ਫੂਲਕਾ ਨੇ ਕਤਲੇਆਮ 84 ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਮਿਸਾਲੀ ਕੰਮ ਕੀਤਾ ਹੈ ਅਤੇ ਹੁਣ ਉਨ੍ਹਾਂ ਸਿਆਸਤ ਤੋਂ ਕਿਨਾਰਾਕਸ਼ੀ ਵੀ ਇਹੀ ਕਹਿ ਕੇ ਕੀਤੀ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਪੀੜਤਾਂ ਵਾਲੀ ਲੜਾਈ ਲਈ ਸਮਾਂ ਨਹੀਂ ਸੀ ਮਿਲ ਰਿਹਾ, ਪਰ ਪਾਰਟੀ ਵਿਚ ਪਿਛਲੇ ਸਮੇਂ ਦੌਰਾਨ ਜੋ ਮਾਹੌਲ ਬਣ-ਵਿਗਸ ਰਿਹਾ ਹੈ, ਉਸ ਤੋਂ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਐਡਵੋਕੇਟ ਫੂਲਕਾ ਦੇ ਅਜਿਹੇ ਫੈਸਲੇ ਦੇ ਕੁਝ ਹੋਰ ਪੱਖ ਵੀ ਹਨ। ਤੀਜੇ, ਪੰਜਾਬ ਕਾਂਗਰਸ ਦੀ ਲੀਡਰਸ਼ਿਪ ਹਥਿਆਉਣ ਦੀ ਲੜਾਈ ਸਿਰੇ ਉਤੇ ਪੁੱਜ ਗਈ ਹੈ। ਚੌਥੇ, ਦੋਵੇਂ ਸੱਤਾਧਾਰੀ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ, ਦੀ ਆਪਣੀ ਸਿਆਸਤ ਅਤੇ ਕਲੇਸ਼ ਚੱਲ ਰਿਹਾ ਹੈ। ਦੋਹਾਂ ਦੀਆਂ ਨਜ਼ਰਾਂ 2017 ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਉਤੇ ਹਨ। ਦੋਹਾਂ ਪਾਰਟੀਆਂ ਦੇ ਆਗੂ ਹਰ ਸਿਆਸੀ ਚਾਲ ਇਨ੍ਹਾਂ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਚੱਲ ਰਹੇ ਹਨ। ਪੰਜਾਬ ਦੀਆਂ ਇਹ ਪੰਜੇ ਧਿਰਾਂ ਆਪੋ-ਆਪਣੇ ਪੱਧਰ ਉਤੇ ਸਰਗਰਮ ਹਨ ਅਤੇ ਸਿਆਸੀ ਪਿੜ ਵਿਚ ਵੱਧ ਤੋਂ ਵਧ ਥਾਂ ਮੱਲਣ ਲਈ ਯਤਨਸ਼ੀਲ ਹਨ। ਰਤਾ ਕੁ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਧਿਰਾਂ ਦੇ ਇਨ੍ਹਾਂ ਸਭ ਯਤਨਾਂ ਵਿਚੋਂ ਪੰਜਾਬ ਗੈਰ-ਹਾਜ਼ਰ ਹੋ ਗਿਆ ਜਾਪਦਾ ਹੈ। ਹਰ ਧਿਰ ਵਿਚ ਮਸਲਾ ਲੀਡਰਸ਼ਿਪ ਤੋਂ ਅਗਾਂਹ ਨਹੀਂ ਵਧ ਰਿਹਾ। ਪੰਜਾਬ ਦੇ ਹੁਣ ਲਈ ਅਤੇ ਆਉਣ ਵਾਲੇ ਸਾਲਾਂ ਲਈ ਕੀ ਏਜੰਡਾ ਹੋਵੇ, ਅਜੇ ਏਜੰਡਾ ਹੀ ਨਹੀਂ ਬਣਿਆ ਹੈ। ਆਪੋ-ਆਪਣੀ ਹੋਂਦ ਦੀ ਇਸੇ ਲੜਾਈ ਅਤੇ ਇਸੇ ਕਾਰਨ ਮਚੀ ਆਪੋ-ਧਾਪ ਵਿਚ ਪੰਜਾਬ ਪਿਛਾਂਹ ਰਹਿ ਗਿਆ ਹੈ।

ਇਹ ਨਹੀਂ ਕਿ ਇਨ੍ਹਾਂ ਸਾਰੀਆਂ ਧਿਰਾਂ ਦੇ ਆਪਣੇ ਕੋਈ ਏਜੰਡੇ ਨਹੀਂ ਹਨ, ਸਭ ਦੇ ਏਜੰਡੇ ਹਨ। ਦਲ ਖਾਲਸਾ ਅਤੇ ਪੰਚ ਪ੍ਰਧਾਨੀ ਨੂੰ ਖਾਲਿਸਤਾਨ ਚਾਹੀਦਾ ਹੈ। ਆਮ ਆਦਮੀ ਪਾਰਟੀ ਪੰਜਾਬ ਵਿਚ ਦਿੱਲੀ ਵਾਲਾ ਕ੍ਰਿਸ਼ਮਾ ਕਰਨਾ ਚਾਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੀ ਆਪੋ-ਆਪਣੇ ਨਿਸ਼ਾਨਿਆਂ ਲਈ ਘਾਤ ਲਾਈ ਵਕਤ ਦੀ ਉਡੀਕ ਕਰ ਰਹੇ ਹਨ। ਕਾਂਗਰਸ ਦੇ ਤਾਂ ਕਹਿਣੇ ਹੀ ਕੀ ਹਨ! ਦਹਾਕਿਆਂ ਤੋਂ ਜਮਹੂਰੀਅਤ ਜਮਹੂਰੀਅਤ ਕੂਕਣ ਵਾਲੀ ਇਹ ਪਾਰਟੀ, ਜਮਹੂਰੀਅਤ ਦਾ ਪਹਿਲਾ ਹੀ ਪਾਠ ਭੁੱਲ-ਭੁਲਾ ਗਈ ਹੈ। ਹਰ ਫੈਸਲਾ ਦਿੱਲੀ ਤੋਂ ਹੋ ਕੇ ਆਉਂਦਾ ਹੈ। ਜ਼ਾਹਿਰ ਹੈ ਕਿ ਹਰ ਸ਼ੈਅ ਅਤੇ ਸਰਗਰਮੀ ਚੋਣਾਂ ਦੁਆਲੇ ਘੁੰਮ ਰਹੀ ਹੈ। ਦਲ ਖਾਲਸਾ ਅਤੇ ਪੰਚ ਪ੍ਰਧਾਨੀ ਨੇ ਭਾਵੇਂ ਚੋਣ ਪਿੜ ਵਿਚ ਨਾ ਵੜਨ ਦਾ ਫੈਸਲਾ ਕੀਤਾ ਹੈ, ਪਰ ਜਮਹੂਰੀ ਢੰਗਾਂ ਰਾਹੀਂ ਟੀਚਾ ਹਾਸਲ ਕਰਨ ਦੀ ਵਿਆਖਿਆ ਅਜੇ ਹੋਣੀ ਹੈ। 21ਵੀਂ ਸਦੀ ਦਾ ਪੰਜਾਬ ਅਜੇ ਤੱਕ ਸਮਾਜਕ ਬਾਈਕਾਟ ਦੀਆਂ ਕਰੂਰ ਹਕੀਕਤਾਂ ਨਾਲ ਜੂਝ ਰਿਹਾ ਹੈ ਅਤੇ ਹਾਲਾਤ ਦਿਨ-ਬ-ਦਿਨ ਨਿੱਘਰ ਹੀ ਰਹੇ ਹਨ। ਆਰਥਿਕ ਹੀ ਨਹੀਂ, ਹੋਰ ਵੀ ਕਈ ਕਾਰਨਾਂ ਕਰ ਕੇ ਖੁਦਕੁਸ਼ੀਆਂ ਦਾ ਸਿਲਸਿਲਾ ਟੁੱਟਣ ਦਾ ਨਾਂ ਨਹੀਂ ਲੈ ਰਿਹਾ। ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਹੇਠ ਤੱਕ ਭਾਵੇਂ ਪੁੱਜੀਆਂ ਹੋਣ ਜਾਂ ਨਾ, ਪਰ ਨਸ਼ੇ ਹਰ ਪਿੰਡ-ਗਰਾਂ ਦੀ ਹੱਟੀ-ਭੱਠੀ ਤੱਕ ਪੁੱਜਦੇ ਕਰ ਦਿੱਤੇ ਗਏ ਹਨ। ਬਾਲ ਕਿਨ੍ਹਾਂ ਕਿਨ੍ਹਾਂ ਕਰੂਰ ਹਾਲਾਤ ਵਿਚੋਂ ਗੁਜ਼ਰ ਰਹੇ ਹਨ, ਕੋਈ ਵਿਚਾਰ ਨਹੀਂ ਰਿਹਾ। ਇਨ੍ਹਾਂ ਕਰੂਰ ਹਾਲਾਤ ਦੇ ਝੰਬੇ ਬਾਲਕ ਸਿੱਖਿਆ ਖਾਤਰ, ਅਖੌਤੀ ਸਿੱਖਿਆ ਸੰਸਥਾਵਾਂ ਵਿਚ ਇਕ ਤਰ੍ਹਾਂ ਨਾਲ ਰੁਲ ਹੀ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਤਾਂ ਭਵਿੱਖ ਦਾ ਖੁਆਬ ਲੈਣਾ ਤੱਕ ਭੁੱਲ ਗਏ ਹਨ। ਅਜਿਹੇ ਹਾਲਾਤ ਵਿਚੋਂ ਨਿਕਲੇ ਇਹ ਬਾਲਕ ਪੰਜਾਬ ਨੂੰ ਕਿਸ ਪਾਸੇ ਲੈ ਕੇ ਜਾਣਗੇ, ਕਿਸੇ ਤੋਂ ਕੁਝ ਦੱਸਣ-ਪੁੱਛਣ ਵਾਲਾ ਮਸਲਾ ਨਹੀਂ ਹੈ। ਦੱਸਣ-ਪੁੱਛਣ ਵਾਲਾ ਮਸਲਾ ਤਾਂ ਇਹ ਹੈ ਕਿ ਪੰਜਾਬ ਦੀ ਇਹ ਪੀੜ ਕਿਸੇ ਵੀ ਧਿਰ ਦੇ ਏਜੰਡੇ ਉਤੇ ਨਹੀਂ ਆਈ। ਚਿਰ ਪਹਿਲਾਂ ਪੰਜਾਬੀ ਸ਼ਾਇਰ ਸ਼ਾਹ ਮੁਹੰਮਦ ਨੇ 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ' ਲਿਖ ਕੇ ਪੰਜਾਬ ਦੀ ਇਹ ਪੀੜ ਬਿਆਨ ਕੀਤੀ ਸੀ। ਪੰਜਾਬ ਅੱਜ ਵੀ ਉਨ੍ਹਾਂ ਜਿਊੜਿਆਂ ਨੂੰ ਉਡੀਕ ਰਿਹਾ ਹੈ ਜਿਹੜੇ ਪੰਜਾਬ ਦੀ ਹਾਰ-ਦਰ-ਹਾਰ ਨੂੰ ਜਿੱਤ ਵਿਚ ਬਦਲਣ ਦਾ ਦਿਲ-ਗੁਰਦਾ ਰੱਖਦੇ ਹੋਣ। ਜੇ ਇਕੱਲੀਆਂ ਚੋਣਾਂ ਦੇ ਪ੍ਰਸੰਗ ਦੀ ਹੀ ਗੱਲ ਕਰੀਏ ਤਾਂ ਪੰਜਾਬ ਦੇ ਲੋਕ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਵੀ ਇਨ੍ਹਾਂ ਜਿਊੜਿਆਂ ਦੀ ਉਡੀਕ ਵਿਚ ਘਰੋਂ ਨਿਕਲੇ ਸਨ ਅਤੇ ਤਬਦੀਲੀ ਦਾ ਬਿਗਲ ਵਜਾਇਆ ਸੀ। ਹੁਣ ਮਸਲਾ ਸ਼ਾਇਦ ਚੋਣ ਪਿੜ ਦੇ ਅੰਦਰ ਜਾਂ ਬਾਹਰ ਰਹਿਣ ਦਾ ਨਹੀਂ ਰਹਿ ਗਿਆ, ਹੁਣ ਮਸਲਾ ਪੀੜ ਪੀੜ ਹੋਏ ਪੰਜਾਬ ਦੀ ਸਾਰ ਲੈਣ ਅਤੇ ਜ਼ਖਮਾਂ ਉਤੇ ਫਹੇ ਰੱਖਣ ਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸ਼ਾਇਰਾਂ ਨੂੰ ਸਲਾਹ!*

ਹੱਕ ਸੱਚ ਇਨਸਾਫ ਲਈ ਕਲਮ ਵਰਤੋ, ਲਿਖੋ ਲਿਖਤ ਨਾ ਕੋਈ ਬੇ-ਕਾਰ ਭਾਈ।
ਸਿਰਜੋ ਸਾਹਿਤ ਜੋ ਲੋਕਾਂ ਨੂੰ ਸੇਧ ਦੇਵੇ, ਪਾਵੇ ਲੋਟੂਆਂ ਤਾਈਂ ਫਿਟਕਾਰ ਭਾਈ।
ਕਾਰਜ ਆਪਣੇ ਆਪ ਹੀ ਰਾਸ ਕਰੀਏ, ਡੋਰੀ ਛੱਡੋ ਨਾ ਉਪਰ 'ਕਰਤਾਰ' ਭਾਈ।
ਲੱਥੀ ਪੱਗ ਪੰਜਾਬ ਦੀ ਬੰਨ੍ਹਣੇ ਲਈ, ਕਰੀਏ ਸਭ ਨੂੰ ਤਿਆਰ-ਬਰ-ਤਿਆਰ ਭਾਈ।
ਆਸ ਲਾਹੀਏ ਨਾ ਚੰਗਿਆਂ ਸਿੱਟਿਆਂ ਦੀ, ਬੇਸ਼ਕ ਮੁਸ਼ਕਿਲਾਂ ਹੈਣ ਹਜ਼ਾਰ ਭਾਈ।
ਗੀਤ ਇਸ਼ਕ ਦੇ ਲਿਖ ਲਿਓ ਫਿਰ ਸ਼ਾਇਰੋ, ਪਹਿਲਾਂ ਲਵੋ ਪੰਜਾਬ ਦੀ ਸਾਰ ਭਾਈ।

# ਕਾਂਗਰਸ ਦਾ ਕਲੇਸ਼ ਅਤੇ ਸਿਆਸੀ ਸੰਜੀਦਗੀ

ਪੰਜਾਬ ਕਾਂਗਰਸ ਦਾ ਕਲੇਸ਼ ਕਈ ਸਾਲਾਂ ਤੋਂ ਚਰਚਾ ਵਿਚ ਹੈ। ਇਸ ਕਲੇਸ਼ ਦਾ ਧੁਰਾ ਸੂਬੇ ਦੀ ਅਗਵਾਈ ਕਰਨ ਵਾਲੇ ਆਗੂ ਦੀ ਚੋਣ ਉਤੇ ਟਿਕਿਆ ਹੈ। ਇਹ ਸੁਆਲ ਵਾਰ ਵਾਰ ਸਾਹਮਣੇ ਆਉਂਦਾ ਹੈ ਕਿ ਕਿਸ ਦੀ ਪ੍ਰਧਾਨਗੀ ਵਿਚ ਸੂਬਾ ਕਾਂਗਰਸ ਇਕਮੁੱਠ ਹੋ ਸਕਦੀ ਹੈ ਜਾਂ ਹੁਕਮਰਾਨ ਧਿਰ ਨੂੰ ਟੱਕਰ ਦੇ ਸਕਦੀ ਹੈ। ਕਈ ਵਾਰ ਪ੍ਰਧਾਨ ਦੀ ਤਬਦੀਲੀ ਤੋਂ ਬਾਅਦ ਇਹ ਮਸਲਾ ਨਹੀਂ ਸੁਲਝਿਆ ਅਤੇ ਨਾ ਹੀ ਸੁਲਝਣ ਦੇ ਆਸਾਰ ਹਨ। ਇਸ ਵੇਲੇ ਤਕਰੀਬਨ ਅੱਧਾ ਦਰਜਨ ਸਾਬਕਾ ਸੂਬਾ ਕਾਂਗਰਸ ਪ੍ਰਧਾਨ ਹਨ ਅਤੇ ਇਸ ਤੋਂ ਜ਼ਿਆਦਾ ਦਾਅਵੇਦਾਰ ਹਨ। ਪੰਜਾਬ ਕਾਂਗਰਸ ਵਰਗੀ ਹਾਲਤ ਵਿਚੋਂ ਕਈ ਹੋਰ ਸੂਬਿਆਂ ਦੀਆਂ ਇਕਾਈਆਂ ਵੀ ਲੰਘ ਰਹੀਆਂ ਹਨ। ਕੇਂਦਰ ਵਿਚ ਗਾਂਧੀ ਪਰਿਵਾਰ ਤੋਂ ਇਲਾਵਾ ਹਾਲਤ ਤਕਰੀਬਨ ਪੰਜਾਬ ਨਾਲ ਮੇਲ ਖਾਂਦੀ ਹੈ। ਸਰਕਾਰ ਬਣਾਉਣ ਤੋਂ ਪਹਿਲਾਂ ਭਾਜਪਾ ਦੀ ਹਾਲਤ ਵੀ ਇਹੋ ਜਿਹੀ ਜਾਪਦੀ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਕਾਰਜਸ਼ੈਲੀ ਕਾਰਨ ਇਸ ਵੇਲੇ ਕੁਝ ਘੁਸਰ-ਮੁਸਰ ਤੋਂ ਇਲਾਵਾ ਭਾਜਪਾ ਇਕਮੁੱਠ ਜਾਪਦੀ ਹੈ। ਇਹ ਸੁਆਲ ਆਪਣੇ ਆਪ ਵਿਚ ਅਹਿਮ ਹੈ ਕਿ ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਦੀਆਂ ਮਿਸਾਲਾਂ ਨਾਲ ਭਾਜਪਾ ਅੰਦਰਲੇ ਸੁਆਲ ਕਦੋਂ ਤੱਕ ਘੁਸਰ-ਮੁਸਰ ਤੱਕ ਮਹਿਦੂਦ ਰਹਿ ਸਕਦੇ ਹਨ।



ਦਲਜੀਤ ਅਮੀ
ਫੋਨ: +1(253) 455-8932

ਪੰਜਾਬ ਕਾਂਗਰਸ ਦੀ ਹਾਲਤ ਦੀ ਪੜਚੋਲ ਨੂੰ ਜੇ ਪਾਰਟੀ ਸੰਕਟ ਤੱਕ ਮਹਿਦੂਦ ਕਰ ਲਿਆ ਜਾਵੇ ਤਾਂ ਸੁਆਲ ਹੋਰ ਹੈ। ਜੇ ਸੂਬਾ ਕਾਂਗਰਸ ਦੀ ਹਾਲਤ ਨੂੰ ਵਡੇਰੇ ਰੁਝਾਨ ਦੀ ਨੁਮਾਇੰਦਗੀ ਵਜੋਂ ਵਿਚਾਰਿਆ ਜਾਵੇ ਤਾਂ ਮਸਲਾ ਬਿਲਕੁਲ ਵੱਖਰਾ ਹੈ। ਸੂਬਾ ਕਾਂਗਰਸ ਦੇ ਸੰਕਟ ਨੂੰ ਸੁਲਝਾਉਣ ਲਈ ਕੀਤੀਆਂ ਪੇਸ਼ਬੰਦੀਆਂ ਦੀ ਪੜਚੋਲ ਸਿਆਸੀ ਰੁਝਾਨ ਦੀਆਂ ਰਮਜ਼ਾਂ ਖੋਲ੍ਹਣ ਦਾ ਕੰਮ ਕਰ ਸਕਦੀ ਹੈ। ਪੰਜਾਬ ਵਿਚ ਕਾਂਗਰਸ ਪਾਰਟੀ ਵੱਲੋਂ ਕਿਹੜੇ ਆਗੂਆਂ ਨੂੰ ਵਿਚਾਰਿਆ ਗਿਆ ਹੈ? ਇਨ੍ਹਾਂ ਨੂੰ ਵਿਚਾਰਨ ਦਾ ਤਰੀਕਾ ਕੀ ਰਿਹਾ ਹੈ? ਪੰਜਾਬ ਵਿਚ ਪ੍ਰਧਾਨ ਦੇ ਅਹੁਦੇ ਲਈ ਦਾਅਵੇਦਾਰੀ ਦੀ ਯੋਗਤਾ ਦਿੱਲੀ ਦੇ ਜਨਪਥ ਦੀ ਦਸ ਨੰਬਰ ਕੋਠੀ ਵਿਚੋਂ ਤੈਅ ਹੁੰਦੀ ਰਹੀ ਹੈ। ਹਰ ਵਾਰ ਕੇਂਦਰ ਵੱਲੋਂ ਕਿਸੇ ਨੁਮਾਇੰਦੇ ਨੂੰ ਕਲੇਸ਼ ਸੁਲਝਾਉਣ ਲਈ ਭੇਜਿਆ ਜਾਂਦਾ ਰਿਹਾ ਹੈ। ਵੱਖ ਵੱਖ ਧੜਿਆਂ ਦੇ ਨੁਮਾਇੰਦੇ ਆਪਣੀ ਦਾਅਵੇਦਾਰੀ ਪੇਸ਼ ਕਰਨ ਲਈ ਗਾਂਧੀ ਪਰਿਵਾਰ ਦੇ ਜੀਆਂ ਜਾਂ ਇਨ੍ਹਾਂ ਦੇ ਨਜ਼ਦੀਕੀਆਂ ਸਾਹਮਣੇ ਪੇਸ਼ ਹੁੰਦੇ ਰਹੇ ਹਨ। ਹਰ ਚੋਣ ਮੌਕੇ ਟਿਕਟਾਂ ਲੈਣ ਜਾਂ ਰੱਦ ਕਰਨ ਜਾਂ ਬਦਲਣ ਲਈ ਪੰਜਾਬ ਦੇ ਆਗੂਆਂ ਅਤੇ ਕਾਰਕੁਨਾਂ ਦੀ ਕਤਾਰਾਂ ਗਾਂਧੀ ਪਰਿਵਾਰ ਦੇ ਘਰਾਂ ਦੇ ਬਾਹਰ ਲੱਗਦੀਆਂ ਰਹੀਆਂ ਹਨ। ਹੁਣ ਤੱਕ ਇਹ ਵਿਚਾਰ ਤੱਕ ਨਹੀਂ ਕੀਤਾ ਗਿਆ ਕਿ ਕਾਂਗਰਸ ਪਾਰਟੀ ਦੇ ਸੰਵਿਧਾਨ ਮੁਤਾਬਕ ਸੂਬਾ ਪ੍ਰਧਾਨ ਦੀ ਚੋਣ ਕੀਤੀ ਜਾਵੇ। ਜੇ ਕਾਂਗਰਸ ਆਪਣੇ ਸੰਵਿਧਾਨ ਦੀ ਕਦਰ ਨਹੀਂ ਕਰਦੀ ਤਾਂ ਇਹ ਜਮਹੂਰੀ ਕਦਰਾਂ-ਕੀਮਤਾਂ ਦਾ ਸਤਿਕਾਰ ਕਿਵੇਂ ਕਰ ਸਕਦੀ ਹੈ?

ਪਿਛਲੇ ਵੀਹ ਸਾਲਾਂ ਵਿਚ ਸਿਆਸੀ ਘਰਾਣਿਆਂ ਜਾਂ ਗਾਂਧੀ ਪਰਿਵਾਰ ਦੇ ਵਫ਼ਾਦਾਰ ਆਗੂਆਂ ਨੂੰ ਸੂਬਾ ਪ੍ਰਧਾਨ ਬਣਾਇਆ ਗਿਆ ਹੈ। ਸਿਆਸੀ ਘਰਾਣਿਆਂ ਅਤੇ ਵਫ਼ਾਦਾਰੀਆਂ ਦੇ ਨਾਲ ਮੌਜੂਦਾ ਸਿਆਸਤ ਦੀਆਂ ਪ੍ਰਚਲਿਤ ਧਾਰਨਾਵਾਂ ਨੂੰ ਵੀ ਪੇਸ਼ ਕੀਤਾ ਜਾਂਦਾ ਰਿਹਾ ਹੈ। ਇਸ ਪੱਖੋਂ ਸ਼ਮਸ਼ੇਰ ਸਿੰਘ ਦੂਲੋ ਅਤੇ ਐਚ.ਐਸ. ਹੰਸਪਾਲ ਨੂੰ ਪ੍ਰਧਾਨ ਬਣਾਉਣ ਦੀ ਜੁਗਤ ਸਮਝੀ ਜਾ ਸਕਦੀ ਹੈ। ਹੁਣ ਤੱਕ ਸਾਬਕਾ ਮੁੱਖ ਮੰਤਰੀ ਅਤੇ ਸੂਬਾ ਕਾਂਗਰਸ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਦੀ ਦਾਅਵੇਦਾਰੀ ਨੂੰ ਪੇਸ਼ ਕਰਨ ਲਈ ਉਨ੍ਹਾਂ ਦਾ ਰਜਵਾੜਾ ਪਿਛੋਕੜ ਹੀ ਉਘਾੜ ਕੇ ਪੇਸ਼ ਕੀਤਾ ਜਾਂਦਾ ਹੈ। ਹੁਣ ਸੁਆਲ ਸਰਬ ਸਾਂਝਾ ਉਮੀਦਵਾਰ ਲੱਭਣ ਲਈ ਪੰਜਾਬੀ ਬੋਲਣ ਵਾਲੇ ਸੂਬੇ ਤੋਂ ਬਾਹਰਲੇ ਆਗੂ ਤੱਕ ਪਹੁੰਚ ਗਿਆ ਹੈ। ਇਸ ਦੌਰਾਨ ਸੂਬੇ ਵਿਚ ਪ੍ਰਧਾਨ ਦੀ ਚੋਣ ਕਰਵਾਉਣ ਜਾਂ ਕਾਰਕੁਨਾਂ ਦੀ ਪਸੰਦ ਜਾਣਨ ਦਾ ਸੁਆਲ ਤੱਕ ਨਹੀਂ ਆਇਆ। ਹੁਣ ਸੁਆਲ ਇਹ ਆਉਂਦਾ ਹੈ ਕਿ ਜੇ ਕਾਂਗਰਸ ਸਿਆਸੀ ਘਰਾਣਿਆਂ ਜਾਂ ਵਫ਼ਾਦਾਰੀਆਂ ਤੋਂ ਬਾਹਰ ਪ੍ਰਧਾਨ ਦੀ ਭਾਲ ਤੱਕ ਨਹੀਂ ਕਰਦੀ ਤਾਂ ਇਸ ਦਾ ਜਮਹੂਰੀਅਤ ਨਾਲ ਕੀ ਰਿਸ਼ਤਾ ਬਣਦਾ ਹੈ?

ਸੂਬਾ ਕਾਂਗਰਸ ਵਿਚ ਇਕਮੁੱਠਤਾ ਦੀ ਦਲੀਲ ਦਾ ਹਵਾਲਾ ਬਹੁਤ ਦਿਲਚਸਪ ਹੈ। ਇਹ ਧਾਰਨਾ ਵਾਰ ਵਾਰ ਪੇਸ਼ ਕੀਤਾ ਜਾਂਦੀ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਏਕਾ ਜ਼ਰੂਰੀ ਹੈ, ਕਿਉਂਕਿ ਏਕੇ ਤੋਂ ਬਿਨਾਂ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ। ਪ੍ਰਧਾਨ ਦਾ ਅਹੁਦਾ ਚੋਣਾਂ ਨੂੰ ਮੁਖ਼ਾਤਬ ਹੈ ਅਤੇ ਇਸੇ ਤਰਜ਼ ਉਤੇ ਮੁੱਖ ਮੰਤਰੀ ਦੀ ਕੁਰਸੀ ਉਤੇ ਦਾਅਵੇਦਾਰੀ ਬਣਨੀ ਹੈ। ਇਸ ਦਲੀਲ ਨਾਲ ਕਾਂਗਰਸ ਦੀ ਸਿਆਸਤ ਸਮਝੀ ਜਾ ਸਕਦੀ ਹੈ। ਕਾਂਗਰਸ ਸੂਬੇ ਦੇ ਮਸਲੇ ਪੇਸ਼ ਕਰਨ ਜਾਂ ਲੋਕ ਮਸਲਿਆਂ ਉਤੇ ਲਾਮਬੰਦੀ ਲਈ ਇਕਮੁੱਠ ਕਿਉਂ ਨਹੀਂ ਹੋਣਾ ਚਾਹੁੰਦੀ? ਕੀ ਲੋਕਾਂ ਨੂੰ ਮੁਖ਼ਾਤਬ ਹੋ ਕੇ ਸਰਕਾਰ ਬਣਾਉਣ ਦੀ ਦਾਅਵੇਦਾਰੀ ਬਿਹਤਰ ਢੰਗ ਨਾਲ ਪੇਸ਼ ਨਹੀਂ ਹੋ ਸਕਦੀ? ਦਰਅਸਲ ਸੂਬੇ ਦੇ ਆਗੂਆਂ ਨੂੰ ਲੱਗਦਾ ਹੈ ਕਿ ਮੁੱਖ ਮੰਤਰੀ, ਮੰਤਰੀਆਂ, ਸੰਤਰੀਆਂ ਅਤੇ ਪ੍ਰਧਾਨਗੀਆਂ ਦੇ ਅਹੁਦੇ ਵਫ਼ਾਦਾਰੀਆਂ ਅਤੇ ਸਿਆਸੀ ਘਰਾਣਿਆਂ ਨੂੰ ਬਖ਼ਸ਼ਿਸ਼ ਵਿਚ ਮਿਲਣੇ ਹਨ। ਇਸ ਲਈ ਲੋਕਾਂ ਨਾਲ ਭਾਦੋਂ ਦੀਆਂ ਧੁੱਪਾਂ ਸੇਕਣ ਅਤੇ ਨਲਕੇ ਦਾ ਪਾਣੀ ਪੀਣ ਦਾ ਕੀ ਫਾਇਦਾ ਹੈ? ਜੇ ਸੂਬੇ ਦਾ ਪੁਰਾਣਾ ਪੋਚ ਸੋਨੀਆ ਗਾਂਧੀ ਨਾਲ ਨੇੜਤਾ ਪਾਲਣ ਦੀ ਚਾਰਾਜੋਈ ਕਰਦਾ ਹੈ, ਤਾਂ ਨਵਾਂ ਪੋਚ ਰਾਹੁਲ ਗਾਂਧੀ ਰਾਹੀਂ ਆਪਣਾ ਕੱਦ ਉਚਾ ਕਰਨ ਦਾ ਉਪਰਾਲਾ ਕਰਦਾ ਹੈ।

ਵਿਧਾਨ ਸਭਾ ਵਿਚ ਕਾਰਗੁਜ਼ਾਰੀ ਪੰਜਾਬ ਕਾਂਗਰਸ ਦੀ ਇਸੇ ਸੰਕਟ ਦੀ ਕੜੀ ਹੈ। ਜੇ ਸੂਬੇ ਵਿਚ ਕਾਂਗਰਸ ਜਿੱਤਦੀ ਹੈ ਤਾਂ ਮੁੱਖ ਮੰਤਰੀ ਬਣਨ ਦੇ ਦਾਅਵੇਦਾਰ ਕਈ ਹਨ। ਸੂਬਾ ਕਾਂਗਰਸ ਦੇ ਪ੍ਰਧਾਨ ਬਣਨ ਲਈ ਦਰਜਨਾਂ ਆਗੂ ਸੂਈ ਦੇ ਨੱਕੇ ਵਿਚੋਂ ਨਿਕਲਣ ਲਈ ਤਿਆਰ ਹਨ; ਪਰ ਜਦੋਂ ਸਭ ਤੋਂ ਵੱਡੀ ਵਿਰੋਧੀ ਧਿਰ ਵਜੋਂ ਵਿਧਾਨ ਸਭਾ ਵਿਚ ਆਗੂ ਬਣਨ ਦਾ ਸੁਆਲ ਹੈ ਤਾਂ ਮੁੱਖ ਮੰਤਰੀ ਦੇ ਦਾਅਵੇਦਾਰ ਗੁੰਮਨਾਮ ਵਿਧਾਇਕ ਰਹਿਣਾ ਪਸੰਦ ਕਰਦੇ ਹਨ। ਜੇ ਉਹ ਮੁੱਖ ਮੰਤਰੀ ਬਣਦੇ ਤਾਂ ਉਨ੍ਹਾਂ ਨੇ ਸੂਬੇ ਨੂੰ ਕਿਸੇ ਰਾਹ ਲਿਜਾਣਾ ਸੀ। ਕੀ ਉਨ੍ਹਾਂ ਦੀ ਫ਼ਰਜ਼ ਨਹੀਂ ਬਣਦਾ ਕਿ ਉਸੇ ਰਾਹ ਦੀਆਂ ਧਾਰਨਾਵਾਂ ਉਤੇ ਮੌਜੂਦਾ ਸਰਕਾਰ ਦੀ ਜੁਆਬ-ਤਲਬੀ ਕੀਤੀ ਜਾਵੇ। ਜੇ ਉਨ੍ਹਾਂ ਕੋਲ ਸੂਬੇ ਨੂੰ ਅੱਗੇ ਲਿਜਾਣ ਦਾ ਵਿਚਾਰ ਹੈ ਤਾਂ ਸਰਕਾਰ ਦੀ ਜਵਾਬਦੇਹੀ ਤੈਅ ਕਰਨ ਦਾ ਕੰਮ ਉਨ੍ਹਾਂ ਤੋਂ ਬਿਹਤਰ ਕੌਣ ਕਰ ਸਕਦਾ ਹੈ? ਜੇ ਮੁੱਖ ਮੰਤਰੀ ਦੇ ਦਾਅਵੇਦਾਰ ਵਿਰੋਧੀ ਧਿਰ ਦੇ ਆਗੂ ਦੀ ਭੂਮਿਕਾ ਨਿਭਾਉਣ ਤੋਂ ਭੱਜਦੇ ਹਨ ਤਾਂ ਇਸ ਨੂੰ ਕੀ ਕਿਹਾ ਜਾਵੇ? ਕੀ ਉਨ੍ਹਾਂ ਦੀ ਸਿਆਸੀ ਸੰਜੀਦਗੀ ਸੁਆਲਾਂ ਦੇ ਘੇਰੇ ਵਿਚ ਨਹੀਂ ਹੈ?

ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਸੁਨੀਲ ਜਾਖੜ ਯੋਗ ਆਗੂ ਹਨ। ਉਨ੍ਹਾਂ ਦੀ ਯੋਗਤਾ ਵਿਚ ਸਿਆਸੀ ਘਰਾਣਾ ਅਤੇ ਵਫ਼ਾਦਾਰੀ ਸ਼ਾਮਿਲ ਹਨ। ਇਹ ਸਭ ਜਾਣਦੇ ਹਨ ਕਿ ਸੁਨੀਲ ਜਾਖੜ ਦੇ ਸੂਬਾ ਕਾਂਗਰਸ ਦਾ ਪ੍ਰਧਾਨ ਬਣਨ ਦੀ ਸੰਭਾਵਨਾ ਨਾਂ-ਮਾਤਰ ਹੈ ਅਤੇ ਮੁੱਖ ਮੰਤਰੀ ਬਣਨ ਦਾ ਸੁਆਲ ਬਹੁਤ ਔਖਾ ਹੈ। ਇਨ੍ਹਾਂ ਹਾਲਾਤ ਵਿਚ ਉਨ੍ਹਾਂ ਨੂੰ ਵਿਰੋਧੀ ਧਿਰ ਦਾ ਆਗੂ ਬਣਾਏ ਜਾਣ ਨਾਲ ਭਾਰੂ ਰੁਝਾਨ ਦੀ ਤਸਦੀਕ ਹੁੰਦੀ ਹੈ। ਇਹ ਦਰਅਸਲ ਗ਼ਰੀਬ ਦੇ ਜੁਆਕ ਵੱਲੋਂ ਲੰਬੜਦਾਰ ਦੀ ਦਾਅਵੇਦਾਰੀ ਬਾਬਤ ਕੀਤੇ ਸੁਆਲ ਵਰਗੀ ਗੱਲ ਹੈ। ਕਾਂਗਰਸ ਦਾ ਸੁਨੇਹਾ ਹੈ ਕਿ ਕਿਸੇ ਵੀ ਹਾਲਤ ਵਿਚ ਵੱਡਾ ਅਹੁਦਾ ਸਿਆਸੀ ਘਰਾਣੇ ਅਤੇ ਵਫ਼ਾਦਾਰੀ ਤੋਂ ਬਾਹਰ ਨਹੀਂ ਜਾ ਸਕਦਾ।

> ***ਪੰਜਾਬ ਕਾਂਗਰਸ ਦੀ ਹਾਲਤ ਵਡੇਰੇ ਮਸਲੇ ਦੀ ਨੁਮਾਇੰਦਗੀ ਕਰਦੀ ਹੈ। ਇਹ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਦੇ ਸਿਆਸੀ ਘਰਾਣਿਆਂ ਦੀ ਜਮਹੂਰੀਅਤ ਨੂੰ ਦਿੱਤੀ ਤਿਲਾਂਜਲੀ ਦੀ ਲਖਾਇਕ ਹੈ। ਜੇ ਅਜਿਹਾ ਨਹੀਂ ਤਾਂ ਇਹ ਤਜਵੀਜ਼ ਪੇਸ਼ ਕਰਨ ਲਈ ਕਿਹੜਾ ਤਾਰਾ ਵਿਗਿਆਨ ਦਾ ਮਾਹਰ ਹੋਣ ਦੀ ਲੋੜ ਹੈ ਕਿ ਹੇਠਲੇ ਪੱਧਰ ਤੋਂ ਚੋਣਾਂ ਕਰਵਾ ਲਈਆਂ ਜਾਣ।***

ਇਨ੍ਹਾਂ ਹਾਲਾਤ ਵਿਚ ਸੂਬਾ ਕਾਂਗਰਸ ਦਾ ਸੰਕਟ ਇਸ ਦੇ ਆਗੂਆਂ ਦੀ ਹਉਮੈ ਦਾ ਮਸਲਾ ਨਹੀਂ ਹੈ। ਇਹ ਕਾਂਗਰਸ ਉਤੇ ਕਾਬਜ਼ ਗ਼ੈਰ-ਜਮਹੂਰੀ ਰੁਝਾਨ ਦੀ ਨੁਮਾਇੰਦਗੀ ਕਰਦਾ ਹੈ ਜੋ ਚੋਣਾਂ ਰਾਹੀਂ ਸਰਕਾਰ ਬਣਾ ਕੇ ਜਮਹੂਰੀਅਤ ਨੂੰ 'ਮਜ਼ਬੂਤ' ਕਰਨਾ ਚਾਹੁੰਦਾ ਹੈ ਪਰ ਪਾਰਟੀ ਅੰਦਰਲੀ ਜਮਹੂਰੀਅਤ ਨੂੰ ਖੱਲਾਂ-ਖੂੰਜਿਆਂ ਵਿਚ ਵੀ ਬਰਦਾਸ਼ਤ ਨਹੀਂ ਕਰ ਸਕਦਾ। ਇਹ ਸਿਆਸੀ ਘਰਾਣਿਆਂ ਅਤੇ ਵਫ਼ਾਦਾਰੀਆਂ ਦੀ ਬੋਲੀ ਨੂੰ ਜਮਹੂਰੀਅਤ ਕਰਾਰ ਦਿੰਦਾ ਹੈ। ਇਸ ਦਾ ਦੂਜਾ ਪੱਖ ਇਸ ਰੁਝਾਨ ਨੂੰ ਕਾਂਗਰਸ ਪਾਰਟੀ ਤੋਂ ਵਡੇਰਾ ਸਾਬਤ ਕਰਦਾ ਹੈ। ਜੇ ਪਾਰਟੀ ਵਿਚ ਆਗੂਆਂ ਦੀ ਯੋਗਤਾ ਸਿਆਸੀ ਘਰਾਣਿਆਂ ਅਤੇ ਵਫ਼ਾਦਾਰੀਆਂ ਨੇ ਤੈਅ ਕਰਨੀ ਹੈ ਤਾਂ ਸਰਕਾਰਾਂ ਵੀ ਇਸੇ ਤਬਕੇ ਦੇ ਨੁਮਾਇੰਦਿਆਂ ਨੇ ਚਲਾਉਣੀਆਂ ਹਨ। ਮਾਮਲਾ ਸਾਫ਼ ਹੈ ਕਿ ਬਾਕੀ ਆਵਾਮ ਨੂੰ 'ਲੋਕਾਂ ਦੀ, ਲੋਕਾਂ ਰਾਹੀਂ ਤੇ ਲੋਕਾਂ ਲਈ' ਸਰਕਾਰ ਦੀ ਨੁਮਾਇੰਦਗੀ ਵਿਚੋਂ ਬਾਹਰ ਕਰ ਦਿੱਤਾ ਗਿਆ ਹੈ।

ਕਾਂਗਰਸ ਇਸ ਰੁਝਾਨ ਦੀ ਸਭ ਤੋਂ ਜ਼ਿਆਦਾ ਸ਼ਿਕਾਰ ਹੈ ਕਿਉਂਕਿ ਇਸ ਕੋਲ 'ਇਕਮੁੱਠ' ਕਰਨ ਵਾਲੀ ਸਰਕਾਰੀ ਸਰਪ੍ਰਸਤੀ ਨਹੀਂ ਹੈ। ਕਈ ਖੇਤਰੀ ਪਾਰਟੀਆਂ ਉਤੇ ਸਿਆਸੀ ਘਰਾਣਿਆਂ ਦੇ ਮੂੰਹਜ਼ੋਰ ਕਬਜ਼ੇ ਨਾਲ 'ਵਫ਼ਾਦਾਰੀਆਂ' ਦਾ ਏਕਾ ਕਾਇਮ ਹੈ, ਪਰ ਇਸ ਏਕੇ ਉਤੇ ਸਰਕਾਰਾਂ ਦੀ ਤਬਦੀਲੀ ਜਾਂ ਪੀੜ੍ਹੀ ਦੇ ਬਦਲਣ ਨਾਲ ਸੁਆਲ ਆਉਣੇ ਹਨ। ਇਹ ਸੁਆਲ ਜੰਮੂ ਕਸ਼ਮੀਰ ਤੋਂ ਪੰਜਾਬ, ਹਰਿਆਣੇ, ਉਤਰ ਪ੍ਰਦੇਸ਼ ਰਾਹੀਂ ਤਾਮਿਲਨਾਡੂ ਤੱਕ ਪੁੱਛੇ ਜਾਣੇ ਹਨ। ਇਨ੍ਹਾਂ ਖੇਤਰੀ ਪਾਰਟੀਆਂ ਦੀਆਂ ਜ਼ਿਲ੍ਹਾ ਇਕਾਈਆਂ ਵਿਚ ਸੂਬਾ ਕਾਂਗਰਸ ਵਾਲਾ ਕਲੇਸ਼ ਹੈ। ਇਹ ਕਲੇਸ਼ ਵੀ ਚੋਣਾਂ ਰਾਹੀਂ ਨਹੀਂ, ਸਗੋਂ ਸਿਆਸੀ ਘਰਾਣਿਆਂ ਜਾਂ ਵਫ਼ਾਦਾਰੀਆਂ ਰਾਹੀਂ ਪਾਰਟੀ ਪ੍ਰਧਾਨ ਤੈਅ ਕਰਦੇ ਹਨ। ਇਸ ਤਰ੍ਹਾਂ ਪੰਜਾਬ ਕਾਂਗਰਸ ਦੀ ਮੌਜੂਦਾ ਹਾਲਤ ਕਿਤੇ ਵਡੇਰੇ ਮਸਲੇ ਦੀ ਨੁਮਾਇੰਦਗੀ ਕਰਦੀ ਹੈ। ਇਹ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਦੇ ਸਿਆਸੀ ਘਰਾਣਿਆਂ ਦੀ ਜਮਹੂਰੀਅਤ ਨੂੰ ਦਿੱਤੀ ਤਿਲਾਂਜਲੀ ਦੀ ਲਖਾਇਕ ਹੈ। ਜੇ ਅਜਿਹਾ ਨਹੀਂ ਹੈ ਤਾਂ ਇਹ ਤਜਵੀਜ਼ ਪੇਸ਼ ਕਰਨ ਲਈ ਕਿਹੜਾ ਤਾਰਾ ਵਿਗਿਆਨ ਦਾ ਮਾਹਰ ਹੋਣ ਦੀ ਲੋੜ ਹੈ ਕਿ ਹੇਠਲੇ ਪੱਧਰ ਤੋਂ ਚੋਣਾਂ ਕਰਵਾ ਲਈਆਂ ਜਾਣ। ਜਦੋਂ ਇਹ ਤਜਵੀਜ਼ ਮੰਗ ਵਜੋਂ ਵੀ ਪੇਸ਼ ਨਹੀਂ ਹੁੰਦੀ ਤਾਂ ਜਮਹੂਰੀਅਤ ਦੇ ਨਾਮ ਉਤੇ ਹੁੰਦੀ ਸਿਆਸਤ ਵਿਚੋਂ ਸੰਜੀਦਗੀ ਮਨਫ਼ੀ ਹੋ ਜਾਂਦੀ ਹੈ। ਜਦੋਂ ਭਾਜਪਾ ਭਾਰਤ ਵਿਚ ਚੋਣਾਂ ਇਕ ਬੰਦੇ ਦੇ ਨਾਮ ਉਤੇ ਲੜਦੀ ਹੈ ਤਾਂ ਉਹ ਇਸੇ ਰੁਝਾਨ ਦੀ ਤਸਦੀਕ ਕਰਦੀ ਹੈ ਕਿ ਜਮਹੂਰੀਅਤ ਸੰਵਿਧਾਨ ਵਿਚ ਦਰਜ ਧਾਰਨਾ ਮਾਤਰ ਹੈ। ਜਦੋਂ ਉਹ ਸੰਘ ਨੂੰ ਪਰਿਵਾਰ ਵਜੋਂ ਪੇਸ਼ ਕਰਦੀ ਹੈ ਤਾਂ ਰਾਸ਼ਟਰੀ ਸਵੈਮਸੇਵਕ ਸੰਘ ਨੂੰ ਘਰਾਣੇ ਵਾਂਗ ਸਾਹਮਣੇ ਲਿਆਉਂਦੀ ਹੈ। ਇਸ ਘਰਾਣੇ ਵਿਚ ਯੋਗਤਾ ਸੰਘ ਦੀ ਵਫ਼ਾਦਾਰੀ ਨਾਲ ਤੈਅ ਹੁੰਦੀ ਹੈ ਅਤੇ ਸੰਵਿਧਾਨ ਕੋਈ ਮਾਅਨੇ ਨਹੀਂ ਰੱਖਦਾ। ਇਸੇ ਲਈ ਤਾਂ ਸੰਘ ਦੇ ਨੁਮਾਇੰਦੇ 'ਅੱਠ ਸੌ ਸਾਲ ਬਾਅਦ ਹਿੰਦੂ ਰਾਜ ਦੀ ਵਾਪਸੀ' ਦਾ ਐਲਾਨ ਕਰਦੇ ਹਨ ਅਤੇ 'ਤਿਰੰਗੇ ਝੰਡੇ ਨੂੰ ਕੇਸਰੀ ਬਣਾਉਣ' ਦੀ ਦਲੀਲ ਪੇਸ਼ ਕਰਦੇ ਹਨ।

ਪੰਜਾਬ ਕਾਂਗਰਸ ਦਾ ਮੌਜੂਦਾ ਸੰਕਟ ਕਿਸੇ ਵਕਤੀ ਤਣ-ਪੱਤਣ ਲੱਗ ਸਕਦਾ ਹੈ। ਸਿਆਸੀ ਘਰਾਣਿਆਂ ਅਤੇ ਵਫ਼ਾਦਾਰੀਆਂ ਵਿਚ ਮਜਬੂਰੀਆਂ ਜਾਂ ਖ਼ੁਦਗਰਜ਼ੀਆਂ ਦੇ ਹਵਾਲੇ ਨਾਲ ਸਮਝੌਤਾ ਹੋ ਸਕਦਾ ਹੈ ਪਰ ਇਸ ਨਾਲ ਜਮਹੂਰੀਅਤ ਦੇ ਉਖੜੇ ਪੈਰ ਨਹੀਂ ਲੱਗਣੇ। ਆਪਣੇ ਅੰਦਰਲੀ ਜਮਹੂਰੀਅਤ ਨੂੰ ਖ਼ਤਮ ਕਰਨ ਉਤੇ ਸਹਿਮਤ ਪਾਰਟੀਆਂ ਮੁਲਕ ਵਿਚ ਜਮਹੂਰੀਅਤ ਬਾਰੇ ਕਿੰਨਾ ਕੁ ਸੰਜੀਦਾ ਹੋ ਸਕਦੀਆਂ ਹਨ। ਕਾਂਗਰਸ ਦੇ ਕਲੇਸ਼ ਦਾ ਫਾਇਦਾ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੂੰ ਹੋ ਸਕਦਾ ਹੈ, ਪਰ ਇਸ ਨਾਲ ਜਮਹੂਰੀਅਤ ਦਾ ਕੁਝ ਸੰਵਰਦਾ ਨਹੀਂ ਜਾਪਦਾ। ਕੀ ਸਿਆਸੀ ਪਾਰਟੀਆਂ ਨੇ ਜਮਹੂਰੀਅਤ ਖ਼ਿਲਾਫ਼ ਸਾਂਝਾ ਮੁਹਾਜ਼ ਬਣਾ ਲਿਆ ਹੈ?

# ਮਾਓਵਾਦੀ ਲਹਿਰ

## ਵਕਤ ਦੀਆਂ ਹਕੀਕਤਾਂ ਦੇ ਰੂ-ਬ-ਰੂ

*ਮਾਓਵਾਦੀ ਲਹਿਰ 1960ਵਿਆਂ ਦੇ ਅਖੀਰ ਜਿਹੇ ਵਿਚ ਪੱਛਮੀ ਬੰਗਾਲ ਦੇ ਨਿੱਕੇ ਜਿਹੇ ਪਿੰਡ ਨਕਸਲਬਾੜੀ ਵਿਚ ਵਾਪਰੀ ਘਟਨਾ ਤੋਂ ਬਾਅਦ ਸ਼ੁਰੂ ਹੋਈ ਸੀ। ਇਸ ਪਿੰਡ ਦੇ ਨਾਂ 'ਤੇ ਹੀ ਇਸ ਲਹਿਰ ਦਾ ਨਾਮਕਰਨ ਹੋ ਗਿਆ। ਦਿਨਾਂ-ਮਹੀਨਿਆਂ ਵਿਚ ਹੀ ਲਹਿਰ ਨੇ ਮੁਲਕ ਭਰ ਦੇ ਨੌਜਵਾਨਾਂ ਨੂੰ ਆਪਣੇ ਵੱਲ ਖਿੱਚ ਲਿਆ ਸੀ। ਇਹ ਅਸਲ ਵਿਚ ਆਜ਼ਾਦ ਭਾਰਤ ਸਰਕਾਰ ਦੀਆਂ ਨਾਕਾਮੀਆਂ ਖਿਲਾਫ ਵੱਡੀ ਬਗਾਵਤ ਸੀ। ਬਾਅਦ ਵਿਚ ਸਰਕਾਰੀ ਜਬਰ ਅਤੇ ਲਹਿਰ ਦੀਆਂ ਆਪਣੀਆਂ ਕਮੀਆਂ-ਕਮਜ਼ੋਰੀਆਂ ਕਰ ਕੇ ਇਹ ਲਹਿਰ ਫੁੱਟ ਦਾ ਸ਼ਿਕਾਰ ਹੋ ਗਈ, ਪਰ ਇਨਕਲਾਬ ਦਾ ਸੁਪਨਾ ਲੈਣ ਵਾਲਿਆਂ ਨੇ ਆਪਣੀ ਤਾਕਤ ਇਕੱਠੀ ਕਰ ਕੇ ਹੰਭਲਾ ਮਾਰਨ ਦਾ ਯਤਨ ਕਦੀ ਨਹੀਂ ਛੱਡਿਆ। ਕਈ ਕਿਸਮ ਦੇ ਉਤਰਾਵਾਂ-ਚੜ੍ਹਾਵਾਂ ਤੋਂ ਬਾਅਦ 2004 ਵਿਚ ਇਸ ਲਹਿਰ ਨੂੰ ਭਰਵਾਂ ਹੁਲਾਰਾ ਮਿਲਿਆ। ਉਦੋਂ ਸੀ.ਪੀ.ਆਈ.(ਐਮ.ਐਲ.)-ਪੀਪਲਜ਼ ਵਾਰ ਅਤੇ ਐਮ.ਸੀ.ਸੀ. ਦੇ ਰਲੇਵੇਂ ਨਾਲ ਸੀ.ਪੀ.ਆਈ. (ਮਾਓਵਾਦੀ) ਹੋਂਦ ਵਿਚ ਆਈ। ਇਸ ਜਥੇਬੰਦੀ ਦੀ ਅਗਵਾਈ ਵਿਚ ਚੱਲ ਰਹੀ ਲਹਿਰ, ਅੱਜ ਭਾਰਤੀ ਹਕੂਮਤ ਲਈ ਵੱਡੀ ਵੰਗਾਰ ਬਣ ਕੇ ਟੱਕਰ ਰਹੀ ਹੈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ ਲਹਿਰ ਦਾ ਤਾਣ ਸਰਕਾਰ ਤੋਂ ਟੁੱਟ ਨਹੀਂ ਰਿਹਾ। ਇਸ ਲਹਿਰ ਦੇ ਲਗਾਤਾਰ ਕਾਇਮ ਰਹਿਣ ਦੇ ਕੁਝ ਰਾਜ਼ ਪਰਮਜੀਤ ਰੋਡੇ ਨੇ ਆਪਣੇ ਇਸ ਲੇਖ ਵਿਚ ਜਾਹਰ ਕੀਤੇ ਹਨ। -ਸੰਪਾਦਕ*

ਮਾਓਵਾਦੀਆਂ (ਨਕਸਲਵਾਦੀਆਂ) ਦੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਹਰ ਰੋਜ਼ ਕੁਝ ਨਾ ਕੁਝ ਨਵਾਂ ਵਾਪਰਦਾ ਹੈ। ਅੱਜ ਕੱਲ੍ਹ ਝਾੜਖੰਡ ਦੇ ਤਿਸਕੋਪੀ ਇਲਾਕੇ ਵਿਚ 'ਹਰੀਜਨ ਆਦਿਵਾਸੀ ਹਾਈ ਸਕੂਲ' ਲੋਕਾਂ ਅਤੇ ਸੁਰੱਖਿਆ ਬਲਾਂ ਵਿਚ ਕਸ਼ੀਦਗੀ ਦਾ ਅਖਾੜਾ ਬਣਿਆ ਹੋਇਆ ਹੈ। ਸੰਕਟ ਉਦੋਂ ਸ਼ੁਰੂ ਹੋਇਆ ਜਦੋਂ ਸਕੂਲ ਅਧਿਆਪਕਾਂ ਦੇ ਵਿਰੋਧ ਦੇ ਬਾਵਜੂਦ 27 ਜੁਲਾਈ, 2015 ਨੂੰ ਸੀ.ਆਰ.ਪੀ.ਐਫ. ਅਤੇ ਪੁਲਿਸ ਨੇ ਅਚਾਨਕ, ਸਕੂਲ ਉਤੇ ਕਬਜ਼ਾ ਕਰ ਕੇ ਇਸ ਨੂੰ ਪੁਲਿਸ ਚੌਕੀ ਵਿਚ ਤਬਦੀਲ ਕਰ ਲਿਆ। ਅਧਿਆਪਕਾਂ ਦੇ ਪੁੱਛਣ 'ਤੇ ਜਵਾਬ ਸੀ, 'ਮਾਓਵਾਦੀਆਂ ਨੂੰ ਦਬੋਚਣ ਤੇ ਖਤਮ ਕਰਨ' ਲਈ ਇੰਜ ਕਰਨਾ ਬੇਹੱਦ ਜ਼ਰੂਰੀ ਹੈ। ਫਿਰ ਕੀ ਸੀ, ਹੈਡਮਾਸਟਰ ਨੇ ਅਣਮਿਥੇ ਸਮੇਂ ਲਈ ਵਿਦਿਆਰਥੀਆਂ ਨੂੰ ਘਰੋ-ਘਰੀ ਭੇਜ ਦਿੱਤਾ।

ਇਕ ਵਾਰ ਤਾਂ ਸਕੂਲ ਬੰਦ ਹੋ ਗਿਆ, ਪਰ ਅਧਿਆਪਕ, ਵਿਦਿਆਰਥੀ ਅਤੇ ਮਾਪੇ ਇਸ ਨੂੰ

**ਪਰਮਜੀਤ ਰੋਡੇ**
**ਫੋਨ: 510-501-4191**

ਮੁੜ ਖੁਲ੍ਹਵਾਉਣ ਲਈ ਬਜ਼ਿਦ ਹਨ। ਉਨ੍ਹਾਂ ਨੇ ਸਾਂਝੇ ਤੌਰ 'ਤੇ ਗਵਰਨਰ ਦਰੋਪਦੀ ਮੁਰਮੂ, ਮੁੱਖ ਮੰਤਰੀ ਰਘੂਬਰ ਦਾਸ ਅਤੇ ਪੁਲਿਸ ਅਫਸਰਾਂ ਨੂੰ ਲਿਖਤੀ ਅਪੀਲਾਂ ਕੀਤੀਆਂ ਕਿ ਸਕੂਲ ਵਿਚੋਂ ਸੁਰੱਖਿਆ ਬਲਾਂ ਦਾ ਡੇਰਾ ਚੁਕਵਾਇਆ ਜਾਵੇ, ਪਰ ਕਿਸੇ 'ਤੇ ਅਸਰ ਨਹੀਂ ਹੋਇਆ।

ਤੀਹ ਪਿੰਡਾਂ ਦੇ ਘੇਰੇ ਵਿਚ ਪੈਂਦਾ ਇਹ ਇਕੋ ਇਕ ਪ੍ਰਾਈਵੇਟ ਹਾਈ ਸਕੂਲ ਹੈ। 700 ਵਿਦਿਆਰਥੀਆਂ ਅਤੇ 15 ਅਧਿਆਪਕਾਂ ਵਾਲੇ ਇਸ ਸਕੂਲ ਦੀ ਇਮਾਰਤ ਲੋਕਾਂ ਨੇ ਆਪ ਫੰਡ ਇਕੱਠਾ ਕਰ ਕੇ ਬਣਵਾਈ ਸੀ। ਛੇ ਸਾਲ ਪਹਿਲਾਂ 2009 ਵਿਚ ਵੀ ਪੁਲਿਸ ਨੇ ਸਕੂਲ 'ਤੇ ਇਸੇ ਤਰ੍ਹਾਂ ਕਬਜ਼ਾ ਕਰ ਲਿਆ ਸੀ। ਜਦੋਂ ਪੁਲਿਸ ਨੇ ਕਬਜ਼ਾ ਛੱਡਿਆ ਤਾਂ ਮਾਓਵਾਦੀਆਂ ਨੇ ਸੱਤ ਵੱਡੇ ਧਮਾਕੇ ਕਰ ਕੇ ਬਿਲਡਿੰਗ ਹੀ ਉਡਾ ਦਿੱਤੀ ਤਾਂ ਜੋ ਪੁਲਿਸ ਇਸ ਦੀ ਦੁਬਾਰਾ ਵਰਤੋਂ ਨਾ ਕਰ ਸਕੇ। ਲੋਕਾਂ ਨੇ ਜਿਵੇਂ ਤਿਵੇਂ ਮੁੜ ਫੰਡ ਇਕੱਠਾ ਕਰ ਕੇ ਇਹ ਬਿਲਡਿੰਗ ਖੜ੍ਹੀ ਕਰ ਲਈ, ਪਰ ਸਰਕਾਰ ਨੇ ਇਕ ਪਾਈ ਵੀ ਨਹੀਂ ਸੀ ਦਿੱਤੀ। ਆਦਿਵਾਸੀਆਂ ਨੂੰ ਸਕੂਲ ਜਾਨ ਤੋਂ ਵੀ ਵੱਧ ਪਿਆਰਾ ਹੈ।

ਹੈਡਮਾਸਟਰ ਸੰਜੇ ਕੁਮਾਰ ਮਹਾਤੋ ਮੁਤਾਬਕ, ਉਹ ਬਹੁਤ ਔਖੀ ਘੜੀ ਵਿਚੋਂ ਲੰਘ ਰਹੇ ਹਨ। ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਤਾਂ ਹੋ ਹੀ ਰਿਹਾ ਹੈ, ਉਪਰੋਂ ਮਾਓਵਾਦੀਆਂ ਵੱਲੋਂ ਧਮਕੀਆਂ ਵੀ ਆ ਰਹੀਆਂ ਹਨ ਕਿ ਜਾਂ ਤਾਂ ਇਨ੍ਹਾਂ ਖਾਕੀ ਵਰਦੀ ਵਾਲਿਆਂ ਨੂੰ ਸਕੂਲ ਵਿਚੋਂ ਬਾਹਰ ਕੱਢੋ, ਨਹੀਂ ਤਾਂ ਸਿੱਟੇ ਭੁਗਤਣ ਲਈ ਤਿਆਰ ਰਹੋ। ਲੋਕਾਂ ਦੀ ਬੇਚੈਨੀ ਤੇ ਗੁੱਸੇ ਵਿਚ ਹੋਰ ਵਾਧਾ ਉਦੋਂ ਹੋਇਆ ਜਦੋਂ ਡੀ.ਆਈ.ਜੀ. ਸ਼ੰਭੂ ਠਾਕੁਰ ਨੇ ਇਹ ਬਿਆਨ ਦਾਗ ਦਿੱਤਾ ਕਿ ਉਹ ਸ਼ਾਂਤੀ ਸਥਾਪਤ ਕਰਨ ਆਏ ਹਨ ਤੇ ਛੇਤੀ ਹੀ ਮਾਓਵਾਦੀਆਂ ਨੂੰ ਖਤਮ ਕਰ ਦੇਣਗੇ। ਜੇ ਮਾਓਵਾਦੀ ਹੀ ਨਾ ਰਹੇ ਤਾਂ ਖਤਰਾ ਕਿਸ ਤੋਂ? ਪਰ ਜ਼ਮੀਨੀ ਹਕੀਕਤਾਂ ਕੀ ਹਨ ਤੇ ਡੀ.ਆਈ.ਜੀ. ਦੇ ਬਿਆਨ ਵਿਚ ਕਿੰਨਾ ਕੁ ਦਮ ਹੈ, ਇਸ ਨੂੰ ਸਥਾਨਕ ਲੋਕਾਂ ਤੋਂ ਵੱਧ ਹੋਰ ਕੌਣ ਜਾਣ ਸਕਦਾ ਹੈ? ਉਂਜ ਵੀ ਵਿਦਿਆਰਥੀਆਂ ਲਈ ਤਾਂ ਪਹਿਲਾਂ ਵੀ ਸ਼ਾਂਤੀ ਹੀ ਸੀ। ਉਹ ਤਾਂ ਪਿਛਲੇ ਛੇ ਸਾਲ ਤੋਂ ਨਿਰਵਿਘਨ ਪੜ੍ਹਾਈ ਕਰ ਰਹੇ ਸਨ। ਜੇ ਹੁਣ ਵਿਘਨ ਪਾਇਆ ਹੈ ਤਾਂ ਸਿਰਫ਼ ਪੁਲਿਸ ਨੇ।

ਅਸਲ ਵਿਚ ਮਾਓਵਾਦੀ (ਨਕਸਲੀ) ਲਹਿਰ ਸਰਕਾਰ ਅਤੇ ਸੁਰੱਖਿਆ ਬਲਾਂ ਲਈ ਅਜ ਵੱਡੀ ਚੁਣੌਤੀ ਬਣ ਚੁੱਕੀ ਹੈ। ਮੁਲਕ ਦੇ 10 ਸੂਬਿਆਂ (ਆਂਧਰਾ ਪ੍ਰਦੇਸ਼, ਤਿਲੰਗਾਨਾ, ਬਿਹਾਰ, ਛਤੀਸਗੜ੍ਹ, ਝਾੜਖੰਡ, ਮੱਧ ਪ੍ਰਦੇਸ਼, ਉੜੀਸਾ, ਯੂ.ਪੀ., ਪੱਛਮੀ ਬੰਗਾਲ ਤੇ ਮਹਾਂਰਾਸ਼ਟਰ) ਵਿਚ ਮਾਓਵਾਦੀ ਲਹਿਰ ਨੇ ਪੈਰ ਪਸਾਰ ਲਏ ਹਨ। ਇਨ੍ਹਾਂ ਸੂਬਿਆਂ ਦੇ ਇਕ-ਦੂਜੇ ਨਾਲ ਲੱਗਦੇ ਬਾਰਡਰ ਏਰੀਏ ਤਾਂ ਪੂਰੀ ਤਰ੍ਹਾਂ ਲਹਿਰ ਦੇ ਕਲਾਵੇ ਵਿਚ ਹਨ। ਇਨ੍ਹਾਂ ਵਿਚੋਂ ਕੁਝ ਖਿੱਤੇ ਤਾਂ ਅਜਿਹੇ ਹਨ ਜਿਥੇ ਮਾਓਵਾਦੀਆਂ ਨੇ ਆਪਣੀ ਸਮਾਨੰਤਰ ਸਰਕਾਰ ਬਣਾ ਲਈ ਹੈ ਜਿਸ ਨੂੰ ਉਹ ਜਨਤਕ ਸਰਕਾਰ ਦਾ ਨਾਂ ਦਿੰਦੇ ਹਨ।

ਇਸ ਵਕਤ ਮਾਓਵਾਦੀਆਂ ਕੋਲ ਆਪਣੀ ਮਜ਼ਬੂਤ ਅਤੇ ਪੂਰੇ ਜ਼ਬਤ ਵਾਲੀ ਬਾਕਾਇਦਾ ਗੁਰੀਲਾ ਫੌਜ ਹੈ। ਹਥਿਆਰਬੰਦ ਸੁਰੱਖਿਆ ਬਲਾਂ ਨੇ ਮਾਓਵਾਦੀਆਂ ਦੀ ਆਪਸੀ ਗੱਲਬਾਤ ਨੂੰ ਸੰਨ੍ਹ ਲਾ ਕੇ ਅੰਦਾਜ਼ਾ ਲਾਇਆ ਹੈ ਕਿ ਉਨ੍ਹਾਂ ਕੋਲ ਨੌਂ ਹਜ਼ਾਰ ਹਥਿਆਰਬੰਦ ਗੁਰੀਲੇ ਹਨ। ਉਘੇ ਪੱਤਰਕਾਰ ਗੌਤਮ ਨਵਲੱਖਾ ਨੇ ਮਾਓਵਾਦੀਆਂ ਦੇ ਪ੍ਰਭਾਵ ਵਾਲੇ ਇਲਾਕੇ ਦਾ ਦੌਰਾ ਕਰਨ ਪਿਛੋਂ ਦੱਸਿਆ ਹੈ ਕਿ ਮਾਓਵਾਦੀਆਂ ਕੋਲ 10 ਹਜ਼ਾਰ ਦੀ ਬਾਕਾਇਦਾ ਗੁਰੀਲਾ ਫੌਜ ਤੋਂ ਬਿਨਾ 38 ਹਜ਼ਾਰ ਮਲੀਸ਼ੀਆ ਹਨ ਜੋ ਨਿਪੁੰਨ ਤੀਰਅੰਦਾਜ਼ ਹਨ।

ਮਾਓਵਾਦੀ ਗੁਰੀਲਾ ਫੌਜ ਕੋਲ ਸਿਰਫ਼ 20% ਆਧੁਨਿਕ ਹਥਿਆਰ ਹਨ ਜੋ ਉਨ੍ਹਾਂ ਨੇ ਪੁਲਿਸ ਅਤੇ ਸੀ.ਆਰ.ਪੀ.ਐਫ. ਤੋਂ ਖੋਹੇ ਹਨ। ਬਾਕੀ 80% ਤਾਂ ਬਿਨਾਂ ਮਾਰਕਾ, ਦੇਸੀ ਬੰਬ-ਬੰਦੂਕਾਂ ਹੀ ਹਨ। ਇੰਡੋ-ਤਿਬਤ ਸਰਹੱਦੀ ਪੁਲਿਸ (ਆਈ.ਟੀ.ਬੀ.ਪੀ.) ਨੇ ਮਾਓਵਾਦੀਆਂ ਦੇ ਹਥਿਆਰਾਂ ਦਾ ਜ਼ਖੀਰਾ ਫੜਨ ਪਿਛੋਂ ਖੁਲਾਸਾ ਕੀਤਾ ਹੈ ਕਿ ਇਨ੍ਹਾਂ ਨੇ ਸ਼ਕਤੀਸ਼ਾਲੀ ਰਾਕਟ ਤਿਆਰ ਕਰ ਲਏ ਹਨ, ਪਰ ਉਨ੍ਹਾਂ ਕੋਲ ਚੰਗੀ ਕੁਆਲਿਟੀ ਦੇ ਰਾਕਟ-ਲਾਂਚਰ ਨਹੀਂ ਹਨ। ਰਾਕਟ-ਲਾਂਚਰ ਉਡਣ-ਮਸ਼ੀਨਾਂ (ਹੈਲੀਕਾਪਟਰ, ਡਰੋਨ ਵਗੈਰਾ) ਵਿਰੁਧ ਵਰਤੇ ਜਾਣ ਵਾਲੇ ਹਥਿਆਰ ਹਨ। ਜੇ ਬਾਰਡਰ ਪੁਲਿਸ ਦਾ ਸ਼ੱਕ ਸੱਚਾ ਹੋਇਆ ਤਾਂ ਸਮਝੋ ਸਰਕਾਰ ਖਿਲਾਫ਼ ਮਾਓਵਾਦੀਆਂ ਦੀ ਲੜਾਈ ਨਵੇਂ ਦੌਰ ਵਿਚ ਦਾਖ਼ਲ ਹੋ ਰਹੀ ਹੈ।

ਮਾਓਵਾਦੀਆਂ ਨੂੰ ਖਤਮ ਕਰਨ ਲਈ ਕਾਂਗਰਸ ਸਰਕਾਰ ਨੇ ਕਈ ਜੰਗੀ ਮੁਹਿੰਮਾਂ ਚਲਾਈਆਂ, ਪਰ ਗੱਲ ਨਾ ਬਣੀ। ਹੁਣ ਨਰੇਂਦਰ ਮੋਦੀ ਸਰਕਾਰ ਇਸ ਲਹਿਰ ਦੇ ਖਾਤਮੇ ਦੇ ਵੱਡੇ ਦਾਅਵੇ ਕਰ ਰਹੀ ਹੈ। ਇਹ ਆਪਣੇ ਮਕਸਦ ਵਿਚ ਕਿਸ ਹੱਦ ਤੱਕ ਸਫ਼ਲ ਹੁੰਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਹ ਸਪਸ਼ਟ ਹੈ ਕਿ ਸਰਕਾਰ ਨੇ ਮਾਓਵਾਦੀਆਂ ਖਿਲਾਫ਼ ਜਿਸ ਪੱਧਰ 'ਤੇ ਹਥਿਆਰਬੰਦ ਤਾਕਤਾਂ ਝੋਕੀਆਂ ਹਨ ਅਤੇ ਜਿੰਨੀ ਵੱਡੀ ਘੇਰਾਬੰਦੀ ਕੀਤੀ ਹੈ, ਇਹ 1946 ਤੋਂ 1951 ਵਾਲੀ ਤਿਲੰਗਾਨਾ ਹਥਿਆਰਬੰਦ ਲਹਿਰ ਤੋਂ ਬਾਅਦ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੋ ਰਿਹਾ ਹੈ। ਤਾਹੀਓਂ ਤਾਂ ਅਖ਼ਬਾਰ 'ਦਿ ਇਕਨਾਮਿਕ ਟਾਈਮਜ਼' ਨੇ ਇਸ ਨੂੰ ਇੰਡੀਆ ਦਾ ਮੋਸਟ ਮਿਲਟਰਾਈਜ਼ਡ ਜ਼ੋਨ ਕਿਹਾ ਹੈ।

ਮਾਓਵਾਦੀਆਂ ਦੇ ਪ੍ਰਭਾਵ ਵਾਲੇ ਸਮੁੱਚੇ ਖਿੱਤੇ ਵਿਚ ਸਟੇਟ ਆਰਮਡ ਪੁਲਿਸ ਦੇ ਦੋ ਲੱਖ ਜਵਾਨਾਂ ਤੋਂ ਇਲਾਵਾ ਇੰਡੀਅਨ ਰਿਜ਼ਰਵ ਬਟਾਲੀਅਨ, ਨਾਗਾ ਬਟਾਲੀਅਨ, ਆਂਧਰਾ ਗਰੇਅ-ਹਾਊਂਡਜ਼, ਇੰਡੋ-ਤਿਬਤੀਅਨ ਬਾਰਡਰ ਪੁਲਿਸ, ਸਪੈਸ਼ਲ ਅਪਰੇਸ਼ਨ ਗਰੁੱਪ ਅਤੇ ਕੋਬਰਾ ਆਦਿ ਨੂੰ ਮਿਲਾ ਕੇ ਗਿਣਤੀ ਤਿੰਨ ਲੱਖ ਤੋਂ ਵੀ ਟੱਪ ਜਾਂਦੀ ਹੈ। ਲੋੜ ਪੈਣ 'ਤੇ ਇਨ੍ਹਾਂ ਫੋਰਸਾਂ ਦੀ ਮਦਦ ਲਈ ਏਅਰ ਫੋਰਸ ਦੇ ਐਮ.ਆਈ.17 ਅਤੇ ਐਮ.ਆਈ.17 ਵੀ-5 (ਰੂਸੀ ਹੈਲੀਕਾਪਟਰ) ਤਿਆਰ-ਬਰ-ਤਿਆਰ ਹਨ। ਇਜ਼ਰਾਈਲ ਤੋਂ ਖਰੀਦੇ ਬਿਨਾਂ ਪਾਇਲਟ ਸੂਹੀਆ ਜਹਾਜ਼ ਪਹਿਲਾਂ ਹੀ ਉਡਾਣਾਂ ਭਰ ਰਹੇ ਹਨ। ਰੱਖਿਆ ਖੋਜ ਤੇ ਵਿਕਾਸ ਸੰਸਥਾ ਨੇ ਵਿਸ਼ੇਸ਼ ਪਹਿਲਕਦਮੀ ਕਰ ਕੇ ਘੱਟ ਫਰੀਕੁਐਂਸੀ ਦੇ ਰਡਾਰਾਂ ਨਾਲ ਲੈਸ ਡਰੋਨ ਵਿਕਸਤ ਕੀਤੇ ਹਨ ਤਾਂ ਕਿ ਮਾਓਵਾਦੀਆਂ ਦੀ ਨਕਲੋ-ਹਰਕਤ ਨੂੰ ਬਰੀਕੀ ਵਿਚ ਨੋਟ ਕੀਤਾ ਜਾ ਸਕੇ।

ਇਹ ਤਾਂ ਸਪਸ਼ਟ ਹੈ ਕਿ ਤਾਕਤ ਪੱਖੋਂ ਮਾਓਵਾਦੀਆਂ ਦੇ ਮੁਕਾਬਲੇ ਸਰਕਾਰੀ ਹਥਿਆਰਬੰਦ ਦਲ ਬਹੁਤ ਮਜ਼ਬੂਤ ਹਨ। ਆਧੁਨਿਕ ਹਥਿਆਰ, ਉਤਮ ਤਕਨੀਕ ਤੇ ਵਧੀਆ ਸਕੂਲੀ ਟਰੇਨਿੰਗ ਦੇ ਮੁਕਾਬਲੇ ਮਾਓਵਾਦੀ ਬਹੁਤ ਹੀ ਮਾੜੀ ਪੁਜ਼ੀਸ਼ਨ ਵਿਚ ਹਨ, ਪਰ ਮਾਓਵਾਦੀ ਗੁਰੀਲਾ ਜ਼ੋਨ ਵਿਚ ਦੌਰਾ ਕਰ ਕੇ ਆਏ ਲੇਖਕਾਂ ਤੇ ਪੱਤਰਕਾਰਾਂ ਦੀਆਂ ਰਿਪੋਰਟਾਂ ਵਿਚੋਂ ਝਲਕਦਾ ਮਾਓਵਾਦੀਆਂ ਦਾ ਹੌਸਲਾ ਹੈਰਾਨ ਕਰਨ ਵਾਲਾ ਹੈ। ਸਿਰ 'ਤੇ ਮੰਡਰਾਅ ਰਹੀ ਮੌਤ ਸਾਹਵੇਂ ਵੀ ਚੜ੍ਹਦੀ ਕਲਾ 'ਚ ਰਹਿਣ ਦਾ ਕੋਈ ਰਾਜ਼ ਤਾਂ ਹੋਵੇਗਾ ਹੀ!

ਜਦੋਂ ਤੋਂ ਮਾਓਵਾਦੀ ਲਹਿਰ ਨੇ ਇਸ ਜੰਗਲੀ ਪਹਾੜੀ ਇਲਾਕੇ ਵਿਚ ਪੈਰ ਜਮਾਏ ਹਨ, ਆਦਿਵਾਸੀ ਲੋਕਾਂ ਦੀ ਸੋਚ ਅਤੇ ਜੀਵਨ-ਢੰਗ ਬਹੁਤ ਬਦਲ ਚੁੱਕੇ ਹਨ। ਭਾਰਤੀ ਸਮਾਜ ਦੇ ਸਭ ਤੋਂ ਪੱਛੜੇ ਹੋਏ ਹਿੱਸੇ ਦੇ ਗਰਭ ਵਿਚ ਨਵਾਂ ਅਤੇ ਬਿਲਕੁਲ ਹੀ ਵੱਖਰਾ ਸਮਾਜ ਪਲ ਰਿਹਾ ਹੈ। ਸੱਚ ਇਹ ਹੈ ਕਿ ਮਾਓਵਾਦੀਆਂ ਨੇ ਆਦਿਵਾਸੀਆਂ ਦੇ ਮਨਾਂ ਵਿਚ ਨਵੇਂ ਸਮਾਜ ਦਾ ਅਜਿਹਾ ਨਕਸ਼ਾ ਚਿੱਤਰ ਦਿੱਤਾ ਹੈ ਜਿਸ ਦੀ ਸਥਾਪਤੀ ਲਈ ਲੜਨ ਵਿਚ ਉਹ ਗੌਰਵ ਮਹਿਸੂਸ ਕਰਦੇ ਹਨ। ਅਜਿਹਾ ਸਮਾਜ ਜਿਸ ਨੂੰ ਉਹ ਨਵ-ਜਮਹੂਰੀ ਸਮਾਜ ਦਾ ਨਾਂ ਦਿੰਦੇ ਹਨ। ਮਾਓਵਾਦੀਆਂ ਦੀ ਅਗਵਾਈ ਵਿਚ ਲੋਕਾਂ ਨੇ ਕੁਝ ਅਜਿਹੇ ਕਦਮ ਉਠਾਏ ਹਨ ਜਿਸ ਨੂੰ ਅਜਿਹੇ ਸਮਾਜ ਦਾ ਭਰੂਣ ਰੂਪ ਕਿਹਾ ਜਾ ਸਕਦਾ ਹੈ।

ਮਾਓਵਾਦੀਆਂ ਨੇ ਆਪਣੇ ਪ੍ਰਭਾਵ ਵਾਲੇ ਖੇਤਰਾਂ ਵਿਚ ਠੇਕੇਦਾਰਾਂ, ਸਰਕਾਰੀ ਅਫਸਰਾਂ ਅਤੇ ਪੁਲਿਸ ਦੀ ਨਾਪਾਕ ਗਠਜੋੜ-ਤਾਕਤ ਨੂੰ ਚਕਨਾਚੂਰ ਕਰਦਿਆਂ ਲੋਕ ਸ਼ਕਤੀ ਦੇ ਨਵੇਂ ਕੇਂਦਰ ਉਭਾਰੇ ਹਨ। ਉਨ੍ਹਾਂ ਨੇ ਸਿਆਸੀ, ਆਰਥਿਕ ਤੇ ਸਮਾਜਕ ਖੇਤਰ ਵਿਚ ਲੋਕ ਜਮਹੂਰੀਅਤ ਦੇ ਸੰਕਲਪ ਨੂੰ ਅਮਲੀ ਰੂਪ ਦਿੱਤਾ ਹੈ ਤੇ ਭਾਰਤ ਸਰਕਾਰ ਦੇ ਸਮਾਨੰਤਰ ਸਰਕਾਰ ਸਥਾਪਤ ਕੀਤੀ ਹੈ ਜਿਸ ਨੂੰ ਉਹ ਜਨਤਕ ਸਰਕਾਰ ਕਹਿੰਦੇ ਹਨ ਤੇ ਇਸ ਦੇ ਨੁਮਾਇੰਦੇ ਲੋਕਾਂ ਵੱਲੋਂ ਸਿੱਧੇ ਰੂਪ ਵਿਚ ਚੁਣੇ ਜਾਂਦੇ ਹਨ। ਉਹ ਜਦੋਂ ਚਾਹੁਣ, ਉਨ੍ਹਾਂ ਨੂੰ ਵਾਪਸ ਬੁਲਾ ਕੇ ਨਵੇਂ ਚੁਣ ਸਕਦੇ ਹਨ। ਉਨ੍ਹਾਂ ਨੇ ਲੋਕ ਅਦਾਲਤਾਂ ਦੀ ਪਿਰਤ ਪਾਈ ਹੈ ਜਿਨ੍ਹਾਂ ਵਿਚ ਫੈਸਲੇ ਲੈਣ ਦੇ ਮਾਮਲੇ ਵਿਚ ਲੋਕਾਂ ਦੀ ਸਿੱਧੀ ਸ਼ਮੂਲੀਅਤ ਹੁੰਦੀ ਹੈ। ਕਿਸੇ ਵੀ ਬੰਦੇ 'ਤੇ ਲੱਗੇ ਦੋਸ਼ਾਂ ਦੇ ਪੱਧਰ ਅਨੁਸਾਰ ਵੱਖ ਵੱਖ ਪੱਧਰ ਦੀਆਂ ਲੋਕ ਅਦਾਲਤਾਂ ਫੈਸਲੇ ਕਰਦੀਆਂ ਤੇ ਲਾਗੂ ਕਰਦੀਆਂ ਹਨ। ਗੱਦਾਰਾਂ ਤੇ ਪੁਲਿਸ ਮੁਖ਼ਬਰਾਂ ਨੂੰ ਮੌਤ ਤੱਕ ਦੀਆਂ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਹਨ। ਨਿਊਜ਼ ਏਜੰਸੀ ਪੀ.ਟੀ.ਆਈ. ਮੁਤਾਬਕ, ਇਸ ਸਾਲ ਜੁਲਾਈ ਤੱਕ, ਸੱਤ ਮਹੀਨਿਆਂ ਵਿਚ 13 ਅਦਾਲਤਾਂ ਲੱਗੀਆਂ ਅਤੇ 25 ਬੰਦਿਆਂ ਨੂੰ ਸਖ਼ਤ ਸਜ਼ਾਵਾਂ ਹੋਈਆਂ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਉਹ ਵੀ ਸ਼ਰੇਆਮ


*ਪਿੰਡਾਂ ਵਿਚ ਕੀਤੇ ਜਾ ਰਹੇ ਚੇਤਨਾ ਮਾਰਚ ਦੀ ਝਲਕ।*

ਮਾਓਵਾਦੀਆਂ ਦੀ ਜਨਤਕ ਸਰਕਾਰ ਨੇ ਭੂਮੀ ਸੁਧਾਰ ਵੀ ਕੀਤੇ ਹਨ। ਇਨ੍ਹਾਂ ਇਲਾਕਿਆਂ ਵਿਚ ਪਈ ਸਰਕਾਰੀ ਅਤੇ ਬੇਆਬਾਦ ਜ਼ਮੀਨ ਦੇ ਛੋਟੇ-ਵੱਡੇ ਟੁਕੜਿਆਂ ਨੂੰ ਆਬਾਦ ਕਰ ਕੇ ਉਨ੍ਹਾਂ ਨੇ ਆਪਸ ਵਿਚ ਵੰਡ ਲਿਆ ਹੈ ਤੇ ਮਿਲ-ਜੁਲ ਕੇ ਖੇਤੀ ਕਰਦੇ ਹਨ। ਮੀਂਹ ਤੇ ਝਰਨਿਆਂ ਦਾ ਪਾਣੀ ਕੰਟਰੋਲ ਹੇਠ ਲਿਆ ਕੇ ਸਿੰਜਾਈ ਲਈ ਵਰਤਣ ਲੱਗੇ ਹਨ। ਦਾਲ ਤੇ ਚੌਲਾਂ ਦੀ ਮੁੱਠ 'ਤੇ ਗੁਜ਼ਾਰਾ ਕਰਨ ਵਾਲੇ ਆਦਿਵਾਸੀਆਂ ਨੇ ਨਵੀਆਂ ਫਸਲਾਂ ਅਤੇ ਸਬਜ਼ੀਆਂ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਮਾਓਵਾਦੀ ਲਹਿਰ ਦੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਮਰਦ-ਔਰਤ ਦੇ ਆਪਸੀ ਰਿਸ਼ਤੇ ਵਿਚ ਵੱਡੀ ਤਬਦੀਲੀ ਆਈ ਹੈ। ਉਥੇ ਔਰਤ ਪਹਿਲਾਂ ਨਾਲੋਂ ਵੱਧ ਆਜ਼ਾਦ ਹੈ ਅਤੇ ਔਰਤ, ਮਰਦ ਦੇ ਬਰਾਬਰ ਆਣ ਖੜ੍ਹੀ ਹੋਈ ਹੈ। ਮਾਓਵਾਦੀਆਂ ਦੀ ਗੁਰੀਲਾ ਫੌਜ ਦੀਆਂ 27 ਡਿਵੀਜ਼ਨਾਂ ਵਿਚੋਂ 20 ਦੀਆਂ ਕਮਾਂਡਰ ਔਰਤਾਂ ਹਨ। ਲੜਾਕੂ ਕੇਡਰ ਵਿਚ ਔਰਤਾਂ ਦਾ ਅਨੁਪਾਤ 45% ਤੋਂ ਵਧ ਕੇ 60% ਹੋ ਗਿਆ ਹੈ। ਮਾਓਵਾਦੀ ਪਾਰਟੀ ਦੀ ਚੇਤੰਨ ਕੋਸ਼ਿਸ਼ ਅਤੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੇ ਇਹ ਕ੍ਰਿਸ਼ਮਾ ਬਹੁਤ ਥੋੜ੍ਹੇ ਸਮੇਂ ਵਿਚ ਕਰ ਦਿਖਾਇਆ ਹੈ।

ਮਾਓਵਾਦੀ ਇਲਾਕਿਆਂ ਵਿਚ ਜਾਤ-ਪਾਤ ਅਤੇ ਨਫ਼ਰਤ ਦੀ ਬੁਰਾਈ ਬਹੁਤ ਪਿੱਛੇ ਰਹਿ ਗਈ ਹੈ। ਸੁਰੱਖਿਆ ਬਲਾਂ ਤੇ ਸਰਕਾਰ ਖਿਲਾਫ਼ ਲੜੀ ਜਾ ਰਹੀ ਇਸ ਲੜਾਈ ਵਿਚ ਜਾਤ-ਪਾਤ ਤੇ ਕਬੀਲਿਆਂ ਦੀ ਆਪਸੀ ਸਾਂਝ ਵਾਲਾ ਪਹਿਲੂ ਮਜ਼ਬੂਤ ਹੋਇਆ ਹੈ। ਨੌਜਵਾਨਾਂ ਵਿਚ ਅੰਤਰਜਾਤੀ ਵਿਆਹਾਂ ਦੇ ਰੁਝਾਨ ਨੇ ਜ਼ੋਰ ਫੜਿਆ ਹੈ। ਊਚ-ਨੀਚ ਦੀਆਂ ਸਮਾਜਕ ਕੰਧਾਂ ਢਹਿ-ਢੇਰੀ ਹੋ ਰਹੀਆਂ ਹਨ। ਇਹ ਬੇਸ਼ੱਕ ਸ਼ੁਰੂਆਤੀ ਦੌਰ ਹੈ, ਪਰ ਇਹ ਲਹਿਰ ਦੀ ਬਾਹਰਮੁਖੀ ਤੇ ਅਣਸਰਦੀ ਲੋੜ ਬਣ ਗਈ ਹੈ।

ਉਪਰੋਕਤ ਸਿਆਸੀ, ਆਰਥਿਕ ਤੇ ਸਮਾਜਕ ਤਬਦੀਲੀਆਂ ਦੀ ਬਦੌਲਤ ਲੋਕਾਂ ਦੀ ਬਦਲੀ ਸੋਚ ਤੇ ਜੀਵਨ ਢੰਗ ਅਜਿਹਾ ਵਰਤਾਰਾ ਹੈ ਜਿਸ ਨੂੰ ਪਿਛਲਮੋੜਾ ਦੇਣਾ ਕਿਸੇ ਦੇ ਵੱਸ ਦੀ ਗੱਲ ਨਹੀਂ। ਅਣਖ ਨਾਲ ਜਿਉਣ ਦਾ ਗਰੂਰ ਅਤੇ ਬਿਹਤਰ ਜ਼ਿੰਦਗੀ ਲਈ ਲੜਨ ਦਾ ਸਰੂਰ, ਦੋ ਅਜਿਹੇ ਪਹਿਲੂ ਹਨ ਜਿਨ੍ਹਾਂ ਸਦਕਾ ਉਨ੍ਹਾਂ ਦਾ ਮਨੋਬਲ ਬਹੁਤ ਉਚਾ ਹੈ। ਤਾਕਤਵਰ ਸੁਰੱਖਿਆ ਬਲਾਂ ਖਿਲਾਫ਼ ਹੁਣ ਤੱਕ ਦੀ ਸਫ਼ਲ ਲੜਾਈ ਦਾ ਇਹੀ ਰਾਜ਼ ਹੈ।

ਸੁਰੱਖਿਆ ਬਲਾਂ ਦੀ ਸਥਿਤੀ ਬਿਲਕੁਲ ਉਲਟ ਹੈ। ਉਨ੍ਹਾਂ ਦਾ ਮਨੋਬਲ ਡਿੱਗ ਚੁੱਕਾ ਹੈ ਅਤੇ ਮਾਓਵਾਦੀ ਹਊਆ ਦਿਨ-ਰਾਤ ਉਨ੍ਹਾਂ ਦਾ ਪਿੱਛਾ ਕਰ ਰਿਹਾ ਹੈ। ਹਰ ਸਮੇਂ ਮਾਨਸਿਕ ਤਣਾਓ ਤੇ ਅਸੁਰੱਖਿਅਤ ਹਾਲਾਤ ਕਈ ਮਾਨਸਿਕ ਰੋਗਾਂ ਦਾ ਕਾਰਨ ਬਣ ਰਹੇ ਹਨ। ਖ਼ੁਦਕੁਸ਼ੀਆਂ ਦੀ ਦਰ ਉਚੀ ਹੈ। ਪਿਛਲੇ 4-5 ਸਾਲਾਂ ਵਿਚ 650 ਤੋਂ ਵੱਧ ਸਿਪਾਹੀ ਖੁਦਕੁਸ਼ੀਆਂ ਤੇ ਦਿਲ ਦੇ ਦੌਰੇ ਕਾਰਨ ਜ਼ਿੰਦਗੀ ਗੁਆ ਬੈਠੇ ਹਨ। ਐਨ.ਡੀ.ਟੀ.ਵੀ. ਦਾ ਪੱਤਰਕਾਰ ਸਿਧਾਰਥ ਰੰਜਨ ਦਾਸ ਜਦੋਂ ਮਾਓਵਾਦੀ ਇਲਾਕਿਆਂ ਵਿਚ ਦੌਰੇ 'ਤੇ ਗਿਆ ਤਾਂ ਉਸ ਨੂੰ ਸੀ.ਆਰ.ਪੀ.ਐਫ. ਦੇ ਸਿਪਾਹੀਆਂ ਨੇ ਦੱਸਿਆ ਕਿ ਉਹ ਬਾਰਡਰ 'ਤੇ ਡਿਊਟੀ ਸਮੇਂ ਬਹੁਤ ਖੁਸ਼ ਅਤੇ ਸੌਖੇ ਸਨ।

ਸਰਕਾਰ ਵੀ ਸੁਰੱਖਿਆ ਬਲਾਂ ਦੇ ਡਿੱਗ ਚੁੱਕੇ ਮਨੋਬਲ ਤੋਂ ਭਲੀਭਾਂਤ ਜਾਣੂ ਹੈ। ਇਸੇ ਲਈ ਉਹ ਮਨੋਬਲ ਉਚਾ ਚੁੱਕਣ ਲਈ ਹਰ ਹੀਲਾ ਵਰਤ ਰਹੀ ਹੈ। ਮਾਓਵਾਦੀ ਖਤਰੇ ਵਾਲੇ ਇਲਾਕਿਆਂ ਵਿਚ 400 ਨਵੇਂ ਥਾਣੇ ਬਣਾਏ ਜਾ ਰਹੇ ਹਨ ਤਾਂ ਕਿ ਇਨ੍ਹਾਂ ਕਿਲ੍ਹੇਬੰਦ ਥਾਣਿਆਂ ਵਿਚ ਰਹਿਣ ਸਮੇਂ ਸਿਪਾਹੀ ਬੇਖੌਫ਼ ਤੇ ਸੌਖੇ ਮਹਿਸੂਸ ਕਰ ਸਕਣ। ਇਨ੍ਹਾਂ ਥਾਣਿਆਂ ਉਤੇ 400 ਕਰੋੜ ਰੁਪਏ ਖਰਚ ਕਰਨ ਤੋਂ ਇਲਾਵਾ ਕੇਂਦਰ ਤੇ ਸੂਬਾ ਸਰਕਾਰਾਂ ਨੇ ਸਿਪਾਹੀਆਂ ਲਈ ਆਪੋ-ਆਪਣੇ ਪੱਧਰ 'ਤੇ ਤਨਖ਼ਾਹਾਂ ਵਿਚ ਵਾਧੇ ਤੋਂ ਇਲਾਵਾ ਸਹੂਲਤਾਂ ਦੇ ਵੱਡੇ ਪੈਕੇਜ ਜਾਰੀ ਕੀਤੇ ਹਨ ਤੇ ਉਨ੍ਹਾਂ ਦਾ ਜੀਵਨ ਬੀਮਾ ਪੰਜ ਗੁਣਾਂ ਵਧਾ ਦਿੱਤਾ ਹੈ, ਤਾਂ ਕਿ ਮਾਰੇ ਜਾਣ ਦੀ ਸੂਰਤ ਵਿਚ ਸਿਪਾਹੀ ਆਪਣੇ ਪਰਿਵਾਰ

*(ਬਾਕੀ ਅਗਲੇ ਸਫੇ 'ਤੇ)*




*ਪਿੰਡ ਨਕਸਲਬਾੜੀ ਜਿਥੋਂ ਇਨਕਲਾਬ ਦੀ ਚਿਣਗ ਸੁਲਗੀ ਸੀ।*

*ਮਾਓਵਾਦੀ ਲਹਿਰ ਦੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਮਰਦ-ਔਰਤ ਦੇ ਆਪਸੀ ਰਿਸ਼ਤੇ ਵਿਚ ਵੱਡੀ ਤਬਦੀਲੀ ਆਈ ਹੈ। ਉਥੇ ਔਰਤ ਕਿਸੇ ਵੀ ਸਮੇਂ ਨਾਲੋਂ ਵੱਧ ਆਜ਼ਾਦ ਹੈ। ਆਦਿਵਾਸੀਆਂ ਦੀ ਸਾਦੀ ਜਿਹੀ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਵਿਚ ਔਰਤ, ਮਰਦ ਦੇ ਬਰਾਬਰ ਆਣ ਖੜ੍ਹੀ ਹੋਈ ਹੈ। ਮਾਓਵਾਦੀਆਂ ਦੀ ਗੁਰੀਲਾ ਫੌਜ ਦੀਆਂ 27 ਡਿਵੀਜ਼ਨਾਂ ਵਿਚੋਂ 20 ਡਿਵੀਜ਼ਨਾਂ ਦੀਆਂ ਕਮਾਂਡਰ ਔਰਤਾਂ ਹਨ। ਲੜਾਕੂ ਕੇਡਰ ਵਿਚ ਔਰਤਾਂ ਦਾ ਅਨੁਪਾਤ 45 ਫੀਸਦੀ ਤੋਂ ਵਧ ਕੇ 60 ਫੀਸਦੀ ਹੋ ਗਿਆ ਹੈ। ਮਾਓਵਾਦੀ ਪਾਰਟੀ ਦੀ ਚੇਤਨ ਕੋਸ਼ਿਸ਼ ਅਤੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੇ ਇਹ ਕ੍ਰਿਸ਼ਮਾ ਬਹੁਤ ਥੋੜ੍ਹੇ ਸਮੇਂ ਵਿਚ ਕਰ ਦਿਖਾਇਆ ਹੈ।*

# ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ

**ਜਨਮ ਦਿਨ 'ਤੇ ਵਿਸ਼ੇਸ਼**

ਭਾਰਤੀ ਆਜ਼ਾਦੀ ਦੀ ਲਹਿਰ ਦੇ ਮਹਾਂ ਨਾਇਕਾਂ ਨੇ ਭਾਸ਼ਾ, ਖਿੱਤੇ ਅਤੇ ਧਰਮ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਸੰਘਰਸ਼ ਕੀਤਾ। ਲੋਕਾਂ ਨੂੰ ਆਜ਼ਾਦੀ ਲਈ ਜਾਗਰੂਕ ਕੀਤਾ, ਜੇਲ੍ਹਾਂ ਕੱਟੀਆਂ, ਅਨੇਕਾਂ ਕਸ਼ਟਾਂ ਝੱਲੇ ਅਤੇ ਫਾਂਸੀ ਦੇ ਰੱਸੇ ਮੁਸਕਰਾਉਂਦੇ ਹੋਏ ਆਪਣੇ ਗਲਾਂ ਵਿਚ ਪਾਏ। ਇਹ ਉਹ ਸ਼ਖ਼ਸੀਅਤਾਂ ਹਨ ਜਿਨ੍ਹਾਂ ਨੂੰ ਸਮੇਂ ਦੀ ਕੋਈ ਵੀ ਹਨ੍ਹੇਰੀ ਭਾਰਤ ਵਾਸੀਆਂ ਦੀ ਚੇਤਨਾ ਵਿਚੋਂ ਧੁੰਦਲਾ



**ਐਚ.ਐਲ. ਕਪੂਰ**
ਫੋਨ: 916-587-4002

ਕਰ ਸਕਣ ਦੇ ਅਸਮਰਥ ਹੈ। ਸਮੁੱਚੇ ਭਾਰਤ ਵਾਸੀਆਂ ਨੂੰ ਇਨ੍ਹਾਂ ਦੀਆਂ ਕੁਰਬਾਨੀਆਂ 'ਤੇ ਮਾਣ ਹੈ। ਇਨ੍ਹਾਂ ਹੀ ਉਚ-ਦੁਮਾਲੜੀਆਂ ਸ਼ਖ਼ਸੀਅਤਾਂ ਵਿਚ ਭਗਤ ਸਿੰਘ ਦਾ ਨਾਂ ਆਉਂਦਾ ਹੈ।

ਅੰਗਰੇਜ਼ ਸਰਕਾਰ ਅਤੇ ਵਿਦਵਾਨ ਅਕਸਰ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਕ੍ਰਾਂਤੀਕਾਰੀਆਂ ਨੂੰ ਆਜ਼ਾਦੀ ਲਈ ਮਰ ਮਿਟਣ ਵਾਲੇ ਪਰਵਾਨੇ ਕਹਿਣ ਦੀ ਬਜਾਏ ਉਨ੍ਹਾਂ ਲਈ 'ਅਤਿਵਾਦੀ' ਵਰਗੇ ਸ਼ਬਦ ਵਰਤਦੀ ਸੀ; ਜਦਕਿ ਇਹ ਨੌਜਵਾਨ ਸਮਾਜਵਾਦੀ, ਪ੍ਰਗਤੀਵਾਦੀ, ਕ੍ਰਾਂਤੀਕਾਰੀ, ਵਿਗਿਆਨਕ ਸੋਚ ਤੇ ਭਾਵਨਾਵਾਂ ਨੂੰ ਪ੍ਰਨਾਏ ਹੋਏ ਸਨ। ਵੈਸੇ ਵੀ ਅੰਗਰੇਜ਼ ਸ਼ਾਸਕਾਂ ਜਾਂ ਵਿਦਵਾਨਾਂ ਲਈ ਸਾਡੇ ਕ੍ਰਾਂਤੀਕਾਰੀ ਸੂਰਮੇ ਜਾਂ ਆਜ਼ਾਦੀ ਲਈ ਲੜਿਆ ਸੰਘਰਸ਼ ਮਾੜੇ ਹੀ ਸਨ। ਭਗਤ ਸਿੰਘ (28 ਸਤੰਬਰ 1907-23 ਮਾਰਚ 1931) ਦੇ ਵਿਚਾਰਾਂ ਨੂੰ ਸਮਝਣ ਵਾਲਾ ਹਰ ਆਦਮੀ ਉਸ ਨੂੰ ਸਮਾਜਵਾਦੀ, ਕ੍ਰਾਂਤੀਕਾਰੀ ਤੇ ਵਿਗਿਆਨਕ ਸੋਚ ਰੱਖਣ ਵਾਲਾ ਪ੍ਰਗਤੀਸ਼ੀਲ ਤੇ ਸੂਝਵਾਨ ਪੁਰਸ਼ ਹੀ ਆਖੇਗਾ ਜਿਸ ਨੇ ਨਿੱਕੀ ਉਮਰੇ ਹੀ ਬੌਧਿਕਤਾ ਦੇ ਵਿਕਾਸ ਦੀਆਂ ਕਈ ਮੰਜ਼ਲਾਂ ਪਾਰ ਕਰ ਕੇ ਆਪਣੀ ਜਾਨ ਮੁਲਕ ਤੋਂ ਕੁਰਬਾਨ ਕਰ ਦਿੱਤੀ। ਉਸ ਦੀ ਇਸ ਪ੍ਰਪੱਕ ਬੌਧਿਕਤਾ ਪਿਛੇ, ਆਪਣੀ ਛੋਟੀ ਉਮਰ ਤੋਂ ਹੀ ਆਰੰਭ ਕੀਤਾ ਸੰਸਾਰ ਅਤੇ ਭਾਰਤ ਦੇ ਕਈ ਮਹਾਨ ਚਿੰਤਕਾਂ ਦੀਆਂ ਲਿਖਤਾਂ ਦਾ ਅਧਿਐਨ ਸੀ। ਇਨ੍ਹਾਂ ਵਿਚ ਲੈਨਿਨ, ਕਾਰਲ ਮਾਰਕਸ, ਤਾਲਸਤਾਏ ਤੇ ਸੋਹਨ ਸੁਆਮੀ ਆਦਿ ਨਾਂ ਲਿਆ ਜਾ ਸਕਦਾ ਹੈ।

ਵਿਚਾਰਨ ਵਾਲੀ ਗੱਲ ਇਹ ਹੈ ਕਿ ਸਿਰਫ਼ ਤੇਈ ਸਾਲਾਂ ਦੇ ਇਸ ਨੌਜਵਾਨ ਵਿਚ ਉਹ ਕਿਹੜੀ ਖਾਸ ਗੱਲ ਹੈ ਜਿਸ ਨੇ ਉਸ ਨੂੰ ਮਹਾਤਮਾ ਗਾਂਧੀ ਵਰਗੇ ਕੌਮੀ ਨਾਇਕਾਂ ਵਾਲੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਭਾਰਤ ਦੀ ਆਜ਼ਾਦੀ ਦੇ ਮਹਾਂ ਸੰਗਰਾਮ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਅਤੇ ਸੰਘਰਸ਼ ਕਰਨ ਵਾਲੇ ਹੋਰ ਵੀ ਤਾਂ ਅਨੇਕਾਂ ਨਾਇਕ ਹਨ। ਆਖਰ ਕਿਹੜੀ ਅਜਿਹੀ ਗੱਲ ਹੈ ਜੋ ਭਗਤ ਸਿੰਘ ਨੂੰ ਇਨ੍ਹਾਂ ਸਾਰਿਆਂ ਤੋਂ ਵਖਰਿਆਉਂਦੀ ਹੈ। ਭਗਤ ਸਿੰਘ ਦੀ ਸ਼ਹਾਦਤ ਸਾਡੇ ਮਨਾਂ ਅੰਦਰ ਉਤਨੀ ਹੀ ਜਵਾਨ ਹੈ ਜਿਤਨੀ ਅੱਜ ਤੋਂ ਕੋਈ ਪੌਣੀ ਸਦੀ ਪਹਿਲਾਂ ਸੀ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਭਗਤ ਸਿੰਘ ਨੂੰ ਕਿਸੇ ਇਕ ਸਿਆਸੀ ਵਿਚਾਰਧਾਰਾ ਜਾਂ ਕਿਸੇ ਖਾਸ ਵਰਗ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਅਜਿਹੇ ਵਿਸ਼ਾਲ ਮਹਾਂਸਾਗਰ ਵਾਂਗ ਦਿਖਾਈ ਦਿੰਦਾ ਹੈ ਜਿਥੇ ਆਣ ਕੇ ਸਾਰੇ ਸਿਆਸੀ ਤੇ ਵਿਚਾਰਧਾਰਕ ਵੱਖਰੇਵੇਂ ਆਪਣੇ ਅਰਥ ਗੁਆ ਬੈਠਦੇ ਹਨ। ਉਹ ਇਕੋ ਵੇਲੇ ਹਿੰਦੂ ਰਾਸ਼ਟਰਵਾਦੀਆਂ ਅਤੇ ਭਾਰਤ ਵਿਚ ਸਮਾਜਵਾਦ ਦੀ ਸਥਾਪਨਾ ਦੇ ਸੁਪਨੇ ਲੈਣ ਵਾਲਿਆਂ ਦਾ ਹਰਮਨ ਪਿਆਰਾ ਕ੍ਰਾਂਤੀਕਾਰੀ ਨਾਇਕ ਹੈ। ਇਉਂ ਭਗਤ ਸਿੰਘ ਸਮੁੱਚੀ ਭਾਰਤੀ ਮਾਨਵਤਾ ਦਾ ਸਾਂਝਾ ਮਹਾਂ ਨਾਇਕ ਹੋ ਨਿਬੜਿਆ ਹੈ।

ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਜਵਾਬ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਬੜੇ ਛੋਟੇ, ਪਰ ਸੰਘਰਸ਼ਮਈ ਜੀਵਨ ਦੀਆਂ ਤਹਿਆਂ ਵਿਚ ਉਤਰ ਕੇ ਹੀ ਤਲਾਸ਼ਿਆ ਜਾ ਸਕਦਾ ਹੈ। ਇਸ ਲਈ ਸਾਨੂੰ ਭਗਤ ਸਿੰਘ ਦੇ ਜੀਵਨ ਦਾ ਅਧਿਐਨ ਸਿਰਫ਼ ਇਤਿਹਾਸਕ ਨਜ਼ਰੀਏ ਤੋਂ ਕਰਨ ਦੀ ਬਜਾਏ, ਉਸ ਦੇ ਸਮੂਹਿਕ ਜਨਤਕ ਅਕਸ ਵਜੋਂ ਵੀ ਵੇਖਣਾ ਪਵੇਗਾ। ਭਗਤ ਸਿੰਘ ਦੇ ਵਿਚਾਰਧਾਰਕ ਜੀਵਨ ਅਤੇ ਤੇਜ਼ੀ ਨਾਲ ਹੋਏ ਬੌਧਿਕ ਵਿਕਾਸ ਵਿਚੋਂ ਹੀ ਉਸ ਦੇ ਇਸ ਅਕਸ ਦਾ ਭੇਤ ਲੱਭਿਆ ਜਾ ਸਕਦਾ ਹੈ ਜਿਹੜਾ ਇਕੋ ਸਮੇਂ ਹੀ ਕੌਮਪ੍ਰਸਤਾਂ, ਅੰਤਰਰਾਸ਼ਟਰਵਾਦੀਆਂ, ਹਥਿਆਰਬੰਦ ਕ੍ਰਾਂਤੀਕਾਰੀਆਂ ਦੇ ਹਮਾਇਤੀਆਂ ਅਤੇ ਜਥੇਬੰਦਕ ਲਹਿਰ ਖੜ੍ਹੀ ਕਰਨ ਵਾਲਿਆਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਵਰਗ ਨੂੰ ਉਸ ਦੇ ਵਿਚਾਰਧਾਰਕ ਅਤੇ ਅਮਲੀ ਜੀਵਨ ਵਿਚੋਂ ਕੁਝ ਨਾ ਕੁਝ ਅਜਿਹਾ ਆਧਾਰ ਮਿਲ ਜਾਂਦਾ ਹੈ ਜੋ ਉਸ ਨੂੰ 'ਆਪਣਾ ਭਗਤ ਸਿੰਘ' ਬਣਨ ਲਈ ਸਹਾਈ ਬਣਦਾ ਹੈ।



ਛੋਟੀ ਉਮਰੇ ਹੀ 'ਦਮੂਖਾਂ' ਬੀਜਣ ਵਾਲਾ ਭਗਤ ਸਿੰਘ ਜਦੋਂ ਆਪਣੇ ਆਰੀਆ ਸਮਾਜੀ ਦਾਦੇ ਨੂੰ ਖਤ ਲਿਖਦਾ ਹੈ ਤਾਂ ਖਤ ਦਾ ਅਰੰਭ 'ਓਮ' ਤੋਂ ਕਰਦਾ ਹੈ। ਮਹਾਨ ਤਪੱਸਵੀਆਂ ਵਰਗਾ ਇਹ ਸ਼ਖ਼ਸੀਅਤ ਤੇ ਜਤ-ਸਤ ਦਾ ਪੁੰਗਰ ਰਿਹਾ ਸੋਮਾ ਨਿਸ਼ਚਿਤ ਤੌਰ 'ਤੇ ਭਾਰਤ ਦੇ ਰੁਮਾਂਟਿਕ ਰਾਸ਼ਟਰਵਾਦੀਆਂ ਤੇ ਹਿੰਦੂ ਰਾਸ਼ਟਰਵਾਦੀਆਂ ਨੂੰ ਆਪਣੇ ਮੇਚ ਆਉਂਦਾ ਨਜ਼ਰ ਆਉਂਦਾ ਹੈ। ਉਹ ਭਗਤ ਸਿੰਘ ਦੀ ਅਜਿਹੀ ਪਛਾਣ ਨੂੰ ਹੀ ਉਸ ਦੀ ਵਿਚਾਰਧਾਰਾ ਮੰਨ ਬੈਠਦੇ ਹਨ; ਪਰ ਹਕੀਕਤ ਇਹ ਹੈ ਕਿ ਭਗਤ ਸਿੰਘ ਇਸ ਪੜਾਅ ਉਤੇ ਬਹੁਤ ਥੋੜ੍ਹੇ ਸਮੇਂ ਲਈ ਵਿਰਾਮ ਕਰਦਾ ਹੈ। ਆਪਣੀ ਜ਼ਿੰਦਗੀ ਦੇ ਅੰਤਮ ਪੜਾਅ 'ਤੇ ਪਹੁੰਚਦਿਆਂ, ਉਹ ਐਲਾਨੀਆਂ ਨਾਸਤਿਕ ਹੋ ਨਿਬੜਦਾ ਹੈ ਅਤੇ ਪਰਮਾਤਮਾ ਜਾਂ ਈਸ਼ਵਰ ਜਾਂ ਰੱਬ ਦੀ ਹੋਂਦ ਨੂੰ ਨਕਾਰਦਾ ਹੈ। ਉਹ ਪਰਮਾਤਮਾ ਦੀ ਕਾਲਪਨਿਕ ਹੋਂਦ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ, ਦਰਦਾਂ ਤੇ ਗੁਲਾਮੀ ਦਾ ਕਾਰਨ ਮੰਨਦਾ ਹੈ। ਉਹ ਪਰਮਾਤਮਾ ਨੂੰ ਕਿਸੇ ਚਤੁਰ ਮਨੁੱਖ ਦੀ ਕਲਪਨਾ-ਮਾਤਰ ਹੀ ਮੰਨਦਾ ਹੈ। ਉਸ ਦੀ ਨਾਸਤਿਕ ਵਿਚਾਰਧਾਰਾ ਦਾ ਇਹ ਪੜਾਅ ਉਸ ਦੇ ਖੱਬੇ ਪੱਖੀ ਸ਼ਰਧਾਲੂਆਂ ਲਈ ਵਰਦਾਨ ਦਾ ਰੂਪ ਸਾਬਤ ਹੁੰਦਾ ਹੈ। ਉਹ ਭਗਤ ਸਿੰਘ ਦੇ ਅਕਸ ਨੂੰ ਇਸੇ ਵਿਚਾਰਧਾਰਾ 'ਤੇ ਉਸਾਰਦੇ ਹਨ, ਤੇ ਅੱਗੇ ਜਾ ਕੇ ਇਸ ਵਿਚ ਕਿਸੇ ਕਿਸਮ ਦੀ ਤਬਦੀਲੀ ਦਾ ਕਿਆਸ ਵੀ ਨਹੀਂ ਕਰਦੇ ਅਤੇ ਭਗਤ ਸਿੰਘ ਦੀ ਇਸ ਵਿਚਾਰਧਾਰਾ ਨੂੰ ਹੀ ਉਸ ਦਾ ਸਿਖਰ ਮੰਨ ਲੈਂਦੇ ਹਨ ਜਿਸ ਉਤੇ ਉਹ ਆਪਣੀ ਚੜ੍ਹਦੀ ਉਮਰੇ ਹੀ ਜਿੱਤ ਪ੍ਰਾਪਤ ਕਰ ਗਿਆ ਸੀ।

ਚੜ੍ਹਦੀ ਜਵਾਨੀ ਵਿਚ ਵੀ ਭਗਤ ਸਿੰਘ ਇਹ ਦੱਸਣ ਦੇ ਸਿਰਤੋੜ ਯਤਨ ਕਰਦਾ ਰਿਹਾ ਕਿ ਉਸ ਦਾ ਅਤਿਵਾਦ ਵਿਚ ਕੋਈ ਵਿਸ਼ਵਾਸ ਨਹੀਂ ਹੈ। ਉਹ ਸਪਸ਼ਟ ਸ਼ਬਦਾਂ ਵਿਚ ਐਲਾਨ ਕਰਦਾ ਹੈ ਕਿ ਸਿਆਸੀ ਹਥਿਆਰ ਵਜੋਂ ਅਤਿਵਾਦ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਕਾਮਯਾਬ ਨਹੀਂ ਹੋਇਆ। ਇਸ ਦੇ ਨਾਲ ਉਹ ਇਹ ਵੀ ਸਵੀਕਾਰ ਕਰਦਾ ਹੈ ਕਿ ਉਸ ਦੇ ਰਾਜਨੀਤਕ ਜੀਵਨ ਦਾ ਆਰੰਭ, ਦਹਿਸ਼ਤਗਰਦ ਦੇ ਰੂਪ ਵਿਚ ਹੋਇਆ ਹੈ। ਉਸ ਦੇ ਬੌਧਿਕ ਅਤੇ ਵਿਚਾਰਧਾਰਕ ਫਰਮਾਨਾਂ ਨਾਲੋਂ ਉਸ ਦੇ ਅਮਲ ਲੋਕ-ਮਨਾਂ ਅੰਦਰ ਡੂੰਘਾ ਅਸਰ ਕਰਦੇ ਹਨ। ਇਸ ਦਾ ਭਾਵ ਬੜਾ ਸਪਸ਼ਟ ਹੈ। ਉਸ ਦੇ ਬੌਧਿਕ ਤੇ ਵਿਚਾਰਧਾਰਕ ਐਲਾਨਾਂ ਦਾ ਸਬੰਧ ਚੇਤਨ ਮਨ ਅਤੇ ਸੁਚੇਤ ਅਮਲ ਨਾਲ ਹੈ ਜੋ ਬੜੇ ਪੇਤਲੇ ਪੱਧਰ 'ਤੇ ਮਨ ਵਿਚ ਆਉਂਦੇ ਹਨ ਅਤੇ ਇਨ੍ਹਾਂ ਵਿਚ ਆਉਣ ਵਾਲੀ ਤਬਦੀਲੀ ਵੀ ਬੜੀ ਜਲਦੀ ਜਲਦੀ ਆਉਂਦੀ ਹੈ। ਅੰਗਰੇਜ਼ ਅਫਸਰ ਸਾਂਡਰਸ ਨੂੰ ਮਾਰ ਕੇ ਅਣਖਾਂ ਖਾਤਰ ਮਰ ਮਿਟਣ ਵਾਲੇ, ਅਸੈਂਬਲੀ ਵਿਚ ਫੋਕਾ ਬੰਬ ਸੁੱਟ ਕੇ ਵੈਰੀ ਨੂੰ ਲਲਕਾਰਨ ਵਾਲੇ ਸੂਰਮੇ ਦੇ ਅਕਸ ਦੀ ਉਸਾਰੀ ਮਾਨਵ ਮਨ ਆਪਣੇ ਹੀ ਸਮੂਹਿਕ ਅਵਚੇਤਨ ਵਿਚੋਂ ਕਰਦਾ ਹੈ ਜਿਹੜਾ ਕੋਈ ਸੁਚੇਤ ਨਿਰਨਾ ਨਹੀਂ ਹੈ। ਇਹ ਤਾਂ ਸਗੋਂ ਅਤਿ ਕਠੋਰ ਅਤੇ ਅਣਸੁਖਾਵੀਆਂ ਅਸਲੀਅਤਾਂ ਦੇ ਸਨਮੁੱਖ ਖਾਰਸ਼ਾਂ ਦੀ ਅਵਚੇਤਨ ਸਿਰਜਣ ਪ੍ਰਕਿਰਿਆ ਹੀ ਹੈ।

ਇਹ ਸਭ ਕੁਝ ਦੇ ਹੁੰਦਿਆਂ ਵੀ ਭਗਤ ਸਿੰਘ ਦੀ ਬੌਧਿਕ ਤੇ ਵਿਚਾਰਧਾਰਕ ਪ੍ਰਗਤੀ ਦੀ ਗਤੀ ਇਸ ਤੋਂ ਭਿੰਨ ਹੈ। ਇਸ ਵਿਚ ਉਹ ਕਿਧਰੇ ਵੀ ਆਰਾਮ ਕਰ ਕੇ ਨਹੀਂ ਬਹਿੰਦਾ। ਸਾਂਡਰਸ ਦੇ ਕਤਲ ਤੋਂ ਬਾਅਦ ਖੁਸ਼ ਨਹੀਂ, ਉਦਾਸ ਰਹਿੰਦਾ ਹੈ। ਇਸ ਹਕੀਕਤ ਦਾ ਪਤਾ ਉਹਦੇ ਸਾਥੀਆਂ ਅਤੇ ਦੋਸਤਾਂ ਦੀਆਂ ਯਾਦਾਂ ਤੋਂ ਲਗਦਾ ਹੈ। ਬੰਗਾਲ ਵਿਚ ਇਨਕਲਾਬੀ ਸਾਥੀਆਂ ਨਾਲ ਰਹਿੰਦਿਆਂ ਸ਼ਖ਼ਸੀ ਸਿਆਸੀ ਕਤਲਾਂ ਦੀ ਅਰਥਹੀਣਤਾ ਦਾ ਉਸ ਨੂੰ ਗਿਆਨ ਹੋ ਜਾਂਦਾ ਹੈ। ਅਸੈਂਬਲੀ ਵਿਚ ਫੋਕਾ ਬੰਬ ਸੁੱਟਣਾ ਕਿਸੇ ਅਹਿੰਸਕ ਵਿਚਾਰਧਾਰਾ ਦਾ ਪ੍ਰਗਟਾਵਾ ਨਹੀਂ ਹੈ, ਸਗੋਂ ਲੋਕਾਂ ਤੱਕ ਆਪਣੀ ਪਾਰਟੀ ਦੀ ਯੋਜਨਾ ਤੇ ਵਿਚਾਰਧਾਰਾ ਪਹੁੰਚਾਉਣ ਦਾ ਤਰੀਕਾ-ਮਾਤਰ ਹੀ ਹੈ। ਅਸੈਂਬਲੀ ਵਿਚ ਸੁੱਟੇ ਪੈਂਫਲਟ ਅਤੇ ਅਦਾਲਤੀ ਕਾਰਵਾਈ ਸਮੇਂ ਦਿੱਤੇ ਬਿਆਨ, ਇਸੇ ਅਸਲੀਅਤ ਨੂੰ ਬਿਆਨ ਕਰਦੇ ਹਨ ਕਿ ਮਾਨਵਤਾ ਲਈ ਉਨ੍ਹਾਂ ਦੇ ਮਨ ਅੰਦਰ ਕਿੰਨੀ ਇੱਜ਼ਤ ਹੈ। ਉਹ ਧਾਰਮਿਕ ਕੱਟੜਤਾ ਤੇ ਨਿੱਜੀ ਸੁਆਰਥਾਂ ਤੋਂ ਮੁਕਤ ਸੀ।

ਭਗਤ ਸਿੰਘ ਦੀ ਵਿਚਾਰਧਾਰਕ ਉਡਾਰੀ ਵਿਸ਼ਾਲ ਸੀ। ਇਸੇ ਕਰ ਕੇ ਹੀ ਉਹ ਸਮੇਂ ਨੂੰ ਪਛਾਣਨ ਦੇ ਸਮਰੱਥ ਹੋਇਆ ਹੈ। ਅੱਜ ਸਮਾਂ ਬੀਤਣ ਨਾਲ ਹੌਲੀ ਹੌਲੀ ਆਜ਼ਾਦੀ ਦੇ ਬਹੁਤ ਸਾਰੇ ਸੂਰਮਿਆਂ ਦੇ ਅਕਸ ਧੁੰਦਲਾ ਰਹੇ ਹਨ, ਪਰ ਭਗਤ ਸਿੰਘ ਦਾ ਅਕਸ ਪਹਿਲਾਂ ਨਾਲੋਂ ਵੀ ਵੱਧ ਪ੍ਰਚੰਡ ਹੋ ਰਿਹਾ ਹੈ। ਉਹ ਗਿਆਨ ਅਤੇ ਕੁਰਬਾਨੀ ਦਾ ਅਜਿਹਾ ਸੂਰਜ ਹੈ ਜਿਸ ਦਾ ਚਾਨਣ ਸਮੁੱਚੀ ਮਾਨਵਤਾ ਨੂੰ ਅਗਿਆਨਤਾ ਦੇ ਹਨ੍ਹੇਰੇ ਵਿਚੋਂ ਨਿਕਲਣ ਲਈ ਪ੍ਰੇਰਦਾ ਹੈ।

# ਮਾਓਵਾਦੀ ਲਹਿਰ

(ਪਿਛਲੇ ਸਫੇ ਦੀ ਬਾਕੀ)

ਦੇ ਰੁਲਣ ਬਾਰੇ ਸੋਚਣ ਤੱਕ ਨਾ। ਇਹ ਵੀ ਖ਼ਬਰ ਹੈ ਕਿ ਸਿਪਾਹੀਆਂ ਦਾ ਮਨੋਬਲ ਬਹਾਲ ਕਰਨ ਲਈ ਗ੍ਰਹਿ ਮੰਤਰੀ ਰਾਜਨਾਥ ਸਿੰਘ ਸੀ.ਆਰ.ਪੀ.ਐਫ. ਦੇ ਕੈਂਪਾਂ ਵਿਚ ਰਾਤ ਗੁਜ਼ਾਰ ਕੇ ਆਇਆ ਹੈ।

ਆਦੀਵਾਸੀ, ਮਾਓਵਾਦੀ ਗੁਰੀਲਾ ਫੌਜ ਵਿਚ ਮਨਮਰਜ਼ੀ ਨਾਲ ਭਰਤੀ ਹੋਏ ਹਨ ਅਤੇ ਕੋਈ ਵੀ ਗੁਰੀਲਾ ਤਨਖਾਹ ਨਹੀਂ ਲੈਂਦਾ। ਇਸੇ ਲਈ ਉਹ ਸਰਕਾਰੀ ਸਿਪਾਹੀਆਂ ਨੂੰ ਭਾੜੇ ਦੇ ਸਿਪਾਹੀ ਆਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਲੱਖ ਕੋਸ਼ਿਸ਼ਾਂ ਕਰੇ, ਪਰ ਸਰਕਾਰੀ ਸਿਪਾਹੀਆਂ ਵਿਚ ਉਨ੍ਹਾਂ ਵਾਲਾ ਜੋਸ਼-ਖਰੋਸ਼ ਨਹੀਂ ਆ ਸਕਦਾ; ਸਗੋਂ ਉਹ ਤਾਂ ਜਮਾਤੀ ਸਾਂਝ ਦਾ ਵਾਸਤਾ ਪਾ ਕੇ ਸਿਪਾਹੀਆਂ ਨੂੰ ਅਪੀਲਾਂ ਕਰ ਰਹੇ ਹਨ ਕਿ ਉਹ ਸੁਰੱਖਿਆ ਬਲਾਂ ਨੂੰ ਛੱਡ ਕੇ ਉਨ੍ਹਾਂ ਵਿਚ ਰਲ ਜਾਣ।

ਇਕ ਹੋਰ ਅਹਿਮ ਪਹਿਲੂ ਇਹ ਹੈ ਕਿ ਮਾਓਵਾਦੀ ਗੁਰੀਲਾ ਫੌਜ ਅਤੇ ਮਲੀਸ਼ੀਆਂ ਦੇ ਮੈਂਬਰ ਸਥਾਨਕ ਹਨ ਜਿਸ ਕਰ ਕੇ ਉਹ ਜੰਗਲਾਂ ਤੇ ਪਹਾੜਾਂ ਦੇ ਚੱਪੇ ਚੱਪੇ ਤੋਂ ਜਾਣੂ ਹਨ। ਵਾਧੇ ਵਾਲੀ ਗੱਲ ਇਹ ਹੈ ਕਿ ਸਥਾਨਕ ਲੋਕਾਂ ਦੀ ਬਹੁਗਿਣਤੀ ਵੀ ਉਨ੍ਹਾਂ ਦੇ ਨਾਲ ਹੈ। ਇਹੀ ਕਾਰਨ ਹੈ ਕਿ ਸੁਰੱਖਿਆ ਦਲਾਂ 'ਤੇ ਹਮਲੇ ਪਿਛੋਂ ਮਾਓਵਾਦੀ ਗੁਰੀਲੇ ਸੌਖ ਨਾਲ ਹੀ ਛੁਪ ਜਾਂਦੇ ਹਨ। ਪਿੱਛਾ ਕਰਨ 'ਤੇ ਕਦੇ ਇਕ ਵੀ ਗੁਰੀਲਾ ਸੁਰੱਖਿਆ ਬਲਾਂ ਦੇ ਹੱਥ ਨਹੀਂ ਆਇਆ। ਜੇ ਠੀਕ ਕਹਿਣਾ ਹੋਵੇ ਤਾਂ ਇਸ ਪੱਖੋਂ ਸੁਰੱਖਿਆ ਦਲ ਬਹੁਤ ਹੀ ਘਾਟੇਵੰਦੇ ਹਾਲਤ ਵਿਚ ਹਨ ਅਤੇ ਮਾਓਵਾਦੀਆਂ ਦੀ ਲੱਤ ਉਪਰ ਹੈ।

ਜ਼ਾਹਿਰ ਹੈ, ਮਾਓਵਾਦੀਆਂ ਨੂੰ ਭਾਂਜ ਦੇਣੀ ਸੁਰੱਖਿਆ ਬਲਾਂ ਦੇ ਵੱਸ ਦੀ ਗੱਲ ਨਹੀਂ ਲੱਗਦੀ, ਅਗੇਤੇ-ਪਛੇਤੇ ਸਰਕਾਰ ਨੂੰ ਫੌਜ ਬੁਲਾਉਣੀ ਪੈਣੀ ਹੈ। ਇਹ ਵੀ ਸਪਸ਼ਟ ਹੈ ਕਿ ਭਾਰਤੀ ਫੌਜ ਜਿੰਨੀ ਤਾਕਤਵਰ ਹੈ, ਇਹ ਇਕ ਵਾਰ ਮਾਓਵਾਦੀਆਂ ਨੂੰ ਖਦੇੜ ਦੇਵੇਗੀ, ਪਰ ਉਹ ਫਿਰ ਆ ਜਾਣਗੇ, ਹੋਰ ਨਵੇਂ ਪੈਦਾ ਕਰ ਲੈਣਗੇ; ਕਿਉਂਕਿ ਉਨ੍ਹਾਂ ਦੀ ਰਣਨੀਤੀ ਹੀ ਇਹੋ ਹੈ। 10 ਕੁ ਸਾਲ ਪਹਿਲਾਂ ਮਾਓਵਾਦੀਆਂ ਨੇ ਕਿਹਾ ਸੀ, ਭਾਰਤੀ ਇਨਕਲਾਬ ਨੂੰ 50 ਕੁ ਸਾਲ ਲੱਗ ਸਕਦੇ ਹਨ। ਜ਼ਾਹਿਰ ਹੈ ਕਿ ਉਹ ਮੰਨ ਕੇ ਚੱਲ ਰਹੇ ਹਨ ਕਿ ਭਾਰਤੀ ਸਟੇਟ ਖਿਲਾਫ਼ ਉਨ੍ਹਾਂ ਦੀ ਲੜਾਈ ਲੰਮੀ ਅਤੇ ਲਮਕਵੀਂ ਹੈ ਤੇ ਉਹ ਤਿਆਰੀ ਵੀ ਇਸੇ ਹਿਸਾਬ ਨਾਲ ਕਰ ਰਹੇ ਹਨ। ਦੋਵੇਂ ਧਿਰਾਂ ਇਕ-ਦੂਜੀ ਨੂੰ ਚੰਗੀ ਤਰ੍ਹਾਂ ਸਮਝਦੀਆਂ ਹਨ। ਮਾਓਵਾਦੀਆਂ ਦੀ ਪਾਲਸੀ ਹੈ ਕਿ ਜੰਗਲਾਂ ਪਹਾੜਾਂ ਵਿਚ ਪੈਰ ਜਮਾ ਕੇ ਇਸ ਨੂੰ ਆਧਾਰ ਇਲਾਕੇ ਦੇ ਤੌਰ 'ਤੇ ਵਰਤਦਿਆਂ, ਇਨਕਲਾਬੀ ਲਹਿਰ ਦਾ ਪਸਾਰਾ ਮੁਲਕ ਦੇ ਬਾਕੀ ਹਿੱਸਿਆਂ ਵਿਚ ਵੀ ਕੀਤਾ ਜਾਵੇ। ਸਰਕਾਰ ਦੀ ਕੋਸ਼ਿਸ਼ ਹੈ ਕਿ ਉਨ੍ਹਾਂ ਨੂੰ ਜੰਗਲਾਂ ਤੋਂ ਬਾਹਰ ਨਾ ਫੈਲਣ ਦਿੱਤਾ ਜਾਵੇ ਤੇ ਲਹਿਰ ਨੂੰ ਕਮਜ਼ੋਰ ਕਰਕੇ ਉਥੇ ਈ ਜਾਮ ਕਰ ਦਿੱਤਾ ਜਾਵੇ। ਮਾਓਵਾਦੀਆਂ ਦੀ ਕੋਸ਼ਿਸ਼ ਹੈ ਕਿ ਜਨਤਕ ਸਰਕਾਰ ਦੇ ਤਜਰਬੇ ਅਤੇ ਪ੍ਰਾਪਤੀਆਂ ਮੁਲਕ ਦੇ ਬਾਕੀ ਹਿੱਸਿਆਂ ਵਿਚ ਖੂਬ ਪ੍ਰਚਾਰੀਆਂ ਜਾਣ, ਪਰ ਸਰਕਾਰ ਦੀ ਕੋਸ਼ਿਸ਼ ਹੈ ਕਿ ਇਸ ਜਨ ਸਰਕਾਰ ਦੀ ਜੇ ਕੋਈ ਗੱਲ ਬਾਹਰ ਜਾਂਦੀ ਵੀ ਹੈ ਤਾਂ ਇਸ ਦਾ ਵਿਗੜਿਆ ਹੋਇਆ ਮੁਹਾਂਦਰਾ ਹੀ ਜਾਵੇ।

ਹਾਲਾਤ ਕੀ ਮੋੜਾ ਲੈਂਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ। ਭਾਰਤੀ ਸਿਆਸੀ, ਆਰਥਿਕ ਤੇ ਸਮਾਜਕ ਸਿਸਟਮ ਜਿੰਨੀਆਂ ਬੁਰਾਈਆਂ ਤੇ ਬਦਫੈਲੀਆਂ ਨੂੰ ਜਨਮ ਦੇ ਰਿਹਾ ਹੈ, ਤੇ ਇਸ ਲੋਕ-ਵਿਰੋਧੀ ਸਿਸਟਮ ਦੀਆਂ ਨੁਮਾਇੰਦਾ ਕੇਂਦਰੀ ਤੇ ਸੂਬਾ ਸਰਕਾਰਾਂ, ਜਿੰਨੀਆਂ ਕੁਰੱਪਟ, ਨੀਰਸ ਅਤੇ ਵਿਕਾਊ ਹਨ, ਰਲਾ-ਮਿਲਾ ਕੇ ਮਾਓਵਾਦੀ ਪ੍ਰੋਗਰਾਮ ਦੇ ਵਧਾਰੇ ਲਈ ਜ਼ਰਖੇਜ਼ ਜ਼ਮੀਨ ਤਿਆਰ ਹੋ ਰਹੀ ਹੈ। ਮਾਓਵਾਦੀ ਜੇ ਸੱਚਮੁੱਚ ਆਪਣੇ ਪ੍ਰੋਗਰਾਮ ਨੂੰ ਮੁਲਕ ਦੇ ਲੋਕਾਂ ਵਿਚ ਕਿਵੇਂ ਲਿਜਾਣ ਅਤੇ ਸਮਝਾਉਣ ਵਿਚ ਕਾਮਯਾਬ ਹੋ ਜਾਂਦੇ ਹਨ, ਤਾਂ ਹਥਿਆਰਬੰਦ ਇਨਕਲਾਬ ਨੂੰ ਕੋਈ ਕਿਵੇਂ ਰੋਕ ਸਕਦਾ ਹੈ?

# ਹਰਿ ਰਾਮ ਰਾਮ ਰਾਮ ਰਾਮਾ

**ਗੁਰਬਾਣੀ ਗਿਆਨ**

**ਗਉੜੀ ਮਾਝ ਮਹਲਾ ੫**

ਹਰਿ ਰਾਮ ਰਾਮ ਰਾਮ ਰਾਮਾ॥
ਜਪਿ ਪੂਰਨ ਹੋਏ ਕਾਮਾ॥੧॥ ਰਹਾਉ॥
ਰਾਮ ਗੋਬਿੰਦ ਜਪੇਦਿਆ
ਹੋਆ ਮੁਖੁ ਪਵਿਤ੍ਰੁ॥
ਹਰਿ ਜਸੁ ਸੁਣੀਐ ਜਿਸ ਤੇ
ਸੋਈ ਭਾਈ ਮਿਤ੍ਰੁ॥੧॥
ਸਭਿ ਪਦਾਰਥ ਸਭਿ ਫਲਾ
ਸਰਬ ਗੁਣਾ ਜਿਸੁ ਮਾਹਿ॥
ਕਿਉ ਗੋਬਿੰਦੁ ਮਨਹੁ ਵਿਸਾਰੀਐ
ਜਿਸੁ ਸਿਮਰਤ ਦੁਖ ਜਾਹਿ॥੨॥
ਜਿਸੁ ਲੜਿ ਲਗਿਐ ਜੀਵੀਐ
ਭਵਜਲੁ ਪਈਐ ਪਾਰਿ॥
ਮਿਲਿ ਸਾਧੂ ਸੰਗਿ ਉਧਾਰੁ ਹੋਇ
ਮੁਖ ਊਜਲ ਦਰਬਾਰਿ॥੩॥
ਜੀਵਨ ਰੂਪ ਗੋਪਾਲ ਜਸੁ
ਸੰਤ ਜਨਾ ਕੀ ਰਾਸਿ॥
ਨਾਨਕ ਉਬਰੇ ਨਾਮੁ ਜਪਿ
ਦਰਿ ਸਚੈ ਸਾਬਾਸਿ॥੪॥

ਇਸ ਪਾਵਨ ਸ਼ਬਦ ਵਿਚ ਗੁਰੂ ਅਰਜਨ ਦੇਵ ਅਕਾਲ ਪੁਰਖ ਦੇ ਨਾਮ ਸਿਮਰਨ ਦੀ ਮਹੱਤਤਾ ਦਰਸਾਉਂਦਿਆਂ ਸੰਸਾਰ ਦੇ ਜੀਵਾਂ ਨੂੰ ਉਪਦੇਸ਼ ਕਰਦੇ ਹਨ- ਹਰਿ ਰਾਮ ਰਾਮ ਰਾਮ ਰਾਮਾ, ਹੇ ਭਾਈ! ਉਸ ਜਗਤ ਦੇ ਪ੍ਰਿਤਪਾਲਕ ਪ੍ਰਭੂ ਦੇ ਨਾਮ ਦਾ ਸਿਮਰਨ ਜੀਵ ਨੂੰ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ; ਜਪਿ ਪੂਰਨ ਹੋਏ ਕਾਮਾ, ਉਸ ਹਰੀ ਪਰਮਾਤਮਾ ਦਾ ਨਾਮ ਜਪਦਿਆਂ ਸਾਰੇ ਕੰਮ ਪੂਰੇ ਹੋ ਜਾਂਦੇ ਹਨ।

ਰਾਮ ਗੋਬਿੰਦ ਜਪੇਦਿਆ
ਹੋਆ ਮੁਖੁ ਪਵਿਤ੍ਰੁ॥
ਹਰਿ ਜਸੁ ਸੁਣੀਐ ਜਿਸ ਤੇ
ਸੋਈ ਭਾਈ ਮਿਤ੍ਰੁ॥੧॥

ਗੁਰਦੇਵ ਪਾਤਸ਼ਾਹ ਬਚਨ ਕਰਦੇ ਹਨ- ਹੇ ਭਾਈ! ਸੰਸਾਰ ਦੇ ਉਸ ਮਾਲਕ ਦਾ ਰਾਮ ਰਾਮ ਜਾਂ ਗੋਬਿੰਦ ਗੋਬਿੰਦ ਆਖ ਕੇ ਸਿਮਰਨ ਕਰਦਿਆਂ ਜੀਵ ਦਾ ਮੁੱਖ ਪਵਿੱਤਰ ਹੋ ਜਾਂਦਾ ਹੈ; ਦੁਨੀਆਂ ਵਿਚ ਜਿਸ ਪ੍ਰਭੂ ਦੇ ਪਿਆਰੇ ਕੋਲੋਂ ਉਸ ਬਖ਼ਸ਼ਣਹਾਰ ਪ੍ਰਭੂ ਦੀ ਸਿਫ਼ਤ ਜਾਂ ਹਰੀ ਜਸੁ ਸੁਣਿਆ ਜਾਵੇ; ਉਹ ਪ੍ਰਭੂ ਦਾ ਪਿਆਰਾ ਹੀ ਅਸਲ ਵਿਚ ਸਾਡਾ ਭਰਾ ਹੈ ਅਤੇ ਉਹ ਹੀ ਸਾਡਾ ਅਸਲੀ ਮਿੱਤਰ ਹੈ।

ਸਭਿ ਪਦਾਰਥ ਸਭਿ ਫਲਾ
ਸਰਬ ਗੁਣਾ ਜਿਸੁ ਮਾਹਿ॥
ਕਿਉ ਗੋਬਿੰਦੁ ਮਨਹੁ ਵਿਸਾਰੀਐ
ਜਿਸੁ ਸਿਮਰਤ ਦੁਖ ਜਾਹਿ॥੨॥

ਸਤਿਗੁਰੂ ਪਿਤਾ ਜੀ ਆਖਦੇ ਹਨ- ਹੇ ਭਾਈ! ਜਿਸ ਪਰਮਾਤਮਾ ਦੇ ਕੋਲ ਇਸ ਸੰਸਾਰ ਦੇ ਸਾਰੇ ਹੀ ਪਦਾਰਥ ਤੇ ਫਲ ਹਨ; ਤੇ ਜਿਸ ਬਖ਼ਸ਼ਣਹਾਰ ਪ੍ਰਭੂ ਦੇ ਕੋਲ ਸਾਰੇ ਗੁਣਾਂ ਦਾ ਭੰਡਾਰ ਵੀ ਹੈ; ਐਸੇ ਪਿਆਰੇ ਪ੍ਰਭੂ ਨੂੰ ਆਪਣੇ ਮਨੋਂ ਕਦੀ ਵੀ ਵਿਸਾਰਨਾ ਨਹੀਂ ਚਾਹੀਦਾ; ਮਿਹਰਾਂ ਦੇ ਜਿਸ ਮਾਲਕ ਦਾ ਸਿਮਰਨ ਕੀਤਿਆਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਜਿਸੁ ਲੜਿ ਲਗਿਐ ਜੀਵੀਐ
ਭਵਜਲੁ ਪਈਐ ਪਾਰਿ॥
ਮਿਲਿ ਸਾਧੂ ਸੰਗਿ ਉਧਾਰੁ ਹੋਇ
ਮੁਖ ਊਜਲ ਦਰਬਾਰਿ॥੩॥

ਹੇ ਭਾਈ! ਜਿਸ ਪ੍ਰਭੂ ਦੇ ਲੜ ਲੱਗ ਕੇ ਉਚਾ ਸੁੱਚਾ ਜੀਵਨ ਮਿਲਦਾ ਹੈ; ਤੇ ਵਿਕਾਰਾਂ ਭਰੇ ਇਸ ਸੰਸਾਰ ਸਮੁੰਦਰ ਤੋਂ ਪਾਰ ਵੀ ਲੰਘ ਜਾਈਦਾ ਹੈ, ਐਸੇ ਪਿਆਰੇ ਮਾਲਕ ਨੂੰ ਕਦੀ ਵੀ ਵਿਸਾਰਨਾ ਨਹੀਂ ਚਾਹੀਦਾ। ਗੁਰੂ ਦੀ ਸੰਗਤ ਵਿਚ ਬੈਠ ਕੇ ਸਿਮਰਨ ਕੀਤਿਆਂ ਵਿਕਾਰਾਂ ਤੋਂ ਬਚ ਨਿਕਲੀਦਾ ਹੈ; ਤੇ ਮਾਲਕ ਦੇ ਦਰਬਾਰ ਵਿਚ ਮੁੱਖ ਉਜਲਾ ਹੋ ਜਾਂਦਾ ਹੈ।

ਜੀਵਨ ਰੂਪ ਗੋਪਾਲ ਜਸੁ
ਸੰਤ ਜਨਾ ਕੀ ਰਾਸਿ॥
ਨਾਨਕ ਉਬਰੇ ਨਾਮੁ ਜਪਿ
ਦਰਿ ਸਚੈ ਸਾਬਾਸਿ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ- ਹੇ ਭਾਈ! ਜਿਸ ਪ੍ਰਭੂ ਦਾ ਨਾਮ ਗੋਪਾਲ ਹੈ, ਉਸ ਦਾ ਜਸ ਕਰਨ ਨਾਲ ਜੀਵ ਨੂੰ ਉਚ ਆਤਮਿਕ ਜੀਵਨ ਮਿਲਦਾ ਹੈ; ਸੰਤ ਜਨਾ ਕੀ ਰਾਸਿ, ਉਸ ਪ੍ਰਭੂ ਦਾ ਹਰਿ ਜਸ ਕਰਨਾ ਹੀ ਪ੍ਰਭੂ ਦੇ ਪਿਆਰਿਆਂ ਦਾ ਸਰਮਾਇਆ ਹੈ; ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ, ਨਾਨਕ ਆਖਦਾ ਹੈ, ਉਸ ਪ੍ਰਭੂ ਦਾ ਨਾਮ ਜਪ ਕੇ ਹੀ ਉਸ ਦੇ ਪਿਆਰੇ ਜਨ ਵਿਕਾਰਾਂ ਤੋਂ ਬਚ ਜਾਂਦੇ ਹਨ ਅਤੇ ਪ੍ਰਭੂ ਦੇ ਦਰ ਤੋਂ ਸ਼ਾਬਾਸ਼ ਪਾ ਲੈਂਦੇ ਹਨ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3636

## ਕਾਵਿ-ਕਿਆਰੀ

### ਬਿਪਰੀ-ਜੜ

ਆਪਣੇ ਜੀਵਨ ਵਿਚੋਂ ਸੱਚ ਪ੍ਰਗਟਾ ਪਹਿਲਾਂ।
ਮੱਤਾਂ ਦੇਵਣ ਨਾਲੋਂ ਖੁਦ ਅਪਨਾ ਪਹਿਲਾਂ।
ਜੇ ਨਾਨਕ ਦੀ ਮੁੜ ਪ੍ਰਤੀਤੀ ਪਾਉਣੀ ਹੈ,
ਬਿਪਰਨ ਦੀ ਹਰ ਰੀਤ ਨੂੰ ਮਾਰ ਮੁਕਾ ਪਹਿਲਾਂ।
'ਨਾਨਕ ਨਾਮ ਜਹਾਜ' ਨਾਲ ਜੱਗ ਤਰਨੇ ਲਈ,
ਬਿਪਰਾਂ ਕੀਤਾ ਹਰ ਇੱਕ ਛੇਕ ਮਿਟਾ ਪਹਿਲਾਂ।
ਜੀਵਨ ਦੇ ਹਰ ਖੇਤਰ ਵਿਚ ਜੋ ਬੈਠੀ ਹੈ,
ਐਸੀ ਬਿਪਰੀ-ਸੋਚ ਤੋਂ ਜਾਨ ਛੁਡਾ ਪਹਿਲਾਂ।
ਮਜਹਬਾਂ ਵਾਲੀ ਨਕਲ ਮਾਰਨੀ ਛੱਡ ਕੇ ਤੂੰ,
ਸੱਚ-ਧਰਮ ਦਾ ਵੱਖਰਾਪਣ ਦਿਖਲਾ ਪਹਿਲਾਂ।
ਗੱਲੀਂ ਬਾਤੀਂ ਤੇਜ ਗੁਰੂ ਦਾ ਮਿਲਣਾ ਨਾ,
ਗੁਰੂ ਸੁਝਾਇਆ ਨਿਆਰਾ ਤਾਂ ਬਣ ਜਾ ਪਹਿਲਾਂ।
ਜੇਕਰ ਸਿੱਖਾ ਬਿਪਰ ਤੋਂ ਹੱਡ ਛਡਾਉਣੇ ਨੇ ,
ਮਨ ਵਿਚ ਵਸਦੇ ਬਿਪਰ ਨੂੰ ਫੜ ਕੇ ਢਾਹ ਪਹਿਲਾਂ।
ਬਾਹਰੋਂ ਲੜਿਆਂ ਬਿਪਰ ਕਦੇ ਵੀ ਮੁੱਕਣਾ ਨਾ,
ਮਨ ਵਿਚ ਪੱਸਰੀ ਇਸ ਦੀ ਜੜ ਸੁਕਾ ਪਹਿਲਾਂ।

-ਡਾ. ਗੁਰਮੀਤ ਸਿੰਘ ਬਰਸਾਲ
ਕੈਲੀਫੋਰਨੀਆ।

# ਲੋਕਤੰਤਰ ਦੇ ਭੁਚਲਾਵੇ ਤੋਂ ਆਵਾਜ਼ਾਰ ਹੋ ਚੁੱਕੇ ਆਮ ਲੋਕ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਆਮ ਲੋਕਾਂ ਨੂੰ ਮੰਡਲ ਅਤੇ ਕਮੰਡਲ ਵਿਚਾਲੇ ਥਾਲੀ ਦਾ ਬਤਾਊਂ ਸਮਝਣ ਵਾਲੇ ਲੋਕਤੰਤਰ ਦਾ ਇੱਕ ਹੋਰ ਤਮਾਸ਼ਾ ਹੁਣ ਬਿਹਾਰ ਵਿਚ ਹੋਣ ਜਾ ਰਿਹਾ ਹੈ। ਬਹੁਤ ਸਾਰੇ ਲੋਕਾਂ ਦੀ ਇਸ ਵਿਚ ਦਿਲਚਸਪੀ ਹੈ। ਅਸੀਂ ਵੀ ਓਧਰ ਵੇਖਦੇ ਹਾਂ, ਪਰ ਓਸੇ ਤਰ੍ਹਾਂ, ਜਿਵੇਂ ਖੂੰਜੇ ਲੱਗਾ ਖੜਾ ਹਮਾਤੜ ਅੱਗੇ ਬਾਜ਼ਾਰ ਵਿਚ ਭਿੜਦੇ ਦੋ ਸੰਢਿਆਂ ਨੂੰ ਵੇਖਦਾ ਹੈ ਕਿ ਜਦੋਂ ਇਹ ਸਾਰਾ ਜ਼ੋਰ ਲਾ ਹਟਣਗੇ ਤਾਂ ਲੰਘਣ ਨੂੰ ਰਾਹ ਮਿਲ ਜਾਵੇਗਾ। ਰਾਜਨੀਤੀ ਪੱਖੋਂ ਇਸ ਵਿਚ ਸਿਰਫ ਏਨਾ ਮੁੱਦਾ ਅਹਿਮ ਹੈ ਕਿ ਸੁੱਕੇ ਮਰੂੰਡੇ ਨੂੰ ਦੇਵੀ ਦਾ ਪ੍ਰਸ਼ਾਦ ਆਖ ਕੇ ਵੰਡ ਸਕਣ ਦੇ ਮਾਹਰ ਨਰਿੰਦਰ ਮੋਦੀ ਦਾ ਦਿੱਲੀ ਤੋਂ ਬਾਅਦ ਦੂਸਰਾ ਵੱਕਾਰੀ ਮਜਮਾ ਬਿਹਾਰ ਵਿਚ ਜਾ ਲੱਗਾ ਹੈ। ਦਿੱਲੀ ਵਿਚਲੇ ਮਜਮੇ ਵਿਚ ਭੀੜਾਂ ਮੋਦੀ ਵੱਲ ਵੱਧ ਸੁਣਨ ਜਾਂਦੀਆਂ ਸਨ, ਵੋਟਾਂ ਅਰਵਿੰਦ ਕੇਜਰੀਵਾਲ ਨੂੰ ਵੱਧ ਪੈ ਗਈਆਂ ਸਨ ਤੇ ਭਾਜਪਾ ਵੱਲੋਂ ਅੰਨਾ ਹਜ਼ਾਰੇ ਦੇ ਸਤਿਸੰਗ ਵਿਚੋਂ ਲਿਆਂਦੀ ਆਸ ਦੀ 'ਕਿਰਨ' ਆਪਣੇ ਆਪ ਨਿਰਾਸੀ ਗਈ ਸੀ। ਬਿਹਾਰ ਵੱਲੋਂ ਆਉਂਦੇ ਅਵਾੜੇ ਵੀ ਨਰਿੰਦਰ ਮੋਦੀ ਦੇ ਭਾਸ਼ਣ ਸੁਣਨ ਵਾਲੀ ਭੀੜ ਨੂੰ ਵੋਟਾਂ ਵਾਲੀ ਲਾਈਨ ਤੱਕ ਪੁਚਾਉਣ ਲਈ ਅਜੇ ਤੱਕ ਕੋਈ ਸੰਕੇਤ ਨਹੀਂ ਦਿੰਦੇ। ਸਰਵੇਖਣਾਂ ਵਿਚ ਨਿਤੀਸ਼ ਕੁਮਾਰ ਤੋਂ ਨਰਿੰਦਰ ਮੋਦੀ ਪਿੱਛੇ ਹੁੰਦਾ ਜਾਂਦਾ ਹੈ।

ਜਿਹੜੀ ਗੱਲ ਸਾਡੇ ਲਈ ਵਧੇਰੇ ਅਹਿਮ ਹੈ, ਉਹ ਭਾਰਤ ਦੇ ਬੜਾ ਪ੍ਰਚਾਰੇ ਜਾਂਦੇ 'ਸੰਸਾਰ ਦਾ ਸਭ ਤੋਂ ਵੱਡਾ ਲੋਕ-ਰਾਜ' ਵੱਲ ਇਸ ਦੇ ਆਮ ਲੋਕਾਂ ਦੀ ਵਧਦੀ ਨਿਰਾਸ਼ਾ ਹੈ। ਇਸ ਹਫਤੇ ਇਹ ਖੁਲਾਸਾ ਕਈ ਰਾਜਾਂ ਅੰਦਰ ਹੁੰਦਾ ਵੇਖਿਆ ਗਿਆ ਹੈ। ਕਦੀ ਨੌਜਵਾਨਾਂ ਵਿਚ ਇਹ ਖਾਸ ਖਿੱਚ ਹੁੰਦੀ ਸੀ ਕਿ ਉਹ ਆਪਣੀ ਵੋਟ ਬਣਾਉਣਗੇ ਅਤੇ ਵੋਟਾਂ ਵਾਲੇ ਦਿਨ ਪਾਉਣ ਜਾਣਗੇ। ਹੁਣ ਹਾਲਤ ਇਹ ਹੈ ਕਿ ਅਠਾਰਾਂ ਤੋਂ ਟੱਪ ਗਏ ਅਤੇ ਉਨੀ ਤੋਂ ਹੇਠਾਂ ਜਿਹੜੇ ਲੱਖਾਂ ਨੌਜਵਾਨ ਹਨ, ਉਨ੍ਹਾਂ ਵਿਚੋਂ ਮਸਾਂ ਤੀਜਾ ਹਿੱਸਾ ਵੋਟ ਬਣਾਉਣ ਦਾ ਫਾਰਮ ਭਰਨ ਗਏ ਹਨ, ਦੋ-ਤਿਹਾਈ ਦੀ ਇਸ ਵਿਚ ਕੋਈ ਰੁਚੀ ਹੀ ਨਹੀਂ। ਦੇਸ਼ ਦੀ ਇੱਕ ਵੀ ਪਾਰਟੀ ਇਸ ਅੰਕੜੇ ਬਾਰੇ ਨਹੀਂ ਬੋਲ ਸਕੀ। ਜਿਸ ਦੇਸ਼ ਵਿਚ ਲੱਖਾਂ ਹੀ ਨੌਜਵਾਨ ਆਪਣੀ ਵੋਟ ਪਾਉਣ ਦੀ ਗੱਲ ਕਿਧਰੇ ਰਹੀ, ਬਣਾਉਣ ਨੂੰ ਵੀ ਤਿਆਰ ਨਹੀਂ, ਉਸ ਦੇ 'ਸੰਸਾਰ ਦਾ ਸਭ ਤੋਂ ਵੱਡਾ ਲੋਕ-ਰਾਜ' ਹੋਣ ਦੀਆਂ ਟਾਹਰਾਂ ਵੀ ਖੋਖਲੀਆਂ ਹੋ ਜਾਂਦੀਆਂ ਹਨ।

ਨੌਜਵਾਨਾਂ ਵਿਚ ਆਪਣੇ ਦੇਸ਼ ਦੇ ਰਾਜ ਪ੍ਰਬੰਧ ਵੱਲ ਏਦਾਂ ਦੀ ਉਦਾਸੀਨਤਾ ਦਾ ਕਾਰਨ ਜਾਣਨ ਦੀ ਹਰ ਰਾਜਸੀ ਪਾਰਟੀ ਤੇ ਦੇਸ਼-ਦਰਦੀ ਨੂੰ ਲੋੜ ਹੋਣੀ ਚਾਹੀਦੀ ਹੈ, ਪਰ ਉਨ੍ਹਾਂ ਲਈ ਇਹ ਬੇਲੋੜਾ ਮੁੱਦਾ ਹੈ। ਲੋੜ ਦੇ ਮੁੱਦੇ ਇਸ ਦੀ ਥਾਂ 'ਵੱਡੇ ਲੋਕ' ਕਹੇ ਜਾਂਦੇ ਲੀਡਰਾਂ ਦੇ ਹਵਾਈ ਭਾਸ਼ਣ ਹਨ।

ਸਾਬਕਾ ਰਾਸ਼ਟਰਪਤੀ ਏ ਪੀ ਜੇ ਅਬਦੁਲ ਕਲਾਮ ਬਹੁਤ ਨੇਕ ਬੰਦਾ ਸੀ, ਦੇਸ਼ ਦੇ ਲੋਕਾਂ ਦਾ ਬਹੁਤ ਵੱਡਾ ਨਾਇਕ ਵੀ ਸੀ। ਉਹ ਦੇਸ਼ ਦੇ ਨੌਜਵਾਨਾਂ ਨੂੰ ਇਹ ਸੁਨੇਹਾ ਦਿੰਦਾ ਸੀ ਕਿ ਉਨ੍ਹਾਂ ਨੂੰ ਸੁਫਨੇ ਲੈਣੇ ਚਾਹੀਦੇ ਹਨ। ਨੌਜਵਾਨ ਸੁਫਨੇ ਲੈਂਦੇ ਹਨ, ਪਰ ਉਨ੍ਹਾਂ ਦੇ ਸੁਫਨੇ ਪੂਰੇ ਕਰਨ ਵਲ ਕੋਈ ਰਾਹ ਹੀ ਨਹੀਂ ਜਾਂਦਾ। ਕਿਧਰੇ ਕੋਈ ਇੱਕ ਨੌਕਰੀ ਨਿਕਲਦੀ ਹੈ, ਉਹ ਮਿਲਣ ਦਾ ਸੁਫਨਾ ਲੈ ਕੇ ਇੱਕ ਹਜ਼ਾਰ ਨੌਜਵਾਨ ਅਰਜ਼ੀਆਂ ਦੇ ਦੇਂਦੇ ਹਨ ਤੇ ਆਸ ਰੱਖਦੇ ਹਨ ਕਿ ਨੌਕਰੀ ਮੈਨੂੰ ਹੀ ਮਿਲਣੀ ਹੈ। ਇੱਕ ਨੂੰ ਨੌਕਰੀ ਮਿਲਦੀ ਅਤੇ ਨੌਂ ਸੌ ਨੜਿੰਨਵੇਂ ਨੌਜਵਾਨ ਜਦੋਂ ਇਹੋ ਜਿਹੀਆਂ ਅਰਜ਼ੀਆਂ ਚਾਲੀ-ਪੰਜਾਹ ਵਾਰੀ ਦੇ ਚੁੱਕਣ ਦੇ ਬਾਅਦ ਹਰ ਵਾਰੀ ਨਤੀਜਾ ਨਾਂਹ-ਪੱਖੀ ਆਉਂਦਾ ਵੇਖਣਗੇ, ਉਦੋਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਡਾਕਟਰ ਏ ਪੀ ਜੇ ਕਲਾਮ ਕੋਈ ਸਮਝਾਉਣੀ ਦੱਸੇ ਬਿਨਾਂ ਤੁਰ ਗਿਆ ਹੈ।




ਸਾਡੇ ਕੋਲ ਇੱਕ ਤਾਜ਼ਾ ਮਿਸਾਲ ਹੈ, ਬਹੁਤ ਹੀ ਭੱਦੀ ਮਿਸਾਲ, ਜਿਹੜੀ ਸੁਫਨਿਆਂ ਦਾ ਜਲੂਸ ਕੱਢ ਦੇਣ ਤੱਕ ਜਾਂਦੀ ਹੈ। ਉਤਰ ਪ੍ਰਦੇਸ਼ ਵਿਚ ਸੇਵਾਦਾਰ ਰੱਖਣੇ ਹਨ, ਜਿਨ੍ਹਾਂ ਦਾ ਕੰਮ ਇੱਕ ਦਫਤਰ ਦੀ ਚਿੱਠੀ ਦੂਸਰੇ ਦਫਤਰ ਤੱਕ ਦੇਣ ਜਾਣਾ ਅਤੇ ਵਿਹਲੇ ਵੇਲੇ ਕਿਸੇ ਅਫਸਰ ਨੂੰ ਪਾਣੀ ਪਿਆਉਣ ਤੋਂ ਉਸ ਦਾ ਰੋਟੀ ਵਾਲਾ ਡੱਬਾ ਘਰੋਂ ਜਾ ਕੇ ਫੜ ਲਿਆਉਣ ਤੱਕ ਸੀਮਤ ਹੈ। ਯੋਗਤਾ ਏਨੀ ਹੈ ਕਿ ਉਮੀਦਵਾਰ ਨੇ ਪੰਜ ਜਮਾਤਾਂ ਪਾਸ ਕੀਤੀਆਂ ਹੋਣ ਅਤੇ ਸਾਈਕਲ ਚਲਾਉਣਾ ਜਾਣਦਾ ਹੋਵੇ। ਜਿਨ੍ਹਾਂ ਬੱਚਿਆਂ ਨੇ ਨੌਕਰੀ ਦੀ ਅਰਜ਼ੀ ਦਿੱਤੀ ਹੈ, ਉਨ੍ਹਾਂ ਵਿਚ ਹਜ਼ਾਰਾਂ ਨੌਜਵਾਨ ਐਮ ਏ ਜਾਂ ਇਸ ਤੋਂ ਵਡੀ ਡਿਗਰੀ ਵਾਲੇ ਹਨ ਤੇ ਕਈ ਸੈਂਕੜੇ ਨੌਜਵਾਨ ਉਹ ਵੀ ਹਨ, ਜਿਨ੍ਹਾਂ ਨੇ ਡਾਕਟਰੇਟ ਜਾਂ ਇੰਜੀਨੀਅਰ ਦੀ ਡਿਗਰੀ ਲਈ ਹੋਈ ਹੈ। ਵਿਚਾਰੇ ਲੱਖਾਂ ਰੁਪਏ ਪੜ੍ਹਾਈ 'ਤੇ ਫੂਕ ਕੇ, ਆਪਣੇ ਮਾਂ-ਬਾਪ ਨੂੰ ਕਰਜ਼ੇ ਦੇ ਬੋਝ ਹੇਠ ਦੱਬਣ ਪਿੱਛੋਂ ਹੁਣ ਸਿਰਫ ਪੰਜ ਜਮਾਤਾਂ ਦੀ ਯੋਗਤਾ ਵਾਲੀ ਲਾਈਨ ਵਿਚ ਖੜੋਤੇ ਹਨ। ਅਗਲੀ ਗੱਲ ਹੋਰ ਦੁਖੀ ਕਰ ਸਕਦੀ ਹੈ। ਸੇਵਦਾਰ ਰੱਖਣ ਲਈ ਇਹ ਨੌਕਰੀਆਂ ਸਿਰਫ ਤਿੰਨ ਸੌ ਸੱਠ ਹਨ, ਉਥੇ ਇੱਕ ਲਈ ਦਸ ਜਣੇ ਅਰਜ਼ੀ ਦੇਂਦੇ ਤਾਂ ਛੱਤੀ ਸੌ ਹੁੰਦੇ ਤੇ ਇੱਕ ਪੋਸਟ ਲਈ ਸੌ ਅਰਜ਼ੀਆਂ ਦੇਂਦੇ ਤਾਂ ਛੱਤੀ ਹਜ਼ਾਰ ਹੋ ਜਾਂਦੇ। ਅਸੀਂ ਪਹਿਲਾਂ ਕਿਹਾ ਹੈ ਕਿ ਇੱਕ ਨੌਕਰੀ ਲਈ ਇੱਕ ਹਜ਼ਾਰ ਅਰਜ਼ੀਆਂ ਆ ਜਾਂਦੀਆਂ ਹਨ, ਇਸ ਹਿਸਾਬ ਜੇ 360 ਦੇ ਲਈ ਉਥੇ ਇੱਕ-ਇੱਕ ਹਜ਼ਾਰ ਅਰਜ਼ੀਆਂ ਆ ਜਾਂਦੀਆ ਤਾਂ ਉਹ ਤਿੰਨ ਲੱਖ ਸੱਠ ਹੋਣੀਆਂ ਸਨ। ਅਫਸੋਸ ਕਿ ਉਥੇ ਤਿੰਨ ਸੌ ਸੱਠ ਨੌਕਰੀਆਂ ਲਈ ਤੇਈ ਲੱਖ ਨੌਜਵਾਨਾਂ ਅਰਜ਼ੀ ਦਿੱਤੀ ਹੈ। ਇੱਕ ਨੌਕਰੀ ਲਈ 6490 ਬੱਚਿਆਂ ਨੂੰ ਝਾਕ ਹੈ। ਸਿਰਫ ਇੱਕ ਜਣਾ ਨੌਕਰੀ ਲੈ ਲਵੇਗਾ, 6399 ਬੈਠੇ ਰੋਣਗੇ।

ਹੁਣ ਇੱਕ ਹੋਰ ਪੱਖ ਵੇਖੀਏ। ਭਾਰਤ ਵਿਚ ਆਮ ਆਦਮੀ ਛੋਟੀ-ਮੋਟੀ ਚੋਰੀ ਲਈ ਫੜਿਆ ਜਾਵੇ, ਉਸ ਦੇ ਖਿਲਾਫ ਸਖਤ ਕਾਰਵਾਈ ਹੁੰਦੀ ਹੈ, ਪਰ ਵੱਡੇ ਲੋਕਾਂ ਲਈ 'ਸਮਰੱਥ ਕੋ ਨਹੀਂ ਦੋਸ ਗੋਸਾਈਂ' ਦਾ ਫਾਰਮੂਲਾ ਲਾਗੂ ਹੁੰਦਾ ਹੈ। ਕਦੇ-ਕਦਾਈਂ ਕੋਈ ਓਮ ਪ੍ਰਕਾਸ਼ ਚੌਟਾਲਾ ਕਿਸੇ ਵੱਡੇ ਸਿਆਸੀ ਵਿਰੋਧ ਕਾਰਨ ਭਰਤੀ ਦੇ ਘੋਟਾਲੇ ਵਿਚ ਫਸ ਜਾਵੇ ਤਾਂ ਇਹ ਕੋਈ ਵੱਡੀ ਗੱਲ ਨਹੀਂ। ਵੱਡੇ ਤੋਂ ਵੱਡੇ ਚੋਰ ਫਸਣ ਪਿੱਛੋਂ ਅਦਾਲਤ ਤੋਂ ਜਦੋਂ ਸਜ਼ਾ ਹੋ ਜਾਂਦੀ ਹੈ, ਉਦੋਂ ਵੀ ਲੋਕਾਂ ਉਤੇ ਟੌਹਰ ਨਾਲ ਰਾਜ ਕਰੀ ਜਾਂਦੇ ਹਨ। ਪੰਜਾਬ ਦੇ ਇੱਕ ਸੱਜਣ ਨੂੰ ਅਦਾਲਤ ਨੇ ਕੈਦ ਦੀ ਸਜ਼ਾ ਦੇ ਦਿੱਤੀ, ਉਹ ਉਤਲੀ ਅਦਾਲਤ ਵਿਚ ਅਪੀਲ ਕਰਨ ਪਿੱਛੋਂ ਆਰਾਮ ਨਾਲ ਵਜ਼ੀਰੀ ਕਰਦਾ ਤੇ ਪੰਜਾਬ ਦੇ ਲੋਕਾਂ ਨੂੰ ਬੇਵਕੂਫ ਬਣਾਉਂਦਾ ਫਿਰਦਾ ਹੈ। ਆਮ ਆਦਮੀ ਉਤੇ ਕਿਸੇ ਸਰਕਾਰੀ ਅਦਾਰੇ ਦੀ ਦੇਣਦਾਰੀ ਦੇ ਦਸ ਹਜ਼ਾਰ ਦੀ ਰਕਮ ਖੜੀ ਹੋਵੇ, ਸਾਂਝੇ ਖਾਤੇ ਦੀ ਪੰਜ ਮਰਲੇ ਜ਼ਮੀਨ ਉਸ ਦੇ ਘਰ ਦੇ ਨਾਲ ਡੰਗਰਾਂ ਵਾਸਤੇ ਵਲਗਣ ਕਰਨ ਦਾ ਦੋਸ਼ ਲੱਗ ਗਿਆ ਹੋਵੇ ਤਾਂ ਉਹ ਪੰਚਾਇਤ ਦੀ ਚੋਣ ਤੱਕ ਨਹੀਂ ਲੜ ਸਕਦਾ। ਕੇਂਦਰ ਸਰਕਾਰ ਵਿਚ ਇੱਕ ਮੰਤਰੀ ਇਹੋ ਜਿਹਾ ਜਾ ਬਣਿਆ, ਜਿਸ ਨੇ ਚੋਣ ਲੜਨ ਵੇਲੇ ਆਪ ਹਲਫੀਆ ਬਿਆਨ ਦਿੱਤਾ ਹੋਇਆ ਹੈ ਕਿ ਉਸ ਦਾ ਨਾਂ ਕੇਂਦਰ ਸਰਕਾਰ ਦੇ ਇੱਕ ਬੈਂਕ ਨਾਲ ਹੋਈ 300 ਕਰੋੜ ਰੁਪਏ ਦੀ ਹੇਰਾਫੇਰੀ ਦੇ ਕੇਸ ਵਿਚ ਸ਼ਾਮਲ ਹੈ। ਤਕੜੇ ਦਾ ਕਾਨੂੰਨ ਦੇ ਕਾਗਜ਼ਾਂ ਵਿਚ ਵੀ 'ਸੱਤੀਂ ਵੀਹੀਂ ਸੌ' ਇਸੇ ਤਰ੍ਹਾਂ ਚੱਲੀ ਜਾਂਦਾ ਹੈ ਤੇ ਮਾੜਿਆਂ ਨੂੰ ਕਹਿੰਦੇ ਹਨ ਕਿ 'ਸੰਸਾਰ ਦਾ ਸਭ ਤੋਂ ਵੱਡਾ ਲੋਕ-ਰਾਜ' ਤੁਸੀਂ ਮਾਣ ਰਹੇ ਹੋ, ਇਸ ਕਰਕੇ ਇਸ ਨੂੰ ਜਿਹੋ ਜਿਹਾ ਵੀ ਕਾਣਾ-ਗੰਜਾ ਲੱਗਦਾ ਹੈ, ਕਬੂਲ ਕਰਕੇ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਮਾਰਦੇ ਰਹੋ।

ਕਦੇ-ਕਦੇ ਇਸ ਫੋਕੀ ਨਾਅਰੇਬਾਜ਼ੀ ਤੋਂ ਲੋਕ ਅੱਕ ਜਾਂਦੇ ਹਨ। ਉਹ ਫਿਰ ਮੈਦਾਨ ਵਿਚ ਆਉਣ ਲੱਗਣ ਤਾਂ ਉਨ੍ਹਾਂ ਨੂੰ ਉਸ ਤਰ੍ਹਾਂ ਦੀ ਮਿਥਿਹਾਸਕ ਛਲਾਵੇ ਦੀ ਗਊ ਵਰਗਾ ਸੁਫਨਾ ਵਿਖਾਇਆ ਜਾਂਦਾ ਹੈ, ਜਿਹੜੀ ਗਊ ਦੇ ਅਗਲੇ ਪਾਸੇ ਖੂਬਸੂਰਤ ਮੁਟਿਆਰ ਦਾ ਸਿਰ ਲੱਗਾ ਦਿਖਾਈ ਦੇਂਦਾ ਹੈ। ਨਾ ਉਸ ਖੂਬਸੂਰਤ ਸਿਰ ਵਾਲੀ ਕੁੜੀ ਨਾਲ ਵਿਆਹ ਕਰਵਾਇਆ ਜਾ ਸਕਦਾ ਹੈ, ਨਾ ਉਸ ਧੜ ਵਾਲੀ ਗਊ ਨੇ ਦੁੱਧ ਦੇਣਾ ਹੈ। ਉਹ ਸਿਰਫ ਛਲਾਵਾ ਹੁੰਦੀ ਹੈ। ਭਾਰਤ ਦਾ ਲੋਕ-ਰਾਜ ਵੀ ਸਮੇਂ-ਸਮੇਂ ਆਪਣੇ ਲੋਕਾਂ ਨੂੰ ਏਦਾਂ ਦੀਆਂ ਗਊਆਂ ਦੇ ਦਰਸ਼ਨ ਕਰਾਉਂਦਾ ਰਹਿੰਦਾ ਹੈ। ਪਿਛਲੇ ਸਾਲਾਂ ਵਿਚ ਜਦੋਂ ਅੰਨਾ ਦਾ ਅੰਦੋਲਨ ਹੋਇਆ, ਉਹ ਵੀ ਏਦਾਂ ਦੀ ਗਊ ਸਾਬਤ ਹੋਇਆ। ਬਹੁਤ ਵੱਡੇ ਲੋਕਾਂ ਦੇ ਹੜ੍ਹ ਸਾਹਮਣੇ ਲੀਡਰਾਂ ਨੇ ਇਹ ਐਲਾਨ ਕੀਤੇ ਕਿ ਉਹ ਤਾਂ ਭ੍ਰਿਸ਼ਟਾਚਾਰ ਨੂੰ ਹੂੰਝਾ ਫੇਰ ਦੇਣਗੇ, ਸਿੱਟਾ ਸਿਰਫ ਇਹ ਨਿਕਲਿਆ ਕਿ ਉਨ੍ਹਾਂ ਵਿਚੋਂ ਕੁਝ ਨਵੇਂ ਆਗੂ ਇਸ ਲੋਕ ਰਾਜ ਨੂੰ ਮਿਲ ਗਏ, ਭ੍ਰਿਸ਼ਟਾਚਾਰ ਦਾ ਵਹਿਣ ਵਗਦਾ ਰਿਹਾ। ਕੁਝ ਆਮ ਆਦਮੀ ਪਾਰਟੀ ਬਣਾ ਬੈਠੇ ਤੇ ਕੁਝ ਜਨਰਲ ਵੀ ਕੇ ਸਿੰਘ ਅਤੇ ਕਿਰਨ ਬੇਦੀ ਵਰਗੇ ਸਨ, ਜਿਨ੍ਹਾਂ ਦਾ ਪਿਛੋਂ ਇਹ ਭੇਦ ਖੁੱਲ੍ਹਾ ਕਿ ਉਹ ਲਹਿਰ ਨੂੰ ਲੀਹੋਂ ਲਾਹੁਣ ਲਈ ਭੇਜੇ ਗਏ ਸਨ। ਜਿਸ ਲੋਕ ਰਾਜ ਕੋਲ ਲੋਕਾਂ ਦੀ ਕਿਸੇ ਵੀ ਲੋਕ ਲਹਿਰ ਦਾ ਭੱਠਾ ਬਿਠਾਉਣ ਲਈ ਰਾਮਦੇਵ ਦੇ ਸਵਾਭਿਮਾਨ ਟਰੱਸਟ ਵਰਗੇ ਕਈ ਮੰਚ ਖੜੇ ਪੈਰ ਬਣਾਉਣ ਦੇ ਖਰੜੇ ਹਰ ਵੇਲੇ ਮੌਜੂਦ ਹੋਣ, ਉਹ ਲੋਕਾਂ ਨੂੰ ਉਠਣ ਜੋਗਾ ਛੱਡਦਾ ਹੀ ਨਹੀਂ।

ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਅਤੇ ਤਾਜ਼ਾ-ਤਾਜ਼ਾ ਲੋਕ-ਰਾਜ ਆਇਆ ਸੀ, ਲੋਕਾਂ ਦੇ ਮਨ ਵਿਚ ਭਰਮ ਪੈ ਗਿਆ ਸੀ ਕਿ ਹੁਣ ਅੰਗਰੇਜ਼ਾਂ ਤੇ ਰਾਜਿਆਂ ਦੇ ਬਾਟੀ-ਚੱਟ ਗਿਣੇ ਜਾਂਦੇ ਜਗੀਰਦਾਰਾਂ ਤੋਂ ਉਹ ਜ਼ਮੀਨਾਂ ਵੀ ਖੋਹ ਲੈਣਗੇ। ਮੁਜ਼ਾਰਿਆਂ ਦੀ ਲਹਿਰ ਸਾਰੇ ਦੇਸ਼ ਵਿਚ ਫੈਲ ਗਈ ਸੀ। ਉਦੋਂ ਭਾਰਤੀ ਲੋਕ-ਰਾਜ ਨੇ ਵਿਨੋਬਾ ਭਾਵੇ ਨੂੰ ਅੱਗੇ ਕਰਕੇ ਇਹ ਛਲਾਵਾ ਪੇਸ਼ ਕੀਤਾ ਕਿ ਹੱਕ ਲੈਣ ਲਈ ਐਵੇਂ ਲੜਨ ਦੀ ਲੋੜ ਨਹੀਂ, ਇਹ ਸੰਤ ਜਗੀਰਦਾਰਾਂ ਦੇ ਮਨਾਂ ਨੂੰ ਪਲਟ ਦੇਵੇਗਾ ਅਤੇ ਉਹ ਆਪਣੇ ਕੋਲ ਵਾਧੂ ਪਈਆਂ ਜ਼ਮੀਨਾਂ ਦਾਨ ਕਰ ਦੇਣਗੇ। ਪਹਿਲ ਇੱਕ ਜਗੀਰਦਾਰ ਵੱਲੋਂ ਇੱਕ ਸੌ ਏਕੜ ਦਾਨ ਕਰਨ ਤੋਂ ਹੋਈ ਤਾਂ ਕੋਈ ਇੱਕ ਤੇ ਕੋਈ ਦਸ ਹਜ਼ਾਰ ਏਕੜ ਦਾਨ ਕਰਨ ਲੱਗ ਪਿਆ। ਲੋਕ ਸੰਘਰਸ਼ ਦਾ ਰਾਹ ਛੱਡ ਕੇ ਬਹਿ ਗਏ। ਜ਼ਮੀਨਾਂ ਦਾਨ ਵਿਚ ਮਿਲਦੀਆਂ ਰਹੀਆਂ, ਅੰਕੜੇ ਗਿਣਨ ਦਾ ਕੰਮ ਵੀ ਹੁੰਦਾ ਰਿਹਾ ਅਤੇ ਲੋਕ ਖੁਸ਼ ਹੋਈ ਜਾਣ। ਨਤੀਜਾ ਇਹ ਨਿਕਲਿਆ ਕਿ ਸਾਢੇ ਸੰਤਾਲੀ ਲੱਖ ਏਕੜ ਤੋਂ ਵੱਧ ਜ਼ਮੀਨ ਹਾਸਲ ਕੀਤੀ ਅਤੇ ਸਾਢੇ ਚੌਵੀ ਲੱਖ ਏਕੜ ਵੰਡ ਦੇਣ ਦਾ ਭਰਮ ਪਾ ਕੇ ਤੇਈ ਲੱਖ ਏਕੜ ਤੋਂ ਵੱਧ ਅਣਵਰਤੀ ਰੱਖ ਕੇ ਇਹ ਦੱਸਿਆ ਹੀ ਨਹੀਂ ਕਿ ਇਹ ਕਿਸ ਦੇ ਕੋਲ ਰਹਿਣੀ ਹੈ? ਏਨਾ ਹੀ ਨਹੀਂ, ਸਗੋਂ ਅਗਲੀ ਗੱਲ ਇਹ ਕਿ ਜਿਹੜੀ ਜ਼ਮੀਨ ਵੰਡੀ ਗਈ, ਉਹ ਦਾਨ ਦੇਣ ਵਾਲੇ ਜਗੀਰਦਾਰਾਂ ਨੇ ਆਪਣੇ ਮੁਜ਼ਾਰਿਆਂ ਦੇ ਨਾਂ ਕਰਨ ਦਾ ਵਿਖਾਵਾ ਕਰਕੇ ਬੇਨਾਮੀ ਮਾਲਕੀ ਵਜੋਂ ਆਪਣੇ ਕਬਜ਼ੇ ਵਿਚ ਰੱਖਣ ਦੇ ਰਾਹ ਕੱਢ ਲਏ ਸਨ। ਭਾਰਤ ਦੇ ਲੋਕਾਂ ਨੂੰ ਅੱਜ ਵੀ ਇਹ ਪਤਾ ਨਹੀਂ ਲੱਗ ਸਕਿਆ ਕਿ ਵਿਨੋਬਾ ਭਾਵੇ ਬਿਨਾਂ ਸ਼ੱਕ ਨੀਤ ਦਾ ਖੋਟਾ ਨਾ ਹੋਵੇ, ਭਾਰਤ ਦੇ ਲੋਕ-ਰਾਜ ਦਾ ਝੰਡਾ ਵਿਖਾ ਕੇ ਅੰਨ੍ਹੀ ਮਚਾਉਣ ਵਾਲੇ ਠੱਗਾਂ ਨੇ ਉਸ ਨੂੰ ਇੱਕ ਸੁਹਾਵਣਾ ਸੁਫਨਾ ਵਿਖਾਉਣ ਲਈ ਵਰਤ ਲਿਆ ਸੀ।

ਸੱਚ ਦੇ ਦਰਸ਼ਨ ਕਰਨ ਤੋਂ ਬੜੀ ਵਾਰੀ ਲੋਕ ਵਾਂਝੇ ਰਹਿ ਜਾਂਦੇ ਹਨ। ਏਥੇ ਕਿਸੇ ਪਿੰਡ ਵਿਚ ਅੱਜ ਜ਼ਮੀਨ ਚੁਣ ਕੇ ਚਾਰ ਸਿਆਸੀ ਬੰਦੇ ਖਰੀਦਦੇ ਹਨ, ਇੱਕ ਮਹੀਨੇ ਬਾਅਦ ਉਥੇ ਸਰਕਾਰ ਦਾ ਪ੍ਰਾਜੈਕਟ ਲਵਾ ਕੇ ਕੌਡੀਆਂ ਦੇ ਭਾਅ ਲਈ ਜ਼ਮੀਨ ਅੰਦਰ-ਖਾਤੇ ਸੈਨਤ ਮਿਲਾ ਕੇ ਸਰਕਾਰ ਨੂੰ ਕਰੋੜਾਂ ਦੇ ਭਾਅ ਸੌਂਪ ਕੇ ਮਾਲ ਕਮਾ ਜਾਂਦੇ ਹਨ। ਏਸੇ ਦੇਸ਼ ਵਿਚ ਕਦੇ ਹਰੀਕੇ ਪੱਤਣ ਦਾ ਹੈਡ ਵਰਕਸ ਬਣਿਆ ਸੀ, ਉਥੇ ਗ੍ਰਹਿਣ ਕੀਤੀ ਜ਼ਮੀਨ ਦਾ ਸਬੰਧਤ ਕਿਸਾਨਾਂ ਵਿਚੋਂ ਕਈਆਂ ਨੂੰ ਸੱਠ ਸਾਲ ਲੰਘਣ ਪਿੱਛੋਂ ਵੀ ਜਾਇਜ਼ ਮੁਆਵਜ਼ਾ ਨਹੀਂ ਮਿਲਿਆ। ਲੋਕ-ਰਾਜ ਉਨ੍ਹਾਂ ਲਈ ਲੁੱਟ-ਰਾਜ ਬਣ ਗਿਆ। ਜਿਸ ਦੇਸ਼ ਵਿਚ ਆਮ ਆਦਮੀ ਦਾ ਇਹ ਹਾਲ ਹੈ, ਉਥੇ ਲੋਕ-ਰਾਜ ਨਾਲ ਲੋਕਾਂ ਦਾ ਮੋਹ ਕਿੱਦਾਂ ਹੋ ਸਕਦਾ ਹੈ? ਲੋਕਾਂ ਦਾ ਲੋਕ-ਰਾਜ ਨਾਲੋਂ ਮੋਹ ਟੁੱਟ ਰਿਹਾ ਹੈ, ਦਿਨੋ-ਦਿਨ ਟੁੱਟ ਰਿਹਾ ਹੈ ਤੇ ਉਨ੍ਹਾਂ ਨੂੰ ਸੁੱਤੇ-ਜਾਗਦੇ ਇੱਕੋ ਮੁਹਾਵਰੇ ਦੀ ਧੁਨ ਸੁਣਾਈ ਦੇ ਰਹੀ ਹੈ: 'ਭੱਠ ਪਵੇ ਸੋਨਾ, ਭੱਠ ਪਵੇ ਸੋਨਾ, ਭੱਠ ਪਵੇ ਸੋਨਾ, ਜਿਹੜਾ ਕੰਨਾਂ ਨੂੰ ਖਾਵੇ'। ਵਿਨੋਬਾ ਭਾਵੇ ਤੋਂ ਅੰਨਾ ਹਜ਼ਾਰੇ ਤੱਕ ਜਿੰਨੇ ਸੁਧਾਰਕ ਆਏ ਹਨ, ਅਸੀਂ ਉਨ੍ਹਾਂ ਦੀ ਨੀਤ ਉਤੇ ਸ਼ੱਕ ਨਹੀਂ ਕਰਦੇ, ਪਰ ਇਸ ਲੋਕ-ਰਾਜ ਨੂੰ ਲੱਗੇ ਰੋਗ ਦੇ ਇਲਾਜ ਲਈ ਜਿੰਦਾਂ ਦਾ ਓਹੜ-ਪੋਹੜ ਉਹ ਕਰਦੇ ਹਨ, ਉਸ ਤੋਂ ਲੋਕ ਆਵਾਜ਼ਾਰ ਹਨ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.



For Emergency Call anytime at 847-673-3825
EARLY BIRD SALE!!!!
India $545
London $250

Flat Rate Funding Group
Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com



ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ
ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਬਾਬਾ ਸ਼ੇਖ ਫਰੀਦ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਫਰੀਮਾਂਟ (ਬਿਊਰੋ):** ਫਰੀਦਕੋਟ ਦੀਆਂ ਸੰਗਤਾਂ ਦੇ ਉਦਮ ਨਾਲ ਕੈਲੀਫ਼ੋਰਨੀਆ ਦੀ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਬਾਬਾ ਸ਼ੇਖ ਫ਼ਰੀਦ ਜੀ ਦਾ ਪ੍ਰਕਾਸ਼ ਦਿਵਸ ਗੁਰਦੁਆਰਾ ਫਰੀਮਾਂਟ ਵਿਖੇ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ ਗਿਆ।

ਲੰਘੇ ਐਤਵਾਰ ਅਖੰਡਪਾਠ ਦੇ ਭੋਗ ਉਪਰੰਤ ਰਾਗੀ ਜੱਥਿਆਂ ਨੇ ਬਾਬਾ ਫਰੀਦ ਜੀ ਦੇ ਸ਼ਲੋਕਾਂ ਦਾ ਰੱਸ ਭਿੰਨਾਂ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ। ਸੰਗਤਾਂ ਵਿਚ ਆਗਮਨ ਪੁਰਬ ਸਬੰਧੀ ਬਹੁਤ ਹੀ ਉਤਸ਼ਾਹ ਸੀ। ਸੰਗਤਾਂ ਸਿਰਫ਼ ਕੈਲੀਫ਼ੋਰਨੀਆ ਤੋਂ ਹੀ ਨਹੀਂ ਸਗੋਂ ਹੋਰਨਾਂ ਸਟੇਟਾਂ ਤੋਂ ਵੀ ਪੁਜੀਆਂ ਹੋਈਆਂ ਸਨ।

ਬਾਬਾ ਫਰੀਦ ਸੇਵਾ ਸੰਸਥਾ ਵਲੋਂ ਸਨਿਚਰਵਾਰ ਨੂੰ ਬੱਚਿਆਂ ਦੀ ਖੇਡਾਂ ਪ੍ਰਤੀ ਰੁਚੀ ਨੂੰ ਉਤਸ਼ਾਹਤ ਕਰਨ ਲਈ ਬੱਚਿਆਂ ਦੇ ਖੇਡ ਮੁਕਾਬਲੇ ਕਰਵਾਏ ਗਏ। ਕੋਚ ਜਸਦੇਵ ਸਿੰਘ ਧਾਲੀਵਾਲ ਉਚੇਚੇ ਤੌਰ 'ਤੇ ਹਰ ਸਾਲ ਦੀ ਤਰ੍ਹਾਂ ਸਿਆਟਲ ਤੋਂ ਤਸ਼ਰੀਫ ਲਿਆਏ। ਭਾਗ ਲੈਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਮੈਡਲ ਦਿੱਤੇ ਗਏ। ਬੱਚਿਆਂ ਦੇ ਮਾਪਿਆਂ ਨੇ ਇਸ ਉਦਮ ਨੂੰ ਸਫਲ ਕਰਨ ਲਈ ਆਪਣਾ ਯੋਗਦਾਨ ਦਿਤਾ।

ਇਨ੍ਹਾਂ ਸਮਾਗਮਾਂ ਦੀ ਸਫ਼ਲਤਾ ਲਈ ਆਪਣਾ ਯੋਗਦਾਨ ਪਾਉਣ ਵਾਲੇ ਸਭ ਵਲੰਟੀਅਰਾਂ ਦਾ ਸੰਸਥਾ ਵਲੋਂ ਧੰਨਵਾਦ ਕੀਤਾ ਗਿਆ ਹੈ। ਬਾਬਾ ਫਰੀਦ ਸੰਸਥਾ ਨੂੰ ਨਾਨ ਪ੍ਰਾਫ਼ਿਟ ਸੰਸਥਾ ਵਜੋਂ ਰਜਿਸਟਰ ਕਰਵਾਉਣ ਸਬੰਧੀ ਕਾਰਵਾਈ ਜਲਦੀ ਹੀ ਅਰੰਭੀ ਜਾ ਰਹੀ ਹੈ।





ਬਾਬਾ ਫਰੀਦ ਜੀ ਅਤੇ ਫਰੀਦਕੋਟ ਨੂੰ ਸਮਰਪਿਤ ਵੈਬਸਾਈਟ www.babafarid.net ਵੀ ਤਿਆਰ ਹੋ ਚੁਕੀ ਹੈ। ਇਹ ਵੈਬ ਸਾਈਟ ਬਾਬਾ ਜੀ ਦੀ ਸਿੱਖਿਆ ਨੂੰ ਸਮਰਪਿਤ ਹੋਵੇਗੀ ਅਤੇ ਫਰੀਦਕੋਟ ਦੀਆਂ ਸੰਗਤਾਂ ਵਾਸਤੇ ਸਾਂਝੇ ਪੋਰਟਲ ਦਾ ਵੀ ਕੰਮ ਕਰੇਗੀ। ਆਉਣ ਵਾਲੇ ਸਮਿਆਂ ਵਿਚ ਫਰੀਦਕੋਟ ਅਤੇ ਆਸ ਪਾਸ ਦੇ ਇਲਾਕਾ ਨਿਵਾਸੀਆਂ ਦਾ ਇਕੱਠ ਕਰਨ ਦੀ ਵੀ ਯੋਜਨਾ ਹੈ।



# ਸਿਹਤ ਤੇ ਤੰਦਰੁਸਤੀ ਸੈਮੀਨਾਰ

**ਸੈਨ ਹੋਜ਼ੇ (ਬਿਊਰੋ):** ਸਿੱਖ ਫਾਊਂਡੇਸ਼ਨ ਇੰਟਰਨੈਸ਼ਨਲ, ਸਿੱਖ ਫੈਮਲੀ ਸੈਂਟਰ ਤੇ ਗੁਰੂ ਨਾਨਕ ਖ਼ਾਲਸਾ ਸਕੂਲ ਸੈਨ ਹੋਜ਼ੇ ਦੇ ਆਪਸੀ ਸਹਿਯੋਗ ਨਾਲ ਗੁਰਦੁਆਰਾ ਸੈਨ ਹੋਜ਼ੇ ਦੇ ਲਾਇਬਰੇਰੀ ਹਾਲ ਵਿਚ 'ਸਿਹਤ ਤੇ ਤੰਦਰੁਸਤੀ ਸਾਰਿਆਂ ਵਾਸਤੇ' ਦੇ ਮਾਟੋ ਅਧੀਨ ਇਕ ਗੋਸ਼ਟੀ ਕਰਵਾਈ ਗਈ ਜਿਸ ਵਿਚ ਬਹੁਤ ਸਾਰੇ ਲੋਕਾਂ ਨੇ ਡਾਕਟਰਾਂ ਤੇ ਮਾਹਿਰਾਂ ਦੇ ਵਿਚਾਰ ਸੁਣੇ।

ਸਿੱਖ ਫਾਊਂਡੇਸ਼ਨ ਇੰਟਰਨੈਸ਼ਨਲ ਵਲੋਂ ਸਭ ਲਈ ਸਿਹਤ ਦੇ ਆਪਣੇ ਮੰਤਵ ਅਧੀਨ ਇਹ ਗੋਸ਼ਟੀ ਕਰਵਾਈ ਗਈ ਜਿਸ ਵਿਚ ਕਿਸ਼ੋਰਾਂ ਅਤੇ ਵਡੇਰਿਆਂ ਦੀਆਂ ਸਿਹਤ ਮੁਸ਼ਕਿਲਾਂ ਬਾਰੇ ਮਾਹਰ ਡਾਕਟਰ ਆਪਣਾ ਮਸ਼ਵਰਾ ਦਿਤਾ।

ਇਹ ਸਮਾਗਮ ਅਮਨਪਰੀਤ ਸਿੰਘ ਵਲੋਂ ਕੀਰਤਨ ਨਾਲ ਸ਼ੁਰੂ ਹੋਇਆ। ਉਦਯੋਗਪਤੀ ਜਗਜੋਤ ਸਿੰਘ ਨੇ ਇਸ ਸਭਾ ਦੀ ਪ੍ਰਧਾਨਗੀ ਕਰਦਿਆਂ ਸਿਹਤ ਸੇਵਾਵਾਂ ਵਾਸਤੇ ਆਪਣੇ ਵੱਲੋਂ ਤਨ ਮਨ ਧਨ ਲਗਾਉਣ ਦੀ ਪੇਸ਼ਕਸ਼ ਕੀਤੀ। ਡਾ. ਜਸਬੀਰ ਸਿੰਘ ਕੰਗ ਨੇ ਸਿੱਖ ਕਮਿਊਨਿਟੀ ਦੀ ਰੋਜ਼ਾਨਾ ਖ਼ੁਰਾਕ ਦੀ ਗੱਲ ਕਰਦਿਆਂ ਕਿਹਾ ਕਿ ਸਾਡੀ ਰੋਜ਼ਾਨਾ ਖ਼ੁਰਾਕ ਦੇ ਮਿਆਰ ਤੇ ਮਾਤਰਾ ਦਾ ਸਾਡੇ ਦਿਲ ਨਾਲ ਸਿੱਧਾ ਸਬੰਧ ਹੈ ਤੇ ਇਸ ਦੀ ਚੋਣ ਬਾਰੇ ਬਹੁਤ ਸਾਵਧਾਨ ਰਹਿਣ ਦੀ ਜਰੂਰਤ ਹੈ। ਚੰਗੀ ਸਿਹਤ ਵਾਸਤੇ ਫੈਟ, ਤੇਲ ਤੇ ਜ਼ਿਆਦਾ ਕੈਲਰੀ ਵਾਲੀਆਂ ਚੀਜ਼ਾਂ ਜੋ ਸਵਾਦ ਦੇ ਲਾਲਚ ਵੱਸ ਜ਼ਿਆਦਾ ਖਾਧੀਆਂ ਜਾਂਦੀਆਂ ਹਨ, ਆਖ਼ਰਕਾਰ ਦਿਲ ਵਾਸਤੇ ਖ਼ਤਰਨਾਕ ਸਾਬਤ ਹੋ ਸਕਦੀਆਂ ਹਨ। ਇਨ੍ਹਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਡਾ. ਅਨੂ ਸੰਧੂ ਨੇ ਵਡਾਰੂਆਂ ਵਿਚ ਤਣਾਓ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਤੋਂ ਕਿਨਾਰਾ ਕਰਨ ਦੇ ਹੱਲ ਦੱਸੇ। ਡਾ. ਗੁਰਪ੍ਰੀਤ ਕੌਰ ਪਦਮ ਨੇ ਸਰੋਤਿਆਂ ਨੂੰ ਦਸ ਮਿੰਟ ਦਾ ਅਭਿਆਸ ਕਰਵਾਇਆ ਕਿ ਤੁਸੀਂ ਸਮਝੋ ਹੁਣੇ ਦਸ ਮਿੰਟ ਤੱਕ ਮੌਤ ਆ ਰਹੀ ਹੈ, ਤੁਹਾਡੇ ਜ਼ਿਹਨ ਵਿਚ ਕੀ ਵਿਚਾਰ ਹੋਣਗੇ। ਮੌਤ ਹਰੇਕ ਨੂੰ ਆਉਣੀ ਹੈ, ਤੁਸੀਂ ਆਪਣੇ ਆਪ ਨੂੰ ਇਸ ਵਾਸਤੇ ਕਿਵੇਂ ਤਿਆਰ ਕਰਨਾ ਹੈ, ਇਹ ਗੱਲ ਬਹੁਤ ਅਹਿਮ ਹੈ।

ਡਾ. ਨੈਨਾ ਸੋਢੀ ਨੇ ਅੱਲ੍ਹੜਾਂ ਤੇ ਟੀਨਏਜ਼ ਗਰੁਪ ਦੇ ਬੱਚਿਆਂ ਨਾਲ ਨਜਿੱਠਣ ਬਾਰੇ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਗੱਲ ਕਰਦਿਆਂ ਕਿਹਾ ਕਿ ਇਹ ਕੱਚੀ ਉਮਰ ਜਜ਼ਬਾਤੀ ਪਰ ਅਣਜਾਣ ਹੁੰਦੀ ਹੈ ਤੇ ਮਾਪਿਆਂ ਜਾਂ ਵਡੇਰਿਆਂ ਦੀ ਨਿਗਰਾਨੀ ਮੰਗਦੀ ਹੈ। ਇੰਟਰਨੈਟ ਦੇ ਯੁੱਗ ਵਿਚ ਬੱਚਿਆਂ ਕੋਲ ਲੈਪਟਾਪ, ਆਈਪੋਡ ਜਾਂ ਸਮਾਰਟ ਫ਼ੋਨ ਆ ਗਏ ਹਨ ਜਿਸ ਵਿਚ ਬਹੁਤ ਕੁੱਝ ਗੁਮਰਾਹਕੁਨ ਮਸਾਲਾ ਵੇਖਣ ਨੂੰ ਮਿਲ ਜਾਂਦਾ ਹੈ। ਮਾਪਿਆਂ ਨੂੰ ਗਾਹੇ-ਬਗਾਹੇ ਇਹ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਕਿ ਬੱਚਾ ਕੀ ਖੋਲ੍ਹ ਕੇ ਬੈਠਾ ਹੈ। ਇਹ ਚੀਜ਼ਾਂ ਦਿਨ ਵਿਚ ਤਿੰਨ ਘੰਟੇ ਤੋਂ ਵੱਧ ਵਰਤਣ ਦੀ ਬੱਚਿਆਂ ਨੂੰ ਮਨਾਹੀ ਹੋਣੀ ਚਾਹੀਦੀ ਹੈ ਕਿਉਂਕਿ ਇਹ ਅੱਖਾਂ ਜਾਂ ਹੋਰ ਗਿਆਨ ਇੰਦਰੀਆਂ 'ਤੇ ਵੀ ਮਾੜਾ ਅਸਰ ਪਾ ਸਕਦੀਆਂ ਹਨ। ਡਾ. ਅੰਮ੍ਰਿਤ ਕੇ. ਸਿੰਘ ਨੇ ਦੰਦਾਂ ਦੀ ਸੰਭਾਲ ਬਾਰੇ ਤਫਸੀਲ ਨਾਲ ਜਾਣਕਾਰੀ ਦਿੱਤੀ।

ਬਹੁਤ ਸਾਰੇ ਲੋਕਾਂ ਨੇ ਬੁਲਾਰਿਆਂ ਕੋਲੋਂ ਸਵਾਲ ਪੁੱਛ ਕੇ ਆਪਣੇ ਸਵਾਲਾਂ ਦੀ ਨਵਿਰਤੀ ਕੀਤੀ। ਸਿੱਖ ਫੈਮਲੀ ਸੈਂਟਰ ਦੀ ਹਰਮੀਤ ਕੌਰ ਨੇ ਡਾਕਟਰਾਂ ਅਤੇ ਮਾਹਿਰਾਂ ਦਾ ਧੰਨਵਾਦ ਕੀਤਾ। ਡਾ. ਗੁਰਿੰਦਰਪਾਲ ਸਿੰਘ ਨੇ ਕਮੇਟੀ ਮੈਂਬਰ ਤੇ ਮਹਿਮਾਨਾਂ ਦਾ ਮਾਣ ਸਨਮਾਨ ਕੀਤਾ।






# ਪਾਕਿਸਤਾਨ ਵਿਚ ਸਿੱਖ ਵਿਰਾਸਤੀ ਇਮਾਰਤਾਂ ਦੀ ਮਾੜੀ ਹਾਲਤ ਉਤੇ ਚਿੰਤਾ

**ਸੈਨ ਹੋਜ਼ੇ:** ਪਾਕਿਸਤਾਨ ਵਿਚਲੀਆਂ ਸਿੱਖ ਵਿਰਾਸਤੀ ਇਮਾਰਤਾਂ ਦੀ ਹਾਲਤ ਇਸ ਸਮੇਂ ਬੜੀ ਮਾੜੀ ਹੈ ਜੋ ਹੋਰ ਨਿੱਘਰਦੀ ਜਾ ਰਹੀ ਹੈ। ਇਹ ਇੰਕਸ਼ਾਫ ਪਾਕਿਸਤਾਨ ਤੋਂ ਆਈ ਵਿਦਵਾਨ ਡਾ. ਨਾਦਰਾ ਖਾਨ ਨੇ ਮਿਲਪੀਟਸ ਦੇ ਕਮਿਊਨਿਟੀ ਹਾਲ ਵਿਚ ਸਿੱਖ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕੀਤਾ। ਸਿੱਖ ਫਾਊਂਡੇਸ਼ਨ ਇੰਟਰਨੈਸ਼ਨਲ ਵੱਲੋਂ ਕਰਵਾਈ ਗਈ ਇਸ ਮਿਲਣੀ ਵਿਚ ਉਨ੍ਹਾਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲਵਾ ਤੇ ਸਿੱਖ ਇਤਿਹਾਸ ਨਾਲ ਸਬੰਧਤ ਹੋਰ ਇਮਾਰਤਾਂ ਲਾਵਾਰਿਸ ਪਈਆਂ ਹਨ ਤੇ ਡਿੱਗਦੀਆਂ ਜਾ ਰਹੀਆਂ ਹਨ ਜਾਂ ਲੋਕ ਇਨ੍ਹਾਂ 'ਤੇ ਕਬਜਾ ਕਰੀ ਜਾ ਰਹੇ ਹਨ।



ਬੀਬੀ ਨਾਦਰਾ ਨੇ ਇਸ ਗੱਲ 'ਤੇ ਅਫਸੋਸ ਪ੍ਰਗਟ ਕੀਤਾ ਕਿ ਪਾਕਿਸਤਾਨ ਦੇ ਵਿਰਾਸਤੀ ਵਿਭਾਗ ਨੇ ਤਾਂ ਕੀ ਸਿੱਖਾਂ ਨੇ ਆਪ ਵੀ ਇਨ੍ਹਾਂ ਦੀ ਸਾਰ ਲੈਣ ਲਈ ਕੋਈ ਕਾਰਗਰ ਯਤਨ ਨਹੀਂ ਕੀਤੇ। ਡਾ. ਨਾਦਰਾ ਖਾਨ ਦੇ ਇਸ ਖੋਜ ਭਰਪੂਰ ਲੈਕਚਰ ਨੇ ਪਾਕਿਸਤਾਨ ਵਿਖੇ ਵਿਗੜ ਰਹੀ ਸਿੱਖ ਵਿਰਾਸਤੀ ਇਮਾਰਤਾਂ ਬਾਰੇ ਚਿੰਤਾ ਭਰੀ ਜਾਣਕਾਰੀ ਦੇ ਕੇ ਉਨ੍ਹਾਂ ਦੀ ਸਾਂਭ-ਸੰਭਾਲ ਬਾਰੇ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਸੰਸਥਾ ਦੀ ਸੰਚਾਲਕ ਸੋਨੀਆ ਧਾਮੀ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਸਿੱਖ ਫਾਊਂਡੇਸ਼ਨ ਦੇ ਮੰਤਵ ਬਾਰੇ ਦੱਸਿਆ ਕਿ ਉਹ ਭਵਿੱਖ ਵਿਚ ਵੀ ਅਜਿਹੇ ਵਿਸ਼ਿਆਂ ਨੂੰ ਲੈ ਕੇ ਸੈਮੀਨਾਰ ਕਰਵਾਉਂਦੇ ਰਹਿਣਗੇ।

# ਫਰਿਜ਼ਨੋ ਦੀ ਭਿੰਡੀ ਦੋ ਫੁਟ ਦੀ.... !

**ਫਰਿਜ਼ਨੋ (ਬਿਊਰੋ):** ਕੀ ਭਿੰਡੀ ਦੋ ਫੁੱਟ ਦੀ ਵੀ ਹੋ ਸਕਦੀ ਹੈ? ਇਹ ਸਵਾਲ ਹਰ ਇਕ ਦੇ ਮਨ ਵਿਚ ਉਠ ਸਕਦਾ ਹੈ ਪਰ ਹਾਂ ਜੀ ਇਹ ਹੈ ਜੋ ਕਿ ਇੰਡੋ ਅਮੈਰਕਿਨ ਹੈਰੀਟੇਜ ਫੋਰਮ ਦੇ ਮੋਢੀ ਮੈਂਬਰ ਸ. ਜਸਵੰਤ ਸਿੰਘ ਮਾਨ ਦੇ ਕਿਚਨ ਗਾਰਡਨ ਵਿਚ ਲੱਗੀ ਹੋਈ ਹੈ। ਸ. ਮਾਨ ਆਪਣੇ ਬਗੀਚੇ ਵਿਚ ਅਕਸਰ ਸਬਜੀਆਂ ਉਗਾਉਣ ਦੇ ਤਜਰਬੇ ਕਰਦੇ ਰਹਿੰਦੇ ਹਨ।

ਤਕਰੀਬਨ ਤਿੰਨ ਮਹੀਨੇ ਪਹਿਲਾਂ ਉਨ੍ਹਾਂ ਆਪਣੇ ਬਗੀਚੇ ਵਿਚ ਭਿੰਡੀਆਂ ਲਾਈਆਂ ਸਨ ਅਤੇ ਇਨ੍ਹਾਂ ਵਿਚੋਂ ਕੁਝ ਛੇ ਫੁਟ ਤੋਂ ਵੀ ਵੱਧ ਕੱਦ ਕੱਢ ਗਈਆਂ। ਜਿਹੜੀਆਂ ਭਿੰਡੀਆਂ ਇਨ੍ਹਾਂ ਰੁੱਖਾਂ ਜਿੱਡੇ ਬੂਟਿਆਂ ਨੂੰ ਲੱਗੀਆਂ, ਉਨ੍ਹਾਂ ਵਿਚੋਂ ਬਹੁਤੀਆਂ ਦੋ ਫੁਟ ਦੇ ਕਰੀਬ ਹੋ ਚੁਕੀਆਂ ਹਨ। ਇਨ੍ਹਾਂ ਅਦਭੁਤ ਭਿੰਡੀਆਂ ਦੀ ਫਰਿਜ਼ਨੋ ਵਿਚ ਕਾਫੀ ਚਰਚਾ ਹੈ।

ਜਸਵੰਤ ਸਿੰਘ ਮਾਨ ਇਸ ਨੂੰ ਪਰਮਾਤਮਾ ਦਾ ਕੋਈ ਕ੍ਰਿਸ਼ਮਾ ਹੀ ਆਖ ਰਹੇ ਹਨ ਕਿਉਂਕਿ ਇਨ੍ਹਾਂ ਬੂਟਿਆਂ ਨੂੰ ਕੋਈ ਖਾਸ ਖਾਦ ਵਗੈਰਾ ਨਹੀਂ ਪਾਈ ਗਈ ਅਤੇ ਨਾ ਹੀ ਕੋਈ ਸਪਰੇਅ ਕੀਤੀ ਹੈ।



## ਪਤਨੀ ਨੇ ਦੱਸੀ ਨਰਾਇਣ ਸਾਈਂ ਦੀ ਕਰਤੂਤ

**ਨਵੀਂ ਦਿੱਲੀ:** ਇੰਦੌਰ ਦੇ ਖਜਰਾਨਾ ਥਾਣੇ ਵਿਚ ਬਲਾਤਕਾਰ ਦੇ ਦੋਸ਼ਾਂ ਤਹਿਤ ਬੰਦ ਨਰਾਇਣ ਸਾਈਂ ਦੀ ਪਤਨੀ ਨੇ ਸ਼ਿਕਾਇਤ ਦਰਜ ਕਰਾਈ ਹੈ। ਜਾਨਕੀ ਨਰਾਇਣ ਨੇ ਨਰਾਇਣ ਸਾਈਂ ਤੇ ਆਸਾਰਾਮ ਬਾਪੂ ਉਤੇ ਮਾਨਸਿਕ, ਸਰੀਰਕ ਤੇ ਆਰਥਿਕ ਸ਼ੋਸ਼ਣ ਦਾ ਇਲਜ਼ਾਮ ਲਾਇਆ ਹੈ।

ਜਾਨਕੀ ਨਰਾਇਣ ਦਾ ਕਹਿਣਾ ਹੈ ਕਿ ਨਰਾਇਣ ਸਾਈਂ ਆਸ਼ਰਮ ਵਿਚ ਬਾਲਗ ਤੇ ਨਾਬਾਲਗ ਲੜਕੀਆਂ ਨੂੰ ਲਾਲਚ ਤੇ ਡਰਾ ਧਮਕਾ ਕੇ ਨਾਜਾਇਜ਼ ਸਬੰਧ ਬਣਾਉਂਦਾ ਸੀ।

ਇਸ ਗੱਲ ਦਾ ਵਿਰੋਧ ਕਰਨ 'ਤੇ ਨਰਾਇਣ ਮੂੰਹ ਬੰਦ ਰੱਖਣ ਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦਾ ਸੀ। ਉਸ ਨੇ ਪਤੀ ਨਰਾਇਣ ਸਾਈਂ 'ਤੇ ਪਹਿਲੀ ਪਤਨੀ ਹੁੰਦਿਆਂ ਹੋਇਆਂ ਦੂਸਰਾ ਵਿਆਹ ਕਰਾਉਣ ਦਾ ਦੋਸ਼ ਵੀ ਲਾਇਆ ਹੈ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ
ਅਤੇ ਪੰਥਕ ਜਥੇਬੰਦੀਆ ਦੇ ਸਹਿਯੋਗ ਨਾਲ


# ਸਿੱਖ ਫਰੀਡਮ ਰੈਲੀ

***Sikh Freedom Rally**
***India Out Of Khalistan**

## 27 ਸੰਤਬਰ, ਐਤਵਾਰ, ਸ਼ਾਮੀਂ 4 ਵਜੇ

ਐਸ ਏ ਪੀ ਸੈਂਟਰ, ਸੈਨ ਹੋਜ਼ੇ, ਕੈਲੀਫੋਰਨੀਆ
525 West Santa Clara St. San Jose, CA 95113

ਹਿਟਲਰ ਦੀ ਪਾਲਿਸੀ ਉਤੇ ਚਲਦੇ ਆਰ.ਐਸ.ਐਸ. ਦੇ ਹੁਕਮਾਂ ਉਤੇ ਫੁੱਲ ਚੜ੍ਹਾਉਂਦਿਆਂ ਆਰ.ਐਸ.ਐਸ. ਦੇ ਮੈਂਬਰ ਨਰੇਂਦਰ ਮੋਦੀ ਨੇ ਗੁਜਰਾਤ ਦੇ ਮੁਖ ਮੰਤਰੀ ਹੁੰਦਿਆਂ ਜੋ ਦਰਿੰਦਗੀ ਵਿਖਾਈ ਅਤੇ ਪ੍ਰਧਾਨ ਮੰਤਰੀ ਹੁੰਦਿਆਂ ਉਸ ਦੀ ਸਹਿਮਤੀ ਨਾਲ ਜੋ ਹੋ ਰਿਹਾ ਹੈ, ਉਸ ਦਾ ਸਾਰ ਇੰਜ ਹੈ:



*83 ਸਾਲ ਦੇ ਬਾਪੂ ਸੂਰਤ ਵਲੋਂ ਭਾਰਤ ਦੀਆਂ ਜੇਲ੍ਹਾਂ ਵਿਚ ਮਾਨਸਿਕ ਤਸ਼ੱਦਦ ਝੱਲ ਰਹੇ ਸਿੱਖ ਸਿਆਸੀ ਕੈਦੀਆਂ ਨੂੰ ਰਿਹਾ ਕਰਾਉਣ ਲਈ 240+ ਦਿਨਾਂ ਤੋਂ ਰੱਖੀ ਭੁੱਖ ਹੜਤਾਲ ਦੇ ਬਾਵਜੂਦ ਭਾਰਤੀ ਪ੍ਰਧਾਨ ਮੰਤਰੀ ਮੋਦੀ ਨੇ ਸਿੱਖ ਕੈਦੀਆਂ ਦੀ ਰਿਹਾਈ ਰੋਕੀ ਹੋਈ ਹੈ।

*ਮੋਦੀ ਦੀ ਭਾਰਤੀ ਜਨਤਾ ਪਾਰਟੀ ਨੇ ਜੂਨ 1984 ਵਿਚ ਹਰਿਮੰਦਰ ਸਾਹਿਬ ਉਤੇ ਤਤਕਾਲੀ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਫੌਜੀ ਹਮਲਾ ਕਰਨ ਲਈ ਉਕਸਾਇਆ ਸੀ, ਜਿਸ ਵਿਚ ਭਾਰਤੀ ਫੌਜ ਨੇ ਹਜ਼ਾਰਾਂ ਸਿੱਖ ਸ਼ਰਧਾਲੂਆਂ ਦਾ ਕਤਲੇਆਮ ਕਰ ਦਿੱਤਾ ਸੀ।

*ਇਸਾਈਆਂ, ਸਿੱਖਾਂ, ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਦਾ ਜ਼ੋਰ ਜ਼ਬਰਦਸਤੀ



ਧਰਮ-ਤਬਦੀਲ ਕਰਨ ਵਿਚ ਭਾਰਤੀ ਪ੍ਰਧਾਨ ਮੰਤਰੀ ਮੋਦੀ ਦੀ ਪੂਰੀ ਸਹਿਮਤੀ ਹੈ।

*ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਕਥਿਤ ਤੌਰ 'ਤੇ ਨੀਤੀ ਘਾੜਾ ਸੀ।

**B.B.C. report: A senior police officer's (Sanjiv Bhatt) sworn statement to India's Supreme Court alleges that Gujarat Chief Minister Narendra Modi deliberately allowed anti-Muslim riots in the state.**

ਸੋਸ਼ਲ ਮੀਡੀਆ ਵਿਚ ਚਰਚਾ ਹੈ ਕਿ ਗੁਜਰਾਤ ਦੇ ਇਕ ਵੱਡੇ ਪੁਲਿਸ ਅਫਸਰ ਸੰਜੀਵ ਭੱਟ ਨੇ ਭਾਰਤੀ ਸੁਪਰੀਮ ਕੋਰਟ ਵਿਚ ਹਲਫੀਆ ਬਿਆਨ ਦਿਤਾ ਹੈ ਕਿ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਨਰੇਂਦਰ ਮੋਦੀ ਨੇ ਜਾਣਦਿਆਂ ਬੁੱਝਦਿਆਂ ਹੋਇਆਂ ਮੁਸਲਮਾਨਾਂ ਦਾ ਕਤਲੇਆਮ ਕਰਵਾਇਆ।

**Ref: ("Mobs of Hindus rampage, rape, loot and kill in a spasm of violence that rages for more than two months. Mothers are skewered, children set afire and fathers hacked to pieces. About 1,000 people, mostly Muslims, are killed. Some 20,000 Muslim homes and businesses and 360 places of worship are destroyed, and roughly 150,000 people are displaced".**

***(New York Times Report of April 16, 2014)***

ਸੰਪਰਕ: "ਹਿੰਦੂਆਂ ਦੀਆਂ ਖੂੰਖਾਰ ਭੀੜਾਂ ਨੇ ਲਗਾਤਾਰ ਦੋ ਮਹੀਨੇ ਲੁੱਟ-ਮਾਰ, ਕਤਲ ਤੇ ਬਲਾਤਕਾਰ ਕੀਤੇ, ਮਾਂਵਾਂ ਨੂੰ ਸੀਖਾਂ ਨਾਲ ਵਿਨਿਆ, ਬੱਚਿਆਂ ਨੂੰ ਸਾੜਿਆ, ਬਾਪ ਟੁਕੜੇ ਕਰ ਦਿੱਤੇ, ਲਗਪਗ ਇਕ ਹਜ਼ਾਰ ਮੁਸਲਮਾਨ ਕਤਲ ਕਰ ਦਿਤੇ। ਲਗਪਗ 20,000 ਹਜ਼ਾਰ ਮੁਸਲਮਾਨਾਂ ਦੇ ਘਰ ਤੇ ਵਪਾਰਕ ਅਦਾਰੇ ਅਤੇ 360 ਮਸੀਤਾਂ ਤਬਾਹ ਕਰ ਦਿੱਤੀਆਂ। ਲਗਪਗ 150,000 ਲੋਕ ਘਰੋਂ ਬੇਘਰ ਕਰ ਦਿੱਤੇ ਗਏ।"

*(ਨਿਊ ਯਾਰਕ ਟਾਈਮਜ਼ ਰਿਪੋਰਟ ਅਪ੍ਰੈਲ 16, 2014)*

ਫਰੀਮਾਂਟ, ਸਟਾਕਟਨ, ਸੈਕਰਾਮੈਂਟੋ, ਫਰਿਜ਼ਨੋ, ਟਰਲਕ ਆਦਿ ਗੁਰਦੁਆਰਾ ਸਾਹਿਬਾਨ ਤੋਂ ਬੱਸਾਂ ਚਲਣਗੀਆਂ, ਆਪਣੇ ਗੁਰਦੁਆਰਿਆਂ ਨਾਲ ਸੰਪਰਕ ਕਰੋ ਜੀ। ਸੈਪ ਸੈਂਟਰ ਵਿਖੇ ਚਾਹ ਪਾਣੀ ਤੇ ਲੰਗਰ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਕੀਤਾ ਜਾਵੇਗਾ।

**ਕਿਸੇ ਵੀ ਸੂਚਨਾ ਲਈ ਇਸ ਨੰਬਰ ਉਤੇ ਕਾਲ ਕੀਤੀ ਜਾ ਸਕਦੀ ਹੈ: 1-844-736-1984**

# ਸ਼ਿਕਾਗੋ ਦਾ ਕਬੱਡੀ ਮੇਲਾ ਹਰਭਜਨ ਮਾਨ ਕਰਵਾ ਗਿਆ ਆਪਣੇ ਨਾਂ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਵਲੋਂ ਲੰਘੀ 13 ਸਤੰਬਰ ਨੂੰ ਇਥੇ ਐਲਕ ਗਰੂਵ ਵਿਲੇਜ ਦੀ ਜੰਗਲਾਤੀ ਰੱਖ (ਫਾਰੈਸਟ ਪ੍ਰਿਜ਼ਰਵ) ਦੇ ਮੈਦਾਨਾਂ ਵਿਚ ਕਰਵਾਏ ਗਏ ਕਬੱਡੀ ਕੱਪ ਮੇਲੇ ਦੌਰਾਨ ਕਬੱਡੀ ਦੇ ਮੈਚ ਵੀ ਹੋਏ ਤੇ ਵਾਲੀਬਾਲ ਦੇ ਵੀ। ਕਬੱਡੀ ਮੈਚ ਰਹੇ ਵੀ ਚੰਗੇ ਤੇ ਫਸਵੇਂ। ਕੁਮੈਂਟੇਟਰਾਂ-ਸੁਖਚੈਨ ਬਰਾੜ, ਇਕਬਾਲ ਗਾਲਿਬ ਅਤੇ ਰਾਣਾ ਸਿੱਧੂ ਨੇ ਆਪੋ ਆਪਣੇ ਅੰਦਾਜ਼ ਵਿਚ ਕੁਮੈਂਟਰੀ ਕਰਦਿਆਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਮੈਚਾਂ ਨੂੰ ਦਿਲਚਸਪ ਬਣਾਉਣ ਲਈ ਆਪਣੇ ਵਲੋਂ ਕੋਈ ਕਸਰ ਵੀ ਨਾ ਛੱਡੀ ਪਰ ਦਰਸ਼ਕਾਂ ਲਈ ਮੇਲੇ ਦਾ ਕੇਂਦਰ ਬਿੰਦੂ ਨਾਮੀ ਲੋਕ ਗਾਇਕ ਹਰਭਜਨ ਮਾਨ



ਅਤੇ ਉਸ ਦਾ ਭਰਾ ਤੇ ਸਾਥੀ ਗਾਇਕ ਗੁਰਸੇਵਕ ਮਾਨ ਹੀ ਰਹੇ। ਸ਼ਿਕਾਗੋ ਵਿਚ ਸ਼ੋਅ ਕਰਨ ਲਈ ਉਹ ਲੰਮੇ ਅਰਸੇ ਪਿਛੋਂ ਆਏ ਸਨ ਜਿਸ ਕਰਕੇ ਲੋਕਾਂ ਵਿਚ ਉਨ੍ਹਾਂ ਪ੍ਰਤੀ ਉਤਸ਼ਾਹ ਵੀ ਬਹੁਤ ਸੀ।



ਮੇਲਾ ਭਰਿਆ ਵੀ ਬਹੁਤ ਅਤੇ ਬਾਅਦ ਦੁਪਹਿਰ ਤਿੰਨ ਵਜੇ ਤੱਕ ਪਾਰਕਿੰਗ ਲਾਟ ਨੱਕੋ ਨੱਕ ਭਰ ਚੁਕਾ ਸੀ। ਅਖੀਰ ਪੁਲਿਸ ਵਾਲਿਆਂ ਨੇ ਖੇਡ ਮੈਦਾਨ ਵੱਲ ਨੂੰ ਆਉਂਦਾ ਰਸਤਾ ਬੰਦ ਕਰ ਦਿੱਤਾ ਤੇ ਕਈ ਮੇਲੀਆਂ ਨੂੰ ਮੀਲ ਮੀਲ ਦੂਰ ਆਪਣੀਆਂ ਗੱਡੀਆਂ ਪਾਰਕ ਕਰਕੇ ਪੈਦਲ ਮੇਲੇ ਵਿਚ ਆਉਣਾ ਪਿਆ। ਪਿਛਲੇ ਕਈ ਸਾਲਾਂ ਵਿਚ ਸ਼ਾਇਦ ਇਹ ਪਹਿਲਾ ਮੇਲਾ ਸੀ ਜੋ ਇੰਨਾ ਭਰਿਆ। ਇਹ ਸਭ ਵੇਖ ਕੇ ਮੇਲੇ ਦੇ ਪ੍ਰਬੰਧਕਾਂ ਦੀ ਖੁਸ਼ੀ ਉਨ੍ਹਾਂ ਦੇ ਚਿਹਰਿਆਂ ਤੋਂ ਡੁੱਲ੍ਹ ਡੁੱਲ੍ਹ ਪੈ ਰਹੀ ਸੀ।

ਕਬੱਡੀ ਕੱਪ ਮੁਕਾਬਲਿਆਂ ਵਿਚ ਤਿੰਨ ਟੀਮਾਂ ਪਿੜ ਵਿਚ ਨਿੱਤਰੀਆਂ-ਇੰਡੀਆ, ਯੂ ਐਸ ਏ ਅਤੇ ਕੈਨੇਡਾ। ਫਸਵੇਂ ਮੈਚ ਹੋਏ ਜਿਨ੍ਹਾਂ ਨੂੰ ਦਰਸ਼ਕਾਂ ਨੇ ਮਾਣਿਆ ਵੀ ਤੇ ਡਾਲਰ ਵਰ੍ਹਾ ਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਵੀ ਪੂਰੀ ਕੀਤੀ। ਫਾਈਨਲ ਵਿਚ ਜੇਤੂ ਯੂ ਐਸ ਏ ਕਬੱਡੀ ਟੀਮ ਨੇ ਇੰਡੀਆ ਨੂੰ 19 ਅੰਕਾਂ ਦੇ ਮੁਕਾਬਲੇ 38 ਅੰਕ ਬਣਾ ਕੇ ਹਰਾਇਆ ਅਤੇ ਇੰਜ 13,000 ਡਾਲਰ ਦਾ ਪਹਿਲਾ ਇਨਾਮ ਲੁੱਟ ਕੇ ਲੈ ਗਈ। ਦੂਜੇ ਨੰਬਰ 'ਤੇ ਰਹੀ ਲੰਮਾ ਪੈਂਡਾ ਮਾਰ ਕੇ ਆਈ ਇੰਡੀਆ ਦੀ ਟੀਮ ਨੂੰ 11,000 ਡਾਲਰ ਦੇ ਇਨਾਮ ਨਾਲ ਹੀ ਸਬਰ ਕਰਨਾ ਪਿਆ। ਪਹਿਲਾ ਇਨਾਮ ਮਿਲਵਾਕੀ ਦੇ ਬਿਜਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਨੇ ਆਪਣੇ ਪਿਤਾ ਸਵਰਗੀ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਦੀ ਯਾਦ ਵਿਚ ਸਪਾਂਸਰ ਕੀਤਾ ਸੀ। ਦੂਜਾ ਇਨਾਮ ਪੰਜਾਬ ਸਪੋਰਟਸ ਕਲੱਬ ਨੇ ਆਪਣੀ ਤਰਫੋਂ ਕਬੱਡੀ ਪ੍ਰੇਮੀ ਸਵਰਗੀ ਤੀਰਥ ਸਿੰਘ ਅਟਵਾਲ ਦੀ ਯਾਦ ਵਿਚ ਦਿੱਤਾ। ਜ਼ਿਕਰਯੋਗ ਹੈ ਕਿ ਤੀਰਥ ਦਾ ਕੁਝ ਮਹੀਨੇ ਪਹਿਲਾਂ ਅਚਾਨਕ ਦਿਹਾਂਤ ਹੋ ਗਿਆ ਸੀ।

ਵਾਲੀਬਾਲ ਮੁਕਾਬਲਿਆਂ ਵਿਚ ਜੇਤੂ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਟੀਮ ਰਹੀ ਜਿਸ ਨੇ 1500 ਡਾਲਰ ਦਾ ਪਹਿਲਾ ਇਨਾਮ ਆਪਣੇ ਪੇਟੇ ਪਾਇਆ। ਦੂਜੇ ਥਾਂ ਗਲੈਨਵਿਊ ਸਪਾਈਕਰ ਵਾਲੀਬਾਲ ਟੀਮ ਰਹੀ ਜਿਸ ਨੂੰ 1100 ਡਾਲਰ ਦਾ ਇਨਾਮ ਮਿਲਿਆ।

ਮੇਲੇ ਦੇ ਮੁੱਖ ਮਹਿਮਾਨ ਦਰਸ਼ਨ ਸਿੰਘ ਧਾਲੀਵਾਲ ਸਨ ਜਿਨ੍ਹਾਂ ਨੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। ਗੈਸਟ ਆਫ ਆਨਰ ਅਕਾਲੀ ਆਗੂ ਬਲਦੇਵ ਸਿੰਘ ਸੱਲ੍ਹਾਂ ਤੋਂ ਇਲਾਵਾ ਜੇ ਪੀ ਖਹਿਰਾ ਤੇ ਬਚਨ ਸਿੰਘ ਗਿੱਲ ਸਨ।



ਹਰਭਜਨ ਮਾਨ ਤੇ ਗੁਰਸੇਵਕ ਮਾਨ



ਜਗਮੀਤ ਸਿੰਘ

ਅਮਰੀਕੀ ਕਾਂਗਰਸ ਦੀਆਂ ਆਉਣ ਵਾਲੀਆਂ ਚੋਣਾਂ ਲਈ ਸੰਭਾਵੀ ਉਮੀਦਵਾਰ ਰਾਜਾ ਕ੍ਰਿਸ਼ਨਾਮੂਰਥੀ ਇਸ ਮੇਲੇ ਵਿਚ ਹਾਜ਼ਰੀ ਲੁਆਉਣ ਲਈ ਉਚੇਚੇ ਪਹੁੰਚੇ। ਮੇਲੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਖੇਡਾਂ ਅਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਆ ਰਹੀਆਂ ਕਾਂਗਰਸ ਚੋਣਾਂ ਵਿਚ ਸਭ ਨੂੰ ਆਪਣੀ ਹਮਾਇਤ ਕਰਨ ਦੀ ਅਪੀਲ ਕੀਤੀ।

ਸ਼ਿਕਾਗੋ ਵਿਚ ਭਾਰਤੀ ਕੌਂਸਲਖਾਨੇ ਤੋਂ ਕੌਂਸਲ ਓ ਪੀ ਮੀਨਾ ਨੇ ਮੇਲੇ ਵਿਚ ਹਾਜ਼ਰੀ ਭਰੀ। ਮੇਲੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਉਹ ਕਿਸੇ ਪੰਜਾਬੀ ਮੇਲੇ ਵਿਚ ਪਹੁੰਚੇ ਹਨ ਅਤੇ ਉਨ੍ਹਾਂ ਨੂੰ ਇਹ ਵੇਖ ਕੇ ਖੁਸ਼ੀ ਹੋਈ ਹੈ ਕਿ ਪੰਜਾਬੀ ਆਪਣੇ ਸਭਿਆਚਾਰ ਅਤੇ ਆਪਣੀਆਂ ਮਨਪਸੰਦ ਖੇਡਾਂ ਨੂੰ ਬਹੁਤ ਪਿਆਰ ਕਰਦੇ ਹਨ।

ਮੰਚ ਸੰਚਾਲਨ ਹੈਪੀ ਹੀਰ ਤੇ ਡਾ. ਹਰਜਿੰਦਰ ਸਿੰਘ ਖਹਿਰਾ ਨੇ ਕੀਤਾ। ਉਂਜ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਨੇ ਵੀ ਉਨ੍ਹਾਂ ਦਾ ਹੱਥ ਵਟਾਇਆ।

ਸ਼ਾਮ ਨੂੰ ਕੋਈ 4 ਵਜੇ ਗਾਇਕੀ ਦਾ ਅਖਾੜਾ ਸ਼ੁਰੂ ਹੋਇਆ ਜਿਸ ਦਾ ਅਰੰਭ ਸਥਾਨਕ ਗਾਇਕ ਜਗਮੀਤ ਸਿੰਘ ਨੇ ਗੀਤ 'ਸੋਹਣੇ ਮੁਖੜੇ ਵਾਲੀਏ...' ਨਾਲ ਕੀਤਾ। ਪਰ ਮੇਲੇ ਦੀ 'ਸਤਰੰਗੀ ਪੀਂਘ' ਉਦੋਂ ਚੜ੍ਹੀ ਜਦੋਂ ਹਰਭਜਨ ਮਾਨ ਅਤੇ ਗੁਰਸੇਵਕ ਮਾਨ ਸਟੇਜ 'ਤੇ ਆਏ। ਦੋਵਾਂ ਭਰਾਵਾਂ ਨੇ ਪੀਲੇ ਰੰਗ ਦੀਆਂ ਕਵੀਸ਼ਰੀ ਪੁਸ਼ਾਕਾਂ ਪਹਿਨੀਆਂ ਹੋਈਆਂ ਸਨ। ਰਵਾਇਤੀ ਤੌਰ 'ਤੇ ਰੱਬ ਅਗੇ ਅਰਦਾਸ ਕਰਨ ਪਿਛੋਂ ਉਨ੍ਹਾਂ ਮਾਂ ਦਾ ਗੀਤ 'ਮਾਂਵਾਂ ਮਾਂਵਾਂ, ਮਾਂ ਜੰਨਤ ਦਾ ਪ੍ਰਛਾਵਾਂ' ਪੇਸ਼ ਕੀਤਾ। ਫਿਰ ਉਨ੍ਹਾਂ ਬੇੜੀ ਦਾ ਪੂਰ ਤ੍ਰਿੰਜਣ ਦੀਆਂ ਕੁੜੀਆਂ ਫੇਰ ਨਾ ਬੈਠਣ ਰਲ ਕੇ ਅਤੇ ਹੱਸਦਿਆਂ ਦੇ ਘਰ ਵੱਸਦੇ ਮਾਨਾਂ ਹੱਸ ਕੇ ਵਕਤ ਗੁਜ਼ਾਰ ਆਦਿ ਉਪਰੰਤ ਗੀਤਾਂ ਦੀ ਝੜੀ ਹੀ ਲਾ ਦਿਤੀ। ਸਰੋਤਿਆਂ ਦੀ ਫਰਮਾਇਸ਼ 'ਤੇ 'ਬਾਬਲ ਦੇ ਵਿਹੜੇ ਅੰਬੀ ਦਾ ਬੂਟਾ' ਸੁਣਾ ਕੇ ਦਾਦ ਹਾਸਿਲ ਕੀਤੀ। ਤਿੰਨ ਰੰਗ ਨਹੀਂ ਲਭਣੇ ਹੁਸਨ, ਜਵਾਨੀ, ਮਾਪੇ; ਦਿਲ ਆਪਣਾ ਪੰਜਾਬੀ ਅਤੇ ਗੱਲ੍ਹਾਂ ਗੋਰੀਆਂ ਦੇ ਵਿਚ ਟੋਏ ਨਾਲ ਸਰੋਤਿਆਂ ਨੂੰ ਝੂਮਣ ਲਾ ਦਿੱਤਾ।



'ਚਿੱਠੀਏ ਨੀ ਚਿੱਠੀਏ' ਗੀਤ ਜਿਸ ਨਾਲ ਉਸ ਨੂੰ ਸਫਲਤਾ ਤੇ ਪ੍ਰਸਿੱਧੀ ਮਿਲੀ, ਹਰਭਜਨ ਨੇ ਗਾ ਕੇ ਸਰੋਤਿਆਂ ਦੀ ਰੂਹ ਰਾਜੀ ਕੀਤੀ। ਫਿਲਮ 'ਹਾਣੀ' ਦਾ ਬੋਲੀਆਂ ਤੇ ਟੱਪਿਆਂ ਵਾਲਾ ਗੀਤ 'ਮਾਏ ਨੀ ਮੈਂ ਲੌਂਗ ਗਵਾ ਆਈ ਆਂ' ਤੇ 'ਲਾਲੀ ਲਾਲ ਦੁੱਪਟਾ' ਨਾਲ ਸਤ ਰੰਗ ਪੂਰੇ ਕਰ ਦਿੱਤੇ।

ਕਰੀਬ ਦੋ ਘੰਟੇ ਚਲੇ ਇਸ ਪ੍ਰੋਗਰਾਮ ਦਾ ਸਰੋਤਿਆਂ ਨੇ ਭਰਪੂਰ ਲੁਤਫ ਲਿਆ। ਉਂਜ ਉਨ੍ਹਾਂ ਦਾ ਸਭ ਤੋਂ ਵੱਧ ਹੁੰਗਾਰਾ 'ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇਕ ਆਵੇ ਇਕ ਜਾਵੇ' ਅਤੇ 'ਚੰਨ ਕਿਥਾਂ ਗੁਜ਼ਾਰੀ ਆ ਈ ਰਾਤ ਵੇ' ਨੂੰ ਮਿਲਿਆ। ਗੁਰਦਾਸ ਮਾਨ ਅਤੇ ਹੁਣ ਕੰਵਰ ਗਰੇਵਾਲ ਦੀ ਰੀਸੇ ਕੁਝ ਸਰੋਤਿਆਂ ਨੇ ਛੋਟੇ ਛੋਟੇ ਬੱਚੇ-ਬੱਚੀਆਂ ਨੂੰ ਸਟੇਜ 'ਤੇ ਚੜ੍ਹਾ ਦਿੱਤਾ ਅਤੇ ਮਾਨਾਂ ਨੇ ਵੀ ਉਨ੍ਹਾਂ ਦਾ ਪੂਰਾ ਮਾਣ ਰੱਖਿਆ। ਕਈ ਦਰਸ਼ਕਾਂ ਦਾ ਵਿਚਾਰ ਸੀ ਕਿ ਪਿਛਲੇ ਕਈ ਸਾਲਾਂ ਵਿਚ ਹੋਏ ਗਾਇਕੀ ਦੇ ਪ੍ਰੋਗਰਾਮਾਂ ਵਿਚੋਂ ਇਹ ਸਭ ਤੋਂ ਵਧੀਆ ਪ੍ਰੋਗਰਾਮ ਹੈ।



ਮੇਲੀਆਂ ਲਈ ਗਰਮਾ-ਗਰਮ ਚਾਹ, ਪਕੌੜਿਆਂ ਅਤੇ ਜਲੇਬੀਆਂ ਦਾ ਵਧੀਆ ਪ੍ਰਬੰਧ ਸੀ। ਖਾਣੇ ਵਿਚ ਦਾਲ-ਚੌਲ, ਮਟਰ-ਪਨੀਰ, ਨਾਨ ਅਤੇ ਕੁਕੜ ਹਾਜਰ ਸਨ।

ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ ਘੋਤੜਾ, ਵਿੱਤ ਸਕੱਤਰ ਅਤੇ ਮੀਡੀਆ ਇੰਚਾਰਜ ਅਮਰੀਕ ਸਿੰਘ (ਅਮਰ ਕਾਰਪੈਟਸ), ਬੋਰਡ ਮੈਂਬਰਾਂ-ਹੈਪੀ ਹੀਰ, ਜਸਕਰਨ ਸਿੰਘ ਧਾਲੀਵਾਲ, ਲਵਦੀਪ ਸਿੰਘ ਦੂਲਤ, ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਗੁਰਮੀਤ ਸਿੰਘ ਭੋਲਾ, ਰਾਜਿੰਦਰ ਸਿੰਘ ਦਿਆਲ, ਮਨਮਿੰਦਰ ਸਿੰਘ ਹੀਰ, ਲੱਕੀ ਸਹੋਤਾ ਅਤੇ ਸਵਰਨ ਸਿੰਘ ਸਿੱਧੂ ਨੇ ਆਪਣੇ ਹੋਰਨਾਂ ਸਾਥੀਆਂ ਨਾਲ ਮਿਲ ਕੇ ਮੇਲੇ ਨੂੰ ਕਾਮਯਾਬ ਬਣਾਉਣ ਲਈ ਪੂਰੇ ਤਾਲ-ਮੇਲ ਨਾਲ ਕੰਮ ਕੀਤਾ ਪਰ ਗੱਡੀ ਦੇ ਅੱਗੇ ਪ੍ਰਧਾਨ ਹਰਵਿੰਦਰ ਸਿੰਘ ਘੋਤੜਾ, ਵਿੱਤ ਸਕੱਤਰ ਅਤੇ ਮੀਡੀਆ ਇੰਚਾਰਜ ਅਮਰੀਕ ਸਿੰਘ, ਬੋਰਡ ਮੈਂਬਰਾਂ-ਹੈਪੀ ਹੀਰ ਤੇ ਨਰਿੰਦਰ ਸਿੰਘ ਸਰਾਂ ਲੱਗੇ ਹੋਏ ਸਨ। ਉਨ੍ਹਾਂ ਆਪਣੇ ਸਾਥੀਆਂ ਅਤੇ ਮੇਲੇ 'ਚ ਪਹੁੰਚੇ ਲੋਕਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ।








# ਗੁਰਦੁਆਰਾ ਫਰੀਮਾਂਟ ਦੀਆਂ ਅਗਲੀਆਂ ਚੋਣਾਂ ਬਾਰੇ ਵਿਚਾਰਾਂ



**ਫਰੀਮਾਂਟ (ਬਿਊਰੋ):** ਬੇਅ ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ (ਬਸਾਓ) ਦੇ ਅਹੁਦੇਦਾਰਾਂ ਅਤੇ ਸਮਰਥਕਾਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਗੁਰਦੁਆਰਾ ਫਰੀਮਾਂਟ ਦੀਆਂ ਮਾਰਚ 2016 ਵਿਚ ਹੋਣ ਵਾਲੀਆਂ ਚੋਣਾਂ ਬਾਰੇ ਵਿਚਾਰ ਕੀਤੀ ਗਈ ਅਤੇ ਇਨ੍ਹਾਂ ਚੋਣਾਂ ਲਈ ਹੁਣੇ ਤੋਂ ਤਿਆਰੀਆਂ ਅਰੰਭਣ ਦਾ ਫੈਸਲਾ ਲਿਆ ਗਿਆ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਹਾਜਰ ਸੱਜਣਾਂ ਵਿਚੋਂ ਬਹੁਤ ਸਾਰਿਆਂ ਦਾ ਵਿਚਾਰ ਸੀ ਕਿ ਗੁਰਦੁਆਰਾ ਫਰੀਮਾਂਟ ਵਿਚ ਸੰਨ 2008 ਤੋਂ ਲੈ ਕੇ ਅਜ ਤਕ ਸੰਗਤ ਦੀ ਲੋੜ ਮੁਤਾਬਕ ਕੋਈ ਪ੍ਰਾਜੈਕਟ ਨਹੀਂ ਬਣਾਇਆ ਗਿਆ, ਜਦੋਂਕਿ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਨੇ ਸੰਗਤ ਦੇ ਸਹਿਯੋਗ ਨਾਲ ਇਨੀ ਸੋਹਣੀ ਇਮਾਰਤ ਬਣਾਈ ਹੈ। ਉਂਜ ਗੁਰਦੁਆਰਾ ਫਰੀਮਾਂਟ ਦੇ ਮੌਜੂਦਾ ਪ੍ਰਬੰਧਕ ਹਮੇਸ਼ਾਂ ਇਹੋ ਪ੍ਰਚਾਰ ਕਰਦੇ ਹਨ ਕਿ ਗੁਰੂਘਰ ਦੀ ਆਮਦਨ ਬੇਅ ਏਰੀਆ ਦੇ ਸਭ ਗੁਰਦੁਆਰਿਆਂ ਤੋਂ ਵੱਧ ਹੈ। ਹਾਜਰ ਸੰਗਤਾਂ ਨੇ ਸਰਬਸੰਮਤੀ ਨਾਲ ਫੈਸਲਾ ਲਿਆ ਕਿ ਮੌਜੂਦਾ ਪ੍ਰਬੰਧਕਾਂ ਨੂੰ ਪ੍ਰਬੰਧ ਤੋਂ ਲਾਂਭੇ ਕਰਨ ਲਈ ਰਲ ਕੇ ਹਮਲਾ ਮਾਰਿਆ ਜਾਵੇ। ਪ੍ਰਬੰਧ ਸੰਭਾਲਣ ਪਿਛੋਂ ਗੋਲਕ ਦਾ ਸਾਰਾ ਹਿਸਾਬ ਨਾਲੋ-ਨਾਲ ਦਿਤਾ ਜਾਵੇ ਅਤੇ ਕਿਸੇ ਕਿਸਮ ਦਾ ਲੁਕੋ ਨਾ ਰਖਿਆ ਜਾਵੇ।

# ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀ ਚੜ੍ਹਦੀ ਕਲਾ ਲਈ ਅਰਦਾਸ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀਆਂ ਹਾਲ ਹੀ ਵਿਚ ਹੋਈਆਂ ਚੋਣਾਂ ਵਿਚ ਮੌਜੂਦਾ ਪ੍ਰਬੰਧਕ ਕਮੇਟੀ ਦੀ ਜਿੱਤ ਲਈ ਵਾਹਿਗੁਰੂ ਅਤੇ ਸੰਗਤਾਂ ਦਾ ਸ਼ੁਕਰਾਨਾ ਕਰਨ ਲਈ ਬੇਅ ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ (ਬਸਾਓ) ਵਲੋਂ ਸ. ਗੁਰਚਰਨ ਸਿੰਘ ਮਾਨ ਅਤੇ ਸ. ਅਵਤਾਰ ਸਿੰਘ ਧਾਮੀ ਦੇ ਉਦਮ ਨਾਲ ਗੁਰਦੁਆਰਾ ਸੈਨ ਹੋਜ਼ੇ ਵਿਖੇ ਸੁਖਮਨੀ ਸਾਹਿਬ ਦੇ ਪਾਠ ਸੰਗਤੀ ਰੂਪ ਵਿਚ ਕੀਤੇ ਗਏ। ਇਸ ਅਰਦਾਸ ਸਮਾਗਮ ਵਿਚ ਵਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਵੇਂ ਚੁਣੇ ਗਏ ਭੁਪਿੰਦਰ ਸਿੰਘ ਢਿਲੋਂ, ਪ੍ਰੀਤਮ ਸਿੰਘ ਗਰੇਵਾਲ, ਸੁਖਦੇਵ ਸਿੰਘ ਬੈਣੀਵਾਲ, ਸਰਬਜੋਤ ਸਿੰਘ ਸਵੱਦੀ ਅਤੇ ਸਾਰੇ ਕਮੇਟੀ ਮੈਂਬਰਾਂ ਦੀ ਚੜ੍ਹਦੀ ਕਲਾ ਅਤੇ ਉਨ੍ਹਾਂ ਨੂੰ ਗੁਰੂਘਰ ਲਈ ਹੋਰ ਉਸਾਰੂ ਕੰਮ ਕਰਨ ਦੀ ਸਮਰੱਥਾ ਬਖਸ਼ਣ ਲਈ ਵਾਹਿਗੂਰੂ ਅਗੇ ਅਰਦਾਸ ਕੀਤੀ ਗਈ। ਹਾਜਰ ਸੰਗਤਾਂ ਨੇ ਗੁਰੂਘਰ ਦੇ ਉਸਾਰੂ ਕਾਰਜਾਂ ਲਈ ਦਿਲ ਖੋਲ੍ਹ ਕੇ ਮਾਇਆ ਭੇਟਾ ਕਰਨ ਦੀ ਇਛਾ ਜਾਹਰ ਕੀਤੀ। ਅਖੀਰ ਵਿਚ ਬਸਾਓ ਦੇ ਜਨਰਲ ਸਕੱਤਰ ਰਾਣਾ ਕਾਹਲੋਂ ਅਤੇ ਭਾਈ ਬਿਕਰਮਜੀਤ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਮੇਰੇ ਸ਼ੋਆਂ ਨੂੰ ਪੰਜਾਬੀ ਫਿਲਮਾਂ ਵਾਂਗ ਹੀ ਹੁੰਗਾਰਾ ਦੇਣਗੇ:ਹਰਭਜਨ ਮਾਨ

**ਹੇਵਰਡ (ਬਿਊਰੋ):** ਮੇਰੇ ਗਾਇਕੀ ਦੇ ਪ੍ਰੋਗਰਾਮਾਂ ਨੂੰ ਵੀ ਪੰਜਾਬੀ ਉਸੇ ਤਰ੍ਹਾਂ ਦਾ ਹੁੰਗਾਰਾ ਦੇਣਗੇ ਜਿਵੇਂ ਉਨ੍ਹਾਂ ਮੇਰੀਆਂ ਫਿਲਮਾਂ ਨੂੰ ਦਿੱਤਾ ਹੈ। ਇਹ ਭਰੋਸਾ ਲੰਘੇ ਸ਼ੁੱਕਰਵਾਰ ਨੂੰ ਇਥੇ ਮਾਊਂਟੇਨ ਮਾਈਕ ਪੀਜ਼ਾ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਘੇ ਗਾਇਕ ਅਤੇ ਅਦਾਕਾਰ ਹਰਭਜਨ ਮਾਨ ਨੇ ਪ੍ਰਗਟਾਇਆ। ਇਸ ਸਮੇਂ ਉਨ੍ਹਾਂ ਦਾ ਭਰਾ ਗੁਰਸੇਵਕ ਮਾਨ ਵੀ ਮੌਜੂਦ ਸੀ।



*ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਭਜਨ ਮਾਨ। ਨਾਲ ਬੈਠੇ ਹਨ ਗੁਰਸੇਵਕ ਮਾਨ ਤੇ ਅਮਨ ਮਧਾਰ*

ਹਰਭਜਨ ਨੇ ਕਿਹਾ ਕਿ ਮੈਨੂੰ ਇਸ ਗੱਲ 'ਤੇ ਮਾਣ ਹੈ ਕਿ ਮੇਰੇ ਗੀਤਾਂ 'ਚੋਂ ਕਦੇ ਵੀ ਪੰਜਾਬੀਅਤ ਦੀ ਝਲਕ ਨਹੀਂ ਮੁੱਕਦੀ ਅਤੇ ਮੇਰੀਆਂ ਸਾਰੀਆਂ ਫਿਲਮਾਂ ਵੀ ਮਿਆਰੀ ਰਹੀਆਂ ਹਨ। ਇਸੇ ਕਰਕੇ ਪੰਜਾਬੀਆਂ ਨੇ ਮੈਨੂੰ ਇੰਨਾ ਮਾਣ ਬਖਸ਼ਿਆ ਹੈ। ਮਿਲਣੀ ਸਮੇਂ ਮਾਨ ਨੇ ਆਪਣੇ ਕੁਝ ਗੀਤਾਂ ਦੀਆਂ ਵੰਨਗੀਆਂ ਵੀ ਪੇਸ਼ ਕੀਤੀਆਂ।

ਯੂਨੀਅਨ ਸਿਟੀ ਦੇ ਜੇਮਜ਼ ਲੋਗਨ ਹਾਈ ਸਕੂਲ ਵਿਚ 26 ਸਤੰਬਰ, ਸਨਿਚਰਵਾਰ ਨੂੰ ਹੋਣ ਵਾਲੇ ਆਪਣੇ ਸ਼ੋਅ ਦੀ ਗੱਲ ਕਰਦਿਆਂ ਉਨ੍ਹਾਂ ਸਮੂਹ ਪੰਜਾਬੀ ਪ੍ਰੇਮੀਆਂ ਨੂੰ ਇਹ ਸ਼ੋਅ ਪਰਿਵਾਰਾਂ ਸਮੇਤ ਦੇਖਣ/ਸੁਣਨ ਦਾ ਸੱਦਾ ਦਿੱਤਾ। ਇਸ ਸ਼ੋਅ ਦੇ ਮੁੱਖ ਪ੍ਰਬੰਧਕ ਅਮਨ ਮਧਾਰ ਵੀ ਇਸ ਮੌਕੇ ਹਾਜ਼ਰ ਸਨ। ਸ੍ਰੀ ਮਧਾਰ ਨੇ ਦੱਸਿਆ ਕਿ ਸ਼ੋਅ ਲਈ ਟਿਕਟਾਂ $35, $55, ਵੀ ਆਈ ਪੀ ਅਤੇ ਵੀ ਵੀ ਆਈ ਪੀ ਰੱਖੀਆਂ ਗਈਆਂ ਹਨ। ਹੋਰ ਜਾਣਕਾਰੀ ਫੋਨ 415-717-2283 ਰਾਹੀਂ ਲਈ ਜਾ ਸਕਦੀ ਹੈ।







# ਵਲੈਤ 'ਚ ਪੰਜਾਬੀ ਦਾਅਵਾ

## ਜਲੰਧਰ ਦੀਆਂ ਜੜ੍ਹਾਂ ਵਾਲੇ ਸੰਜੀਵ ਸਹੋਤਾ ਦਾ ਨਾਵਲ ਮੈਨ ਬੁੱਕਰ ਇਨਾਮ ਵਾਲੀ ਕਤਾਰ ਵਿਚ




**ਕਲਾ ਪਰਿਕਰਮਾ**

ਪੰਜਾਬੀ ਮੂਲ ਦੇ ਬਰਤਾਨਵੀ ਲੇਖਕ ਸੰਜੀਵ ਸਹੋਤਾ ਦਾ ਨਾ ਵੱਕਾਰੀ ਮੈਨਜ਼ ਬੁੱਕਰ ਇਨਾਮ ਲਈ ਵਿਚਾਰਿਆ ਜਾ ਰਿਹਾ ਹੈ। 34 ਸਾਲਾ ਸੰਜੀਵ ਦਾ ਦੂਜਾ ਨਾਵਲ 'ਦਿ ਯੀਅਰ ਆਫ ਦਿ ਰਨਅਵੇਜ਼' ਇਸ ਇਨਾਮ ਲਈ ਵਿਚਾਰੀਆਂ ਜਾ ਰਹੀਆਂ ਗਿਣਤੀ ਦੀਆਂ ਕਿਤਾਬਾਂ ਵਿਚ ਸ਼ੁਮਾਰ ਹੋ ਗਿਆ ਹੈ। ਨਾਵਲ ਮੁੱਖ ਰੂਪ ਵਿਚ ਇੰਗਲੈਂਡ ਵਿਚ ਹਰ ਹੀਲੇ ਪੱਕੇ ਹੋਣ ਲਈ ਸੌ ਹੂਲੇ ਫੱਕ ਕੇ ਇੰਗਲੈਂਡ ਪੁੱਜੇ ਤਿੰਨ ਭਾਰਤੀ ਪੁਰਸ਼ਾਂ ਅਤੇ ਇੱਕ ਔਰਤ ਦੁਆਲੇ ਘੁੰਮਦਾ ਹੈ।

ਇਸ ਵੇਲੇ ਸ਼ੈਫੀਲਡ ਵਿਚ ਵਸੇ ਸੰਜੀਵ ਦਾ ਜਨਮ 1981 ਵਿਚ ਡਰਬੀਸ਼ਾਇਰ ਵਿਚ ਹੋਇਆ। ਉਸ ਦੇ ਦਾਦਾ-ਦਾਦੀ ਜਲੰਧਰ ਜ਼ਿਲ੍ਹੇ ਤੋਂ 1966 ਵਿਚ ਇੰਗਲੈਂਡ ਪੁੱਜੇ ਸਨ। ਲੰਡਨ ਦੇ ਇੰਪੀਰੀਅਲ ਕਾਲਜ ਤੋਂ ਮੈਥੇਮੈਟਿਕਸ 'ਚ ਡਿਗਰੀ ਕਰਨ ਵਾਲੇ ਸੰਜੀਵ ਨੇ ਪਹਿਲਾ ਨਾਵਲ 18 ਸਾਲ ਦੀ ਉਮਰੇ ਪੜ੍ਹਿਆ ਸੀ, ਜਦੋਂ ਕਾਲਜ ਵਿਚ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਉਹ ਭਾਰਤ ਰਿਸ਼ਤੇਦਾਰਾਂ ਨੂੰ ਮਿਲਣ ਗਿਆ ਸੀ। ਇਹ ਨਾਵਲ ਸਲਮਾਨ ਰਸ਼ਦੀ ਦਾ 'ਮਿਡਨਾਈਟਸ ਚਿਲਡਰਨ' ਸੀ। ਇਸ ਨਾਵਲ ਨੇ ਇਸ ਮੁੰਡੇ ਅੱਗੇ ਸ਼ਬਦਾਂ ਦਾ ਸੰਸਾਰ ਖੋਲ੍ਹ ਦਿੱਤਾ ਅਤੇ ਉਸ ਅੰਦਰ ਕਹਾਣੀ ਬਿਆਨ ਕਰ ਸਕਣ ਦੀ ਭਾਸ਼ਾ ਨਾਲ ਹੋਰ ਬਾਵਸਤਾ ਹੋਣ ਦੀ ਸਿੱਕ ਜਾਗ ਪਈ। ਫਿਰ ਤਾਂ ਉਸ ਦੇ ਪੜ੍ਹਨ ਦਾ ਅੰਦਾਜ਼ ਹੀ ਬਦਲ ਗਿਆ। ਉਸ ਨੇ ਅਰੁੰਧਤੀ ਰਾਏ ਦਾ 'ਗੌਡ ਆਫ ਸਮਾਲ ਥਿੰਗਜ਼', ਵਿਕਰਮ ਸੇਠ ਦਾ 'ਏ ਸੂਟੇਬਲ ਬੁਆਏ', ਬਰਤਾਨਵੀ ਨਾਵਲਕਾਰ ਕਾਜ਼ੁਓ ਇਸ਼ੀਗੁਰੋ ਦਾ ਨਾਵਲ 'ਰਿਮੇਨਜ਼ ਆਫ ਦਿ ਡੇਅ' ਪੜ੍ਹੇ। ਉਹਦੀ ਤ੍ਰੇਹ ਵਧਦੀ ਗਈ ਤੇ ਉਸ ਨੇ ਲੰਘ ਗਏ ਵਰ੍ਹਿਆਂ ਦਾ ਖੱਪਾ ਹੋਰ ਤੇਜ਼ੀ ਨਾਲ ਕਿਤਾਬਾਂ ਪੜ੍ਹ ਕੇ ਪੂਰਨ ਦਾ ਯਤਨ ਕੀਤਾ। 24 ਕੁ ਸਾਲ ਦੀ ਉਮਰੇ ਉਸ ਨੂੰ ਤਾਲਸਤਾਏ ਦਾ ਮਹਾਂ ਨਾਵਲ 'ਅੱਨਾ ਕਾਰਨਿਨਾ' ਪੜ੍ਹਨ ਦਾ ਮੌਕਾ ਮਿਲਿਆ ਤੇ ਉਹ ਅੰਦਰ ਰੂਸੀ ਸਾਹਿਤ ਤੇ ਸਮਾਜ ਨੂੰ ਸਮਝਣ ਦੇ ਰਾਹ ਪੈ ਗਿਆ। ਇਸ ਮਗਰੋਂ ਉਸ ਨੇ ਤਾਲਸਤਾਏ, ਦੋਸਤੋਵਸਕੀ, ਗੋਗੋਲ, ਤੁਰਗਨੇਵ, ਚੈਖੋਵ ਤੇ ਪੁਸ਼ਕਿਨ ਦੀਆਂ ਰਚਨਾਵਾਂ ਨੂੰ ਆਤਮਸਾਤ ਕੀਤਾ।

ਸੰਜੀਵ ਬੇਸ਼ੱਕ ਇੰਗਲੈਂਡ ਦਾ ਜੰਮਪਲ ਹੈ, ਪਰ ਆਪਣੀਆਂ ਜੜ੍ਹਾਂ ਤੇ ਇਸ ਦੇ ਸਭਿਆਚਾਰਕ ਵਰਤਾਰਿਆਂ ਨੂੰ ਉਸ ਨੇ ਇੰਗਲੈਂਡ ਪੁੱਜੇ ਪੰਜਾਬੀਆਂ ਵਿਚੋਂ ਵੀ ਸੂਖਮਤਾ ਨਾਲ ਫੜਿਆ ਹੈ। ਇਸੇ ਕਰ ਕੇ ਆਪਣੇ ਨਾਵਲ 'ਦਿ ਯੀਅਰ ਆਫ ਰਨਅਵੇਜ਼' ਵਿਚ ਉਹ ਸਾਵੀਂ ਪੱਧਰੀ ਬਿਹਤਰ ਜ਼ਿੰਦਗੀ ਦੀ ਭਾਲ ਵਿਚ ਗੈਰ-ਕਾਨੂੰਨੀ ਢੰਗ ਨਾਲ ਇੰਗਲੈਂਡ ਪੁੱਜੇ ਅਤੇ ਰਹਿ ਰਹੇ ਭਾਰਤੀਆਂ (ਪੰਜਾਬੀਆਂ) ਵਿਚ ਜਾਤਪਾਤ ਜਿਹੇ ਕਰੂਰ ਵਰਤਾਰਾ ਪੂਰੇ ਠੁੱਕ ਨਾਲ ਪੇਸ਼ ਕਰ ਸਕਿਆ ਹੈ।

ਸਿਰਜਣਸ਼ੀਲ ਮਨੁੱਖ ਹਰ ਵਰਤਾਰੇ ਨੂੰ ਆਪਣੇ ਹੀ ਅੰਦਾਜ਼ ਵਿਚ ਤੱਕਦਾ ਹੈ। ਬਰਤਾਨੀਆ ਵਿਚ 2005 ਵਿਚ ਪਬਲਿਕ ਟਰਾਂਸਪੋਰਟ ਵਿਚ ਹੋਏ ਖੁਦਕੁਸ਼ ਹਮਲਿਆਂ ਵਿਚ 52 ਲੋਕ ਮਾਰੇ ਗਏ ਸਨ। ਹਮਲਾਵਰਾਂ ਦਾ ਖਿਆਲ ਆਉਂਦਿਆਂ




ਹੀ ਹੋਰ ਕਿੰਨਾ ਕੁਝ ਸੰਜੀਵ ਦੇ ਜ਼ਿਹਨ 'ਚ ਖੌਰੂ ਪਾਉਣ ਲੱਗ ਪਿਆ ਸੀ। 2011 ਵਿਚ ਉਸ ਦਾ ਇਸ ਘਟਨਾ ਦੇ ਪਿਛੋਕੜ ਵਿਚ ਪਹਿਲਾ ਨਾਵਲ 'ਅਵਰਜ਼ ਆਰ ਦਿ ਸਟ੍ਰੀਟਸ' ਛਪਿਆ। ਇਸ ਨਾਵਲ ਦਾ ਮੁੱਖ ਪਾਤਰ ਪਾਕਿਸਤਾਨੀ ਮੂਲ ਦਾ ਬਰਤਾਨਵੀ ਖੁਦਕੁਸ਼ ਬੰਬਾਰ ਸੀ। ਇਸ ਨਾਵਲ ਨਾਲ ਉਸ ਦੀ ਸਮਰੱਥਾ ਜੱਗ ਜ਼ਾਹਿਰ ਹੋਈ ਤੇ ਉਹ 'ਗ੍ਰਾਂਟਾ' ਦੇ 'ਬਰਤਾਨੀਆ ਦੇ ਸਰਵੋਤਮ ਨੌਜਵਾਨ ਲੇਖਕਾਂ' ਦੀ ਕਤਾਰ ਵਿਚ ਸ਼ਾਮਲ ਹੋ ਗਿਆ। ਦਿਲਚਸਪ ਗੱਲ ਇਹ ਵੀ ਹੈ ਕਿ ਹੁਣ ਇਨਾਮ ਲਈ ਨਾਵਲ ਛਾਂਟਣ ਵਾਲੇ ਪੈਨਲ ਵਿਚ ਸਲਮਾਨ ਰਸ਼ਦੀ ਵੀ ਸੀ। ਉਸ ਨੇ ਲੇਖਕ ਦੀ ਪ੍ਰਤਿਭਾ ਨੂੰ 'ਜਾਨਦਾਰ, ਤਾਜ਼ਗੀ ਭਰਪੂਰ ਤੇ ਪ੍ਰਤੱਖ' ਕਰਾਰ ਦਿੱਤਾ ਹੈ। ਦੱਸਣਾ ਜ਼ਰੂਰੀ ਹੈ ਕਿ ਰਚਨਾਵਾਂ ਦੇ ਮੁਲੰਕਣ ਵੇਲੇ ਲੇਖਕ ਅਤੇ ਪੁਸਤਕ ਦਾ ਨਾਮ ਜੱਜ ਤੋਂ ਲਕੋ ਕੇ ਰੱਖਿਆ ਜਾਂਦਾ ਹੈ।

ਬੁੱਕਰਜ਼ ਨੇ ਇਨਾਮ ਦੇਣ ਲਈ ਲੇਖਕਾਂ ਦੀ ਕੌਮੀਅਤ ਦਾ ਘੇਰਾ ਹੁਣ ਵਸੀਹ ਕਰ ਦਿੱਤਾ ਹੈ। ਪਹਿਲਾਂ ਇਹ ਇਨਾਮ ਕੇਵਲ ਬਰਤਾਨੀਆ, ਰਾਸ਼ਟਰਮੰਡਲ ਮੁਲਕਾਂ, ਆਇਰਲੈਂਡ ਤੇ ਜ਼ਿੰਬਾਬਵੇ ਮੂਲ ਦੇ ਅੰਗਰੇਜ਼ੀ ਲੇਖਕਾਂ ਨੂੰ ਦਿੱਤਾ ਜਾਂਦਾ ਸੀ। ਐਤਕੀਂ ਦੀ ਬੁੱਕਰਜ਼ ਇਨਾਮ ਸੂਚੀ ਵਿਚ ਬਰਤਾਨਵੀ ਲੇਖਕ ਟੌਮ ਮੈਕਾਰਥੀ (ਸੈਟਿਨ ਆਈਲੈਂਡ), ਅਮਰੀਕਾ ਤੋਂ ਐਨੀ ਟੇਲਰ (ਏ ਸਪੂਲ ਆਫ ਬਲੂ ਥ੍ਰੈੱਡ), ਇੱਕ ਹੋਰ ਅਮਰੀਕੀ ਲੇਖਕ ਹਾਨਿਆ ਯਾਨਾਗੀਹਾਰਾ (ਏ ਲਿਟਲ ਲਾਈਫ), ਜਮਾਇਕਾ ਦੇ ਲੇਖਕ ਮਾਰਲੋਨ ਜੇਮਜ਼ (ਏ ਬਰੀਫ ਹਿਸਟਰੀ ਆਫ ਸੈਵਨ ਕਿਲਿੰਗਜ਼) ਤੇ ਨਾਇਜੀਰੀਅਨ ਲੇਖਕ ਚਿਗੋਜ਼ੀ ਓਬਿਓਮਾ (ਦਿ ਫਿਸ਼ਰਮੈੱਨ) ਸ਼ਾਮਲ ਹਨ।

*-ਦਵੀ ਦਵਿੰਦਰ ਕੌਰ*
*ਫੋਨ: +91-98760-82982*

ਦਿ ਮੈਨ ਬੁੱਕਰ ਇਨਾਮ ਦਾ ਲੋਗੋ।

### ਪੰਜਾਬੀ ਖ਼ੂਨ ਦਾ ਜਲੌਅ

*ਭਾਰਤੀ ਮੂਲ ਦੇ ਛੇ ਲੇਖਕਾਂ ਨੂੰ ਬੁੱਕਰ ਮਿਲ ਚੁੱਕਾ ਹੈ: ਵੀ.ਐਸ. ਨਾਇਪਾਲ, ਇਨ ਏ ਫਰੀ ਸਟੇਟ (1971); ਰੁੱਥ ਪਵਾਰ ਝਾਬਵਾਲਾ, ਹੀਟ ਐਂਡ ਡਸਟ (1975); ਸਲਮਾਨ ਰਸ਼ਦੀ, ਮਿਡਨਾਈਟ'ਸ ਚਿਲਡਰਨ (1981); ਅਰੁੰਧਤੀ ਰਾਏ, ਦਿ ਗੌਡ ਆਫ ਸਮਾਲ ਥਿੰਗਜ਼ (1997); ਕਿਰਨ ਦੇਸਾਈ, ਦਿ ਇਨਹੈਰੀਟੈਂਸ ਆਫ ਲੌਸ (1997) ਅਤੇ ਅਰਵਿੰਦ ਅਡੀਗਾ, ਦਿ ਵਾਈਟ ਟਾਈਗਰ (2008)। ਜੇ ਸੰਜੀਵ ਜਿੱਤਦਾ ਹੈ ਤਾਂ ਇਸ ਕਤਾਰ ਵਿਚ ਪੰਜਾਬੀ ਖ਼ੂਨ ਵੀ ਸ਼ਾਮਲ ਹੋ ਜਾਵੇਗਾ।*

### ਡਾਇਸਪੋਰਾ ਦਾ ਰੰਗ

*50,000 ਪੌਂਡ ਵਾਲੇ ਇਸ ਇਨਾਮ ਬਾਰੇ ਐਲਾਨ 13 ਅਕਤੂਬਰ ਨੂੰ ਹੋਣਾ ਹੈ। ਪੰਜਾਬ ਮੂਲ ਦੇ ਕਿਸੇ ਲੇਖਕ ਨੂੰ ਇੰਨਾ ਵੱਡਾ ਮਾਣ ਪਹਿਲੀ ਵਾਰ ਹਾਸਲ ਹੋਇਆ ਹੈ। ਨਾਵਲ ਵਿਚ ਫਰਜ਼ੀ ਵਿਆਹ, ਗੈਰ-ਕਾਨੂੰਨੀ ਕਾਮਿਆਂ ਤੇ ਵਿਦਿਆਰਥੀ ਵੀਜ਼ਿਆਂ ਦੀ ਦੁਰਵਰਤੋਂ ਜਿਹੇ ਵਰਤਾਰਿਆਂ ਬਾਰੇ ਚਰਚਾ ਹੈ। ਸੰਜੀਵ ਸਹੋਤਾ ਦੇ ਪਹਿਲੇ ਨਾਵਲ 'ਅਵਰਜ਼ ਆਰ ਦਿ ਸਟ੍ਰੀਟਸ' ਨੂੰ ਵੀ ਕੌਮਾਂਤਰੀ ਪੱਧਰ 'ਤੇ ਚੰਗਾ ਹੁੰਗਾਰਾ ਮਿਲਿਆ ਸੀ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਅਕਤੂਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-188



*ਕਿੰਨਾ ਚੜ੍ਹਿਆ ਬੁਖਾਰ ਏਸ ਦਾ, ਭੁੱਲ ਗਈ ਦੁਨੀਆਂ ਸਾਰੀ।*
*ਗੁੱਲੀ-ਡੰਡੇ ਵਰਗੀ ਖੇਡ ਸੀ, ਮੱਤ ਲੋਕਾਂ ਦੀ ਮਾਰੀ।*
*ਇਹ ਭੋਲੇ ਵੀ ਖੇਡਣ ਲੱਗ ਪਏ, ਨਕਲੀ ਬੈਟ ਤੇ ਬੱਲਾ,*
*ਟਿੰਕੂ ਮਾਰਦਾ ਚੌਕੇ-ਛੱਕੇ, ਗੇਂਦ ਬੋਚਦਾ ਭੱਲਾ।*

## ਕੈਪਸ਼ਨ ਮੁਕਾਬਲਾ-186



ਭਲੇ ਪੁਰਸ਼ ਕੋਈ ਚੋਗਾ ਪਾਉਂਦੇ
ਮਾਰ ਉਡਾਰੀਆਂ ਗੋਲੇ ਆਉਂਦੇ।
ਇਕੱਠੇ ਹੋ ਕੇ ਡਾਰ ਬਣਾਉਂਦੇ
ਲੋਕਾਂ ਦਾ ਇਹ ਮਨ ਪ੍ਰਚਾਉਂਦੇ।
ਡਰਦੇ ਡਰਦੇ ਠੁੰਗ ਚਲਾਉਂਦੇ
ਸਭਨਾਂ ਦੇ ਇਹ ਮਨ ਨੂੰ ਭਾਉਂਦੇ।

*-ਜਗਮੀਤ ਸਿੰਘ ਪੰਧੇਰ*
*ਪਿੰਡ: ਕਲਾਹੜ (ਲੁਧਿਆਣਾ)*
*ਫੋਨ: 9198783-37222*

---

ਭਲੇ ਸਮਿਆਂ ਵਿਚ ਕਬੂਤਰ ਹੀ
ਦੁੱਖ ਸੁੱਖ ਦੀ ਸਾਂਝ ਪਵਾਉਂਦੇ ਸੀ।
ਲਿਖੇ ਹੋਏ ਪੱਤਰ ਤੇ ਚਿੱਠੀਆਂ
ਥਾਂਓਂ ਥਾਂਈਂ ਪਹੁੰਚਾਉਂਦੇ ਸੀ।
ਆਵੇ ਜਦੋਂ ਕਬੂਤਰ ਵਿਹੜੇ
ਲੱਖ ਲੱਖ ਸ਼ੁਕਰ ਮਨਾਉਂਦੇ ਸੀ।
ਵਿਚ ਖੁਸ਼ੀ ਦੇ ਉਨ੍ਹਾਂ ਨੂੰ
ਤਲੀਆਂ 'ਤੇ ਚੋਗ ਚੁਗਾਉਂਦੇ ਸੀ।
ਵ੍ਹੱਟਸ ਐਪ ਨੇ ਸਾਂਭ ਲਿਆ ਕੰਮ
ਪਾ ਦੁਨੀਆਂ ਨੂੰ ਘੇਰਾ।
ਹੁਣ ਤਾਂ ਇਨ੍ਹਾਂ ਬਿਚਾਰਿਆਂ ਦਾ
ਰੋਸ਼ਨਦਾਨਾਂ ਦੇ ਵਿਚ ਡੇਰਾ।

*-ਰਾਮ ਕੁਮਾਰ ਐਸ਼ ਜਾਜਾ*
*ਫੋਨ: 408-859-6555*

---

ਪਾਉਂਦੀ ਸੀ ਵਾਸਤਾ ਜੋ
ਸੱਜਣ ਦੇ ਮਿਲਾਪ ਦਾ,
ਬਣ 'ਕਾਸਦ' ਦੁੱਖੜੇ
ਪਹੁੰਚਾਉਂਦਾ ਸੀ ਕਬੂਤਰਾ।
ਪੜ੍ਹ ਕੇ ਸੁਨੇਹੜੇ ਜਦੋਂ
ਮਾਹੀ ਘਰੇ ਆਵੇ,
ਤਲੀਆਂ 'ਤੇ ਚੋਗ
ਚੁਗਾਉਂਦੀ ਸੀ ਕਬੂਤਰਾ।
ਉਚੀਆਂ ਉਡਾਰੀਆਂ
ਵਿਚ ਅਸਮਾਨਾਂ ਲਾਈਂ,
ਸ਼ੌਕੀਨਾਂ ਵਾਂਗੂੰ ਪੁੱਤਰਾਂ ਦੇ
ਪਾਲਿਆ ਕਬੂਤਰਾ।
ਪੈਸੇ ਚਾਰ ਵੱਟ ਹੁੰਦੇ
ਵਿਚ ਬਾਜ਼ਾਰ ਤਾਈਂ,
ਕੁੱਕੜਾਂ ਵਾਂਗੂੰ ਫਾਰਮਾਂ 'ਚ
ਫਾਹ ਲਿਆ ਕਬੂਤਰਾ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

---

ਸ਼ੌਕ ਸੀ ਕਬੂਤਰ ਉਡਣੇ ਦਾ
ਲਾਉਂਦੇ ਚੀਨੇ ਅੰਬਰੀਂ ਉਡਾਰੀਆਂ।
ਕਦੇ ਉਡੀਕ ਸੀ ਪੰਛੀਆਂ ਦੀ
ਲੈ ਚਿੱਠੀਆ ਸੱਜਣਾ ਕੋਲ ਆਵਦੇ।
ਫਿਰ ਲੱਗੇ ਲੈ ਕੇ ਆਉਣ ਡਾਕੀਏ
ਰਹਿ ਗਏ ਹੁਣ ਤਾਂ ਸਿੰਗਾਰ ਬਣ ਕੇ।
ਤਕਾਨੋਲਜੀ ਨੇ ਕੀਤੀ ਤਰੱਕੀ
ਈ-ਮੇਲ ਪਲ 'ਚ ਆਉਣ ਖੜਕੇ।

*-ਸਤਵਿੰਦਰ ਥਾਂਦੀ ਦੌਲਤਪੁਰੀ*
*ਇਡਿਆਨਾ।*




Pltanium Sponsor

Pete's RESTAURANT & BREWHOUSE

Stage Hosting By Sukhwinder Sanghera



9/26 - Open Booking
9/27 - Sacramento Crest Theater
10/2 Open
10/3 - Sunnyvale (Bay Area)
10/4 - Open Booking
10/9 Open Bowoking

10/10 - New Jersey
10/11 New York
Romi Surya 718-347-7770
Bittu Speedo 646-235-2461
Jogno 917-440-2292

10/16 - 10/17 - 10/18 Mid West
Happy Heer 630-398-7052
10/24 - Dallas
Sonu Dhillon 832-955-5555
10/25 - Houston TX Open Booking

# ਖਾਲਿਸਤਾਨ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਇਕਜੁੱਟ ਹੋਈਆਂ

**ਅੰਮ੍ਰਿਤਸਰ:** ਖ਼ਾਲਿਸਤਾਨ ਦੇ ਨਾਂ ਅਧੀਨ ਆਜ਼ਾਦ ਸਿੱਖ ਰਾਜ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਦਲ ਖ਼ਾਲਸਾ ਤੇ ਅਕਾਲੀ ਦਲ ਪੰਜ ਪ੍ਰਧਾਨੀ ਦੇ ਬਾਨੀ ਆਗੂਆਂ ਭਾਈ ਦਲਜੀਤ ਸਿੰਘ ਬਿੱਟੂ ਤੇ ਭਾਈ ਗਜਿੰਦਰ ਸਿੰਘ ਦੀ ਸਹਿਮਤੀ ਨਾਲ ਦੋਵਾਂ ਜਥੇਬੰਦੀਆਂ ਨੇ ਆਪਸੀ ਰਲੇਵੇਂ ਦਾ ਐਲਾਨ ਕਰਦਿਆਂ ਲੋਕਤੰਤਰੀ ਢੰਗ ਨਾਲ ਖ਼ਾਲਿਸਤਾਨ ਦੀ ਪ੍ਰਾਪਤੀ ਨੂੰ ਆਪਣਾ ਉਦੇਸ਼ ਨਿਸ਼ਚਿਤ ਕੀਤਾ।



ਦਲ ਖ਼ਾਲਸਾ ਦੇ ਸਥਾਨਕ ਦਫ਼ਤਰ ਵਿਖੇ ਹੋਈ ਸਾਂਝੀ ਇਕੱਤਰਤਾ ਵਿਚ ਦੋਵਾਂ ਪਾਰਟੀਆਂ ਦੇ ਸਰਗਰਮ ਆਗੂਆਂ ਨੇ ਸ਼ਮੂਲੀਅਤ ਕੀਤੀ ਤੇ ਛੇਤੀ ਹੀ ਸਾਂਝੀ ਜਥੇਬੰਦੀ ਦਾ ਨਵਾਂ ਨਾਂ, ਪ੍ਰਧਾਨ ਤੇ ਸੰਵਿਧਾਨ ਐਲਾਨਣ 'ਤੇ ਚਰਚਾ ਕੀਤੀ। ਦਲ ਖ਼ਾਲਸਾ ਦੇ ਪ੍ਰਧਾਨ ਭਾਈ ਹਰਚਰਨਜੀਤ ਸਿੰਘ ਧਾਮੀ ਤੇ ਪੰਚ ਪ੍ਰਧਾਨੀ ਦੇ ਪ੍ਰਧਾਨ ਕੁਲਬੀਰ ਸਿੰਘ ਬੜਾਪਿੰਡ ਨੇ ਏਕੇ ਦੇ ਦਸਤਾਵੇਜ਼ 'ਤੇ ਦਸਤਖਤ ਕੀਤੇ। ਉਨ੍ਹਾਂ ਦੱਸਿਆ ਕਿ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਦੋਵਾਂ ਜਥੇਬੰਦੀਆਂ ਨੇ ਰਲੇਵੇਂ ਦਾ ਫ਼ੈਸਲਾ ਕੀਤਾ ਹੈ।

ਇਸ ਰਲੇਵੇਂ ਨੂੰ ਅਮਲੀਜਾਮਾ ਪਹਿਨਾਉਣ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਐਡਵੋਕੇਟ ਹਰਪਾਲ ਸਿੰਘ ਚੀਮਾ ਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਭਾਰਤ ਵਿਚ ਸਿੱਖਾਂ ਦੀ ਆਜ਼ਾਦੀ ਇੱਛਾ ਨੂੰ ਜਬਰੀ ਦਬਾਇਆ ਜਾ ਰਿਹਾ ਹੈ, ਜਿਸ ਖਿਲਾਫ਼ ਸ਼ਾਂਤੀ ਪੂਰਨ ਢੰਗ ਨਾਲ ਆਵਾਜ਼ ਉਠਾਉਣ ਲਈ ਸਾਂਝੀ ਜਥੇਬੰਦੀ ਯਤਨ ਕਰੇਗੀ।

ਹੁਣ ਦੋਵੇਂ ਜਥੇਬੰਦੀਆਂ ਇਕ ਨਾਮ, ਇਕ ਸੰਵਿਧਾਨ ਤੇ ਇਕ ਨਿਸ਼ਾਨ ਹੇਠਾਂ ਕੰਮ ਕਰਨਗੀਆਂ ਤੇ ਇਨ੍ਹਾਂ ਦਾ ਮੁੱਖ ਟੀਚਾ ਜਮਹੂਰੀ ਢੰਗ ਤਰੀਕੇ ਨਾਲ ਖਾਲਿਸਤਾਨ ਦੀ ਪ੍ਰਾਪਤੀ ਹੋਵੇਗਾ। ਹਰਚਰਨਜੀਤ ਸਿੰਘ ਧਾਮੀ ਨੇ ਸਪਸ਼ਟ ਕੀਤਾ ਕਿ ਇਹ ਏਕਤਾ ਪੰਥ ਦੇ ਭਲੇ ਤੇ ਕੌਮੀ ਨਿਸ਼ਾਨੇ ਖਾਲਿਸਤਾਨ ਦੀ ਪ੍ਰਾਪਤੀ ਲਈ ਅਹਿਮ ਹੋਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਏਕਤਾ ਇਕ ਅਜਿਹਾ ਮਾਹੌਲ ਸਿਰਜੇਗੀ, ਜਿਸ ਨਾਲ ਕੌਮ ਅੰਦਰ ਫੈਲੀ ਨਿਰਾਸ਼ਤਾ ਦੂਰ ਹੋਵੇਗੀ। ਛੇਤੀ ਹੀ ਹੋਰ ਹਮਖਿਆਲੀ ਜਥੇਬੰਦੀਆਂ ਵੀ ਇਸ ਕਰਾਰ ਦਾ ਹਿੱਸਾ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਉਹ ਸਿਧਾਂਤਕ ਰਾਜਨੀਤੀ ਕਰਨ ਦੇ ਹਾਮੀ ਹਨ ਤੇ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਲੈਣ ਬਾਰੇ ਕੋਈ ਦਿਲਚਸਪੀ ਨਹੀਂ ਹੈ, ਪਰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਉਹ ਹਿੱਸਾ ਲੈਣ ਦੇ ਇੱਛੁਕ ਹਨ।

### ਲੋਕਤੰਤਰੀ ਢੰਗ ਨਾਲ ਖਾਲਿਸਤਾਨ ਪ੍ਰਾਪਤੀ ਦਾ ਅਹਿਦ

**ਅੰਮ੍ਰਿਤਸਰ:** ਦਲ ਖ਼ਾਲਸਾ ਅਤੇ ਪੰਚ ਪ੍ਰਧਾਨੀ ਨੇ ਲੋਕਤੰਤਰੀ ਢੰਗ ਨਾਲ ਖ਼ਾਲਿਸਤਾਨ ਦੀ ਪ੍ਰਾਪਤੀ ਦਾ ਅਹਿਦ ਲਿਆ ਹੈ। ਦਲ ਖ਼ਾਲਸਾ ਦੇ ਪ੍ਰਧਾਨ ਭਾਈ ਹਰਚਰਨਜੀਤ ਸਿੰਘ ਧਾਮੀ ਤੇ ਪੰਚ ਪ੍ਰਧਾਨੀ ਦੇ ਪ੍ਰਧਾਨ ਕੁਲਬੀਰ ਸਿੰਘ ਬੜਾਪਿੰਡ ਨੇ ਕਿਹਾ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਮੌਜੂਦਾ ਸਮੇਂ ਵਿਚ ਲੋਕਤੰਤਰੀ ਰਸਤਾ ਅਪਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤੀ ਢਾਂਚੇ ਅਧੀਨ ਲੋਕ ਸਭਾ ਤੇ ਵਿਧਾਨ ਸਭਾ ਆਦਿ ਦੀਆਂ ਚੋਣਾਂ ਵਿਚ ਜਥੇਬੰਦੀ ਹਿੱਸਾ ਨਹੀਂ ਲਵੇਗੀ ਪਰ ਹਾਲਾਤ ਅਨੁਸਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਲੈਣ ਦੀ ਸਥਿਤੀ ਬਣ ਸਕਦੀ ਹੈ।

# ਅਕਾਲੀ ਵਿਧਾਇਕ ਵੱਲੋਂ ਆਪਣਾ ਹੀ ਆਗੂ ਕੁੱਟਣ ਦਾ ਮਾਮਲਾ ਭਖਿਆ

**ਰਈਆ:** ਸ਼੍ਰੋਮਣੀ ਅਕਾਲੀ ਦਲ ਦੇ ਬਾਬਾ ਬਕਾਲਾ ਤੋਂ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ ਤੇ ਉਸ ਦੇ ਸਾਥੀਆਂ ਵੱਲੋਂ ਆਪਣੀ ਹੀ ਪਾਰਟੀ ਦੇ ਸਾਬਕਾ ਸਰਕਲ ਪ੍ਰਧਾਨ ਪੂਰਨ ਸਿੰਘ ਦੀ ਕੁੱਟਮਾਰ ਦਾ ਮਾਮਲਾ ਭਖ ਗਿਆ ਹੈ। ਵੱਡੀ ਗਿਣਤੀ ਪਾਰਟੀ ਵਰਕਰਾਂ ਨੇ ਇਸ ਵਿਧਾਇਕ ਦੀ ਧੱਕੇਸ਼ਾਹੀ ਖਿਲਾਫ ਮੋਰਚਾ ਖੋਲ੍ਹ ਦਿੱਤਾ। ਰੋਸ ਵਜੋਂ ਕਸਬਾ ਖਿਲਚੀਆਂ ਵਿਚ ਕੌਮੀ ਸ਼ਾਹਰਾਹ ਨੰਬਰ ਇਕ ਉਤੇ ਤਕਰੀਬਨ ਪੰਜ ਘੰਟੇ ਟਰੈਫ਼ਿਕ ਜਾਮ ਕਰ ਦਿੱਤਾ।



ਇਸ ਧਰਨੇ ਵਿਚ ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ, ਕਾਂਗਰਸ ਤੇ ਖੱਬੀਆਂ ਜਥੇਬੰਦੀਆਂ ਨੇ ਸ਼ਿਰਕਤ ਕੀਤੀ। ਪੂਰਨ ਸਿੰਘ ਤੇ ਉਸ ਦੇ ਸਾਥੀਆਂ ਰਣਜੀਤ ਸਿੰਘ ਬਿੱਲੂ ਤੇ ਬਲਵਿੰਦਰ ਸਿੰਘ ਨੂੰ ਥਾਣਾ ਖਿਲਚੀਆਂ ਨਜ਼ਦੀਕ ਇਕ ਘਰ ਵਿਚ ਹਲਕਾ ਵਿਧਾਇਕ ਤੇ ਉਸ ਦੇ ਸਾਥੀਆਂ ਨੇ ਕੁੱਟਿਆ ਸੀ, ਜਿਸ ਬਾਰੇ ਥਾਣਾ ਖਿਲਚੀਆਂ ਵਿਚ ਦਰਖਾਸਤ ਦੇਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ ਦੇ ਰੋਸ ਵਜੋਂ ਵੱਖ ਵੱਖ ਪਾਰਟੀਆਂ ਦੇ ਵਰਕਰਾਂ ਵੱਲੋਂ ਪੰਜਾਬ ਸਰਕਾਰ ਤੇ ਹਲਕਾ ਵਿਧਾਇਕ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ। ਵਿਧਾਇਕ ਮਨਜੀਤ ਸਿੰਘ ਮੰਨਾ ਵੱਲੋਂ ਕੀਤੀ ਗਈ ਇਸ ਕਾਰਵਾਈ ਤੋਂ ਪਹਿਲਾਂ ਵੀ ਕਈ ਅਕਾਲੀ ਆਗੂ ਆਪਣੇ ਸਿਆਸੀ ਤੇ ਗ਼ੈਰ-ਸਿਆਸੀ ਵਿਰੋਧੀਆਂ 'ਤੇ ਆਪਣੀ ਸੀਨਾਜ਼ੋਰੀ ਵਿਖਾ ਚੁੱਕੇ ਹਨ। ਕਈ ਅਕਾਲੀ ਆਗੂ ਤਾਂ ਪੁਲਿਸ ਸਟੇਸ਼ਨਾਂ ਵਿਚ ਵੀ ਆਪਣੇ ਵਿਰੋਧੀਆਂ ਨੂੰ ਸਬਕ ਸਿਖਾ ਚੁੱਕੇ ਹਨ। ਪੰਚਾਇਤੀ ਰਾਜ ਤੇ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਸਮੇਂ ਅਜਿਹੇ ਹੀਲੇ-ਵਸੀਲੇ ਵਰਤ ਕੇ ਵਿਰੋਧੀਆਂ ਨੂੰ ਚੁੱਪ ਕਰਾਉਣਾ ਸੱਤਾਧਾਰੀ ਆਗੂ ਆਪਣਾ ਹੱਕ ਸਮਝਣ ਲੱਗ ਪਏ ਹਨ। ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਸਮੇਂ ਅਜਿਹੀਆਂ ਕਈ ਘਟਨਾਵਾਂ ਦੀ ਚਰਚਾ ਸੁਣੀ ਗਈ ਹੈ। ਪਾਰਟੀ ਦੀਆਂ ਵੱਖ-ਵੱਖ ਪੱਧਰ ਉਤੇ ਹੋਣ ਵਾਲੀਆਂ ਚੋਣਾਂ ਸਮੇਂ ਵੀ ਅਜਿਹਾ ਕੁਝ ਆਮ ਹੀ ਵੇਖਿਆ ਜਾਂਦਾ ਹੈ। ਹੁਣ ਆਪਣੀ ਹੀ ਪਾਰਟੀ ਵਿਚ ਚੱਲ ਰਹੀ ਖਿੱਚੋਤਾਣ ਨੇ ਅਕਾਲੀ ਦਲ ਨੂੰ ਇਸ ਪਾਸੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

# ਨੇਤਾਜੀ ਦੀ ਮੌਤ ਬਾਰੇ ਰਹੱਸ ਹੋਰ ਡੂੰਘਾ ਹੋਇਆ

**ਕੋਲਕਾਤਾ:** ਨੇਤਾ ਜੀ ਸੁਭਾਸ਼ ਚੰਦਰ ਬੋਸ 1945 ਤੋਂ ਬਾਅਦ ਵੀ ਜ਼ਿੰਦਾ ਸਨ। ਨੇਤਾ ਜੀ ਨਾਲ ਜੁੜੀਆਂ 64 ਗੁਪਤ ਫਾਈਲਾਂ ਨੂੰ ਪੱਛਮੀ ਬੰਗਾਲ ਸਰਕਾਰ ਨੇ ਜਨਤਕ ਕਰ ਦਿੱਤਾ ਹੈ ਜਿਸ ਦੇ ਅਧਾਰ 'ਤੇ ਇਹ ਦਾਅਵਾ ਕੀਤਾ ਗਿਆ ਹੈ। ਇਹ ਫਾਈਲਾਂ ਉਨ੍ਹਾਂ ਦੇ ਭੇਦਭਰੇ ਢੰਗ ਨਾਲ ਲਾਪਤਾ ਹੋ ਜਾਣ ਬਾਰੇ ਕੁਝ ਵੇਰਵੇ ਸਾਹਮਣੇ ਲਿਆ ਸਕਦੀਆਂ ਹਨ।

ਤਕਰੀਬਨ 12,744 ਸਫ਼ਿਆਂ ਦੀਆਂ 64 ਫਾਈਲਾਂ ਬੋਸ ਦੇ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਵਿਚ ਪ੍ਰਦਰਸ਼ਤ ਕੀਤੀਆਂ ਗਈਆਂ। ਬੋਸ ਦੇ ਪਰਿਵਾਰ ਵਾਲੇ ਇਹ ਮੰਗ ਕਰਦੇ ਆ ਰਹੇ ਹਨ ਕਿ ਉਨ੍ਹਾਂ ਨਾਲ ਜੁੜੀ ਜੋ ਵੀ ਜਾਣਕਾਰੀ ਅੱਜ ਤੱਕ ਗੁਪਤ ਰੱਖੀ ਗਈ ਹੈ, ਨੂੰ ਜਨਤਕ ਕੀਤਾ ਜਾਵੇ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦਾਅਵਾ ਕਰਦਿਆਂ ਕਿਹਾ ਕਿ ਫਾਈਲਾਂ ਵਿਚੋਂ ਮਿਲੇ ਪੱਤਰਾਂ ਤੋਂ ਪਤਾ ਲੱਗਦਾ ਹੈ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਸਾਲ 1945 (ਜਦੋਂ ਨੇਤਾ ਜੀ ਦੇ ਜਹਾਜ਼ ਹਾਦਸੇ ਵਿਚ ਮਾਰੇ ਜਾਣ ਦਾ ਜ਼ਿਕਰ ਹੋਇਆ ਸੀ) ਦੇ ਬਾਅਦ ਵੀ ਜਿਉਂਦੇ ਸਨ ਤੇ ਉਨ੍ਹਾਂ ਦੇ ਤਾਈਵਾਨ ਵਿਚ ਜਹਾਜ਼ ਹਾਦਸੇ ਵਿਚ ਮਾਰੇ ਜਾਣ ਦੇ ਸਬੂਤ ਨਹੀਂ ਹਨ। ਮਮਤਾ ਬੈਨਰਜੀ ਨੇ ਫਾਈਲਾਂ ਜਨਤਕ ਕੀਤੇ ਜਾਣ ਦੇ ਕੁਝ ਹੀ ਦੇਰ ਬਾਅਦ ਕੁਝ ਫਾਈਲਾਂ ਪੜ੍ਹੀਆਂ।

### ਨੇਤਾ ਜੀ ਨਾਲ ਸਬੰਧਤ 64 ਫਾਈਲਾਂ ਜਨਤਕ



ਨੇਤਾ ਜੀ ਦੀ ਮੌਤ ਬਾਰੇ ਕਈ ਅਫ਼ਵਾਹਾਂ ਉੱਡੀਆਂ ਪਰ ਸਚਾਈ ਇਹ ਹੈ ਕਿ ਆਜ਼ਾਦੀ ਮਿਲਣ ਦੇ 70 ਸਾਲ ਬਾਅਦ ਵੀ ਅਸੀਂ ਆਜ਼ਾਦੀ ਦਿਵਾਉਣ ਵਾਲੇ ਇਸ ਮਹਾਨ ਆਜ਼ਾਦੀ ਘੁਲਾਟੀਏ ਤੇ ਬਹਾਦਰ ਯੋਧੇ ਦੀ ਮੌਤ ਬਾਰੇ ਕੁਝ ਨਹੀਂ ਜਾਣਦੇ। ਇਨ੍ਹਾਂ ਫਾਈਲਾਂ ਨੂੰ ਕੋਲਕਾਤਾ ਪੁਲਿਸ ਦੇ ਅਜਾਇਬ ਘਰ ਵਿਚ ਪ੍ਰਦਰਸ਼ਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ 60 ਦੇ ਦਹਾਕੇ ਦੀ ਸ਼ੁਰੂਆਤ ਵਿਚ ਤਿਆਰ ਕੀਤੀ ਗਈ ਅਮਰੀਕੀ ਖੁਫੀਆ ਰਿਪੋਰਟ ਮੁਤਾਬਕ ਹੋ ਸਕਦਾ ਹੈ ਕਿ ਫਰਵਰੀ 1964 ਵਿਚ ਨੇਤਾ ਜੀ ਭਾਰਤ ਵਾਪਸ ਆਏ ਹੋਣ।

ਇਹ 19 ਸਾਲ ਬਾਅਦ ਦਾ ਘਟਨਾਕ੍ਰਮ ਹੈ ਜਦ ਨੇਤਾ ਜੀ ਨੂੰ ਤਾਇਵਾਨ ਵਿਚ ਹੋਏ ਜਹਾਜ਼ ਦੁਰਘਟਨਾ ਵਿਚ ਮ੍ਰਿਤਕ ਮੰਨ ਲਿਆ ਗਿਆ ਸੀ। ਨਾਲ ਹੀ 1948-49 ਵਿਚ ਬ੍ਰਿਟਿਸ਼ ਤੇ ਅਮਰੀਕੀ ਖੁਫੀਆ ਏਜੰਸੀਆਂ ਦਾ ਵਿਸ਼ਵਾਸ ਸੀ ਕਿ ਨੇਤਾ ਜੀ ਜ਼ਿੰਦਾ ਹਨ।

### ਹੁਣ ਕੇਂਦਰ ਵੀ ਵਿਖਾਵੇ ਦਲੇਰੀ: ਮਮਤਾ

**ਕੋਲਕਾਤਾ:** ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਹੁਣ ਕੇਂਦਰ ਸਰਕਾਰ ਦੂਜੇ ਮੁਲਕਾਂ ਨਾਲ 70 ਸਾਲ ਪਹਿਲਾਂ ਕੀਤੇ ਸਮਝੌਤੇ ਦੀ ਪਰਵਾਹ ਕੀਤੇ ਬਗੈਰ ਸਚਾਈ ਸਾਹਮਣੇ ਲਿਆਵੇ ਕਿਉਂਕਿ ਸਾਡਾ ਦੇਸ਼ ਹੁਣ ਆਜ਼ਾਦ ਹੈ। ਨੇਤਾ ਜੀ ਦੇ ਭਰਾ ਦੇ ਪੋਤੇ ਚੰਦਰ ਬੋਸ ਨੇ ਕਿਹਾ ਕਿ ਹੁਣ ਕੇਂਦਰ ਸਰਕਾਰ ਦਾ ਫਰਜ਼ ਹੈ ਕਿ ਉਹ ਆਪਣੇ ਕੋਲ ਰੱਖੀਆਂ 130 ਫਾਈਲਾਂ ਜਨਤਕ ਕਰੇ। ਨੇਤਾ ਦੀ ਨਾਲ ਸਬੰਧਤ ਇਨ੍ਹਾਂ ਫਾਈਲਾਂ ਨੂੰ 70 ਸਾਲ ਤੱਕ ਗੁਪਤ ਰੱਖ ਕੇ ਕੁਝ ਨੇਤਾਵਾਂ ਨੇ ਦੇਸ਼ ਨਾਲ ਬੇਈਮਾਨੀ ਕੀਤੀ ਹੈ। ਇਹ ਕੇਂਦਰ ਸਰਕਾਰ ਦਾ ਫਰਜ਼ ਹੈ ਕਿ ਉਹ ਅਜਿਹੇ ਨੇਤਾਵਾਂ ਦਾ ਪਰਦਾਫਾਸ਼ ਕਰਨ ਲਈ ਫਾਈਲਾਂ ਨੂੰ ਜਨਤਕ ਕਰੇ।

# ਮੇਲਾ ਗਦਰੀ ਬਾਬਿਆਂ ਦਾ 30 ਅਕਤੂਬਰ ਤੋਂ

**ਜਲੰਧਰ:** ਗ਼ਦਰੀ ਸੂਰਬੀਰਾਂ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ (1915-2015) ਦੇਸ਼ ਭਗਤ ਯਾਦਗਾਰ ਹਾਲ ਵਿਚ 30 ਅਕਤੂਬਰ ਤੋਂ ਪਹਿਲੀ ਨਵੰਬਰ ਤੱਕ ਮਨਾਈ ਜਾਵੇਗੀ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਾਲਾਨਾ ਜਨਰਲ ਬਾਡੀ ਮੀਟਿੰਗ ਵਿਚ ਇਹ ਫੈਸਲਾ ਲਿਆ। ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਦੱਸਿਆ ਕਿ ਸ਼ਹਾਦਤਾਂ ਦੀ ਸ਼ਤਾਬਦੀ ਨੂੰ ਸਮਰਪਤ '24ਵਾਂ ਮੇਲਾ ਗ਼ਦਰੀ ਬਾਬਿਆਂ ਦਾ' 30 ਅਕਤੂਬਰ ਸਵੇਰੇ 10 ਵਜੇ ਸ਼ਮ੍ਹਾਂ ਰੌਸ਼ਨ ਕਰਕੇ ਆਰੰਭ ਹੋਏਗਾ। ਪਹਿਲੀ ਨਵੰਬਰ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰਸਟੀ ਗੁਰਮੀਤ ਅਦਾ ਕਰਨਗੇ। ਐਸ.ਆਰ.ਟੀ.ਡੀ.ਏ.ਵੀ. ਪਬਲਿਕ ਸਕੂਲ ਬਿਲਗਾ ਦੀ ਬੈਂਡ ਟੀਮ ਵੱਲੋਂ ਗ਼ਦਰੀ ਝੰਡੇ ਨੂੰ ਸਲਾਮੀ ਦਿੱਤੀ ਜਾਏਗੀ।

ਇਸ ਮੌਕੇ ਅਮੋਲਕ ਸਿੰਘ ਵੱਲੋਂ ਲਿਖਿਆ 'ਸ਼ਹਾਦਤਾਂ ਦੀ ਸ਼ਤਾਬਦੀ ਦਾ ਹੋਕਾ' ਝੰਡੇ ਦਾ ਗੀਤ ਪੇਸ਼ ਕੀਤਾ ਜਾਏਗਾ। ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਦੀ ਤਕਰੀਰ, ਪੁਸਤਕ, ਸੋਵੀਨਰ ਰਿਲੀਜ਼ ਤੇ ਪਰਿਵਾਰਾਂ ਦਾ ਸਨਮਾਨ ਹੋਏਗਾ।

# ਗੈਰਕਾਨੂੰਨੀ ਸਰਗਰਮੀਆਂ ਦਾ ਗੜ੍ਹ ਬਣ ਰਹੀਆਂ ਨੇ ਜੇਲ੍ਹਾਂ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਸੁਧਾਰ ਘਰ ਦੀ ਥਾਂ ਵਿਗਾੜ ਘਰ ਬਣਦੀਆਂ ਜਾ ਰਹੀਆਂ ਹਨ। ਸਟਾਫ ਦੀ ਘਾਟ ਤੇ ਆਧੁਨਿਕ ਨਿਗਰਾਨੀ ਯੰਤਰਾਂ ਦੀ ਅਣਹੋਂਦ ਕਾਰਨ ਜੇਲ੍ਹਾਂ ਵਿਚ ਗ਼ੈਰਕਾਨੂੰਨੀ ਗਤੀਵਿਧੀਆਂ ਦਿਨੋਂ-ਦਿਨ ਵਧਦੀਆਂ ਜਾ ਰਹੀਆਂ ਹਨ। ਪਿਛਲੇ ਪੰਜ ਸਾਲਾਂ ਦੌਰਾਨ ਸੂਬੇ ਦੀਆਂ ਜੇਲ੍ਹਾਂ ਵਿਚ ਤਕਰੀਬਨ 250 ਕੈਦੀ ਵੱਖ-ਵੱਖ ਕਾਰਨਾਂ ਕਰਕੇ ਦਮ ਤੋੜ ਚੁੱਕੇ ਹਨ। ਇਕੱਲੀ ਕਪੂਰਥਲਾ ਜੇਲ੍ਹ ਵਿਚ ਹੀ ਪਿਛਲੇ ਇਕ ਸਾਲ ਦੌਰਾਨ 45 ਕੈਦੀ ਮਰ ਚੁੱਕੇ ਹਨ।



ਜੇਲ੍ਹਾਂ ਵਿਚ ਆਤਮ ਹੱਤਿਆ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਜੇਲ੍ਹਾਂ ਵਿਚ ਕੈਦੀਆਂ ਦੇ ਰਹਿਣ ਲਈ ਉਚਿਤ ਵਾਤਾਵਰਨ ਨਹੀਂ ਹੈ। ਸਿਹਤ ਸਹੂਲਤਾਂ ਦੀ ਘਾਟ ਕੈਦੀਆਂ ਦੀ ਜ਼ਿੰਦਗੀਆਂ ਉੱਪਰ ਭਾਰੂ ਪੈ ਰਹੀ ਹੈ। ਰਸੂਖ਼ਵਾਨ ਤੇ ਜਰਾਇਮ ਪੇਸ਼ਾ ਕੈਦੀਆਂ ਤੇ ਜੇਲ੍ਹਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਮਿਲੀ ਭੁਗਤ ਨਾਲ ਇਹ ਅਪਰਾਧੀਆਂ ਲਈ ਚਾਰਦੀਵਾਰੀ ਵਿਚ ਘਿਰੀਆਂ ਸੁਰੱਖਿਅਤ ਅੱਡੇ ਬਣ ਚੁੱਕੀਆਂ ਹਨ। ਸੰਗਰੂਰ ਤੇ ਕਪੂਰਥਲਾ ਦੀਆਂ ਜੇਲ੍ਹਾਂ ਦੇ ਕਈ ਕੈਦੀਆਂ ਵੱਲੋਂ ਮੋਬਾਈਲ ਫੋਨ ਰਾਹੀਂ ਵੀਡੀਓਜ਼ ਤੇ ਫੋਟੋਜ਼ ਪੋਸਟ ਕਰਨ ਤੋਂ ਇਲਾਵਾ ਫੇਸਬੁੱਕ ਦੀ ਵਰਤੋਂ ਕਰਨ ਦੀਆਂ ਕਈ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਅਪਰਾਧੀ ਪਿਛੋਕੜ ਵਾਲੇ ਕੈਦੀ ਮੋਬਾਈਲ ਫੋਨਾਂ ਰਾਹੀਂ ਜੇਲ੍ਹ ਵਿਚ ਬੈਠ ਕੇ ਵੀ ਆਪਣਾ ਕਾਰੋਬਾਰ ਚਲਾ ਰਹੇ ਹਨ।

ਸਰਕਾਰ ਵੱਲੋਂ ਹਰ ਜੇਲ੍ਹ ਵਿਚ ਸੀ.ਸੀ.ਟੀ.ਵੀ. ਕੈਮਰਿਆਂ ਤੇ ਫੋਨ ਜੈਮਰ ਲਾਉਣ ਦੀ ਗੱਲ ਆਖੀ ਜਾ ਰਹੀ ਹੈ ਪਰ ਇਹ ਯੰਤਰ ਲਗਾਉਣ ਲਈ ਵੀ ਸਰਕਾਰ ਦਾ ਆਰਥਿਕ ਸੰਕਟ ਜੇਲ੍ਹ ਵਿਭਾਗ 'ਤੇ ਭਾਰੀ ਪੈ ਰਿਹਾ ਹੈ। ਹੁਣ ਤੱਕ ਸਿਰਫ ਨਾਭਾ, ਸੰਗਰੂਰ ਤੇ ਫ਼ਿਰੋਜ਼ਪੁਰ ਦੀਆਂ ਜੇਲ੍ਹਾਂ ਵਿਚ ਹੀ ਫੋਨ ਜੈਮਰ ਲੱਗੇ ਹਨ। ਸੀ.ਸੀ.ਟੀ.ਵੀ. ਕੈਮਰੇ ਭਾਵੇਂ ਸਾਰੀਆਂ ਜੇਲ੍ਹਾਂ ਵਿਚ ਲਗਾ ਦਿੱਤੇ ਗਏ ਹਨ ਪਰ ਇਨ੍ਹਾਂ ਦੇ ਅਕਸਰ ਹੀ ਖ਼ਰਾਬ ਹੋਣ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ।

ਆਮ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਤੇ ਸਿਹਤ ਬਾਰੇ ਮਾਮਲਿਆਂ ਦੀ ਜੇਲ੍ਹ ਅਧਿਕਾਰੀਆਂ ਵੱਲੋਂ ਅਕਸਰ ਹੀ ਅਣਦੇਖੀ ਕੀਤੀ ਜਾਂਦੀ ਹੈ ਜਦੋਂਕਿ ਅਸਰ-ਰਸੂਖ਼ ਵਾਲਿਆਂ ਲਈ ਜੇਲ੍ਹਾਂ ਸੁਰੱਖਿਅਤ ਆਰਾਮ ਘਰ ਬਣੀਆਂ ਹੋਈਆਂ ਹਨ। ਪਿਛਲੇ ਇਕ ਸਾਲ ਦੌਰਾਨ ਸੂਬੇ ਦੀਆਂ ਜੇਲ੍ਹਾਂ ਵਿਚੋਂ ਵੱਡੀ ਪੱਧਰ 'ਤੇ ਫੜੇ ਗਏ ਨਸ਼ੀਲੇ ਪਦਾਰਥ ਤੇ ਮੋਬਾਈਲ ਫੋਨ ਜਿਥੇ ਜੇਲ੍ਹ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਰਸੂਖ਼ਵਾਨ ਕੈਦੀਆਂ ਨਾਲ ਮਿਲੀ ਭੁਗਤ ਨੂੰ ਜੱਗ ਜ਼ਾਹਿਰ ਕਰਦੇ ਹਨ, ਉਥੇ ਜੇਲ੍ਹਾਂ ਦੇ ਨਿਘਾਰ ਵੱਲ ਵੀ ਸੰਕੇਤ ਕਰਦੇ ਹਨ।

### ਸਮਰੱਥਾ ਤੋਂ ਕਿਤੇ ਵੱਧ ਹਨ ਜੇਲ੍ਹਾਂ ਅੰਦਰ ਕੈਦੀ

**ਚੰਡੀਗੜ੍ਹ:** ਪੰਜਾਬ ਦੀਆਂ 26 ਜੇਲ੍ਹਾਂ ਵਿਚ 18,000 ਕੈਦੀਆਂ ਨੂੰ ਰੱਖਣ ਦੀ ਸਮਰੱਥਾ ਹੈ ਪਰ ਇਨ੍ਹਾਂ ਵਿਚ 26,000 ਕੈਦੀ ਬੰਦ ਹਨ। ਇਕ ਪਾਸੇ ਜੇਲ੍ਹਾਂ ਵਿਚ ਕੈਦੀ ਸਮਰੱਥਾ ਤੋਂ 44 ਫ਼ੀਸਦੀ ਵੱਧ ਹਨ, ਦੂਜੇ ਪਾਸੇ ਉਨ੍ਹਾਂ ਦੀ ਸਾਂਭ-ਸੰਭਾਲ ਵਾਲਾ ਲੋੜੀਂਦਾ ਸਟਾਫ ਘੱਟ ਹੈ। ਸੂਬੇ ਦੇ ਜੇਲ੍ਹ ਵਿਭਾਗ ਵਿਚ ਵੱਖ-ਵੱਖ ਵਰਗਾਂ ਦੀਆਂ ਤਕਰੀਬਨ 2,000 ਅਸਾਮੀਆਂ ਖਾਲੀ ਪਈਆਂ ਹਨ ਤੇ ਵਿਭਾਗ ਵੱਲੋਂ ਲੋੜੀਂਦੇ ਜ਼ਰੂਰੀ ਕਾਰਜਾਂ ਲਈ ਕੁਝ ਹੋਮਗਾਰਡਾਂ ਨਾਲ ਬੁੱਤਾ ਸਾਰਿਆ ਜਾ ਰਿਹਾ ਹੈ। ਸਰਕਾਰ ਵੱਲੋਂ ਜੇਲ੍ਹ ਵਿਭਾਗ ਵਿਚ ਲੋੜੀਂਦੀਆਂ ਭਰਤੀਆਂ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ।

### ਨਸ਼ਿਆਂ ਨੇ ਭਰੀਆਂ ਪੰਜਾਬ ਦੀਆਂ ਜੇਲ੍ਹਾਂ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਤਕਰੀਬਨ 26 ਹਜ਼ਾਰ ਕੈਦੀ ਹਨ ਤੇ ਇਨ੍ਹਾਂ ਵਿਚੋਂ ਤਕਰੀਬਨ 12,000 ਕੈਦੀ ਨਸ਼ੇ ਨਾਲ ਜੁੜੇ ਕੇਸਾਂ ਵਿਚ ਬੰਦੇ ਹਨ। ਇਹ ਜਾਣਕਾਰੀ ਪੰਜਾਬ ਦੇ ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਨੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅੱਗੇ ਤੋਂ ਇਹ ਅੰਕੜਾ ਘਟੇਗਾ ਕਿਉਂਕਿ ਹੁਣ ਪੰਜਾਬ ਵਿਚ ਨਸ਼ੇ ਲਈ ਕੋਈ ਥਾਂ ਨਹੀਂ ਹੈ। ਜਿਹੜੇ ਕੈਦੀ ਨਸ਼ੇ ਦੇ ਮਾਮਲੇ ਵਿਚ ਜੇਲ੍ਹਾਂ ਵਿਚ ਬੰਦ ਹਨ, ਲਈ ਡੀ-ਅਡਿਕਸ਼ਨ ਸੈਂਟਰ ਚੱਲ ਰਹੇ ਹਨ ਤਾਂ ਕਿ ਇਨ੍ਹਾਂ ਵਿਚ ਸੁਧਾਰ ਹੋ ਸਕੇ। ਜੇਲ੍ਹਾਂ ਵਿਚ ਅਜਿਹੇ ਕੈਦੀਆਂ ਲਈ ਸਮਾਜਿਕ ਤੇ ਧਾਰਮਿਕ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ।

# ਫਿਲਮ 'ਐਮਐਸਜੀ-2' ਚਲਾਉਣ ਲਈ ਅੜੇ ਡੇਰਾ ਪ੍ਰੇਮੀ

**ਲੁਧਿਆਣਾ:** ਡੇਰਾ ਮੁਖੀ ਦੀ ਫਿਲਮ 'ਐਮਐਸਜੀ-2' ਨੂੰ ਪੰਜਾਬ ਵਿਚ ਰਿਲੀਜ਼ ਨਾ ਕਰਨ ਦਾ ਮਾਮਲਾ ਭਖਦਾ ਜਾ ਰਿਹਾ ਹੈ। ਡੇਰਾ ਪ੍ਰੇਮੀ ਜਿਥੇ ਫਿਲਮ ਰਿਲੀਜ਼ ਕਰਵਾਉਣ 'ਤੇ ਅੜੇ ਹੋਏ ਹਨ, ਉਥੇ ਸਿੱਖ ਜਥੇਬੰਦੀਆਂ ਵੱਲੋਂ ਇਸ ਦਾ ਵਿਰੋਧ ਜਾਰੀ ਹੈ। ਡੇਰਾ ਪ੍ਰੇਮੀਆਂ ਵੱਲੋਂ ਇਸ ਮਸਲੇ ਨੂੰ ਲੈ ਕੇ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਜਾਰੀ ਹੈ। ਡੇਰਾ ਸਮਰਥਕਾਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ ਜਾਣਬੁੱਝ ਕੇ ਡੇਰਾ ਮੁਖੀ ਦੀ ਫਿਲਮ ਨੂੰ ਰਿਲੀਜ਼ ਨਹੀਂ ਹੋਣ ਦੇ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਫਿਲਮ ਨੂੰ ਰਿਲੀਜ਼ ਨਾ ਕੀਤਾ ਗਿਆ ਤਾਂ ਅੰਦੋਲਨ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਦੱਸਣਯੋਗ ਹੈ ਕਿ ਡੇਰਾ ਸਿਰਸਾ ਦੇ ਪੈਰੋਕਾਰਾਂ ਵੱਲੋਂ ਇਸ ਫਿਲਮ ਨੂੰ ਪੰਜਾਬ ਵਿਚ ਰਿਲੀਜ਼ ਕਰਵਾਉਣ ਦੀ ਮੰਗ ਉਤੇ ਸੰਘਰਸ਼ ਵਿੱਢਿਆ ਹੋਇਆ ਹੈ। ਦੂਜੇ ਪਾਸੇ ਪੰਜਾਬ ਸਰਕਾਰ ਸਫਾਈ ਦੇ ਰਹੀ ਹੈ ਕਿ ਇਸ ਫਿਲਮ 'ਤੇ ਪਾਬੰਦੀ ਨਹੀਂ ਲਗਾਈ ਗਈ ਜਦਕਿ ਡੇਰਾ ਪੈਰੋਕਾਰਾਂ ਦਾ ਸ਼ਿਕਵਾ ਹੈ ਕਿ ਸਰਕਾਰ ਦੇ ਇਸ਼ਾਰੇ ਉਤੇ ਹੀ ਇਸ ਫਿਲਮ ਨੂੰ ਅਣਐਲਾਨੀ ਪਾਬੰਦੀ ਦੇ ਘੇਰੇ ਵਿਚ ਲਿਆ ਹੋਇਆ ਹੈ। ਅਜਿਹੇ ਵਿਚ ਸੂਬੇ ਦੇ ਸਿਨੇਮਾ ਘਰਾਂ ਵਾਲੇ ਇਸ ਫਿਲਮ ਨੂੰ ਰਿਲੀਜ਼ ਕਰਨ ਤੋਂ ਝਿਜਕ ਰਹੇ ਹਨ।



ਡੇਰੇ ਦੀ ਸੂਬਾ ਕਮੇਟੀ ਦੇ ਬੁਲਾਰੇ ਧਰਮਪਾਲ ਸਿੰਗਲਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੋਗਲੀਆਂ ਨੀਤੀਆਂ ਅਪਨਾ ਰਹੀ ਹੈ ਜਿਸ ਕਾਰਨ ਡੇਰਾ ਪ੍ਰੇਮੀ ਸੜਕਾਂ 'ਤੇ ਉਤਰਨ ਲਈ ਮਜਬੂਰ ਹਨ।

ਉਨ੍ਹਾਂ ਦਾ ਦੋਸ਼ ਸੀ ਕਿ ਇਕ ਪਾਸੇ ਸਰਕਾਰ ਫਿਲਮ ਨੂੰ ਰਿਲੀਜ਼ ਹੋਣ ਉਤੇ ਚੁੱਪੀ ਧਾਰੀ ਬੈਠੀ ਹੈ ਜਦੋਂਕਿ ਦੂਜੇ ਪਾਸੇ ਸਰਕਾਰ ਵੱਲੋਂ ਹੀ ਸਿਨਮਾਘਰਾਂ ਦੇ ਮਾਲਕਾਂ ਨੂੰ ਧਮਕੀ ਦਿੱਤੀ ਜਾ ਰਹੀ ਹੈ ਕਿ ਜੇਕਰ ਫਿਲਮ ਨੂੰ ਰਿਲੀਜ਼ ਕੀਤਾ ਗਿਆ ਤਾਂ ਲਾਇਸੈਂਸ ਰੱਦ ਕਰ ਦਿੱਤੇ ਜਾਣਗੇ। ਫਿਲਮ ਵਿਚ ਕੋਈ ਵੀ ਅਜਿਹੀ ਚੀਜ਼ ਨਹੀਂ ਜਿਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੋਵੇ, ਪਰ ਸਾਜ਼ਿਸ਼ ਤਹਿਤ ਇਸ ਫਿਲਮ ਨੂੰ ਰਿਲੀਜ਼ ਨਹੀਂ ਹੋਣ ਦਿੱਤਾ ਜਾ ਰਿਹਾ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਫਿਲਮ ਨੂੰ ਰਿਲੀਜ਼ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਸੇ ਤਰ੍ਹਾਂ ਪੂਰੇ ਪੰਜਾਬ ਵਿਚ ਡੇਰਾ ਪ੍ਰੇਮੀ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਦੇ ਰਹਿਣਗੇ। ਇਸ ਦੌਰਾਨ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਦਿੱਲੀ ਕੌਮੀ ਮਾਰਗ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਜਾਮ ਕਰ ਦਿੱਤੀਆਂ। ਇਥੋਂ ਤੱਕ ਕਿ ਗਲੀਆਂ ਵਿਚ ਵੀ ਨਾ ਕਿਸੇ ਨੂੰ ਜਾਣ ਦਿੱਤਾ ਤੇ ਨਾ ਹੀ ਬਾਹਰ ਆਉਣ ਦਿੱਤਾ। ਵੱਡੇ ਗਿਣਤੀ ਡੇਰਾ ਪ੍ਰੇਮੀਆਂ ਵੱਲੋਂ ਰੇਲਵੇ ਲਾਈਨ 'ਤੇ ਰੋਸ ਧਰਨਾ ਲਗਾਉਂਦਿਆਂ ਰੇਲ ਆਵਾਜਾਈ ਠੱਪ ਕਰ ਦਿੱਤੀ ਗਈ। ਡੇਰਾ ਪ੍ਰੇਮੀਆਂ ਨੇ ਆਪਣੇ ਸਿਰਾਂ 'ਤੇ 'ਐਮਐਸਜੀ-2' ਫਿਲਮ ਦੀ ਪੱਟੀ ਬੰਨ੍ਹ ਕੇ ਰੇਲਵੇ ਲਾਈਨ ਉਤੇ ਧਰਨਾ ਦਿੱਤਾ ਤੇ ਪੰਜਾਬ ਸਰਕਾਰ, ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਖ਼ਿਲਾਫ਼ ਨਾਅਰੇਬਾਜ਼ੀ

## ਪੰਜਾਬ ਦਾ ਮਾਹੌਲ ਖਰਾਬ ਕਰੇਗੀ ਫਿਲਮ: ਜਥੇਦਾਰ

**ਪਟਿਆਲਾ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼ੰਕਾ ਜ਼ਾਹਰ ਕੀਤੀ ਹੈ ਕਿ ਫਿਲਮ 'ਐਮਐਸਜੀ-2' ਰਿਲੀਜ਼ ਹੋਣ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਇਸ ਵਿਵਾਦਿਤ ਫਿਲਮ ਉਤੇ ਪੰਜਾਬ ਸਰਕਾਰ ਵੱਲੋਂ ਜਿਸ ਤਰੀਕੇ ਨਾਲ ਵੀ ਪਾਬੰਦੀ ਆਇਦ ਕੀਤੀ ਗਈ ਹੈ, ਉਹ ਸ਼ਲਾਘਾਯੋਗ ਕਦਮ ਹੈ। ਜਥੇਦਾਰ ਨੇ ਆਖਿਆ ਕਿ ਜਦੋਂ ਅਸਲ ਕਹਾਣੀ ਉਤੇ ਆਧਾਰਿਤ ਫਿਲਮ 'ਸੁੱਖਾ ਜਿੰਦਾ', ਜਿਸਨੂੰ ਸੈਂਸਰ ਬੋਰਡ ਨੇ ਵੀ ਪਾਸ ਕਰ ਦਿੱਤਾ ਸੀ, ਉਤੇ ਕੇਂਦਰ ਸਰਕਾਰ ਵੱਲੋਂ ਪਾਬੰਦੀ ਲਗਾਈ ਜਾ ਸਕਦੀ ਹੈ ਤਾਂ ਫਿਰ ਡੇਰਾ ਸਿਰਸਾ ਦੇ ਮੁਖੀ ਦੀ ਅਹਿਮ ਭੂਮਿਕਾ ਆਧਾਰਿਤ ਫਿਲਮ 'ਤੇ ਪਾਬੰਦੀ ਕਿਉਂ ਨਹੀਂ ਲੱਗ ਸਕਦੀ। ਉਨ੍ਹਾਂ ਸਪੱਸ਼ਟ ਕਿਹਾ ਕਿ ਇਸ ਵਿਵਾਦਿਤ ਫਿਲਮ ਨਾਲ ਸਿੱਧੇ ਤੌਰ 'ਤੇ ਮਾਹੌਲ ਖਰਾਬ ਹੁੰਦਾ ਹੈ, ਇਸ ਵਾਸਤੇ ਇਹ ਫਿਲਮ ਕਦੇ ਵੀ ਨਹੀਂ ਲੱਗਣੀ ਚਾਹੀਦੀ।

## ਡੇਰੇ ਦੇ ਦੋ ਹਜ਼ਾਰ ਪੈਰੋਕਾਰਾਂ ਖਿਲਾਫ ਕੇਸ ਦਰਜ

**ਬਠਿੰਡਾ:** ਬਠਿੰਡਾ ਜੰਕਸ਼ਨ ਕੋਲ ਰੇਲ ਮਾਰਗ ਜਾਮ ਕਰਨ ਵਾਲੇ ਡੇਰਾ ਸਿਰਸਾ ਦੇ ਤਕਰੀਬਨ 2000 ਪੈਰੋਕਾਰਾਂ ਖ਼ਿਲਾਫ਼ ਰੇਲਵੇ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ, ਜਿਨ੍ਹਾਂ ਵਿਚ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਆਗੂ ਵੀ ਸ਼ਾਮਲ ਹਨ। ਡੇਰਾ ਸਿਰਸਾ ਦੇ ਹਜ਼ਾਰਾਂ ਪੈਰੋਕਾਰ 19 ਸਤੰਬਰ ਨੂੰ ਚਾਰ ਰੇਲ ਮਾਰਗਾਂ ਉਤੇ ਬੈਠ ਗਏ ਸਨ। ਉਨ੍ਹਾਂ ਦੀ ਮੰਗ ਸੀ ਕਿ ਡੇਰਾ ਮੁਖੀ ਦੀ ਫ਼ਿਲਮ ਐਮ.ਐਸ.ਜੀ.-2 ਨੂੰ ਸਿਨੇਮਾ ਘਰਾਂ ਵਿਚ ਚਲਾਇਆ ਜਾਵੇ। ਡੇਰਾ ਆਗੂ ਗੁਰਦੇਵ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪੁਲਿਸ ਨੇ ਫ਼ਿਲਮ ਚਲਾਉਣ ਦਾ ਭਰੋਸਾ ਦਿੱਤਾ ਹੈ ਤੇ ਜੇ ਫ਼ਿਲਮ ਨਾ ਚਲਾਈ ਗਈ ਤਾਂ ਉਹ ਮੁੜ ਪੰਜਾਬ ਪੱਧਰ ਦਾ ਸੰਘਰਸ਼ ਉਲੀਕਣਗੇ।

# ਸ਼ਰਨਾਰਥੀਆਂ ਨੂੰ ਪਨਾਹ ਦੇ ਮਸਲੇ 'ਤੇ ਉਲਝੇ ਯੂਰਪੀ ਦੇਸ਼

**ਵੀਏਨਾ:** ਯੂਰਪੀ ਯੂਨੀਅਨ ਦੇ ਮੁਲਕ ਸ਼ਰਨਾਰਥੀਆਂ ਨੂੰ ਪਨਾਹ ਦੇਣ ਦੇ ਮਾਮਲੇ ਵਿਚ ਉਲਝ ਗਏ ਹਨ। ਕਰੋਏਸ਼ੀਆ, ਹੰਗਰੀ ਤੇ ਸਲੋਵੇਨੀਆ ਵਿਚੋਂ ਲੰਘ ਰਹੇ ਸ਼ਰਨਾਰਥੀਆਂ ਨਾਲ ਨਜਿੱਠਣਾ ਵੀ ਮੁਸ਼ਕਲ ਹੁੰਦਾ ਜਾ ਰਿਹਾ ਹੈ। ਯੂਰਪੀ ਯੂਨੀਅਨ ਨੇ ਯੋਜਨਾ ਉਲੀਕੀ ਹੈ ਜਿਸ ਤਹਿਤ ਸੀਰੀਆਈ ਲੋਕਾਂ ਨੂੰ ਤੁਰਕੀ ਵਿਚ ਰੁਕਣ ਲਈ ਉਤਸ਼ਾਹਿਤ ਕੀਤਾ ਜਾਏਗਾ। ਸੀਰੀਆਈ ਸ਼ਰਨਾਰਥੀ ਇਨ੍ਹਾਂ ਮੁਲਕਾਂ ਵਿਚੋਂ ਲੰਘ ਕੇ ਅੱਗੇ ਯੂਰਪ ਦੇ ਹੋਰ ਮੁਲਕਾਂ ਵਿਚ ਪਨਾਹ ਲੈਣ ਲਈ ਪਹੁੰਚ ਰਹੇ ਹਨ। ਉਧਰ ਆਸਟਰੀਆ ਵਿਚ 10 ਹਜ਼ਾਰ ਪਰਵਾਸੀਆਂ ਦੇ ਆਉਣ ਨਾਲ ਸੰਕਟ ਗਹਿਰਾ ਗਿਆ ਹੈ।



ਹੰਗਰੀ ਦੀ ਸਰਕਾਰ ਨੇ ਦੋ ਇਲਾਕਿਆਂ ਵਿਚ ਸ਼ਰਨਾਰਥੀਆਂ ਦੇ ਆਉਣ ਉਤੇ ਪਾਬੰਦੀ ਲਗਾਈ ਹੈ। ਨਵੇਂ ਨਿਯਮਾਂ ਤਹਿਤ ਕੋਈ ਵੀ ਵਿਅਕਤੀ ਗੈਰਕਾਨੂੰਨੀ ਤਰੀਕੇ ਨਾਲ ਹੰਗਰੀ ਵਿਚ ਆਉਣ ਦੀ ਕੋਸ਼ਿਸ਼ ਕਰੇਗਾ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ। ਹੰਗਰੀ ਦੇ ਨਵੇਂ ਕਾਨੂੰਨ ਖ਼ਿਲਾਫ਼ ਸੀਮਾ ਉੱਤੇ ਸ਼ਰਨਾਰਥੀਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਹੰਗਰੀ ਨੇ ਸੀਮਾ ਉੱਤੇ ਤਾਰ ਲਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ।

ਹੰਗਰੀ ਅਨੁਸਾਰ ਜੇਕਰ ਦੇਸ਼ ਵਿਚ ਹੋਰ ਸ਼ਰਨਾਰਥੀ ਆਉਂਦੇ ਹਨ ਤਾਂ ਹਾਲਾਤ ਬਹੁਤ ਖ਼ਰਾਬ ਹੋ ਜਾਣਗੇ। ਇਸ ਲਈ ਸ਼ਰਨਾਰਥੀਆਂ ਨੂੰ ਰੋਕਣ ਲਈ ਉਸ ਨੇ ਕਦਮ ਚੁੱਕਿਆ ਹੈ। ਦੂਜੇ ਪਾਸੇ ਹੰਗਰੀ ਦੀ ਇਸ ਮੁੱਦੇ ਉਤੇ ਅਲੋਚਨਾ ਹੋਣੀ ਵੀ ਸ਼ੁਰੂ ਹੋ ਗਈ ਹੈ।

ਸਰਬੀਆ ਨੇ ਹੰਗਰੀ ਦੇ ਇਸ ਕਦਮ ਦੀ ਅਲੋਚਨਾ ਕੀਤੀ ਹੈ। ਯੂਰਪੀਅਨ ਸੰਘ ਅਨੁਸਾਰ ਇਸ ਸਾਲ ਹੁਣ ਤੱਕ ਪੰਜ ਲੱਖ ਸ਼ਰਨਾਰਥੀ ਆਏ ਹਨ। 2014 ਵਿਚ ਇਹ ਅੰਕੜਾ 2.8 ਲੱਖ ਸੀ। ਇਸ ਦੇ ਨਾਲ ਹੀ ਸਰਬੀਆ ਨੇ ਆਖਿਆ ਹੈ ਕਿ ਕੁਝ ਸ਼ਰਤਾਂ ਤਹਿਤ ਉਹ ਪਰਵਾਸੀਆਂ ਦੀ ਮਦਦ ਕਰਨ ਲਈ ਤਿਆਰ ਹੈ, ਪਰ ਸਰਬੀਆ ਨੇ ਕੁਝ ਮੁੱਦਿਆਂ ਉੱਤੇ ਚਿੰਤਾ ਦਾ ਵੀ ਪ੍ਰਗਟਾਵਾ ਕੀਤਾ ਹੈ। ਸਰਬੀਆ ਅਨੁਸਾਰ ਜੇਕਰ ਸ਼ਰਨਾਰਥੀ ਥੋੜ੍ਹੇ ਦਿਨ ਲਈ ਦੇਸ਼ ਵਿਚ ਰੁਕਦੇ ਹਨ ਤਾਂ ਉਹ ਹਰ ਤਰ੍ਹਾਂ ਦੀ ਮਦਦ ਕਰੇਗਾ।

## ਕੈਨੇਡਾ ਵੱਲੋਂ ਸ਼ਰਨਾਰਥੀਆਂ ਨੂੰ ਪਨਾਹ ਦੇਣ ਦਾ ਫੈਸਲਾ

**ਟੋਰਾਂਟੋ:** ਕੈਨੇਡਾ ਨੇ ਸੀਰੀਆ ਦੇ ਹੋਰ ਸ਼ਰਨਾਰਥੀਆਂ ਨੂੰ ਪਨਾਹ ਦੇਣ ਦਾ ਫੈਸਲਾ ਲਿਆ ਹੈ। ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਦੀ ਸਰਕਾਰ ਨੇ ਕਿਹਾ ਹੈ ਕਿ ਉਹ ਇਸ ਸਾਲ ਦੇ ਅਖੀਰ ਤੱਕ ਸੀਰੀਆ ਦੇ ਸ਼ਰਨਾਰਥੀਆਂ ਨੂੰ ਹਜ਼ਾਰਾਂ ਹੋਰ ਵੀਜ਼ੇ ਜਾਰੀ ਕਰੇਗੀ। ਚੋਣ ਵਰ੍ਹਾ ਹੋਣ ਕਰਕੇ ਪਹਿਲਾਂ ਹੀ ਸਰਕਾਰ ਨੂੰ ਇਸ ਸੰਕਟ ਨਾਲ ਨਜਿੱਠਣ ਵਿਚ ਨਾਕਾਮ ਰਹਿਣ ਉਤੇ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡਾ ਨੇ ਅਗਲੇ ਵਰ੍ਹੇ ਸਤੰਬਰ ਤੱਕ 10 ਹਜ਼ਾਰ ਸੀਰੀਆਈ ਸ਼ਰਨਾਰਥੀਆਂ ਨੂੰ ਪਨਾਹ ਦੇਣ ਦਾ ਫ਼ੈਸਲਾ ਲਿਆ ਹੈ। ਸਰਕਾਰ ਨੇ ਕਿਹਾ ਹੈ ਕਿ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਛੇਤੀ ਗੌਰ ਕੀਤਾ ਜਾਏਗਾ।

# ਨਿਤੀਸ਼ ਤੇ ਮੋਦੀ ਨੂੰ ਟੱਕਰਨ ਲਈ ਮੁਲਾਇਮ ਦਾ ਨਵਾਂ ਦਾਅ

**ਪਟਨਾ:** ਬਿਹਾਰ ਚੋਣ ਦੰਗਲ ਵਿਚ ਮੁਲਾਇਮ ਸਿੰਘ ਯਾਦਵ ਨੇ ਨਵਾਂ ਦਾਅ ਖੇਡਿਆ ਹੈ। ਸਮਾਜਵਾਦੀ ਪਾਰਟੀ ਨੇ ਐਲਾਨ ਕੀਤਾ ਹੈ ਕਿ ਨਵੇਂ ਗੱਠਜੋੜ ਨਾਲ ਬਿਹਾਰ ਚੋਣਾਂ ਵਿਚ ਉਤਰਿਆ ਜਾਏਗਾ।

ਇਸ ਗੱਠਜੋੜ ਵਿਚ ਸਪਾ, ਐਨ.ਸੀ.ਪੀ. ਤੇ ਐਸ.ਜੀ.ਪੀ. ਸ਼ਾਮਲ ਹੋਣਗੇ। ਇਸ ਦੇ ਨਾਲ ਹੀ ਜੀਤਨ ਰਾਮ ਮਾਂਝੀ ਦੀ ਪਾਰਟੀ ਤੋਂ ਅਸਤੀਫਾ ਦੇ ਕੇ ਦਵਿੰਦਰ ਯਾਦਵ ਸਮਾਜਵਾਦੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਇਸ ਤੋਂ ਪਹਿਲਾਂ ਨਿਤਿਸ਼ ਦੀ ਅਗਵਾਈ ਵਿਚ ਬਣੇ ਮਹਾ-ਗੱਠਜੋੜ ਤੋਂ ਅਲੱਗ ਹੋਣ ਮਗਰੋਂ ਮੁਲਾਇਮ ਦੀ ਪਾਰਟੀ ਨੇ ਇਕੱਲੇ ਹੀ ਚੋਣ ਮੈਦਾਨ ਵਿਚ ਉੱਤਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਸਰਗਰਮੀਆਂ ਨਾਲ ਬਿਹਾਰ ਦੀ ਸਿਆਸਤ ਗਰਮਾ ਗਈ ਹੈ।



ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ 'ਤੇ ਹਮਲਾ ਕੀਤਾ ਹੈ। ਜੇਤਲੀ ਨੇ ਕਿਹਾ ਹੈ ਕਿ ਨਿਤੀਸ਼ ਕੇਂਦਰ ਨਾਲ ਬਹਿਸ ਕਰਨਾ ਚਾਹੁੰਦੇ ਹਨ, ਪਰ ਅੰਕੜਿਆਂ ਨਾਲ ਸਾਫ ਹੋ ਗਿਆ ਹੈ ਕਿ ਵਿਕਾਸ ਦੇ ਮਾਮਲੇ ਵਿਚ ਗੁਜਰਾਤ ਪਹਿਲੇ ਨੰਬਰ ਉਤੇ ਹੈ ਤੇ ਬਿਹਾਰ 21ਵੇਂ ਨੰਬਰ ਉਤੇ।

# ਫਿਲਮ 'ਸੁੱਖਾ ਜਿੰਦਾ' ਦੇ ਨਿਰਮਾਤਾ ਨੇ ਖੜਕਾਇਆ ਹਾਈਕੋਰਟ ਦਾ ਦਰ

**ਚੰਡੀਗੜ੍ਹ:** ਪੰਜਾਬੀ ਫਿਲਮ 'ਦਿ ਮਾਸਟਰਮਾਈਂਡ ਜਿੰਦਾ-ਸੁੱਖਾ' ਉਤੇ ਪਾਬੰਦੀ ਲੱਗਣ ਤੋਂ ਬਾਅਦ ਨਿਰਮਾਤਾ ਦਰਸ਼ਨ ਸਿੰਘ ਨੇ ਪੰਜਾਬ-ਹਰਿਆਣਾ ਹਾਈਕੋਰਟ ਦਾ ਕੁੰਡਾ ਖੜਕਾਇਆ ਹੈ। ਵਕੀਲ ਰੰਜਨ ਲਖਨਪਾਲ ਰਾਹੀਂ ਪਾਈ ਗਈ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਅਦਾਲਤ ਨੇ ਕੇਂਦਰ, ਪੰਜਾਬ ਤੇ ਹੋਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ।

ਪਟੀਸ਼ਨਰ ਦਾ ਕਹਿਣਾ ਹੈ ਕਿ ਫਿਲਮ ਸੁੱਖਾ ਤੇ ਜਿੰਦਾ ਦੀ ਸੱਚੀ ਕਹਾਣੀ ਉਤੇ ਆਧਾਰਤ ਹੈ। ਸ੍ਰੀ ਲਖਨਪਾਲ ਨੇ ਦੱਸਿਆ ਕਿ ਸੁੱਖਾ ਅਤੇ ਜਿੰਦਾ ਵੱਲੋਂ ਗ੍ਰਿਫ਼ਤਾਰੀ ਸਮੇਂ ਪਰਿਵਾਰ ਨੂੰ ਲਿਖੀਆਂ ਗਈਆਂ ਚਿੱਠੀਆਂ ਦੇ ਆਧਾਰ ਉਤੇ ਤੱਥਾਂ ਨੂੰ ਫਿਲਮ ਵਿਚ ਪੇਸ਼ ਕੀਤਾ ਗਿਆ ਹੈ। ਪਹਿਲਾਂ ਨਿਰਮਾਤਾ ਨੇ ਫਿਲਮ ਦਿਖਾਉਣ ਲਈ ਸੈਂਸਰ ਬੋਰਡ ਕੋਲ ਪਹੁੰਚ ਕੀਤੀ ਸੀ ਤੇ ਸੈਂਸਰ ਬੋਰਡ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਕੁਝ ਦ੍ਰਿਸ਼ ਕੱਟ ਕੇ ਫਿਲਮ ਦਿਖਾਉਣ ਦੀ ਇਜਾਜ਼ਤ ਵੀ ਦੇ ਦਿੱਤੀ ਸੀ ਪਰ ਫਿਰ 9 ਸਤੰਬਰ ਨੂੰ ਪਟੀਸ਼ਨਰ ਨੂੰ ਪੱਤਰ ਮਿਲਿਆ ਕਿ ਫਿਲਮ ਨੂੰ ਦਿਖਾਉਣ ਦੀ ਦਿੱਤੀ ਮਨਜ਼ੂਰੀ ਵਾਪਸ ਲਈ ਜਾਂਦੀ ਹੈ।

## ਜਗਮੋਹਨ ਡਾਲਮੀਆ ਦਾ ਦੇਹਾਂਤ

**ਕੋਲਕਾਤਾ:** ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਪ੍ਰਧਾਨ ਜਗਮੋਹਨ ਡਾਲਮੀਆ (75) ਦਾ ਕੋਲਕਾਤਾ ਦੇ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਨੂੰ 17 ਸਤੰਬਰ ਨੂੰ ਉਸ ਸਮੇਂ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ ਸੀ ਜਦੋਂ ਉਨ੍ਹਾਂ ਛਾਤੀ ਵਿਚ ਦਰਦ ਦੀ ਸ਼ਿਕਾਇਤ ਕੀਤੀ ਸੀ। ਅਗਲੇ ਦਿਨ ਉਨ੍ਹਾਂ ਦੀ ਐਂਜਿਓਗਰਾਫ਼ੀ ਕੀਤੀ ਗਈ ਸੀ ਪਰ ਦੋ ਦਿਨ ਬਾਅਦ ਉਨ੍ਹਾਂ ਹਸਪਤਾਲ ਵਿਚ ਦਮ ਤੋੜ ਦਿੱਤਾ।

# ਆਖਰਕਾਰ ਦਮ ਤੋੜਨ ਲੱਗਾ ਭਾਸ਼ਾ ਵਿਭਾਗ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵਿਚ ਵੱਡੀ ਗਿਣਤੀ ਆਸਾਮੀਆਂ ਖਾਲੀ ਹੋਣ ਕਾਰਨ ਇਹ ਵਿਭਾਗ ਆਪਣੇ ਖੋਜ ਕਾਰਜਾਂ ਬਾਰੇ ਮੁੱਖ ਮੰਤਵ ਤੋਂ ਥਿੜਕ ਚੁੱਕਾ ਹੈ। ਖਾਸ ਕਰਕੇ ਖੋਜ ਵਿਭਾਗ ਦੀਆਂ ਮੁੱਖ ਆਸਾਮੀਆਂ ਲੰਬੇ ਸਮੇਂ ਤੋਂ ਖਾਲੀ ਪਈਆਂ ਹੋਣ ਕਾਰਨ ਇਹ ਵਿਭਾਗ ਦਮ ਤੋੜਦਾ ਜਾਪਦਾ ਹੈ।

ਭਾਸ਼ਾ ਵਿਭਾਗ ਦੇ ਮੋਢਿਆਂ ਉਤੇ ਰਾਜ ਭਾਸ਼ਾ ਪੰਜਾਬੀ ਦੇ ਵਿਕਾਸ ਵਰਗੀ ਅਹਿਮ ਜ਼ਿੰਮੇਵਾਰੀ ਹੈ ਪਰ ਦਿਨੋਂ ਦਿਨ ਵਿਭਾਗ ਵਿਚ ਘਟਦੇ ਜਾ ਰਹੇ ਅਮਲੇ ਕਾਰਨ ਅੱਜ ਵਿਭਾਗ ਕਾਫੀ ਮੁਸ਼ਕਲ ਦੌਰ ਵਿਚੋਂ ਲੰਘ ਰਿਹਾ ਹੈ। ਅਜਿਹੇ ਵਿਚ ਵਿਭਾਗ ਕੋਲ ਚਾਨਣ ਵੰਡਣ ਦੀ ਸਮਰੱਥਾ ਹੀ ਨਹੀਂ ਬਚੀ ਹੈ। ਇਸ ਮੁਸ਼ਕਲ ਹਾਲਾਤ ਵਿਚ ਇਹ ਵਿਭਾਗ ਸਿਰਫ ਨਿੱਤ ਦੇ ਦਫ਼ਤਰੀ ਕੰਮਾਂ ਕਾਰਾਂ ਨੂੰ ਹੀ ਸਮੇਟ ਰਿਹਾ ਹੈ। ਹੁਣ ਇਹ ਵਿਭਾਗ ਆਪਣੇ ਰਿਕਾਰਡ ਆਦਿ ਦੀ ਰਾਖੀ ਕਰ ਰਿਹਾ ਹੈ। ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਖੋਜ ਕਾਰਜਾਂ ਨਾਲ ਜੁੜੀਆਂ ਵੱਡੀ ਗਿਣਤੀ ਆਸਾਮੀਆਂ ਖਾਲੀ ਪਈਆਂ ਹਨ ਜਿਸ ਕਾਰਨ ਖੋਜ ਕਾਰਜ ਤਾਂ ਠੱਪ ਹੀ ਹੋ ਚੁੱਕੇ ਹਨ। ਖੋਜ ਕਾਰਜਾਂ ਲਈ ਸਭ ਤੋਂ ਅਹਿਮ ਮੰਨੀਆਂ ਜਾਂਦੀਆਂ ਖੋਜ ਸਹਾਇਕਾਂ ਦੀਆਂ ਆਸਾਮੀਆਂ ਵੱਡੀ ਗਿਣਤੀ ਵਿਚ ਖਾਲੀ ਪਈਆਂ ਹਨ।

ਮਨਜ਼ੂਰਸ਼ੁਦਾ ਕੁੱਲ 60 ਖੋਜ ਸਹਾਇਕਾਂ ਦੀਆਂ ਆਸਾਮੀਆਂ ਵਿਚੋਂ 53 ਖਾਲੀ ਪਈਆਂ ਹਨ। ਹਰ ਮਹੀਨੇ ਹੁੰਦੀਆਂ ਸੇਵਾਮੁਕਤੀਆਂ ਕਾਰਨ ਖਾਲੀ ਆਸਾਮੀਆਂ ਦਾ ਅੰਕੜਾ ਵਧਦਾ ਜਾ ਰਿਹਾ ਹੈ। ਇਸੇ ਤਰ੍ਹਾਂ ਖੋਜ ਕਾਰਜ ਨੂੰ ਅੱਗੇ ਤੋਰਨ ਵਿਚ ਅਹਿਮ ਰੋਲ ਨਿਭਾਉਂਦੀਆਂ ਖੋਜ ਅਫ਼ਸਰਾਂ ਦੀਆਂ ਮਨਜ਼ੂਰਸ਼ੁਦਾ 40 ਵਿਚੋਂ ਤਕਰੀਬਨ ਅੱਧੀਆਂ ਆਸਾਮੀਆਂ ਖਾਲੀ ਪਈਆਂ ਹਨ। ਜੂਨੀਅਰ ਸਹਾਇਕ ਦੀਆਂ 66 ਮਨਜ਼ੂਰਸ਼ੁਦਾ ਆਸਾਮੀਆਂ ਵਿਚੋਂ 22 ਖਾਲੀ ਪਈਆਂ ਹਨ। ਸਹਾਇਕ ਡਾਇਰੈਕਟਰ-ਕਮ-ਜ਼ਿਲ੍ਹਾ ਭਾਸ਼ਾ ਅਫ਼ਸਰਾਂ ਦੀਆਂ 26 ਵਿਚੋਂ 15 ਆਸਾਮੀਆਂ ਖਾਲੀ ਪਈਆਂ ਹਨ।




## ਬਕਾਇਆ ਪੁਸਤਕ ਪੁਰਸਕਾਰਾਂ ਦਾ ਐਲਾਨ ਕੀਤਾ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 2012 ਤੇ 2013 ਦੇ ਰਹਿੰਦੇ ਸਰਵੋਤਮ ਪੁਸਤਕ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਇਨਾਮਾਂ ਵਿਚ ਹਰੇਕ ਇਨਾਮੀ ਪੁਸਤਕ ਦੇ ਲੇਖਕ ਨੂੰ 21 ਹਜ਼ਾਰ ਰੁਪਏ ਨਗਦ ਰਾਸ਼ੀ ਤੇ ਪਲੇਕ ਭੇਟ ਕੀਤੀ ਜਾਵੇਗੀ। ਵਿਭਾਗ ਦੇ ਡਾਇਰੈਕਟਰ ਡਾ. ਚੇਤਨ ਸਿੰਘ ਨੇ ਦੱਸਿਆ ਕਿ ਪੰਜਾਬੀ ਦੇ ਸਾਲ 2012 ਲਈ ਨਾਨਕ ਸਿੰਘ ਪੁਰਸਕਾਰ (ਨਾਵਲ) ਲਈ ਨਿਰਮਲ ਅਰਪਣ ਦੀ ਪੁਸਤਕ 'ਪੁਲ ਕੰਜਰੀ', ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ) ਲਈ ਡਾ. ਕਰਨੈਲ ਸਿੰਘ ਸੋਮਲ ਦੀ ਪੁਸਤਕ 'ਸਾਡੇ ਅੰਬਰਾਂ ਦੇ ਤਾਰੇ' ਨੂੰ ਚੁਣਿਆ ਗਿਆ ਹੈ। ਇਸੇ ਤਰ੍ਹਾਂ 2013 ਲਈ ਪੰਜਾਬੀ ਪੁਰਸਕਾਰਾਂ ਵਿਚ ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ (ਸੰਪਾਦਨ) ਲਈ ਡਾ. ਰੂਪ ਸਿੰਘ ਦੀ ਪੁਸਤਕ 'ਸਿਖ ਸੰਕਲਪ, ਸਿਧਾਂਤ ਤੇ ਸੰਸਥਾਵਾਂ' ਨੂੰ ਚੁਣਿਆ ਗਿਆ ਹੈ।

## 26 ਸਤੰਬਰ ਨੂੰ ਟੋਰਾਂਟੋ 'ਚ 'ਸ਼ਬਦਾਂ ਦਾ ਜਾਦੂਗਰ- ਐਸ ਅਸ਼ੋਕ ਭੌਰਾ' ਪੁਸਤਕ ਰਿਲੀਜ਼ ਸਮਾਰੋਹ 'ਤੇ ਵਿਸ਼ੇਸ਼

*ਐਸ ਅਸ਼ੋਕ ਭੌਰਾ ਲੇਖ ਵੀ ਲਿਖਦਾ ਹੈ, ਕਵਿਤਾ ਤੇ ਕਾਵਿ-ਵਿਅੰਗ ਵੀ। ਪੱਤਰਕਾਰੀ ਵੀ ਕਰਦਾ ਹੈ, ਰੇਡੀਓ ਅਨਾਊਂਸਰ ਅਤੇ ਟੀ.ਵੀ. ਪੇਸ਼ਕਾਰ ਵੀ ਹੈ। ਪਿਛਲੇ ਤੀਹ ਸਾਲਾਂ ਤੋਂ ਪੰਜਾਬੀ ਗਾਇਕਾਂ ਤੇ ਗਾਇਕੀ ਬਾਰੇ ਲਿਖਦਾ ਆ ਰਿਹਾ ਹੈ। ਹਾਲ ਹੀ ਵਿਚ ਉਸ ਨੇ ਤ੍ਰੈਮਾਸਿਕ ਕੌਮਾਂਤਰੀ ਪਰਚਾ 'ਇੱਕੀ' ਸ਼ੁਰੂ ਕੀਤਾ ਹੈ। ਉਸ ਨੂੰ ਸ਼ਬਦਾਂ ਨੂੰ ਉਂਗਲਾਂ ਦੇ ਪੋਟਿਆਂ 'ਤੇ ਨਚਾਉਣਾ ਆਉਂਦਾ ਹੈ। ਠੀਕ ਹੀ ਉਸ ਨੂੰ ਸ਼ਬਦਾਂ ਦਾ ਜਾਦੂਗਰ ਕਿਹਾ ਜਾਂਦਾ ਹੈ। ਇਸੇ ਨਾਂ ਹੇਠ ਉਸ ਦੀਆਂ ਪ੍ਰਾਪਤੀਆਂ ਬਾਰੇ ਇਕ ਪੁਸਤਕ 'ਸ਼ਬਦਾਂ ਦਾ ਜਾਦੂਗਰ-ਐਸ ਅਸ਼ੋਕ ਭੌਰਾ', ਜਿਸ ਵਿਚ ਨਾਮੀ ਹਸਤੀਆਂ ਦੀਆਂ ਟਿੱਪਣੀਆਂ ਸ਼ਾਮਲ ਹਨ, 26 ਸਤੰਬਰ ਨੂੰ ਟੋਰਾਂਟੋ ਵਿਚ ਰਿਲੀਜ਼ ਹੋ ਰਹੀ ਹੈ। ਇਸ ਪੁਸਤਕ ਵਿਚੋਂ ਕੁਝ ਲਿਖਤਾਂ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

# ਇਕ ਵਾਰ ਤਾਂ ਭੌਰਾ ਭੌਰਾ ਹੋਗੀ ਸੀ ਪੰਜਾਬ 'ਚ

ਵੱਖ ਵੱਖ ਭਾਂਡਿਆਂ 'ਚ ਪਾ ਕੇ ਦੇਖਣਾ ਚਾਹੀਦੈ ਐਸ ਅਸ਼ੋਕ ਭੌਰੇ ਨੂੰ: ਪੱਤਰਕਾਰ ਭੌਰਾ, ਮੇਲਿਆਂ ਵਾਲਾ ਭੌਰਾ, ਗੀਤਕਾਰ ਭੌਰਾ, ਗੌਣ ਵਾਲਿਆਂ ਦਾ ਭੌਰਾ, ਚੰਗਾ-ਮੰਦਾ ਭੌਰਾ।

ਮੈਂ ਕਈ ਦਿਨ ਸ਼ਸ਼ੋਪੰਜ 'ਚ ਪਿਆ ਰਿਹਾ ਕਿਉਂਕਿ ਇਹ ਭਾਂਡੇ ਆਪਸ ਵਿਚ ਟਕਰਾ ਜਾਂਦੇ ਸਨ। ਲਿਖਤ ਵਿਚ ਸੂਤ ਜਿਹਾ ਨਹੀਂ ਸੀ ਲੱਗ ਰਿਹਾ। ਫੇਰ ਸੋਚਿਆ ਕਿ ਇਨ੍ਹਾਂ ਭਾਂਡਿਆਂ ਨੂੰ ਪਰ੍ਹੇ ਰੱਖ ਕੇ ਜੋ ਚਿੱਤ 'ਚ ਆਵੇ, ਕਾਗਜ਼ 'ਤੇ ਉਤਾਰੀ ਜਾਵਾਂ। ਸਿੱਧੇ ਜਿਹੇ ਜਾਂ ਸਾਊ ਬੰਦੇ ਬਾਰੇ ਲਿਖਣਾ

**ਸ਼ਮਸ਼ੇਰ ਸੰਧੂ**

ਔਖਾ ਹੁੰਦੈ। ਭੌਰੇ ਵਿਚ ਤਾਂ ਇਹ ਗੁਣ ਭਰਪੂਰ ਮਾਤਰਾ 'ਚ ਹੈ ਹੀ ਨਹੀਂ। ਖਟ-ਮਿੱਠੇ, ਵਿੰਗ-ਤੜਿੰਗੇ ਮਨੁੱਖ ਬਾਰੇ ਲਿਖਣਾ ਬਹੁਤ ਸੌਖਾ ਹੁੰਦਾ। ਨਾਲੇ, ਏਸ ਉਮਰੇ ਜੋ ਮਾੜੀ ਮੋਟੀ ਕਲਮ ਏਧਰ-ਓਧਰ ਤਿਲਕ ਵੀ ਗਈ ਤਾਂ ਵੱਡਾ ਰਿਸਕ ਨਹੀਂ ਹੈ। ਭੌਰਾ ਏਨਾ ਕੁ ਤਾਂ ਸਿਆਣਾ, ਹੁਣ ਤੀਹ ਚਾਲੀ ਸਾਲ ਦੀ ਦੋਸਤੀ ਦਾਅ 'ਤੇ ਲਾ ਕੇ ਗੁੱਸਾ ਨਹੀਂ ਕਰੇਗਾ। ਉਂਜ ਵੀ, ਇਸ ਕਿਤਾਬ 'ਚ ਮੈਨੂੰ ਭਾਸਦਾ, ਬਹੁਤਿਆਂ ਨੇ ਭੌਰੇ ਦੇ ਸੋਹਲੇ ਈ ਗਾਏ ਹੋਣੇ ਨੇ! ਚਲੋ ਖੈਰ।

ਕੋਈ ਵੇਲਾ ਸੀ, ਪੰਜਾਬੀ ਅਖਬਾਰਾਂ ਅਤੇ ਰਸਾਲਿਆਂ ਵਿਚ ਵੰਨ-ਸੁਵੰਨੇ ਵਿਸ਼ਿਆਂ 'ਤੇ ਭੌਰੇ ਦੀਆਂ ਲਿਖਤਾਂ ਅਕਸਰ ਦਿਖਾਈ ਦਿੰਦੀਆਂ ਸਨ। ਸਮਾਜਿਕ ਦੁੱਖਾਂ-ਸੁੱਖਾਂ ਬਾਰੇ, ਸਮੁੰਦਰ ਦੀ ਖੋਜ ਬਾਰੇ, ਡੁਬਈ ਦੇ ਹੋਟਲਾਂ ਬਾਰੇ। ਆਮ ਤੌਰ 'ਤੇ ਅਖਬਾਰਾਂ ਵਾਲੇ ਲੇਖਕ ਨੂੰ ਵਾਰ ਵਾਰ ਤੇ ਛੇਤੀ ਛੇਤੀ ਨਹੀਂ ਛਾਪਦੇ ਪਰ ਭੌਰਾ ਸਭ ਢੰਗ ਤਰੀਕੇ ਇਸਤੇਮਾਲ ਕਰ ਲੈਂਦਾ ਸੀ। ਬਰਜਿੰਦਰ ਸਿੰਘ ਤੇ ਹਲਵਾਰਵੀ ਵਰਗਿਆਂ ਦੇ 'ਭਾ ਜੀ' 'ਭਾਅ ਜੀ' ਕਹਿ ਕੇ ਗੋਡੀਂ ਹੱਥ ਲਾ ਦਿੰਦਾ ਸੀ। ਬਲਵੰਤ ਬੱਲ ਜਾਂ ਬੇਦੀ ਵਰਗਿਆਂ ਨਾਲ ਹੱਥ ਘੁਟਣੀ ਕਰ ਲੈਂਦਾ ਸੀ। ਸ਼ਮਸ਼ੇਰ ਸੰਧੂ ਵਰਗਿਆਂ ਦਾ ਸ਼ੌਂਕੀ ਮੇਲੇ 'ਤੇ ਸਨਮਾਨ ਕਰ ਦਿੰਦਾ ਤੇ ਨਾਲ ਹੀ ਟੈਕਸੀ ਦੇ ਕਿਰਾਏ ਦਾ ਲਿਫਾਫਾ ਵੀ ਫੜਾ ਦਿੰਦਾ। ਇਕ ਵਾਰ ਕੀ ਹੋਇਆ ਕਿ ਇਕ ਸਮਾਗਮ ਰਚਾ ਕੇ ਭੌਰੇ ਨੇ ਜਗਦੇਵ ਸਿੰਘ ਜੱਸੋਵਾਲ, ਹਰਭਜਨ ਮਾਨ ਤੇ ਹੋਰ ਨਾਮਵਰ ਸਖਸ਼ੀਅਤਾਂ ਹੱਥੋਂ ਨਵੀਂ ਨਕੋਰ ਕਾਰ ਦੀਆਂ ਚਾਬੀਆਂ ਲੈ ਕੇ ਫੋਟੋਆਂ ਛਪਵਾ ਲਈਆਂ। ਚਾਰੇ ਪਾਸੇ ਚਰਚਾ, ਬਈ ਭੌਰੇ ਦਾ ਕਲਕਾਰਾਂ ਨੇ ਕਾਰ ਨਾਲ ਸਨਮਾਨ ਕੀਤਾ। ਹਰਭਜਨ ਹਲਵਾਰਵੀ ਨੇ ਉਦੋਂ ਪੰਜਾਬੀ ਟ੍ਰਿਬਿਊਨ ਦੇ ਦਫਤਰ 'ਚ ਮੈਨੂੰ ਆਪਣੇ ਕੈਬਿਨ 'ਚ ਬੁਲਾਇਆ 'ਤੇ ਤਪਿਆ ਹੋਇਆ ਕਹਿਣ ਲੱਗਾ, 'ਉਹ ਭੌਰਾ ਕੀ ਚੀਜ਼ ਆ?'


'ਸਕੂਲ 'ਚ ਟੀਚਰ ਆ 'ਤੇ ਲਿਖਣ ਪੜ੍ਹਨ ਦਾ ਸ਼ੌਕ ਰੱਖਦੈ।'

'ਉਹ ਅਖਬਾਰਾਂ ਦੇ ਸਿਰ 'ਤੇ ਕਾਰਾਂ ਦੇ ਗਿਫਟ ਲਈ ਜਾਂਦਾ। ਸਾਨੂੰ ਤਾਂ ਕਿਸੇ ਸਾਲੇ ਨੇ ਅਜੇ ਤੱਕ ਸਾਈਕਲ ਨਹੀਂ ਦਿਤਾ। ਅੱਗੋਂ ਤੋਂ ਬੰਦ ਕਰੋ ਉਹਦਾ ਮੈਟਰ।'

ਮਹੀਨੇ, ਦੋ ਮਹੀਨੇ ਬਾਅਦ ਮੈਂ ਕੋਲੋਂ ਹੀ ਗੱਲ ਬਣਾ ਕੇ ਭੌਰੇ ਦੀ ਲਾਲ ਫਾਈਲ ਠੱਪ ਕਰਵਾ ਦਿੱਤੀ। ਮੈਂ ਕਿਹਾ, 'ਹਲਵਾਰਵੀ ਸਾਹਿਬ, ਉਹ ਕਾਰ ਕਲਾਕਾਰਾਂ ਨੇ ਕਾਹਨੂੰ ਦਿੱਤੀ। ਐਵੇਂ ਭੋਲੇ-ਭਾਅ ਸਮਾਗਮ ਰਚਾ ਬੈਠਾ।' ਉਹ ਗੱਲ ਤੇ ਏਦਾਂ ਦੀਆਂ ਸਮੇਂ ਸਮੇਂ ਵਾਪਰਦੀਆਂ ਹੋਰ ਗੱਲਾਂ ਮੈਂ ਕਦੇ ਭੌਰੇ ਨੂੰ ਨਹੀਂ ਦੱਸੀਆਂ।

ਉਹਨੇ ਅਮਰੀਕਾ ਜਾ ਕੇ ਵੀ ਆਵਦੇ ਬਹਿਣ ਜੋਗੀ ਥਾਂ ਬਣਾ ਲਈ। ਸਾਡੇ ਪੁਰਾਣੇ ਬੇਲੀ ਅਮੋਲਕ ਸਿੰਘ ਜੰਮੂ ਦੀ ਅਖਬਾਰ 'ਪੰਜਾਬ ਟਾਈਮਜ਼' ਵਿਚ ਸਾਲਾਂ ਬੱਧੀ ਕਾਲਮ ਲਿਖਿਆ 'ਗੱਲੀਂ ਬਾਤੀਂ'। ਕੈਨੇਡਾ ਦੇ 'ਇੰਡੋ ਕੈਨੇਡੀਅਨ ਟਾਈਮਜ਼' ਵਿਚ ਵੀ ਸਜਧਜ ਨਾਲ ਛਪ ਰਿਹਾ ਹੈ। ਲਾਸ ਏਂਜਲਸ ਖੇਤਰ 'ਚ ਰਹਿੰਦੇ ਸਾਡੇ ਮਿੱਤਰ ਹਰਿੰਦਰ ਬੀਸਲਾ ਨੇ ਦੱਸਿਆ ਕਿ ਪਿੱਛੇ ਜਿਹੇ ਭੌਰੇ ਨੇ ਅਮਰੀਕਾ 'ਚ ਵੀ ਇਕ ਵੱਡਾ ਮੇਲਾ ਕਰਵਾ 'ਤਾ। ਨਵੇਂ ਨਵੇਂ ਗਾਇਕਾਂ ਨੂੰ ਸੀ ਡੀ 'ਤੇ ਗਵਾ ਦਿੱਤਾ। ਨੱਚਣ ਦੇ ਸ਼ੌਕੀਨਾਂ ਨੂੰ ਨਚਾ ਦਿੱਤਾ। ਗਿੱਧਾ ਵੀ ਪੁਆ ਦਿੱਤਾ। ਮੇਲੇ ਦੀ ਐਂਟਰੀ ਲਈ ਟਿਕਟ ਵੀ ਸੋਹਣੇ ਵੇਚ ਲਏ।

ਹਾਂ ਮੇਲੇ ਤੋਂ ਗੱਲ ਚੇਤੇ ਆਈ। ਜਦੋਂ ਪੰਜਾਬ 'ਚ ਮੇਲਿਆਂ ਦੀ ਲਹਿਰ ਚੱਲੀ ਤਾਂ ਭੌਰੇ ਨੇ ਮਾਹਿਲਪੁਰ ਵਿਚ ਢਾਡੀ ਅਮਰ ਸਿੰਘ ਸ਼ੌਂਕੀ ਦੇ ਨਾਂ 'ਤੇ ਮੇਲੇ ਦਾ ਝੰਡਾ ਲਹਿਰਾ ਦਿੱਤਾ। ਇਹ ਮੇਲਾ ਬਹੁਤ ਭਰਦਾ। ਕਹਿੰਦੇ ਕਹਾਉਂਦੇ ਕਲਾਕਾਰ ਮੇਲੇ ਵਿਚ ਹੁੱਬ ਕੇ ਹਾਜ਼ਰੀ ਲੁਆਉਂਦੇ। ਇੰਗਲੈਂਡ ਤੋਂ ਮਲਕੀਤ ਸਿੰਘ ਪੁੱਜਦਾ। ਕੈਨੇਡਾ ਤੋਂ ਜੈਜ਼ੀ ਬੈਂਸ,




ਹਰਭਜਨ ਮਾਨ ਤੇ ਸਰਬਜੀਤ ਚੀਮਾ। ਦਿੱਲੀ ਤੋਂ ਸੁਰਿੰਦਰ ਕੌਰ। ਗੱਲ ਕੀ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਸਦੀਕ-ਰਣਜੀਤ, ਕੁਲਦੀਪ ਪਾਰਸ, ਪੰਛੀ, ਬਿੰਦਰਖੀਆ, ਗੁਰਮੀਤ ਬਾਵਾ, ਸਰਦੂਲ ਸਿਕੰਦਰ, ਜੱਸੀ ਗੁਰਦਾਸਪੁਰੀਆ, ਢਾਡੀ ਜਥੇ ਤੇ ਕਵੀਸ਼ਰ ਜਥੇ। ਮੈਂ ਇਹ ਸਾਰੇ ਮੇਲੇ ਅੱਖੀਂ ਵੇਖੇ ਨੇ। 'ਸੋ ਜਾ ਬੱਬੂਆ' ਦਾ ਨੀਲੋਂ, ਭਗਵੰਤ ਮਾਨ, ਗੁਰਪ੍ਰੀਤ ਘੁੱਗੀ, ਬਹੁਤ ਲੰਮੀ ਸੂਚੀ ਹੈ। ਭੌਰਾ ਹਰ ਕਿਸੇ ਨੂੰ ਜੀ ਆਇਆਂ ਕਹਿੰਦਾ ਸੀ। ਮੇਲੇ ਦਾ ਧੁਰਾ ਵੀ ਉਹ ਸੀ। ਫੇਰ ਇਸ ਮੇਲੇ ਨੂੰ ਨਜ਼ਰ ਲੱਗ ਗਈ। ਦੋ ਮੇਲੇ ਹੋ ਗਏ। ਭੌਰੇ 'ਤੇ ਕਿੰਤੂ ਪ੍ਰੰਤੂ ਹੋਣ ਲੱਗੇ। ਉਹ ਪਰ੍ਹੇ ਹਟ ਗਿਆ ਪਰ ਮੇਲੇ ਚੱਲ ਨਾ ਸਕੇ। ਸਾਰੇ ਮੂੰਹ ਮੁਲਾਹਜ਼ੇ ਭੌਰੇ ਕਰਕੇ ਸੀ। ਮੈਂ ਖੁਦ ਆਪਣੇ ਸਹੁਰੇ ਪਿੰਡ ਗੁਣਾਚੌਰ ਚਾਰ ਪੰਜ ਸਾਲ ਵੱਡੇ ਮੇਲੇ ਕਰਵਾਏ ਸੀ। ਦਰਜਨਾਂ ਨਾਮੀ ਕਲਾਕਾਰ ਇਕੱਠੇ ਕਰਨੇ ਸੌਖੇ ਨਹੀਂ। ਸਭ ਨੂੰ ਬਾਅਦ 'ਚ ਅਹਿਸਾਸ ਹੋਇਆ ਕਿ 'ਸ਼ੌਂਕੀ ਮੇਲਾ' ਦਰਅਸਲ 'ਭੌਰਾ ਮੇਲਾ' ਸੀ ਜਿਵੇਂ 'ਮੋਹਨ ਸਿੰਘ ਮੇਲਾ' ਅਸਲ ਵਿਚ 'ਜੱਸੋਵਾਲ ਮੇਲਾ' ਸੀ।

ਦੋ ਫਰੰਟ ਐਸੇ ਸੀ ਜਿਥੇ ਭੌਰਾ ਨਹੀਂ ਚੱਲ ਸਕਿਆ। ਉਹਨੇ ਗੀਤਕਾਰ ਬਣਨ ਦੀ ਕਾਫੀ ਕੋਸ਼ਿਸ਼ ਕੀਤੀ। ਪੰਛੀ ਤੇ ਸਰਦੂਲ-ਨੂਰੀ ਵਰਗਿਆਂ ਨੇ ਉਹਦੇ ਲਿਖੇ ਗੀਤ ਰਿਕਾਰਡ ਕਰਵਾਏ। ਪਰ ਗੀਤ ਫਿੱਕੇ ਰਹੇ। ਭੌਰੇ ਨੇ ਕੈਸਿਟਾਂ ਦਾ ਪੇਸ਼ਕਾਰ ਬਣਨ ਦੇ ਵੀ ਯਤਨ ਕੀਤੇ। ਸ਼ੌਂਕੀ ਦੀਆਂ ਗਾਈਆਂ ਰਚਨਾਵਾਂ ਨੂੰ ਗਮਦੂਰ ਅਮਨ, ਸੁਖਵਿੰਦਰ ਪੰਛੀ, ਸਰਦੂਲ, ਮਾਣਕ ਆਦਿ ਤੋਂ ਰਿਕਾਰਡ ਕਰਵਾਇਆ ਪਰ ਨਤੀਜਾ ਜ਼ੀਰੋ ਰਿਹਾ।

ਉਹਨੇ ਨਵੇਂ ਨਵੇਂ ਗਾਇਕਾਂ ਛਿੰਦਾ ਕੋਟ ਵਾਲਾ ਆਦਿ ਨੂੰ ਉਂਗਲ ਫੜਾ ਕੇ ਪੇਸ਼ਕਾਰ ਬਣਨਾ ਚਾਹਿਆ ਪਰ ਗੱਲ ਨਾ ਬਣੀ।

ਹਾਂ, ਇਨ੍ਹਾਂ ਫਰੰਟਾਂ 'ਤੇ ਜਾਣੀ ਕਿ ਗੀਤਕਾਰ, ਪੇਸ਼ਕਾਰ ਤੇ ਨਵੇਂ ਗਾਇਕ ਦੀ ਪੇਸ਼ਕਾਰੀ ਆਦਿ 'ਚ ਮੈਂ ਚੰਗੀਆਂ ਕੌਡੀਆਂ ਪਾਈਆਂ। ਚੈਨਲਾਂ ਜਾਂ ਦੂਰਦਰਸ਼ਨ ਤੋਂ 'ਨਵੇਂ ਸਾਲ ਦੇ ਪ੍ਰੋਗਰਾਮ' ਜਾਂ 'ਵਿਸਾਖੀ ਪ੍ਰੋਗਰਾਮ' ਬਣਾਉਣ 'ਚ ਵੀ ਭੌਰੇ ਨੇ ਐਵੇਂ ਤੋਏ-ਤੋਏ ਕਰਵਾਈ। ਇਹ ਨਾ ਸਮਝਣਾ ਮੈਂ ਆਪਣੇ ਮੂੰਹੋਂ ਮੀਆਂ ਮਿੱਠੂ ਬਣ ਰਿਹਾਂ, ਸੱਚਾਈ ਤਾਂ ਸੱਚਾਈ ਹੈ। 'ਨਵੇਂ ਸਾਲ ਦੇ ਪ੍ਰੋਗਰਾਮ' ਬਣਾਉਣ ਦੀ ਮੈਨੂੰ ਬਹੁਤ ਜਾਚ ਆ ਗਈ ਸੀ।

ਲੇਖ ਲਮਕ ਨਾ ਜਾਏ। ਚਲੋ ਇਕ ਹੋਰ ਗੱਲ ਕਰਨ ਦਾ ਮਨ ਹੈ। ਪੰਜਾਬੀ ਗਾਇਕਾਂ ਬਾਰੇ ਲੇਖ ਤੇ ਰੇਖਾ ਚਿੱਤਰ ਲਿਖਣ ਦੀ ਸ਼ੁਰੂਆਤ ਮੈਂ ਕੀਤੀ। ਮੈਂ ਚਾਹੁੰਦਾ ਸੀ, ਇਹ ਕੰਮ ਲਹਿਰ ਬਣ ਜਾਵੇ। ਲਹਿਰ ਵਿਚ ਐਸ ਅਸ਼ੋਕ ਭੌਰਾ ਨੇ ਭਰਵਾਂ ਤੇ ਸ਼ਾਨਦਾਰ ਯੋਗਦਾਨ ਪਾਇਆ। ਗਾਇਕਾਂ ਬਾਰੇ, ਉਨ੍ਹਾਂ ਦੀਆਂ ਪਤਨੀਆਂ, ਸਾਜ਼ਿੰਦਿਆਂ ਤੇ ਗੀਤਕਾਰਾਂ ਬਾਰੇ ਭੌਰੇ ਨੇ ਖੂਬ ਲਿਖਿਆ। ਕਿਤਾਬਾਂ ਵੀ ਛਪਵਾ ਦਿੱਤੀਆਂ। ਬਾਅਦ 'ਚ ਨਿੰਦਰ ਘੁਗਿਆਣਵੀ ਨੇ ਵੀ ਚੰਗਾ ਕੰਮ ਕਰ ਵਿਖਾਇਆ। ਪਰ ਅਫਸੋਸ ਇਸ ਲਹਿਰ ਵਿਚ ਚਾਪਲੂਸੀ, ਚਮਚਾਗਿਰੀ ਤੇ ਸਰਕਾਰੀਏ ਜਿਹੇ ਪੱਤਰਕਾਰ ਵੀ ਘੁਸਪੈਠ ਕਰ ਗਏ। ਇਹ ਪ੍ਰਦੂਸ਼ਣ ਅਜੇ ਵੀ ਜਾਰੀ ਹੈ।

ਗਾਇਕੀ ਦੇ ਖੇਤਰ ਵਿਚ ਭੌਰੇ ਨੂੰ ਸਲਾਹੁਣ ਵਾਲੇ ਵੀ ਨੇ ਤੇ ਨਿੰਦਣ ਵਾਲੇ ਵੀ। ਪਰ ਮੈਂ ਭੌਰੇ ਦੀ ਪੱਕੀ ਵੋਟ ਬਣ ਕੇ ਖੜ੍ਹਾ ਹਾਂ। ਜੇਕਰ ਹਜ਼ਾਰਾਂ ਲੱਖਾਂ ਕਮਾਉਣ ਵਾਲਿਆਂ ਤੋਂ ਭੌਰੇ ਨੇ ਕਿਧਰੇ ਸੈਂਕੜੇ ਲੈ ਵੀ ਲਏ ਹੋਣਗੇ ਤਾਂ ਕਿੱਡੀ ਕੁ ਗੱਲ ਹੈ। ਉਹਨੇ ਕਿੰਨੀਆਂ ਕੁ ਕੋਠੀਆਂ ਪਾ ਲਈਆਂ ਜਾਂ ਕਿੰਨੇ ਕੁ ਫਾਰਮ ਹਾਊਸ ਬਣਾ ਲਏ! ਰੋਟੀ ਰੋਜ਼ੀ ਲਈ ਉਹ ਵਾਰ ਵਾਰ ਇੰਗਲੈਂਡ ਜਾਂਦਾ ਰਿਹਾ ਪਰ ਪੈਰ ਨਾ ਲੱਗੇ। ਹੁਣ ਵੀ ਅਮਰੀਕਾ 'ਚ ਕਿਹੜਾ ਉਹਦੀ ਉਬਾਮਾ ਨਾਲ ਪਿੱਠ ਲੱਗਦੀ ਆ। ਬੱਸ, ਟੱਬਰ ਪਾਲ ਰਿਹਾ। ਨਾਲੇ ਇਨ੍ਹਾਂ ਕਲਕਾਰਾਂ ਨੂੰ ਮੈਂ ਕਿਹੜਾ ਭੁੱਲਿਆਂ। ਸਭ ਤੋਂ ਵੱਧ ਭੌਰੇ ਨੇ ਕੁਲਦੀਪ ਮਾਣਕ ਬਾਰੇ ਲਿਖਿਆ। ਮਾਣਕ ਵਿਚਾਰੇ ਨੇ ਕਦੇ ਵੀ ਵੱਡੀ ਕਮਾਈ ਨਹੀਂ ਕੀਤੀ। ਜਾਂ ਫੇਰ ਸਰਦੂਲ ਸਿਕੰਦਰ ਦੇ ਉਹਨੇ ਬਹੁਤ ਗੁਣ ਗਾਏ। ਸਰਦੂਲ ਬਾਰੇ ਵੀ ਪਤਾ ਈ ਆ, ਉਹ ਤਾਂ ਕਿਸੇ ਦੀ ਵੱਢੀ ਉਂਗਲ 'ਤੇ ਮੁਫਤ ਧਾਰ ਨਹੀਂ ਮਾਰਦਾ। ਦਲੇਰ ਮਹਿੰਦੀ ਨੇ ਭੌਰੇ ਨੂੰ ਕੀ ਦੇ ਲੈਣਾ ਸੀ, ਏਨਾਂ ਹੀ ਬਹੁਤ ਆ ਉਹਨੇ ਇੰਟਰਵਿਊ ਲਈ ਟੈਮ 'ਦੇ ਤਾ। ਸੁਰਿੰਦਰ ਛਿੰਦੇ ਦੀਆਂ 'ਫਰਾਖਦਿਲੀਆਂ' ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ।

ਭੌਰੇ ਦੀ ਇਹ ਸਿਫਤ ਹੈ ਕਿ ਸਿਰੜੀ ਤੇ ਮਿਹਨਤੀ ਹੈ। ਸਹਿਜ ਹੈ। ਆਮ ਜਿਹੇ ਘਰਾਂ 'ਚੋਂ ਮੇਰੇ ਵਰਗੇ ਭੌਰੇ ਨੇ ਉਠ ਕੇ ਦਿੱਲੀ ਦੱਖਣ ਗਾਹ ਮਾਰੇ। ਕਿਆ ਬਾਤ ਹੈ। ਉਹਦੀ ਕਿਤਾਬ 'ਗੱਲੀਂ ਬਾਤੀਂ' ਦੇ ਦਿਲਸਚਪ ਤੇ ਵੰਨ ਸੁਵੰਨੇ ਵਿਸ਼ਿਆਂ ਦੇ ਲੇਖ ਪੜ੍ਹ ਕੇ ਹਰ ਕਿਸੇ ਦੇ ਗਿਆਨ ਵਿਚ ਵਾਧਾ ਹੁੰਦਾ। ਟਰੱਕ ਵਾਲਾ ਗੁਰਜੰਟ, ਖੁਸਰਿਆਂ ਦੀ ਦੁਖਮਈ ਜ਼ਿੰਦਗੀ, ਸੱਪਾਂ ਦੀਆਂ ਸੈਂਕੜੇ ਕਿਸਮਾਂ।

ਜਵਾਨੀ ਵੇਲੇ ਭੌਰੇ ਦੀ ਗੁਟਕਵੀਂ ਤੋਰ ਸੀ। ਢਲਦੀ ਉਮਰੇ ਪਹਿਲਾਂ ਤਾਂ ਉਹਦਾ ਪੇਟ ਕਿੰਨਾ ਚਿਰ ਠੀਕ ਨਾ ਰਿਹਾ। ਫੇਰ ਮੋਢੇ 'ਤੇ ਫੋੜਾ ਨਿਕਲ ਆਇਆ। ਹੁਣ ਉਹ ਟੇਡਾ ਜਿਹਾ ਤੁਰਦਾ ਜਿਵੇਂ ਲੋਕਲ ਬੱਸ ਦੇ ਇਕ ਪਾਸੇ ਦੇ ਸ਼ੌਕਰ ਬੈਠੇ ਹੁੰਦੇ ਨੇ।

ਪਿੱਛੇ ਜਿਹੇ ਪੰਜਾਬ ਆਇਆ ਤਾਂ ਉਹਨੇ ਫੋਨ ਕੀਤਾ, 'ਮੈਂ ਘਰੇ ਇਕ ਸਮਾਗਮ ਕਰ ਰਿਹਾਂ। ਸਾਰੇ ਪੁਰਾਣੇ ਕਲਾਕਾਰ ਮਿੱਤਰ ਤੇ ਰਿਸ਼ਤੇਦਾਰ ਪੁੱਜਣਗੇ। ਸਰਦੂਲ ਵੀ, ਨੂਰੀ ਵੀ, ਸ਼ਿੰਦਾ ਵੀ, ਫਲਾਣਾ ਵੀ, ਢਿਮਕਾ ਵੀ, ਤੂੰ ਜ਼ਰੂਰ ਆਈਂ।' ਮੈਂ, ਹਰਬੰਸ ਹੀਓਂ, ਕਾਲਾ 'ਤੇ ਕੁਝ ਹੋਰ ਮਿੱਤਰ ਉਹਦੇ ਘਰ ਸਜ-ਧਜ ਨਾਲ ਪੁੱਜੇ। ਕੀ ਦੇਖਦੇ ਹਾਂ ਕਿ ਓਥੇ ਕਲਾਕਾਰ ਭਾਈਚਾਰੇ 'ਚੋਂ ਸਿਰਫ ਕੰਵਲਜੀਤ ਨੀਲੋਂ ਪੁੱਜਾ ਸੀ। ਮੈਂ ਭੌਰੇ ਨੂੰ ਕੁਝ ਨਾ ਕਹਿ ਸਕਿਆ। ਪਰ ਅੰਦਰੇ-ਅੰਦਰ ਹਉਕਾ ਭਰਿਆ। ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਨੇ ਭਾਈ। ਉਹ ਦਰਜਨਾਂ ਕਲਾਕਾਰ, ਜੋ ਭੌਰਾ ਸਾਹਿਬ, ਭੌਰਾ ਜੀ ਕਰਦੇ ਹੁੰਦੇ ਸੀ, ਆਲੇ-ਦੁਆਲੇ ਘੁੰਮਦੇ ਫਿਰਦੇ ਸੀ, ਉਨ੍ਹਾਂ ਲਈ ਭੌਰਾ ਹੁਣ 'ਕੰਮ ਦੀ ਚੀਜ਼' ਨਹੀਂ ਸੀ ਸ਼ਾਇਦ!

ਬਹੁਤ ਗੱਲਾਂ ਨੇ ਮੇਰੇ ਕੋਲ ਹੋਰ ਵੀ ਭੌਰੇ ਬਾਰੇ ਲਿਖਣ ਵਾਲੀਆਂ। ਮੈਨੂੰ ਮਾਣ ਹੈ ਕਿ ਉਹ ਮੇਰਾ ਦੋਸਤ ਹੈ। ਚਲੋ ਬਾਕੀ ਕਦੇ ਫੇਰ ਸਹੀ।

***(ਭੌਰੇ ਬਾਰੇ ਕੁਝ ਟਿਪਣੀਆਂ ਸਫਾ 26 'ਤੇ)***

## ਵਪਾਰੀ ਮਹਿਕਾਂ ਦਾ

ਵਪਾਰੀ ਕੌਣ ਮਹਿਕਾਂ ਦਾ?
ਕਿਸੇ ਨੇ ਆਖਿਆ ਭੌਰਾ
ਫੁੱਲਾਂ ਨੇ ਨਹੀਂ ਸੱਦਿਆ,
ਆਪੇ ਆ ਗਿਆ ਭੌਰਾ।

ਕਿੰਨੇ ਸਾਲ ਲੱਭਦਾ ਰਿਹਾ
ਸਿਰਨਾਵੇਂ ਕਲਮਾਂ ਦੇ
ਹੁਣ ਪੁਖਤਾ ਕਲਮ ਦਾ
ਸਿਰਨਾਵਾਂ ਬਣ ਗਿਆ ਭੌਰਾ।
ਲਫਜ਼ਾਂ ਵਾਲੀ ਖੇਡ ਉਸ ਨੂੰ
ਖੂਬ ਖੇਡਣੀ ਆਉਂਦੀ
ਰੱਖੇ ਲਫਜ਼ ਚਿਣ ਚਿਣ ਕੇ
ਜਦੋਂ ਵੀ ਬੋਲਦਾ ਭੌਰਾ।
ਵਪਾਰੀ ਕੌਣ ਮਹਿਕਾਂ...।

ਸੋਹਲ ਸ਼ਬਦ ਅਗਨਬਾਣਾਂ ਵਿਚ
ਤਬਦੀਲ ਹੋ ਜਾਂਦੇ
ਝੂਠੇ ਬੇਈਮਾਨਾਂ ਨਾਲ
ਜਦ ਵੀ ਉਲਝਦਾ ਭੌਰਾ।
ਉਹਦਾ ਇਮਾਨ ਹੈ ਯਾਰੀ
ਕਿਉਂ ਇਮਾਨ ਤੋਂ ਥਿੜਕੇ
ਬਦਲਿਆ ਵਕਤ ਕਿੰਨਾ ਵੀ
ਜ਼ਰਾ ਨਾ ਬਦਲਿਆ ਭੌਰਾ।
ਵਪਾਰੀ ਕੌਣ ਮਹਿਕਾਂ...।

ਘੁਮੱਕੜ ਲੋਕ ਇਕ ਥਾਂ 'ਤੇ
ਹਮੇਸ਼ਾ ਬਹਿ ਨਹੀਂ ਸਕਦੇ
ਭੌਰੇ ਤੋਂ ਤੁਰ ਸੱਤ ਸਮੁੰਦਰ
ਜਾ ਪਹੁੰਚਿਆ ਭੌਰਾ।
'ਦੇਬੀ' ਉਹ ਨਿਰਾ ਸ਼ੁਦਾਈ ਹੈ
ਤੇ ਆਸ਼ਕ ਪੰਜਾਬੀ ਦਾ
ਜਦੋਂ ਵੀ ਦੇਖੋ ਪੈਂਤੀ ਦੀ
ਪਰਿਕਰਮਾ ਕਰ ਰਿਹੈ ਭੌਰਾ।
ਵਪਾਰੀ ਕੌਣ ਮਹਿਕਾਂ...।

***-ਦੇਬੀ ਮਖਸੂਸਪੁਰੀ***

# ਭੌਰਿਆ ਜੁੱਗ-ਜੱਗ ਜੀਅ...

ਲਿਖਣਾ ਬੜਾ ਹੀ ਕਠਿਨ ਕੰਮ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਦਿਨ-ਰਾਤ ਹਿੰਮਤ ਤੇ ਹੌਂਸਲੇ ਨਾਲ ਮਿਹਨਤ ਕਰ ਰਿਹਾ ਹੈ-ਐਸ ਅਸ਼ੋਕ ਭੌਰਾ। ਬੰਗਿਆਂ ਦੇ ਨੇੜੇ ਛੋਟੇ ਜਿਹੇ ਪਿੰਡ ਭੌਰੇ ਦਾ ਜੰਮਿਆ-ਜਾਇਆ ਬੜਾ

**ਦੇਵ ਥਰੀਕਿਆਂ ਵਾਲਾ**

ਹੀ ਸੰਵੇਨਦਸ਼ੀਲ ਵਿਅਕਤੀ ਹੈ। ਡੂੰਘੇ ਵਿਚਾਰਾਂ ਦਾ ਧਨੀ ਹੈ ਉਹ, ਇਸੇ ਕਰਕੇ ਉਸ ਦੀ ਕਲਮ ਨਿਤ ਨਵੀਆਂ ਪੈੜਾਂ ਪਾ ਰਹੀ ਹੈ। ਅਸ਼ੋਕ ਨੇ ਗੀਤ ਲਿਖੇ, ਕਵਿਤਾ ਤੇ ਗਜ਼ਲ ਲਿਖੀ, ਅਖਬਾਰਾਂ ਲਈ ਕਾਲਮ ਲਿਖੇ ਤੇ ਨਾਲ ਹੀ ਕਲਾਕਾਰਾਂ ਦੇ ਸ਼ਬਦ-ਚਿੱਤਰ। ਉਹ ਹਰ ਵਿਧਾ ਵਿਚ ਸਫਲ ਰਿਹਾ ਹੈ। ਉਸ ਦੀਆਂ ਹੁਣ ਤੱਕ ਦਰਜ਼ਨ ਤੋਂ ਉਪਰ ਕਿਤਾਬਾਂ ਆ ਚੁੱਕੀਆਂ ਹਨ। ਉਸ ਦੀ ਹਰ ਰਚਨਾ ਨੂੰ ਰੱਜਵਾਂ ਹੁੰਗਾਰਾ ਮਿਲਿਆ ਹੈ।

ਅਸ਼ੋਕ ਨੇ ਆਪਣੀਆਂ ਲਿਖਤਾਂ ਵਿਚ ਪੰਜਾਬ ਦੇ ਰਸਮੋ ਰਿਵਾਜ਼, ਰਹੁ ਰੀਤਾਂ, ਵਸਲ-ਵਿਛੋੜੇ, ਨੋਕਾਂ-ਝੋਕਾਂ, ਰੁੱਖਾਂ-ਮਨੁੱਖਾਂ, ਗੱਭਰੂਆਂ-ਮੁਟਿਆਰਾਂ, ਹਾਸਿਆਂ-ਰੋਸਿਆਂ, ਵਿਆਹ-ਸ਼ਾਦੀਆਂ, ਮੇਲਿਆਂ-ਮੁਸਾਵਿਆਂ, ਦੁੱਖਾਂ-ਸੁੱਖਾਂ ਦੀ ਆਪਣੀਆਂ ਰਚਨਾਵਾਂ ਵਿਚ ਬਾਤ ਪਾਈ ਹੈ। ਉਸ ਦੇ ਲਿਖੇ ਹਰਫ ਕਾਦਰ ਦੀ ਕੁਦਰਤ ਦੀ ਰਚਨਾ ਨੂੰ ਪਿਆਰਦੇ ਹਨ, ਭੰਨਦੇ-ਤੋੜਦੇ ਨਹੀਂ, ਸਗੋਂ ਉਸ ਦੇ ਨੈਣ ਨਕਸ਼ਾਂ ਨੂੰ ਨਿਖਾਰਦੇ ਹਨ। ਅਸ਼ੋਕ ਦੇ ਅੰਦਰ ਕਲਾ ਦਾ ਇਕ ਦਰਿਆ ਠਾਠਾਂ ਮਾਰਦਾ ਜਜ਼ਬਿਆਂ ਨਾਲ ਅਠਖੇਲੀਆਂ ਕਰਦਾ, ਸੰਗੀਤਕ ਰੂਪ ਪੈਦਾ ਕਰਦਾ ਵਗ ਰਿਹਾ ਹੈ। ਅਸ਼ੋਕ ਦੇ ਗੀਤ ਬਾਤਾਂ ਹਨ ਪਿਆਰ-ਮੁਹੱਬਤ ਦੀਆਂ, ਦਿਲ ਤੇ ਹੰਢਾਏ ਦਰਦ ਦੀਆਂ, ਗਮੀਆਂ ਤੇ ਖੁਸ਼ੀਆਂ ਦੀਆਂ, ਦੋਸਤੀ ਦੇ ਨਿੱਘ ਦੀਆਂ।

ਅਸ਼ੋਕ ਨੇ ਆਪਣੀਆਂ ਰਚਨਾਵਾਂ ਵਿਚ ਸੇਧਾਂ ਤੇ ਸੋਧਾਂ ਦੀ ਵੀ ਗੱਲ ਕੀਤੀ ਹੈ। ਕਿਤੇ ਵੀ ਅਸੱਭਿਅਕ ਤੇ ਨਿਰਾਰਥਕ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਤੇ ਨਾ ਹੀ ਆਪਣੀ ਲਿਖਤ ਨੂੰ ਮੰਡੀ ਦੀ ਜਿਣਸ ਬਣਾਇਆ ਹੈ। ਅਸ਼ੋਕ ਅਜੇ ਵੀ ਪੰਜਾਬ ਦੇ ਪਿੰਡਾਂ ਦੀਆਂ ਜੂਹਾਂ-ਖੂਹਾਂ, ਸੱਥਾਂ-ਖੇਤਾਂ ਤੇ ਪੌਣਾਂ ਨੂੰ ਨਹੀਂ ਭੁੱਲਿਆ, ਪਰਦੇਸ ਜਾ ਕੇ ਵੀ ਪਰਦੇਸੀ ਨਹੀਂ ਹੋਇਆ। ਆਪਣੇ ਪਿੰਡੇ ਨੂੰ ਅਮਰੀਕਾ ਦੀ ਮਿੱਟੀ ਨਹੀਂ ਲੱਗਣ ਦਿੱਤੀ।

ਭੌਰਾ ਸ਼ਬਦਾਂ ਦਾ ਜਾਦੂਗਰ ਹੈ। ਸੁੱਤੇ ਸ਼ਬਦਾਂ ਨੂੰ ਜਗਾਉਣਾ ਹਾਰੀ ਸਾਰੀ ਦਾ ਕੰਮ ਨਹੀਂ। ਇਹ ਭੌਰੇ ਵਰਗੇ ਕੁਝ ਕੁ ਲੋਕਾਂ ਦੇ ਹਿੱਸੇ ਹੀ ਆਇਆ ਹੈ। ਅਸ਼ੋਕ ਪੰਜਾਬੀ ਮਾਂ ਬੋਲੀ ਦਾ ਮਾਣਮੱਤਾ ਲੇਖਕ ਹੈ। ਧਰਤੀ ਦੇ ਕਿਸੇ ਕੋਨੇ ਉਤੇ ਵੀ ਮਨੁੱਖ ਦਾ ਖੂਨ ਨਾ ਡੁੱਲ੍ਹੇ, ਬੱਚਿਆਂ ਦੀਆਂ ਕਿਲਕਾਰੀਆਂ ਗੂੰਜਦੀਆਂ ਰਹਿਣ, ਕੁਦਰਤ ਗੁੱਸੇ ਵਿਚ ਨਾ ਆਵੇ, ਹਵਾ ਵਿਚ ਬਰੂਦ ਦੀ ਗੰਧ ਨਾ ਫੈਲੇ, ਇਹ ਉਸ ਦੀ ਰੀਝ ਹੈ।

ਜਦੋਂ ਦੀ ਕਲਮ ਉਹਦੇ ਹੱਥ ਆਈ ਹੈ ਅਸ਼ੋਕ ਨੇ ਕਲਮ ਨੂੰ ਇਕ ਪਲ ਵੀ ਦਮ ਲੈਣ ਨਹੀਂ ਦਿੱਤਾ। ਬੜਾ ਹੀ ਉਦਮੀ ਬੰਦਾ ਹੈ, ਨਾ ਟਿਕਦਾ ਹੈ ਨਾ ਕਲਮ ਨੂੰ ਚੈਨ ਲੈਣ ਦਿੰਦਾ ਹੈ। ਨਿੱਕੀ ਜਿਹੀ ਗੱਲ ਦੀ ਪੀੜ ਮਹਿਸੂਸ ਕਰਨ ਵਾਲਾ, ਯਾਰਾਂ ਦਾ ਯਾਰ, ਪਿਆਰ ਦਾ ਮੁਜੱਸਮਾ ਹੈ ਅਸ਼ੋਕ। ਮੇਰੇ ਨਾਲ ਅਸ਼ੋਕ ਦੀ ਅਜੀਬ ਸਾਂਝ ਹੈ। ਮੈਨੂੰ ਉਹ ਬਾਈ, ਯਾਰ ਵੀ, ਭਰਾ ਵੀ, ਕੁਲਦੀਪ ਮਾਣਕ ਵਾਂਗੂ ਬੁੜ੍ਹਾ ਵੀ ਤੇ ਬਾਪੂ ਵੀ ਕਹਿੰਦਾ ਹੈ। ਉਹ ਮੇਰੇ ਦਿਲ ਵਿਚ ਉਤਰਿਆ ਬੰਦਾ ਹੈ, ਜਿਸ ਨੂੰ ਮੈਂ ਜਿਉਂਦੇ ਜੀਅ ਭੁੱਲ ਨਹੀਂ ਸਕਦਾ। ਜਦੋਂ ਵੀ ਉਸ ਨੂੰ ਕਿਸੇ ਕੋਲੋਂ ਪਤਾ ਲੱਗਦਾ ਹੈ ਕਿ ਦੇਵ ਅੱਜਕੱਲ੍ਹ ਢਿੱਲਾ ਮੱਠਾ ਰਹਿੰਦਾ ਹੈ ਤਾਂ ਝੱਟ ਫੋਨ ਘੁਮਾ ਦਿੰਦਾ ਹੈ, "ਬਾਪੂ ਕੈਮ ਰਿਹਾ ਕਰ, ਆਪਣਾ ਖਿਆਲ ਰੱਖਿਆ ਕਰ। ਲਾ ਪਾ ਕੇ ਸਾਡੇ ਕੋਲ ਹੁਣ ਤੂੰ ਇਕੋ ਹੀ ਬਜ਼ੁਰਗ ਗੀਤਕਾਰ ਹੈਂ। ਸੇਵਾ ਦਸ। ਕੀ ਭੇਜਾਂ ਬਾਪੂ ਕਿਸੇ ਚੀਜ਼ ਦੀ ਜ਼ਰੂਰਤ ਹੋਵੇ ਤਾਂ ਸੰਕੋਚ ਨਾ ਕਰੀਂ।" ਮੈਨੂੰ ਇਉਂ ਮਹਿਸੂਸ ਹੋਣ ਲੱਗ ਜਾਂਦੈ, ਜਿਵੇਂ ਮਾਣਕ ਦੇ ਘਰੇ ਉਹ ਮੇਰੇ ਕੋਲ ਹੀ ਬੈਠਾ ਹੋਵੇ। ਫੋਨ ਬੰਦ ਕਰਨ ਤੋਂ ਪਹਿਲਾਂ ਇਕ ਗੱਲ ਜ਼ਰੂਰ ਦੁਹਰਾਉਂਦਾ, "ਓ ਬਾਪੂ ਆਪਣਾ ਖਿਆਲ ਰੱਖੀਂ ਅਸੀਂ ਤੇਰੇ ਪੁੱਤ ਬੈਠੇ ਹਾਂ ਫਿਕਰ ਨਾ ਕਰੀਂ" ਬਸ ਮੈਥੋਂ ਐਨਾ ਹੀ ਆਖ ਹੁੰਦਾ ਹੈ, 'ਚੰਗਾ ਜਿਉਂਦਾ ਰਹਿ ਭੌਰਿਆ'।

ਅਸ਼ੋਕ ਨਾਲ ਮੇਰੀ ਪੰਜਾਹ ਸਾਲ ਦੀ ਸਾਂਝ ਹੈ ਜਦੋਂ ਉਹ ਪੜ੍ਹਦਾ ਸੀ, ਤੇ ਮੈਂ ਕਿਸੇ ਸਕੂਲ ਵਿਚ ਪੜ੍ਹਾਉਂਦਾ ਸੀ। ਏਨੇਂ ਵਰ੍ਹਿਆਂ 'ਚ ਉਸ

***(ਬਾਕੀ ਅਗਲੇ ਸਫੇ 'ਤੇ)***

'ਡਾਲਰ ਜ਼ਿੰਦਾਬਾਦ'

# ਪੰਜਾਬੀ ਸੁਰਾਂ ਦੇ ਅਮਰੀਕੀ ਰਾਗਾਂ 'ਚ ਲੱਗਦੇ ਨਾਅਰੇ

ਇਸ ਗੱਲ ਵਿਚ ਤਾਂ ਪਤਾ ਨ੍ਹੀਂ ਕਿੰਨੀ ਕੁ ਸੱਚਾਈ ਹੈ ਕਿ ਜੇ ਦੂਜਿਆਂ ਦੀ ਗੱਲ ਸੁਣੋਗੇ ਤਾਂ ਉਨ੍ਹਾਂ ਅੰਦਰ ਤੁਹਾਡੀਆਂ ਸੁਣਨ ਵਿਚ ਵੀ ਦਿਲਚਸਪੀ ਵਧ ਜਾਵੇਗੀ ਪਰ ਜਿਸ ਤਰ੍ਹਾਂ ਇਸ ਸਾਲ ਅਮਰੀਕਾ ਵਿਚ ਪੰਜਾਬੀ ਗਾਇਕਾਂ ਨੇ ਰੌਣਕਾਂ ਲਾਉਣ ਲਈ ਵਹੀਰਾਂ ਘੱਤੀਆਂ ਹੋਈਆਂ ਨੇ, ਪਤਾ ਨਹੀਂ ਲੱਗ ਰਿਹਾ ਕਿ ਕੌਣ ਕੀਹਦੀ ਸੁਣ ਰਿਹਾ ਹੈ ਤੇ ਕੌਣ ਕਿਹਨੂੰ ਸੁਣਾ ਰਿਹਾ ਹੈ?

ਇਥੇ ਇਕ ਹੱਡਬੀਤੀ ਸਾਂਝੀ ਕਰ ਰਿਹਾ ਹਾਂ ਜੋ ਦਿਲਚਸਪ ਵੀ ਲੱਗੇਗੀ ਤੇ ਪ੍ਰਸੰਗਕ ਵੀ।

ਸਾਲ ਉਨੀ ਸੌ ਚੁਰਾਸੀ ਦੇ ਜਨਵਰੀ ਮਹੀਨੇ ਇਕ ਫਾਈਲ ਵਿਚ ਪੰਜ-ਸੱਤ ਲੇਖ ਗਾਉਣ

ਐਸ ਅਸ਼ੋਕ ਭੌਰਾ

ਵਾਲਿਆਂ ਬਾਰੇ ਲਿਖ ਕੇ 'ਰੋਜ਼ਾਨਾ ਅਜੀਤ' ਦੇ ਸੰਪਾਦਕ ਮਰਹੂਮ ਡਾ. ਸਾਧੂ ਸਿੰਘ ਹਮਦਰਦ ਕੋਲ ਕਾਲਮ ਸ਼ੁਰੂ ਕਰਨ ਲਈ ਚਲੇ ਗਿਆ। ਉਨ੍ਹਾਂ ਦਾ ਜਵਾਬ ਦੇਖੋ, ਕਹਿਣ ਲੱਗੇ 'ਕਾਕਾ ਹਾਲੇ ਤੂੰ ਜੁਆਕ ਐਂ, ਵੱਡੀਆਂ ਗੱਲਾਂ ਨਾ ਕਰ, ਨਾਲੇ ਕਿੰਨੇ ਕੁ ਹੈਗੇ ਇਹ ਗਾਉਣ ਵਾਲੇ, ਸੁਰਿੰਦਰ ਕੌਰ, ਯਮਲੇ ਜੱਟ ਨੂੰ ਵਿਚੇ ਪਾ ਕੇ ਅੱਠ ਦਸ ਨੇ, ਗੱਲ ਦੋ ਕੁ ਮਹੀਨੇ 'ਚ ਮੁੱਕ ਜਾਣੀ ਐ, ਫਿਰ ਕੀ ਲਿਖੇਂਗਾ? ਚੰਗਾ ਹੈ ਕਿ ਕੁਝ ਹੋਰ ਲਿਖ ਲੈ।' ਮੈਂ ਹੈਰਾਨ ਹਾਂ ਕਿ ਮੇਰੀ ਉਮਰ ਕਿੰਨੀ ਲੰਘ ਗਈ ਹੈ? ਮੈਂ ਥੱਕ ਗਿਆ ਹਾਂ ਲਿਖਦਾ ਲਿਖਦਾ, ਪਰ ਇਨ੍ਹਾਂ ਦੀ ਸੂਚੀ ਏਨੀ ਲੰਬੀ ਹੋਈ ਜਾਂਦੀ ਹੈ ਜਿਵੇਂ ਕਿਸੇ ਦੇ ਹੱਥੋਂ ਰੀਲ੍ਹ ਡਿੱਗ ਕੇ ਸਾਰਾ ਧਾਗਾ ਉਧੜ ਗਿਆ ਹੋਵੇ।

ਇਕ ਹੋਰ ਵਾਕਿਆ, ਗੱਲ ਇਹ ਵੀ ਬੜੀ ਪੁਰਾਣੀ ਐ, ਉਦੋਂ ਮੈਂ ਸਕੂਲ ਵਿਚ ਪੜ੍ਹਾਉਂਦਾ ਸਾਂ। ਰਾਤ ਮਾਣਕ ਕੋਲ ਥਰੀਕੇ ਠਹਿਰਿਆ ਹੋਇਆ ਸਾਂ। ਉਹਦਾ ਡਰਾਈਵਰ ਗੁਰਦਾਸ ਡਿਊਟੀ 'ਤੇ ਜਾਣ ਕਰਕੇ ਮੈਨੂੰ ਤੜਕੇ ਲੁਧਿਆਣੇ ਬੱਸ ਅੱਡੇ ਤੇ ਉਤਾਰ ਗਿਆ। ਗੱਲ ਕੋਈ ਪੰਜ ਕੁ ਵਜੇ ਦੀ ਹੋਵੇਗੀ। ਮੈਂ ਵੇਖਿਆ ਸਾਹਮਣੇ ਦੀਦਾਰ ਸੰਧੂ ਦਾ ਕਰਤਾਰ ਸਿੰਘ ਬਿਲਡਿੰਗ 'ਚ ਦਫਤਰ ਖੁੱਲ੍ਹੈ, ਚਾਹ ਪੀਣ ਦੇ ਬਹਾਨੇ ਗਿਆ ਤਾਂ ਬੁਕਿੰਗ ਕਲਰਕ ਪ੍ਰਿਥੀ ਧੂਫ-ਬੱਤੀ ਜਗਾਵੇ, ਮੈਂ ਕਿਹਾ 'ਏਨੇ ਮੂੰਹ ਨ੍ਹੇਰੇ?' ਅੱਗੋਂ ਉਹਦਾ ਜੁਆਬ ਕੀ ਸੀ 'ਸਾਲੇ ਕੂਕੀ ਨੇ ਅੱਜ ਚਾਰ ਵਜੇ ਦਫਤਰ ਖੋਲ੍ਹ ਲਿਆ, ਉਹਨੇ ਗੰਗਾਨਗਰ ਆਲੀ ਪਾਰਟੀ ਨੂੰ ਕਰਤਾਰ ਰਮਲਾ ਤੇ ਸੁਖਵੰਤ ਕੌਰ ਬੁੱਕ ਕਰਾ ਦਿੱਤੀ। ਘਾਟਾ ਪੈ ਗਿਆ ਮੇਰਾ ਡੇਢ ਸੌ ਮਰ ਗਿਆ, ਮੈਂ ਪਾਰਟੀ ਹੱਥੋਂ ਨ੍ਹੀਂ ਜਾਣ ਦੇਣੀ ਸੀ।'

ਅਸਲ 'ਚ ਅਮਰੀਕਾ 'ਚ ਜਿਵੇਂ ਅੱਜਕੱਲ੍ਹ ਗਾਉਣ ਵਾਲਿਆਂ ਦੀ ਰੌਣਕ ਲੱਗੀ ਹੋਈ ਹੈ, ਇਵੇਂ ਕਦੇ ਲੁਧਿਆਣੇ ਦੇ ਦਫਤਰਾਂ 'ਚ ਮੂੰਹ ਨ੍ਹੇਰੇ ਹੁੰਦੀ ਸੀ ਕਿਉਂਕਿ ਰਾਜਸਥਾਨ ਦੇ ਗੰਗਾਨਗਰ, ਜੈਸਲਮੇਰ ਤੇ ਬੀਕਾਨੇਰ ਹਲਕਿਆਂ ਤੋਂ ਪਾਰਟੀਆਂ ਰਾਤ ਦੀ ਬੱਸੇ ਬਹਿ ਕੇ ਤੜਕੇ ਲੁਧਿਆਣੇ ਪੁੱਜ ਜਾਂਦੀਆਂ ਸਨ, ਉਨ੍ਹਾਂ ਨੇ ਗਾਉਣ ਵਾਲਾ ਹੀ ਬੁੱਕ ਕਰਨਾ ਹੁੰਦਾ ਸੀ, ਇਸ ਲਈ 'ਨਾਂ' ਨਾਲ ਕੋਈ ਬਹੁਤਾ ਮਤਲਬ ਨਹੀਂ ਹੁੰਦਾ ਸੀ।

ਲੁਧਿਆਣਾ ਨਾ ਸਿਰਫ ਹੌਜ਼ਰੀ ਤੇ ਸਾਈਕਲ ਸਨਅਤ ਕਰਕੇ ਮਸ਼ਹੂਰ ਰਿਹਾ ਹੈ ਸਗੋਂ ਇਹ ਉਤਰੀ ਭਾਰਤ ਵਿਚ ਗਵੱਈਆਂ ਦੀ ਸਭ ਤੋਂ ਵੱਡੀ ਮੰਡੀ ਕਰਕੇ ਵੀ ਜਾਣਿਆ ਜਾਂਦਾ ਸੀ। ਭਲੇ ਦਿਨਾਂ ਵਿਚ ਇਥੇ ਬੱਸ ਅੱਡੇ ਦੇ ਸਾਹਮਣੇ ਵਾਲੇ ਦਫਤਰਾਂ ਵਿਚ ਪੰਜਾਬ ਭਰ 'ਚੋਂ ਬੁਕਿੰਗ ਲਈ ਪੁੱਜੀਆਂ ਪਾਰਟੀਆਂ ਨਾਲ ਜਿਵੇਂ ਗਾਹਕੀ ਹੁੰਦੀ ਸੀ, ਇਹ ਉਦਾਹਰਣ ਦੇਣ ਤੋਂ ਪਹਿਲਾਂ ਮੈਂ ਇਕ ਹੋਰ ਹਾਸੇ



ਜਸਵਿੰਦਰ ਬਰਾੜ

ਵਾਲੀ ਗੱਲ ਦੱਸਦਾਂ।

ਮੈਂ ਨਿੱਕਾ ਜਿਹਾ ਸਾਂ ਪਿੰਡ ਸਾਡੇ ਇਕ ਬੰਦਾ ਚਾਦਰਾਂ ਵੇਚੇ, ਹੋਕਾ ਦੇਂਦਾ-ਦੇਂਦਾ ਪੰਜਾਹਾਂ ਦੀ ਇਕ ਕਹਿ ਕੇ ਸੌ ਦੀਆਂ ਚਾਰ ਵੀ ਕਹਿ ਦਿਆ ਕਰੇ। ਬੀਬੀਆਂ ਕੱਠੀਆਂ ਹੋ ਗਈਆਂ। ਕਹੀ ਜਾਵੇ ਪੰਜਾਹ ਦੀ ਇਕ ਹੈ ਚਲੋ ਚਾਲੀ ਦੇ ਦਿਓ।

ਆਪਣੇ ਆਪ ਨੂੰ ਬਹੁਤਾ ਚਲਾਕ ਸਮਝਦੀ ਇਕ ਬੋਲੀ 'ਵੇ ਭਾਈ ਤੇਰੀ ਕੋਈ ਜ਼ੁਬਾਨ ਆ, ਸੌ ਦੀਆਂ ਚਾਰ ਕਹਿ ਕੇ ਚਾਲੀਆਂ ਦੀ ਇਕ ਦੇਨੈਂ?' ਉਹ ਵਪਾਰੀ ਬੋਲਿਆ 'ਬੀਬੀ ਇੱਕ ਤੈਥੋਂ ਲੈ ਨ੍ਹੀਂ ਹੁੰਦੀ ਚਾਰ ਤੂੰ ਲੈ ਲਊਂ? ਜਾਹ ਲਿਆ ਕੇ ਦਿਖਾ ਸੌ ਦਾ ਨੋਟ, ਤੇਰੀਆਂ ਚਾਰ ਪੱਕੀਆਂ। ਐਵੇਂ ਗੱਲਾਂ ਮਾਰੀ ਜਾਂਦੀ ਐਂ।

ਬੀਬੀ ਸਮਝੇ ਭਾਈ ਲੁੱਟ ਲਿਆ। ਉਹ ਆਂਡ ਗੁਆਂਢ ਚੋਂ ਝੱਟ ਦੇਣੀ ਸੌ 'ਕੱਠਾ ਕਰ ਲਿਆਈ। ਇਹ ਪਤਾ ਹੀ ਨਹੀਂ ਲੱਗਾ ਕਿ ਚਾਕੂ ਖਰਬੂਜੇ ਵਿਚ ਵੱਜਾ ਕਿ ਖਰਬੂਜਾ ਚਾਕੂ ਵਿਚ। ਉਹ ਦਸਾਂ ਦੀ ਚਾਦਰ ਪੱਚੀਆਂ ਵਿਚ ਵੇਚ ਕੇ ਤੁਰਦਾ ਬਣਿਆ।

ਇਹੀ ਹਾਲ ਗਾਇਕ ਬੁੱਕ ਕਰਨ ਵੇਲੇ ਹੁੰਦਾ ਸੀ, ਪੰਜ ਸੱਤ ਇਨ੍ਹਾਂ ਦੇ ਵਿਚੋਲੇ ਦਫਤਰਾਂ ਦੁਆਲੇ ਖਿਲਰੇ ਹੁੰਦੇ ਸਨ। ਪਾਰਟੀ ਇਕ ਦਫਤਰੋਂ ਉਤਰਦੀ ਤਾਂ ਹਾਲਾਤ ਦਿੱਲੀ ਦੇ ਚਾਂਦਨੀ ਚੌਕ ਦੀਆਂ ਫੜ੍ਹੀਆਂ ਵਰਗੇ ਦੇਖ ਕੇ ਨਜ਼ਾਰੇ ਵੱਖਰੇ ਹੁੰਦੇ 'ਇਕ ਆਖਦਾ ਮਾਣਕ ਵਿਹਲਾ ਨ੍ਹੀਂ, ਦੂਜਾ ਆਖਦਾ ਸਦੀਕ ਕਰਾ ਦੇਨੇ ਆਂ, ਗਾਹਕ ਨੂੰ ਕਰਵਾ ਬੁੱਕ ਕਰਵਾ ਕੇ ਜਾਂ ਤਾਂ ਧੰਨਾ ਰੰਗੀਲਾ ਦੇਣਾ ਹੁੰਦਾ ਸੀ ਜਾਂ ਚੰਨ ਸ਼ਾਹਕੋਟੀ ਜਾਂ ਜਸਵੰਤ ਬਿੱਲਾ। ਕਿਉਂਕਿ ਮੱਝ ਵੇਚਣ ਵਾਂਗ ਪੰਜ ਦੁਪਹਿਰੀ ਹੁੰਦੀ ਸੀ।

ਉਹ ਗਾਹਕ ਨੂੰ ਪੁੱਛਦੇ 'ਪੈਸੇ ਕਿੰਨੇ ਕੁ ਖਰਚਣੇ ਆ?'

'ਦੋ ਕੁ ਹਜ਼ਾਰ।'

'ਚਾਰ ਤਾਂ ਮਾਣਕ ਲੈਂਦਾ, ਤਿੰਨ 'ਚ ਧੰਨਾ ਹੋ ਜੂ ਨਾਲੇ ਜਸਵੰਤ ਗਾਉਂਦੀ ਵੀ ਚੰਗੈ ਤੇ ਸੁਨੱਖੀ ਵੀ ਐ...' ਤੇ ਹਜ਼ਾਰ ਵਾਲਾ ਸਮਾਨ ਪੰਦਰਾਂ ਸੌ-ਦੋ ਹਜ਼ਾਰ ਨੂੰ ਵੇਚ ਦਿੰਦੇ।

ਉਨ੍ਹਾਂ ਦਿਨਾਂ ਵਿਚ ਜਿਹੜਾ ਇੰਗਲੈਂਡ 'ਚ ਪ੍ਰੋਗਰਾਮ ਕਰਕੇ ਪਰਤਦਾ, ਉਹਦਾ ਰੇਟ ਦੁੱਗਣਾ ਹੋ ਜਾਂਦਾ। ਬੁਕਿੰਗ ਕਲਰਕ ਪਾਰਟੀ ਨੂੰ ਆਖਦੇ, 'ਵਲੈਤੋਂ ਆਇਆ ਫਲਾਣਾ ਗਾਇਕ ਗੋਰੀਆਂ ਨਚਾ ਕੇ, ਹੁਣ ਉਹ ਪੁਰਾਣੀ ਗੱਲ ਨ੍ਹੀਂ, ਭਾਈ ਐਨੇ ਈ ਲੱਗਣੇ ਆ।'

ਅਮਰੀਕਾ ਵਿਚ ਹਾਲਾਤ ਏਦਾਂ ਦੇ ਨੇ ਜਿਵੇਂ ਵੇਲ ਥੱਲੇ ਹੈ ਤੇ ਤੋਰੀ ਉਪਰ ਲਮਕਦੀ ਐ। ਕਹਿਣਗੇ ਗਾਉਣ ਵਾਲਾ ਇੰਡੀਆ ਤੋਂ ਆਇਐ। ਗੀਤ ਵੀ ਹਿੱਟ ਨੇ, ਫਿਲਮਾਂ ਵੀ ਹਿੱਟ ਨੇ, ਆਏ ਹੋਏ ਵੀ ਨੇ, ਆਈਆਂ ਹੋਈਆਂ ਵੀ ਨੇ, ਹਾਲੇ ਆਉਣਗੇ, ਹੋਰ ਆ ਰਹੇ ਨੇ। ਕਤਾਰ ਲੰਬੀ ਹੁੰਦੀ ਜਾ ਰਹੀ ਹੈ। ਕਿਉਂ? ਇਸ ਦਾ ਉਤਰ ਤਾਂ ਪੰਜਾਬੀਆਂ 'ਤੇ ਛੱਡਦਾਂ ਪਰ ਪਿਛਲੇ ਤਿੰਨ ਕੁ ਮਹੀਨਿਆਂ ਦੇ ਸ਼ਬਦੀ ਨਜ਼ਾਰੇ ਵੇਖੋ:

ਮਮਤਾ ਜੋਸ਼ੀ ਬਈ ਬਹੁਤ ਅੱਛਾ ਗਾਉਂਦੀ ਆ, ਨਾਲ ਸੱਤੀ ਵੀ ਆਈ ਹੋਈ, ਪੈ ਗਿਆ ਨਾ ਸੋਨੇ 'ਚ ਨਗ। ਪੂਰਨ ਦਾ ਮੁੰਡਾ ਲਖਵਿੰਦਰ ਵਡਾਲੀ ਆਇਆ...ਸੁਰੀਲਾ ਕੰਠ ਕਲੇਰ ਵੀ...ਗੁਰਦਾਸ ਮਾਨ ਦੀ ਵਾਰੀ ਅਗਲੇ ਸਾਲ ਆ...ਐਤਕੀਂ ਕੈਨੇਡਾ ਆ...ਰਣਜੀਤ ਬਾਵਾ ਤਾਂ ਪੂਰੀ ਭੀੜ ਖਿੱਚਦੈ...ਕਿਰਨ ਭੁੱਲਰ ਠੀਕ ਈ ਆ...ਲਖਵੀਰ ਜੌਹਲ ਤੇ ਸੰਗਤਾਰ ਹੋਰੀਂ ਕਰ ਗਏ ਕਮਾਈਆਂ...



ਸਤਿੰਦਰ ਸਰਤਾਜ

ਜਸਵਿੰਦਰ ਬਰਾੜ ਕਈਆਂ ਸਾਲਾਂ ਬਾਅਦ ਆਈ ਹੋਣ ਕਰਕੇ ਚੰਗੀ ਰਹੀ...ਦੀਪ ਢਿੱਲੋਂ ਤੇ ਜੱਸੀ ਦੀ ਜੋੜੀ ਪੂਰੀ ਸੁਨੱਖੀ ਸੀ...ਅਮਰਿੰਦਰ ਗਿੱਲ ਦੀ ਫਿਲਮ ਚੱਲ ਗਈ ਪਰ ਸ਼ੋਅ ਨਹੀਂ ਚੱਲੇ...ਕੁਲਵਿੰਦਰ ਬਿੱਲਾ ਦੀ ਉਹ ਗੱਲ ਨ੍ਹੀਂ ਬਣੀ...ਹੈਪੀ ਰਾਏਕੋਟੀ ਨੇ ਤਾਂ ਇਕ ਥਾਂ ਕੁਪੱਤ ਹੀ ਕਰਾ ਲਈ...ਪੈਸੇ ਤਾਂ ਚਲੋ ਜੈ ਸਿੰਘ ਨੇ ਬਣਾ ਲਏ ਹੋਣਗੇ ਪਰ ਡਾਲਰ ਦੇ ਮੁਕਾਬਲੇ ਰੁਪਈਏ ਵਾਂਗ ਭਾਅ ਹੁਣ ਸਰਤਾਜ ਦਾ ਵੀ ਡਿੱਗ ਪਿਐ...ਬਾਜਵਾ ਕਹੀ ਜਾਂਦੈ 'ਚਲੋ ਹਰਭਜਨ ਤੇ ਗੁਰਸੇਵਕ ਮਾਨ ਦਾ ਪ੍ਰੋਗਰਾਮ ਸਨੀਵੇਲ ਮੰਦਿਰ



ਹਰਭਜਨ ਮਾਨ

'ਚ ਹੀ ਕਰਾ ਲਓ'...ਕੰਵਰ ਗਰੇਵਾਲ ਤਾਂ ਚਲੋ ਚੰਗਾ ਸੀ, ਫਕੀਰਾਂ ਵਾਂਗ ਜੰਮ ਵੀ ਗਿਆ ਪਰ ਇਕ ਲੋਕਲ ਅਨਾੜੀ ਪ੍ਰੋਮੋਟਰ ਨੇ ਆਪ ਵੀ ਘਾਟਾ ਖਾਧਾ, ਸ਼ੋਅ ਵੀ ਨ੍ਹੀਂ ਬੇ ਏਰੀਏ ਚੰਗਾ ਕਰਵਾ ਹੋਇਆ...ਨੂਰਾਂ ਭੈਣਾਂ ਆ ਗਈਆਂ ਨੇ ਤੇ ਹੁਣ ਉਨ੍ਹਾਂ ਦੀ ਵਾਰੀ ਹੈ।

ਅੰਦਾਜ਼ਾ ਲਗਾਓ ਪਿਛਲੇ ਸੋਲਾਂ ਹਫਤਿਆਂ 'ਚ ਸਤਾਰਾਂ ਗਾਇਕ ਆਏ ਨੇ, ਚਤਾਲੀ ਪ੍ਰੋਗਰਾਮ ਹੋਏ ਨੇ, ਕਈਆਂ 'ਚ ਸਰੋਤਿਆਂ ਦੀ ਗਿਣਤੀ ਸੌ ਤੋਂ ਥੱਲੇ ਰਹੀ, ਜਿਥੇ ਚੰਗੀ ਰਹੀ ਉਹਦੇ ਬਾਰੇ ਲੋਕਲ ਪ੍ਰੋਮੋਟਰ ਦਾਅਵੇ ਕਰੀ ਜਾਂਦੇ ਨੇ 'ਜਿੰਦਾਂ ਦਾ ਫਲਾਣੇ ਥਾਂ ਭਰਿਆ ਸੀ ਉਦਾਂ ਦਾ ਭਰ ਕੇ ਦਿਖਾਵਾਂਗੇ।' ਇਹਦੇ ਨਾਲ ਗਾਉਣ ਵਾਲਿਆਂ ਨੂੰ ਥੋੜੀ ਜਿਹੀ ਆਕਸੀਜ਼ਨ ਵਾਧੂ ਮਿਲ ਜਾਂਦੀ ਹੈ ਕਿਉਂਕਿ ਇਨ੍ਹਾਂ ਦੇ ਸਲੰਡਰ ਡੀ ਜੇ ਵਾਲਿਆਂ ਨੇ ਚੋਰੀ ਕੀਤੇ ਹੋਏ ਨੇ।


ਦੇਬੀ ਚੰਗਾ ਤਾਂ ਰਹਿ ਜਾਂਦਾ ਹੈ ਕਿਉਂਕਿ ਗਾਉਂਦਾ ਵੀ ਚੰਗੈ, ਸ਼ਾਇਰੀ ਵੀ ਮਿਆਰੀ ਐ ਤੇ ਬੰਦਾ ਵੀ ਨਿੱਘਾ ਹੈ, ਪਿਛਲੀ ਵਾਰੀ ਬਾਜਵੇ ਨਾਲ ਆਇਆ ਸੀ ਐਤਕੀਂ ਪਿੰਡ ਪ੍ਰੋਡਕਸ਼ਨ ਵਾਲੇ ਦਵਿੰਦਰ ਗਰੇਵਾਲ ਨਾਲ।

ਸੁਣਦੇ ਆਂ ਅੱਗੇ ਸ਼ੀਰਾ ਜਸਵੀਰ ਵੀ ਆ ਰਿਹੈ...ਪ੍ਰੀਤ ਹਰਪਾਲ ਵੀ...ਵਡਾਲੀ ਭਰਾਵਾਂ ਦਾ ਵੀ ਅਮਰੀਕਾ ਆਉਣ ਦਾ ਰੌਲਾ ਪੈ ਰਿਹੈ...ਆਤਮਾ ਬੁੱਢੇਵਾਲ ਵੀ ਆਵੇਗਾ...ਕਈ ਅਮਨ ਰੋਜ਼ੀ ਨੂੰ ਵੇਖਣ ਨੂੰ ਕਾਹਲੇ ਨੇ... ਕਈ ਟੱਰਕਰ ਵੀਰ ਇਸ ਜੋੜੀ ਨੂੰ ਚਮਕੀਲੇ ਵਰਗਾ ਪਿਆਰ ਦਿੰਦੇ ਨੇ...ਤੇ ਹੋਰ ਪਤਾ ਨ੍ਹੀਂ ਰਿੜਕੀ ਹੋਈ ਲੱਸੀ ਚੋਂ ਕਿੰਨਾ ਕੁ ਮੱਖਣ ਕੱਢ ਲੈਣਗੇ।

ਜਦੋਂ ਪਾਇਰੇਸੀ ਵਧੀ, ਗਾਇਕਾਂ ਦੇ ਕਪਾਲ 'ਚ ਸੱਟ ਪਈ...ਡੀ ਜੇ ਵਾਲਿਆਂ ਨੇ ਪੰਜਾਬ 'ਚ ਬਹੁਤਿਆਂ ਨੂੰ ਵਿਹਲਾ ਕੀਤਾ ਪਰ ਜਿਨ੍ਹਾਂ ਦੇ ਇਹ ਦੌਰ ਵੀ ਰਾਸ ਆਇਆ...ਉਹ ਸਨ-ਸੰਗੀਤਕਾਰਾਂ ਨੇ ਨਿੱਕੇ ਸਟੂਡੀਓ 'ਚ ਵੱਡੀ ਕਮਾਈ ਕੀਤੀ, ਕੈਮਰਿਆਂ ਵਾਲੇ ਸਾਰੇ ਰੁੱਝੇ ਰਹੇ, ਵੀਡੀਓ ਡਾਇਰੈਕਟਰ ਕੋਈ ਵਿਹਲਾ ਨ੍ਹੀਂ ਹੋਇਆ...ਰੋਪੜ ਦੇ ਕਈ ਪਿੰਡਾਂ 'ਚ ਪੱਕੇ ਸੈਟ ਸ਼ੂਟਿੰਗ ਲਈ ਲੱਗੇ ਹੋਏ ਹਨ...ਘਾਟਾ ਕੌਣ ਖਾ ਰਿਹੈ...ਸੋਚਣ ਦੀ ਲੋੜ ਐ? ਪਰ ਜਿਨ੍ਹਾਂ ਪੁੱਤਾਂ ਨੇ ਬਾਪੂ ਦੀ ਜ਼ਮੀਨ ਵੇਚ ਕੇ ਗਵੱਈਏ ਬਣਨ ਦਾ ਭਰਮ ਪਾਲਿਆ ਸੀ ਉਹ ਗੋਡਿਆਂ 'ਚ ਮੂੰਹ ਦੇ ਕੇ ਰੋਂਦੇ ਘੱਟ ਨੇ ਤੇ ਦੁਹਾਈਆਂ ਵੱਧ ਪਾਉਂਦੇ ਨੇ ਕਿਉਂਕਿ 'ਸਿੰਗਲ ਟ੍ਰੈਕ' ਤੇ ਫਾਸਟ 'ਤੇ ਦੋਵਾਂ ਪਾਸਿਆਂ ਤੋਂ ਟਰੇਨਾਂ ਨਹੀਂ ਦੌੜਦੀਆਂ।

ਮੈਨੂੰ ਕੁਝ ਫੋਨ ਆਏ, ਛੋਟੀ ਛੋਟੀ ਇਬਾਰਤ ਦੇਖੋ...ਭੌਰੇ ਇਕ ਪ੍ਰੋਗਰਾਮ ਤੂੰ ਕਰਵਾ ਲੈ ਪੈਸੇ ਤੂੰ ਪਹਿਲਾਂ ਤਾਂ ਬਣਾਏ ਨ੍ਹੀਂ ਹੁਣ ਬਣ ਜਾਣਗੇ। ਖੱਟੀ ਲੱਸੀ 'ਚ ਮੈਨੂੰ ਖੰਡ ਦੀ ਥਾਂ ਸ਼ੱਕਰ ਪਾ ਕੇ ਦੇਣ ਲੱਗੇ ਹੋਏ ਨੇ। ਆਂਹਦੇ, ਪੈਸਾ ਸਪਾਂਸਰਸ਼ਿਪ ਨਾਲ ਹੋਜੂ ਪੂਰਾ...ਯਾਰ ਬੇਕਰਜ਼ਫੀਲਡ ਬਰਾੜ ਨੂੰ ਕਹਿ ਦੇ ਕਰਾ ਲਵੇ ਸਾਡਾ ਵੀ ਇਕ ਸ਼ੋਅ...ਸਿਆਟਲ 'ਚ ਵੀ ਦੇਖ...ਹਿਊਸਟਨ 'ਚ ਲੱਭ...ਭਨੋਟ ਤੇਰੀ ਮੰਨ ਲੈਂਦਾ, ਇਕ ਮੰਦਿਰ ਦੇ ਹਾਲ 'ਚ ਹੀ ਕਰਾ ਦੇ।

ਅਮਰੀਕੀ ਪੰਜਾਬੀ ਦੁਚਿੱਤੀ 'ਚ ਹਨ ਕਿ ਸੁਣਨ ਕੀਹਨੂੰ ਜਾਈਏ ਤੇ ਹਰ ਹਫਤੇ ਪੂਰਾ ਪਰਿਵਾਰ ਕਿਵੇਂ ਲੈ ਕੇ ਜਾਈਏ ਕਿਉਂਕਿ ਟੱਬਰ ਟੱਬਰ ਵੰਡ ਹੋਇਐ, ਅੱਧੇ ਸੋਚਦੇ ਪੀਜ਼ਾ ਵੈਜ ਖਾਈਏ, ਅੱਧੇ ਸੋਚਦੇ ਆ ਨਾਨ ਵੈਜ।



ਕੰਵਰ ਗਰੇਵਾਲ

ਪੰਜਾਬੀ ਅਖਬਾਰਾਂ ਦੀ ਊਂ ਬੱਲੇ ਬੱਲੇ ਐ...ਪ੍ਰੋਮੋਟਰ ਦੱਸੇ ਕਿ ਇਕ ਐਡੀਟਰ ਸਾਹਿਬ ਕਹਿ ਰਹੇ ਸਨ 'ਪੰਜਾਬ ਟਾਈਮਜ਼ 'ਚ ਜਿੰਨੇ ਦਾ ਪੇਜ ਲੱਗਦੈ ਅਸੀਂ ਚਾਰ ਲਾ ਦਿੰਨੇ ਆ...ਬਲੈਕ ਐਂਡ ਵਾਈਟ ਨੂੰ ਛੱਡ ਕਲਰ ਦੇ ਠੀਕ ਪੰਜ ਡਾਲਰ ਵੱਧ ਦੇ ਦਈਂ...ਤੇ ਇਵੇਂ ਚਾਦਰਾਂ 100 ਦੀਆਂ ਚਾਰ ਨਾ ਸਹੀ 400 ਦੀਆਂ ਚਾਰ ਜ਼ਰੂਰ ਵਿਕ ਰਹੀਆਂ ਨੇ'। ਚੀਨ ਦੀ ਮੰਦੀ ਨੇ ਸ਼ੇਅਰ ਬਜ਼ਾਰ ਉਖਾੜਿਆ ਪਿਐ ਪਰ ਇਨ੍ਹਾਂ ਦੇ ਝੰਡੇ ਲਗਾਤਾਰ ਗੱਡ ਹੋਈ ਜਾ ਰਹੇ ਨੇ।

ਪੰਜਾਬ 'ਚ ਮੰਦੀ ਢੋਲਕੀਆਂ, ਵਾਜਿਆਂ ਨਾਲ ਗਾ ਗਾ ਬੋਲ ਰਹੀ ਹੈ...ਅਮਰੀਕਾ ਇਨ੍ਹੀਂ ਦਿਨੀ ਪੰਜਾਬੀ ਗਾਇਕਾਂ ਨਾਲ ਭਰਿਆ ਪਿਆ, ਹਾਲੇ ਕਿੰਨਾ ਕੁ ਹੋਰ ਭਰੇਗਾ... ਕਮਾ ਕੌਣ ਰਿਹੈ...ਬਣਾ ਕੌਣ ਰਿਹੈ...ਗੁਆ ਕੌਣ ਰਿਹੈ...ਇਹ ਵਾਧੂ ਸਿਰਦਰਦੀ ਚਲੋ ਆਪਾਂ ਕਾਹਨੂੰ ਲੈਣੀ ਆ। ਲਗਦਾ ਨੀਂ! ਕਈਆਂ ਨੂੰ ਤਾਂ ਨਾਂ ਦਾ ਈ ਦਾਖਲਾ ਹਾਈ ਸਕੂਲ 'ਚ ਮਸਾਂ ਮਿਲਿਆ ਹੋਇਐ?

## ਭੌਰਿਆ ਜੁੱਗ-ਜੁੱਗ ਜੀਅ...

(ਪਿਛਲੇ ਸਫੇ ਦੀ ਬਾਕੀ)

ਨੂੰ ਇਹ ਨਹੀਂ ਪੁੱਛ ਸਕਿਆ ਕਿ ਆਪਣੇ ਨਾਂ ਦੇ ਸ਼ੁਰੂ 'ਚ 'ਐਸ' ਲਿਖਣ ਦਾ ਕੀ ਰਾਜ਼ ਹੈ। ਫੇਰ ਮੈਂ ਆਪੇ ਹੀ ਲਖਣ ਲਾ ਲੈਂਦਾ ਹਾਂ ਕਿ ਜੇ ਐਸ ਮਹਿੰਦਰ ਬੰਬਈ ਵਾਲਾ (ਪ੍ਰਸਿੱਧ ਸੰਗੀਤਕਾਰ) ਆਪਣੇ ਨਾ ਨਾਲ 'ਐਸ' ਲਿਖਦਾ ਸੀ, ਅਸ਼ੋਕ ਵੀ ਮਹਿੰਦਰ ਵਾਂਗ 'ਐਸ' ਲਿਖ ਲੈਂਦਾ ਹੋਊ। ਸੋਚਦਾਂ, ਕਦੇ ਅਸ਼ੋਕ ਆਪ ਹੀ ਦਸ ਦੇਊ। ਹੁਣ ਤੱਕ 'ਨਾ ਤੂੰ ਪੁੱਛੀਆਂ ਤੇ ਨਾ ਮੈਂ ਦੱਸੀਆਂ' ਵਾਲੀ ਗੱਲ ਹੀ ਬਣੀ ਪਈ ਹੈ।

ਅਸ਼ੋਕ ਨੇ ਜਿਸ ਨਾਲ ਵੀ ਦੋਸਤੀ ਪਾਈ, ਪੂਰੀ ਤਰ੍ਹਾਂ ਨਿਭਾਈ ਹੈ। ਕੁਲਦੀਪ ਮਾਣਕ ਉਸ ਦਾ ਪੱਗ ਵੱਟ ਭਰਾ ਸੀ, ਮਿੱਤਰ ਸੀ, ਜਿਹਦੇ ਨਾਲ ਹੁਣ ਤੱਕ ਉਹਨੇ ਤੋੜ ਨਿਭਾਈ ਹੈ। ਮਾਣਕ ਭਾਵੇਂ ਚਲਾ ਗਿਆ ਪਰ ਅਸ਼ੋਕ ਉਹਦੇ ਪਿੱਛੋਂ ਵੀ ਉਹਦੇ ਪਰਿਵਾਰ ਦੀ ਪੂਰੀ ਮਦਦ ਕਰਦਾ ਹੈ। ਮਾਣਕ ਦੀ ਧੀ ਸ਼ਕਤੀ ਨੂੰ ਮਾਣਕ ਦੇ ਜਾਣ ਪਿੱਛੋਂ ਅਮਰੀਕਾ ਸੱਦ ਕੇ ਪੂਰੀ ਮਦਦ ਕੀਤੀ ਹੈ, ਉਸ ਨੇ ਮਾਣਕ ਦੇ ਬੋਲ ਪੁਗਾ ਦਿੱਤੇ, 'ਵਕਤ ਪਏ ਤੇ ਪਰਖੀ ਜਾਂਦੀ ਯਾਰੀ ਯਾਰਾਂ ਦੀ।' (ਗੀਤਕਾਰ ਬਾਕਲਮ ਖ਼ੁਦ ਹਰਦੇਵ ਦਿਲਗੀਰ-ਦੇਵ ਥਰੀਕੇ ਵਾਲਾ)।

ਅਸ਼ੋਕ ਨੇ ਪਿੰਡ ਭੌਰੇ ਤੋਂ ਉਠ ਕੇ ਅਮਰੀਕਾ ਦੇ ਵਾਈਟ ਹਾਊਸ ਨਾਲ ਸਾਂਝ ਪਾਈ ਹੈ। 'ਨਿਕਸਨ' ਤੇ 'ਓਬਾਮੇ' ਨਾਲ ਦਿਲ ਦੀ ਗੱਲ ਸਾਂਝੀ ਕਰ ਚੁੱਕਿਆ ਹੈ। ਇਹ ਅਸ਼ੋਕ ਭੌਰੇ ਦਾ ਹੀ ਹੌਸਲਾ ਹੈ ਜਿਹੜਾ ਨਿਧੜਕ ਹੋ ਕੇ ਕਿਸੇ ਵੱਡੇ ਮੁਲਕ ਦੇ ਰਾਸ਼ਟਰਪਤੀ ਭਵਨ ਦੀਆਂ ਦੇਹਲੀਆਂ ਟੱਪ ਸਕਦਾ ਹੈ। ਧਰਤੀ ਨੂੰ ਆਪਣੇ ਪੈਰਾਂ ਨਾਲ ਗਾਹ ਚੁੱਕਿਆ ਹੈ, ਅਜੇ ਵੀ ਚੱਲ ਸੋ ਚੱਲ ਹੈ।

ਅਸ਼ੋਕ ਨੇ ਗੀਤਕਾਰਾਂ, ਗਵੱਈਆਂ, ਰਾਗੀਆਂ, ਢਾਡੀਆਂ, ਕਵੀਸ਼ਰਾਂ ਬਾਰੇ ਬਹੁਤ ਕੁਝ ਲਿਖਿਆ ਹੈ। ਉਸ ਦੀਆਂ ਲਿਖਤਾਂ ਨੇ ਇਨ੍ਹਾਂ ਵਿਚੋਂ ਅੰਬਰ ਦੀ ਟੀਸੀ ਨੂੰ ਹੱਥ ਲੁਆ ਦਿੱਤਾ ਹੈ, ਜਿਹੜੇ ਕਦੇ ਵੀ ਅਸ਼ੋਕ ਨੂੰ ਆਪਣੀ ਜ਼ਿੰਦਗੀ 'ਚ ਨਾ ਭੁੱਲ ਸਕਦੇ ਹਨ ਤੇ ਨਾ ਹੀ ਅਸ਼ੋਕ ਦਾ ਦੇਣ ਦੇ ਸਕਦੇ ਹਨ। ਅਸ਼ੋਕ ਦੀਆਂ ਲਿਖਤਾਂ ਕਈ ਅਖਬਾਰਾਂ ਵਿਚ ਛਪਦੀਆਂ ਹਨ, ਖ਼ੁਸ਼ਵੰਤ ਸਿੰਘ ਦੇ ਕਾਲਮ 'ਨਾ ਕਾਹੂ ਸੇ ਵੈਰ ਵਾਂਗ'। ਕਦੇ ਅਮਰੀਕਾ ਵਿਚ ਟੀ ਵੀ 'ਤੇ ਕਿਸੇ ਦੀ ਇੰਟਰਵਿਊ ਕਰ ਰਿਹਾ ਹੁੰਦਾ ਹੈ ਤੇ ਕਦੇ ਉਥੇ ਬੈਠਾ ਉਥੋਂ ਦੇ ਰੇਡੀਓ ਲਈ ਪੰਜਾਬ ਬੈਠੇ ਕਿਸੇ ਨਾ ਕਿਸੇ ਲੇਖਕ, ਗਾਇਕ, ਗੀਤਕਾਰ, ਸਿਆਸਤਦਾਨ ਨਾਲ ਇੰਟਰਵਿਊ ਕਰ ਰਿਹਾ ਹੁੰਦਾ ਹੈ। ਇਹ ਕੰਮ ਬਸ ਭੌਰਾ ਹੀ ਕਰ ਸਕਦਾ ਹੈ। ਮੈਂ ਉਸ ਨੂੰ ਸ਼ਾਬਾਸ਼ ਦਿੰਦਿਆਂ ਕਹਿੰਦਾ ਹਾਂ, 'ਮਾਂ ਦਿਆ ਪੁੱਤਾ ਦੱਬੀ ਚਲ ਕੰਮ ਨੂੰ, ਤਾਂ ਜੋ ਪੰਜਾਬੀ ਮਾਂ ਬੋਲੀ ਦਾ ਕੁਝ ਸੰਵਰ ਜੇ। ਇਨ੍ਹਾਂ ਗਾਇਕਾਂ ਨੂੰ ਅਕਲ ਆ ਜਾਵੇ ਤੇ ਗੀਤਕਾਰ ਗੀਤਾਂ ਨੂੰ ਗੰਦ-ਮੰਦ 'ਚ ਲਬੇੜਨੋ ਹਟ ਜਾਣ।

ਬਹੁਤ ਸਾਰੇ ਗਾਇਕਾਂ ਨੇ ਭੌਰੇ ਦੇ ਗੀਤ ਗਾਏ ਹਨ। ਭੌਰੇ ਨੇ ਹੁਣ ਤੱਕ ਜੋ ਲਿਖਿਆ, ਲੋਕਾਂ ਨੇ ਸਿਰ ਮੱਥੇ ਕਬੂਲਿਆ। ਉਸ ਨੇ ਹੱਕ ਸੱਚ ਦੀ ਬਾਤ ਪਈ ਹੈ ਆਪਣੀਆਂ ਲਿਖਤਾਂ ਰਾਹੀਂ, ਪੰਜਾਬੀ ਮਾਂ ਬੋਲੀ 'ਚ ਕਿਤਾਬਾਂ ਦਾ ਛੱਜ ਭਰਕੇ ਭੇਟ ਕੀਤਾ ਹੈ। ਮੈਂ ਇਸ ਦੀ ਕਲਮ ਨੂੰ ਸਲਾਮ ਕਰਦਾ ਹਾਂ। ਉਸ ਦੀ ਕਲਮ ਸਦਾ ਸਲਾਮਤ ਰਹੇ, ਚੰਨ ਤਾਰਿਆਂ ਦੇ ਝੁਰਮਟ ਵਿਚ ਬਹਿ ਕੇ ਰਾਤਾਂ ਨੂੰ ਬਾਤਾਂ ਸੁਣਾਵੇ, ਦੁਨੀਆਂ ਤੇ ਵਸਦੇ ਪੰਜਾਬੀ ਇਹਦੀਆਂ ਬਾਤਾਂ ਦਾ ਹੁੰਗਾਰਾ ਭਰਦੇ ਰਹਿਣ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਟੁੱਟੀ ਪੀਂਘ ਦੇ ਹੁਲਾਰੇ

ਕਦੇ ਚਿੜੀਆਂ ਦੀ ਬਾਜਾਂ ਨਾਲ ਵੇਖੀ ਨਹੀਂ ਉਡਾਰੀ,
ਕਿੱਥੇ ਕੁੱਲੀਆਂ ਦੀ ਨਿਭਦੀ ਚੁਬਾਰਿਆਂ ਦੇ ਨਾਲ।
ਗੱਲ ਬੁੱਲ੍ਹੀਆਂ ਦੀ ਅੱਖਾਂ ਨਾਲ ਜਵਾਨੀ ਵਿਚ ਹੋਵੇ,
ਕੰਮ ਇਸ਼ਕੇ ਦਾ ਚੱਲਦਾ ਇਸ਼ਾਰਿਆਂ ਦੇ ਨਾਲ।
ਇਹ ਜਗ ਚੰਦਰਾ ਨ੍ਹੀਂ ਚੰਗਾ ਕਿਸੇ ਨੂੰ ਵੀ ਕਹਿੰਦਾ,
ਕਿੱਥੇ ਸਾਰਿਆਂ ਦੀ ਨਿਭਦੀ ਏ ਸਾਰਿਆਂ ਦੇ ਨਾਲ।
ਨਹੀਓਂ ਯਾਰਾਂ ਉਤੋਂ ਯਾਰ ਹੁਣ ਹੁੰਦੇ ਕੁਰਬਾਨ,
ਅੱਧੇ ਠਗੀ ਜਾਂਦੇ ਐਵੇਂ ਝੂਠੇ ਲਾਰਿਆਂ ਦੇ ਨਾਲ।
ਹੁਣ ਕੁੱਤਿਆਂ 'ਚ ਦੋਸਤੀ ਤੇ ਬੰਦਿਆਂ 'ਚ ਖਾਰਾਂ,
ਦੋਵੇਂ ਖਹੀ ਜਾਂਦੇ ਬਲਖ ਬੁਖਾਰਿਆਂ ਦੇ ਨਾਲ।
ਪੁੱਤ ਸੱਪਾਂ ਦੇ ਤਾਂ ਅੱਜਕੱਲ੍ਹ ਹੋਈ ਜਾਣ ਮਿੱਤ,
ਤੁਰੇ ਬੰਦੇ ਕਈ ਸਿਆਣੇ ਹੱਤਿਆਰਿਆਂ ਦੇ ਨਾਲ।
ਸੂਬ੍ਹਾ ਟੁੱਟਦੀ 'ਤੇ ਆਥਣੇ ਨੂੰ ਨਵੇਂ ਥਾਂ ਜਾ ਲੱਗੇ,
ਗੱਲਾਂ ਕਰਨ ਨਾ ਪ੍ਰੇਮੀ ਚੰਨ ਤਾਰਿਆਂ ਦੇ ਨਾਲ।
ਲੋਕ ਮਰੀ ਜਾਂਦੇ ਖਪੀ ਜਾਂਦੇ ਅੰਦਰੋਂ ਨੇ 'ਭੌਰੇ',
ਉਤੋਂ ਲੰਘੀ ਜਾਂਦੀ ਨਕਲੀ ਸਹਾਰਿਆਂ ਦੇ ਨਾਲ।

ਰਾਜਿੰਦਰ ਸਿੰਘ ਬੇਦੀ-4



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਬੇਦੀ ਦੇ ਲਤੀਫੇ: ਭਾਸ਼ਾ ਦੀ ਜਾਦੂਗਰੀ

*ਸਾਲ 2015 ਉਰਦੂ ਅਦਬ ਦੇ ਜ਼ਹੀਨ ਅਫਸਾਨਾਨਿਗਾਰ ਮਰਹੂਮ ਰਾਜਿੰਦਰ ਸਿੰਘ ਬੇਦੀ (1915-1984) ਦਾ ਸ਼ਤਾਬਦੀ ਸਾਲ ਹੈ। ਉਹ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵੀ ਸਨ ਅਤੇ 20ਵੀਂ ਸਦੀ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਉਰਦੂ ਲਿਖਾਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਇਸੇ ਨਾਂ ਹੇਠ ਹਿੰਦੀ ਵਿਚ ਫਿਲਮ ਬਣੀ ਜਦੋਂਕਿ ਇਸੇ ਨਾਵਲ ਉਤੇ ਪਾਕਿਸਤਾਨ ਵਿਚ 'ਮੁਠੀ ਭਰ ਚਾਵਲ' ਨਾਂ ਹੇਠ ਫਿਲਮ ਬਣੀ। ਉਨ੍ਹਾਂ ਦੀਆਂ ਕਈ ਕਹਾਣੀਆਂ ਉਪਰ ਵੀ ਫਿਲਮਾਂ ਬਣੀਆਂ। ਉਨ੍ਹਾਂ ਨੂੰ ਆਪਣੀਆਂ ਕਿਰਤਾਂ ਉਤੇ ਬਹੁਤ ਸਾਰੇ ਇਨਾਮ ਵੀ ਮਿਲੇ। ਸ. ਬੇਦੀ ਨੇ ਜਿਸ ਵੀ ਖੇਤਰ ਵਿਚ ਕੰਮ ਕੀਤਾ, ਬਾਕਮਾਲ ਕੀਤਾ। ਪ੍ਰੌਢ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲੋਕਯਾਨ ਦੇ ਨੱਕੜਦਾਦਾ ਦੇਵਿੰਦਰ ਸਥਿਆਰਥੀ ਬਾਰੇ ਇਕ ਲੰਮੀ ਲੇਖ ਲੜੀ ਇਨ੍ਹਾਂ ਕਾਲਮਾਂ ਵਿਚ ਹਾਲ ਹੀ ਵਿਚ ਛਾਪੀ ਗਈ ਸੀ, ਜਿਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਿਆ। ਭੁੱਲਰ ਸਾਹਿਬ ਨੇ ਆਪਣੀ ਇਸ ਲੇਖ ਲੜੀ ਵਿਚ ਮਰਹੂਮ ਸ. ਬੇਦੀ ਦੇ ਜੀਵਨ ਦੇ ਕੁਝ ਅਹਿਮ ਪਲ ਕਲਮਬੱਧ ਕੀਤੇ ਹਨ, ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*


ਬੇਦੀ ਜੀ ਬਾਰੇ ਲਿਖਿਆ ਜਾਵੇ ਤਾਂ ਉਨ੍ਹਾਂ ਦੇ ਲਤੀਫ਼ਿਆਂ ਦਾ ਜ਼ਿਕਰ ਨਾ ਹੋਵੇ, ਇਹ ਸੰਭਵ ਨਹੀਂ। ਜਿੰਨੀਆਂ ਉਨ੍ਹਾਂ ਦੀਆਂ ਕਹਾਣੀਆਂ ਅਤੇ ਫ਼ਿਲਮਾਂ ਮਸ਼ਹੂਰ ਹਨ, ਓਨੇ ਹੀ ਉਨ੍ਹਾਂ ਦੇ ਲਤੀਫ਼ੇ ਅਤੇ ਵਿਅੰਗ ਪ੍ਰਸਿੱਧ ਹਨ। ਉਨ੍ਹਾਂ ਦੇ ਬਹੁਤੇ ਲਤੀਫ਼ਿਆਂ ਵਿਚੋਂ ਤਾਂ ਨਾਲੋ-ਨਾਲ ਉਨ੍ਹਾਂ ਦੀ ਭਾਸ਼ਾ ਸਬੰਧੀ ਜਾਦੂਗਰੀ ਦੇ ਵੀ ਦਰਸ਼ਨ ਹੁੰਦੇ ਹਨ। ਪਹਿਲਾਂ ਮੈਨੂੰ ਇਕ ਅੱਖੀਂ ਦੇਖੀ ਘਟਨਾ ਚੇਤੇ ਆਉਂਦੀ ਹੈ। ਸੋਵੀਅਤ ਦੂਤਾਵਾਸ ਦੇ ਸੂਚਨਾ ਵਿਭਾਗ ਵਿਚ ਉਨ੍ਹਾਂ ਦਾ ਇਕ ਭਾਣਜਾ ਟਾਈਪਿਸਟ ਸੀ, ਰਵੀ। ਬੇਦੀ ਆਖਦੇ, "ਅਸਲ ਵਿਚ ਤਾਂ ਇਹਦੇ ਨਾਂ ਦਾ ਵਿਚਕਾਰਲਾ ਅੱਖਰ 'ਦਾਲ' ਹੈ, ਗਲਤੀ ਨਾਲ ਉਪਰ ਘੁੰਡੀ ਮੁੜ ਕੇ 'ਵਾਉ' ਬਣ ਗਈ।" ਉਰਦੂ ਜਾਣਨ ਵਾਲੇ ਸਮਝ ਸਕਦੇ ਹਨ ਕਿ ਜੇ 'ਰਵੀ' ਦੇ ਅੱਖਰ 'ਵਾਉ' ਦੀ ਥਾਂ ਅੱਖਰ 'ਦਾਲ' ਪਾ ਦਿੱਤਾ ਜਾਵੇ, ਤਾਂ 'ਰੱਦੀ' ਬਣ ਜਾਂਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਜੇ ਗੁਰਮੁਖੀ ਵਿਚ 'ਰਵੀ' ਦੇ 'ਵ' ਦੀ ਥਾਂ 'ਦ' ਪੈ ਜਾਵੇ।

ਚਿਤਰਕਾਰ ਜਸਵੰਤ ਸਿੰਘ ਦਾ ਕੱਦ ਬਹੁਤ ਹੀ ਛੋਟਾ ਸੀ। ਤੰਬੂ ਵਾਲੇ ਕਾਫ਼ੀ ਹਾਊਸ ਵਿਚ ਪਹਿਲਾਂ ਤੋਂ ਸਜੀ ਹੋਈ ਮਹਿਫ਼ਲ ਵਿਚ ਬੇਦੀ ਸਾਹਿਬ ਪਧਾਰੇ ਤਾਂ ਆਉਂਦਿਆਂ ਹੀ ਬੋਲੇ, "ਜਸਵੰਤ, ਸਭ ਕੁਰਸੀਆਂ ਉਤੇ ਬੈਠੇ ਨੇ, ਤੂੰ ਭੁੰਜੇ ਕਿਉਂ ਬੈਠਾ ਹੈਂ?" ਕੱਦ ਦਾ ਹੀ ਮਖੌਲ ਉਨ੍ਹਾਂ ਨੇ ਕਹਾਣੀਕਾਰ ਰਤਨ ਸਿੰਘ ਨਾਲ ਕੀਤਾ। ਜਿਨ੍ਹਾਂ ਨੇ ਰਤਨ ਸਿੰਘ ਨੂੰ ਦੇਖਿਆ ਹੈ, ਉਨ੍ਹਾਂ ਦੀ ਜੀਵਨ-ਸਾਥਣ ਵੀ ਜ਼ਰੂਰ ਦੇਖੀ ਹੋਵੇਗੀ, ਕਿਉਂਕਿ ਉਹ ਜਿਥੇ ਵੀ ਜਾਂਦੇ ਹਨ, ਸੱਚਮੁੱਚ 'ਸਾਥ-ਸਾਥ' ਜਾਂਦੇ ਹਨ। ਇਸ ਜੋੜੀ ਨੂੰ ਕੱਦ ਦੇਣ ਸਮੇਂ ਰੱਬ ਤੋਂ ਹਿਸਾਬ ਗਲਤ ਲੱਗ ਗਿਆ। ਭਾਵੇਂ ਦੋਵਾਂ ਦੇ ਕੱਦ ਮਿਲਾ ਕੇ ਤਾਂ ਠੀਕ ਇਕ ਪੁਰਸ਼ ਅਤੇ ਇਕ ਇਸਤਰੀ ਦੇ ਕੱਦਾਂ ਜਿੰਨੇ ਹੀ ਬਣਦੇ ਹਨ, ਪਰ ਰਤਨ ਸਿੰਘ ਜੇ ਕੁਝ ਘੱਟ ਲੰਮੇ ਰਹਿ ਜਾਂਦੇ, ਤਦ ਵੀ ਸਰ ਜਾਂਦਾ ਅਤੇ ਓਨਾ ਕੱਦ ਹੋਰ ਸ੍ਰੀਮਤੀ ਰਤਨ ਕੌਰ ਨੂੰ ਮਿਲ ਜਾਂਦਾ ਤਾਂ ਵਧੇਰੇ ਠੀਕ ਗੱਲ ਹੁੰਦੀ। ਬੇਦੀ ਸਾਹਿਬ ਨੇ ਸ੍ਰੀਮਤੀ ਰਤਨ ਕੌਰ ਨੂੰ ਦੇਖਿਆ ਤਾਂ ਝੱਟ ਬੋਲੇ, "ਅੱਜ ਪਤਾ ਲਗਿਆ ਹੈ, ਤੇਰੀ ਕਹਾਣੀ ਏਨੀ ਛੋਟੀ ਕਿਉਂ ਹੁੰਦੀ ਹੈ!"

ਤੇ ਫੇਰ ਕੁਝ ਪੰਜਾਬੀ ਲੇਖਕਾਂ ਦੇ ਨਹਿਲੇ ਉਤੇ ਉਨ੍ਹਾਂ ਦਾ ਦਹਿਲਾ। ਬੰਬਈ ਵਿਖੇ ਉਨ੍ਹਾਂ ਨਾਲ ਜਾ ਰਹੇ ਕੁਝ ਪੰਜਾਬੀ ਲੇਖਕਾਂ ਵਿਚੋਂ ਇਕ ਨੇ ਜਦੋਂ ਉਨ੍ਹਾਂ ਦੀ ਪੁਰਾਣੀ ਕਾਰ ਨੂੰ ਆਲੂ ਢੋਣ ਲਈ ਵਰਤਣ ਦੀ ਸਲਾਹ ਦਿੱਤੀ ਤਾਂ ਉਹ ਤੁਰਤ ਬੋਲੇ, "ਆਲੂ ਹੀ ਤਾਂ ਢੋ ਰਿਹਾ ਹਾਂ।"

ਇਹ ਪੰਜਾਬੀ ਲੇਖਕ ਤਾਂ ਭਲਾ ਕੀਹਦੇ ਬਿਚਾਰੇ ਸਨ, ਬੇਦੀ ਸਾਹਿਬ ਤਾਂ ਮੰਟੋ, ਜੋ ਆਪ ਭਾਸ਼ਾ ਦਾ ਮੰਨਿਆ ਹੋਇਆ ਕਲਾਕਾਰ ਅਤੇ ਕਲਾਬਾਜ਼ ਸੀ, ਵਰਗਿਆਂ ਦੇ ਕਾਬੂ ਨਹੀਂ ਸਨ ਆਉਂਦੇ। ਬੇਦੀ ਨੂੰ ਮਿਲਣ ਸਮੇਂ ਇਕ ਵਾਰ ਮੰਟੋ ਬੋਲਿਆ, "ਦਾੜ੍ਹੀ-ਕਟੇ ਸਰਦਾਰ, ਕੀ ਹਾਲ ਹੈ?" ਤੁਰਤ ਮਿਲਿਆ ਉਤਰ ਸੀ, "ਮੀਆਂ, ਮੇਰਾ ਹਾਲ ਪੁਛਦਾ ਹੈਂ ਕਿ ਪੂਰੀ ਸਿੱਖ ਕੌਮ ਦੀ ਬੇਇੱਜ਼ਤੀ ਕਰ ਰਿਹਾ ਹੈਂ!"

ਇਹ ਇਕ ਪ੍ਰਮਾਣਿਤ ਮਨੋਵਿਗਿਆਨਕ ਸੱਚ ਹੈ ਕਿ ਜੋ ਆਦਮੀ ਗੱਲ-ਗੱਲ ਵਿਚੋਂ ਹਾਸੇ-ਠੱਠੇ ਦੀ ਸਥਿਤੀ ਪੈਦਾ ਕਰਦਾ ਹੈ, ਉਹ ਇਸ ਹਾਸ-ਵਿਅੰਗ ਨੂੰ ਆਮ ਕਰਕੇ ਆਪਣਾ ਸਦੀਵੀ ਅੰਤਰੀਵ ਦਰਦ ਛੁਪਾਉਣ ਲਈ ਪਰਦੇ ਵਜੋਂ ਵਰਤਦਾ ਹੈ। ਸ਼ਾਇਦ ਉਹ ਸੋਚਦਾ ਹੈ ਕਿ ਜੇ ਗੱਲਬਾਤ ਦਾ ਮੂੰਹ ਟਿੱਚਰਬਾਜ਼ੀ ਵੱਲ ਨਾ ਮੋੜਿਆ ਗਿਆ, ਕਿਤੇ ਉਹ ਜੀਵਨ ਦੀ ਕਠੋਰ ਗੰਭੀਰਤਾ ਵੱਲ ਨਾ ਹੋ ਜਾਵੇ। ਸੰਸਾਰ ਪੱਧਰ ਉਤੇ ਇਹਦੀ ਇਕ ਮਿਸਾਲ ਚਾਰਲੀ ਚੈਪਲਿਨ ਸੀ ਜਿਸ ਨੇ ਪੀੜ-ਪਰੁੱਚਿਆ ਜੀਵਨ ਜੀਵਿਆ ਅਤੇ ਸਭ ਦੀਆਂ ਸਭ ਫ਼ਿਲਮਾਂ ਹਾਸੇ-ਠੱਠੇ ਨਾਲ ਛਲਕਦੀਆਂ ਬਣਾਈਆਂ। ਭਾਰਤ ਦੇ ਇਕ ਵੱਡੇ ਕਲਾਕਾਰ ਰਾਜ ਕਪੂਰ ਨੇ, ਜੋ ਚਾਰਲੀ ਚੈਪਲਿਨ ਤੋਂ ਬਹੁਤ ਪ੍ਰਭਾਵਿਤ ਸੀ, ਆਪਣੀ ਬੇਹੱਦ ਖ਼ੂਬਸੂਰਤ ਅਤੇ ਅਰਥਪੂਰਨ, ਪਰ ਟਿਕਟ-ਖਿੜਕੀ ਉਤੇ ਅਸਫਲ ਫ਼ਿਲਮ 'ਮੇਰਾ ਨਾਮ ਜੋਕਰ' ਤਾਂ ਬਣਾਈ ਹੀ ਇਸੇ ਵਿਸ਼ੇ ਨੂੰ ਲੈ ਕੇ ਸੀ। ਨਾਇਕ ਸਰਕਸ ਦਾ ਜੋਕਰ ਬਣਦਾ ਹੀ ਆਪਣੀ ਅੰਦਰਲੀ ਪੀੜ ਨੂੰ ਹਾਸੇ ਵਿਚ ਡੋਬ ਦੇਣ ਲਈ ਹੈ। ਬੇਦੀ ਜੀ ਨੇ ਜਿਸ ਪ੍ਰਕਾਰ ਦਾ ਜੀਵਨ ਜੀਵਿਆ ਜਾਂ ਕਹਿ ਲਵੋ ਕਿ ਜਿਸ ਪ੍ਰਕਾਰ ਦਾ ਜੀਵਨ ਉਨ੍ਹਾਂ ਨੂੰ ਜਿਉਣਾ ਪਿਆ, ਜਿਸ-ਜਿਸ ਕਿਸਮ ਦੇ ਵੇਲਣਿਆਂ ਵਰਗੇ ਕਸ਼ਟਾਂ ਵਿਚੋਂ ਉਨ੍ਹਾਂ ਨੂੰ ਲੰਘਣਾ ਪਿਆ, ਜਿਸ-ਜਿਸ ਪ੍ਰਕਾਰ ਦੇ ਪੱਛ ਉਨ੍ਹਾਂ ਨੂੰ ਦਿਲ ਉਤੇ ਸਹਿਣੇ ਪਏ, ਉਨ੍ਹਾਂ ਦਾ ਹਰ ਗੱਲ ਨੂੰ ਮਖੌਲ ਜਾਂ ਟਿੱਚਰ ਵਿਚ ਉਡਾ ਦੇਣਾ ਸੁਭਾਵਿਕ ਸੀ। ਤੇ ਇਸ ਗੁਣ ਵਿਚ ਉਹ ਏਨੇ ਤਾਕ ਹੋ ਗਏ ਸਨ ਕਿ ਉਨ੍ਹਾਂ ਨੂੰ ਕਿਸੇ ਵੀ ਗੱਲ, ਕਿਸੇ ਵੀ ਸਥਿਤੀ ਵਿਚ ਤਤਫੱਟ ਵਿਅੰਗ ਕਰਨ ਲਈ ਦਿਮਾਗ ਉਤੇ ਬੋਝ ਨਹੀਂ ਸੀ ਪਾਉਣਾ ਪੈਂਦਾ।



*ਰਾਜਿੰਦਰ ਸਿੰਘ ਬੇਦੀ*

ਉਨ੍ਹਾਂ ਦਾ ਇਹ ਕਥਨ ਤਾਂ ਬਹੁਤ ਮਸ਼ਹੂਰ ਹੋਇਆ ਜਿਥੇ ਉਹ ਆਖਦੇ ਹਨ, "ਮੈਨੂੰ ਕੋਈ ਧਾਰਮਿਕ-ਅਧਿਆਤਮਕ ਪੁਸਤਕਾਂ ਪੜ੍ਹਨ ਦੀ ਲੋੜ ਨਹੀਂ ਕਿਉਂਕਿ ਉਨ੍ਹਾਂ ਤੋਂ ਵਧੀਆ ਕਿਤਾਬਾਂ ਤਾਂ ਮੈਂ ਆਪ ਲਿਖ ਸਕਦਾ ਹਾਂ।" ਉਨ੍ਹਾਂ ਦਾ ਮੱਤ ਸੀ ਕਿ ਜੇ ਰੱਬ ਮਨੁੱਖ ਬਣਾਉਣ ਦੀ ਉਜਡਤਾ ਕਰਦਾ ਹੈ ਤਾਂ ਮੈਂ ਮਨੁੱਖ ਹੋ ਕੇ ਰੱਬ ਬਣਾਉਂਦੇ ਰਹਿਣ ਦੀ ਮੂਰਖਤਾ ਕਿਉਂ ਕਰਾਂ? ਇਸੇ ਵਿਚਾਰ-ਪਰਵਾਹ ਵਿਚ ਹੀ ਉਨ੍ਹਾਂ ਦੇ 'ਆਪਣੇ' ਧਰਮ, ਸਿੱਖੀ ਬਾਰੇ ਸਰਬ-ਗਿਆਤ ਘਟਨਾ ਆ ਜਾਂਦੀ ਹੈ। ਉਨ੍ਹਾਂ ਦੀਆਂ ਕੁਰਹਿਤਾਂ ਅਤੇ ਲਿਖਤਾਂ ਤੋਂ ਸਤੇ ਹੋਏ ਬੰਬਈ ਦੇ ਕੁਝ ਕਥਿਤ ਪਤਵੰਤੇ ਸਿੱਖਾਂ ਨੇ ਉਨ੍ਹਾਂ ਦੇ ਘਰ ਪੁੱਜ ਕੇ ਜਦੋਂ ਇਹ ਮਸਲਾ ਖੜ੍ਹਾ ਕੀਤਾ, ਉਨ੍ਹਾਂ ਨੇ ਸਹਿਜ ਭਾਵ ਨਾਲ ਪੁੱਛਿਆ, ਸਿੱਖ ਸਾਜੇ ਕੀਹਨੇ ਸਨ? ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲਏ ਜਾਣ ਉਤੇ ਉਨ੍ਹਾਂ ਨੇ ਉਨ੍ਹਾਂ ਦਾ ਜਾਤ-ਗੋਤ ਪੁੱਛਿਆ। ਬੇਦੀ ਦੱਸੇ ਜਾਣ ਉਤੇ ਉਨ੍ਹਾਂ ਨੇ ਮੁਸਕਰਾ ਕੇ ਸਭ ਨੂੰ ਨਿਰੁੱਤਰ ਕਰ ਦਿੱਤਾ, "ਮੇਰੇ ਤਾਂ ਨਾਂ ਨਾਲ ਹੀ ਬੇਦੀ ਲੱਗਿਆ ਹੋਇਆ ਹੈ। ਸਗੋਂ ਮੇਰਾ ਤਾਂ ਨਾਂ ਹੀ ਬੇਦੀ ਰਹਿ ਅਤੇ ਪੈ ਗਿਆ ਹੈ। ਸਿੱਖੀ ਸਾਡਾ ਬੇਦੀਆਂ ਦਾ ਘਰ ਦਾ ਮਾਮਲਾ ਹੈ, ਤੁਸੀਂ ਦਖ਼ਲ ਕਾਹਨੂੰ ਦਿੰਦੇ ਹੋ।"

ਇਸ ਗੱਲ ਦੀ ਤਾਂ ਮੈਨੂੰ ਕੋਈ ਸਿੱਧੀ ਜਾਣਕਾਰੀ ਨਹੀਂ ਕਿ ਖੱਬੀ ਰਾਜਨੀਤੀ ਨਾਲ ਉਨ੍ਹਾਂ ਦਾ ਅਸਲ ਵਿਚ ਕੀ ਰਿਸ਼ਤਾ ਸੀ, ਪਰ ਲਗਦਾ ਹੈ, ਸਮਾਜਵਾਦ ਦੇ ਬੋਲ-ਬਾਲੇ ਦੇ ਉਸ ਦੌਰ ਵਿਚ ਵੀ ਉਹ ਸਮਾਜਵਾਦ ਦੀ ਮਾਇਆ ਨੂੰ ਵੀ ਧਰਮ ਅਤੇ ਰੱਬ ਦੇ ਅਡੰਬਰਾਂ ਬਾਰੇ ਉਪਰੋਕਤ ਕਥਨਾਂ ਵਾਂਗ ਹੀ ਖ਼ੂਬ ਪਛਾਣਦੇ ਸਨ। ਸੋਵੀਅਤ ਦੂਤਾਵਾਸ ਦਾ ਸੂਚਨਾ ਵਿਭਾਗ, ਜਿਥੇ ਮੈਂ ਇਕ-ਚੁਥਾਈ ਸਦੀ ਨੌਕਰੀ ਕੀਤੀ, ਭਾਰਤ ਦੀਆਂ ਸਭ ਭਾਸ਼ਾਵਾਂ ਦੇ ਅੱਗੇ-ਵਧੂ ਲੇਖਕਾਂ ਦਾ ਇਸ਼ਟ-ਸਥਾਨ ਸੀ। ਦਿੱਲੀ ਆਏ ਹੋਏ ਵੱਡੇ ਵੱਡੇ ਲੇਖਕ ਵੀ ਉਥੇ ਹਾਜ਼ਰੀ ਭਰ ਕੇ ਅਤੇ ਰੂਸੀਆਂ ਦੇ ਦਰਸ਼ਨ-ਦੀਦਾਰ ਕਰ ਕੇ ਜ਼ਰੂਰ ਧੰਨ ਹੋਣਾ ਚਾਹੁੰਦੇ ਸਨ। ਪਰ ਮੈਂ ਬੇਦੀ ਨੂੰ ਉਥੇ ਆਏ ਤੇ ਜੇ ਆਏ ਵੀ ਹੋਣ ਤਾਂ ਰੂਸੀਆਂ ਨੂੰ ਮਿਲਣ ਲਈ ਆਏ ਕਦੀ ਨਹੀਂ ਸੀ ਦੇਖਿਆ, ਭਾਵੇਂ ਕਿ ਉਨ੍ਹਾਂ ਦੇ ਭਾਣਜੇ ਦਾ ਉਥੇ ਮੁਲਾਜ਼ਮ ਹੋਣਾ ਉਥੇ ਆਉਣ ਲਈ ਕਾਰਨ ਜਾਂ ਬਹਾਨਾ ਹੈ ਸੀ; ਜਿਵੇਂ ਰੂਸੀਆਂ ਨੂੰ, ਜਿਨ੍ਹਾਂ ਦੀ ਸਮਾਜਵਾਦੀ ਲੋਕ-ਸੇਵਾ ਨੂੰ ਅੱਧੀ ਦੁਨੀਆਂ ਪ੍ਰਸ਼ੰਸਾ ਦੀ ਨਜ਼ਰ ਨਾਲ ਦੇਖਦੀ ਸੀ, ਕਹਿ ਰਹੇ ਹੋਣ, "ਮੈਨੂੰ ਤੁਹਾਡੇ ਸਮਾਜਵਾਦ ਦੀ ਲੋੜ ਨਹੀਂ ਕਿਉਂਕਿ ਲੋਕਾਂ ਤੋਂ ਟੁੱਟੀ ਇਸ ਲੋਕ-ਸੇਵਾ ਤੋਂ ਵਧੀਆ ਲੋਕ-ਸੇਵਾ ਤਾਂ ਮੈਂ ਆਪਣੀਆਂ ਕਹਾਣੀਆਂ ਰਾਹੀਂ ਕਰ ਰਿਹਾ ਹਾਂ।" ਤੇ ਗੱਲ ਸੀ ਵੀ ਠੀਕ। ਉਨ੍ਹਾਂ ਦੀ ਸਮੁੱਚੀ ਰਚਨਾ ਸਮਾਜ ਵਲੋਂ ਮਨੁੱਖੀ ਜੀਵਨ ਦੀ ਸੜਕ ਤੋਂ ਵਗਾਹ ਕੇ ਫੁੱਟਪਾਥ ਉਤੇ ਸੁੱਟੇ ਗਏ ਦੱਬੇ-ਕੁਚਲੇ ਲੋਕਾਂ ਦੀ ਦਰਦ-ਕਹਾਣੀ ਹੈ।

ਉਂਜ ਕਹਾਣੀ 'ਤੇਈਆ ਤਾਪ' ਦੀ ਇਸ ਸੰਖੇਪ ਟਿੱਪਣੀ ਰਾਹੀਂ ਉਹ ਰਾਜਨੀਤਕ ਪਾਰਟੀਆਂ ਬਾਰੇ ਆਪਣਾ ਨਜ਼ਰੀਆ ਬਿਲਕੁਲ ਸਪੱਸ਼ਟ ਕਰ ਦਿੰਦੇ ਹਨ, "ਜੇ ਕੋਈ ਮੈਨੂੰ ਪੁੱਛੇ ਕਿ ਕਿਹੜੀ ਪਾਰਟੀ ਲੋਕਾਂ ਦੀ ਹਿਤੈਸ਼ੀ ਹੈ, ਤਾਂ ਮੈਂ ਉਸ ਤੋਂ ਪੁੱਛਾਂਗਾ ਕਿ ਸਾਹਮਣੀ ਕੰਧ ਉਤੇ ਬੈਠਾ ਕਾਂ ਨਰ ਹੈ ਕਿ ਮਦੀਨ?"

ਤੇ ਖੱਬੀ ਰਾਜਨੀਤੀ ਦਾ ਜ਼ਿੰਦਗੀ ਨਾਲੋਂ, ਲੋਕਾਂ ਨਾਲੋਂ ਟੁੱਟੀ ਹੋਈ ਹੋਣਾ ਉਹ ਕਹਾਣੀ 'ਆਲੂ' ਵਿਚ ਬੜੇ ਵਧੀਆ ਵਿਅੰਗਮਈ ਢੰਗ ਨਾਲ ਉਜਾਗਰ ਕਰਦੇ ਹਨ। ਲੱਖੀ ਸਿੰਘ ਅਤੇ ਉਹਦੇ ਸਾਥੀ ਸਰਕਾਰੀ ਨੌਕਰੀ ਕਰ ਲੈਣ ਵਾਲੇ ਤਿੰਨ ਵਿਆਹੁਣ-ਯੋਗ ਭੈਣਾਂ ਦੇ ਭਾਈ, ਬੁੱਢੇ ਤੇ ਬੀਮਾਰ ਮਾਂ-ਪਿਓ ਦੇ ਪੁੱਤਰ ਅਤੇ ਚਾਰ ਵਿਦਿਆਰਥੀ ਭਰਾਵਾਂ ਦੇ ਭਰਾ, ਕਾਮਰੇਡ ਬਖ਼ਸ਼ੀ ਨੂੰ ਪਿੱਛੇ-ਖਿੱਚੂ ਹੋ ਗਿਆ ਆਖ ਕੇ ਕੁਟਦੇ ਹਨ, ਉਹਦੀ ਕਮੀਜ਼ ਪਾੜ ਦਿੰਦੇ ਹਨ ਅਤੇ ਉਹਨੂੰ ਪਾਰਟੀ ਦੇ ਦਫ਼ਤਰੋਂ ਭਜਾ ਦਿੰਦੇ ਹਨ। ਖ਼ੁਦ ਭੁੱਖ ਨੂੰ ਦੂਰ ਰੱਖਣ ਲਈ ਲੱਖੀ ਸਿੰਘ ਆਲੂ ਸੁੱਟ ਕੇ ਆਏ ਰੇੜ੍ਹਿਆਂ ਦੇ ਫੱਟਿਆਂ ਦੀਆਂ ਵਿਰਲਾਂ ਵਿਚ ਫਸੇ ਆਲੂ ਚੁਰਾ ਕੇ ਘਰ ਲੈ ਆਉਂਦਾ ਹੈ। ਪਰ ਇਕ ਦਿਨ ਰੇੜ੍ਹਿਆਂ ਵਾਲੇ ਇਕ ਸਰਕਾਰੀ ਹੁਕਮ ਵਿਰੁਧ ਹੜਤਾਲ ਕਰ ਦਿੰਦੇ ਹਨ। ਉਹ ਖਾਲੀ ਹੱਥ ਘਰ ਪੁਜਦਾ ਹੈ ਤਾਂ ਉਹਦੀ ਪਤਨੀ ਬਸੰਤੋ ਕਰੋਧਿਤ ਹੋ ਕੇ ਪੁਛਦੀ ਹੈ ਕਿ ਉਹਨੇ ਹੜਤਾਲ ਦਾ ਡਟ ਕੇ ਵਿਰੋਧ ਕਿਉਂ ਨਾ ਕੀਤਾ ਅਤੇ ਉਹ ਆਪਣੇ ਭੁੱਖੇ ਬੱਚੇ ਨੂੰ ਵਿਲਕਦਾ ਦੇਖ ਕੇ ਲੱਖੀ ਸਿੰਘ ਸਮੇਤ ਹੜਤਾਲ ਕਰਵਾਉਣ ਵਾਲਿਆਂ ਦਾ ਅੱਗਾ-ਪਿੱਛਾ ਪੁਣਨ ਲਗਦੀ ਹੈ।

ਲੱਖੀ ਸਿੰਘ ਸੋਚਾਂ ਵਿਚ ਪੈ ਜਾਂਦਾ ਹੈ ਕਿ ਬਸੰਤੋ ਇਕ ਚੰਗੇ ਕਾਮਰੇਡ ਵਾਂਗ ਸਦਾ ਮੇਰਾ ਸਾਥ ਦਿੰਦੀ ਰਹੀ ਹੈ ਪਰ ਕੀ ਹੁਣ ਇਹ ਵੀ ਪਿੱਛੇ-ਖਿਚੂਆਂ ਦੀ ਢਾਣੀ ਵਿਚ ਜਾ ਰਲੀ ਹੈ? ਜਿਥੇ ਪਾਰਟੀ ਦੇ ਕੁਲਵਕਤੀਆਂ ਵਲੋਂ ਕਿਸੇ ਦੇ ਅੱਗੇ-ਵਧੂ ਜਾਂ ਪਿੱਛੇ-ਖਿਚੂ ਹੋਣ ਦਾ ਨਿਰਣਾ ਅਜਿਹੇ ਪੈਮਾਨਿਆਂ ਨਾਲ ਕੀਤਾ ਜਾਂਦਾ ਹੋਵੇ, ਉਥੇ ਬੇਦੀ ਦਾ ਕਾਂ ਦੇ ਨਰ ਜਾਂ ਮਦੀਨ ਹੋਣ ਦਾ ਸਵਾਲ ਪੂਰੀ ਤਰ੍ਹਾਂ ਪ੍ਰਸੰਗਕ ਹੋ ਜਾਂਦਾ ਹੈ।

# 'ਸ਼ਬਦਾਂ ਦਾ ਜਾਦੂਗਰ: ਅਸ਼ੋਕ ਭੌਰਾ' ਵਿਚੋਂ ਨਾਮੀ ਹਸਤੀਆਂ ਦੀਆਂ ਕੁਝ ਟਿੱਪਣੀਆਂ

ਭੌਰਾ ਕਿਤੇ ਨਾਵਲ ਲਿਖਣ ਲੱਗ ਜਾਵੇ,
ਉਸ ਦੇ ਸਾਰੇ ਨਾਵਲਾਂ 'ਤੇ ਫ਼ਿਲਮਾਂ ਬਣ ਜਾਣ।

***-ਸੰਤ ਸਿੰਘ ਸੇਖੋਂ***

ਅਸ਼ੋਕ ਪਿਛਲੇ ਲੰਬੇ ਅਰਸੇ ਤੋਂ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੇ ਸੱਭਿਆਚਾਰਕ ਜੀਵਨ ਨਾਲ ਜੁੜਿਆ ਰਿਹਾ ਹੈ। ਉਸ ਦੀਆਂ ਲਿਖਤਾਂ ਪੰਜਾਬੀ ਦੁਨੀਆਂ ਵਿਚ ਹਰ ਥਾਂ ਤੇ ਬੜੇ ਚਾਅ ਨਾਲ ਪੜੀਆਂ ਜਾਂਦੀਆਂ ਹਨ। ਮੈਨੂੰ ਖੁਸ਼ੀ ਤੇ ਸੰਤੁਸ਼ਟੀ ਹੈ ਕਿ ਉਸ ਨੇ ਸੱਭਿਆਚਾਰਕ ਜੀਵਨ ਅਤੇ ਵੱਖ ਵੱਖ ਪਹਿਲੂਆਂ ਤੇ ਲਗਾਤਾਰ ਲਿਖਿਆ ਹੈ ਤੇ ਉਹ ਗਾਇਕਾਂ ਬਾਰੇ ਵੀ ਲਿਖ ਕੇ ਸਮੇਂ-ਸਮੇਂ ਤੇ ਉਨ੍ਹਾਂ ਨੂੰ ਚੰਗੀ ਸੇਧ ਦਿੰਦਾ ਰਿਹਾ ਹੈ। ਮੈਨੂੰ ਮਾਣ ਹੈ ਕਿ ਉਹ ਅਜੀਤ ਦਾ ਢਾਈ ਦਹਾਕਿਆਂ ਤੱਕ ਲਗਾਤਾਰ ਕਾਲਮ ਨਵੀਸ ਅਤੇ ਲੇਖਕ ਰਿਹਾ ਹੈ। ਮੈਂ ਸਮਝਦਾ ਹਾਂ ਕਿ ਅਸ਼ੋਕ ਦੀ ਪੰਜਾਬੀ ਜ਼ੁਬਾਨ, ਬੋਲੀ ਅਤੇ ਸਾਹਿਤ ਸੱਭਿਆਚਾਰ ਲਈ ਵੱਡੀ ਦੇਣ ਹੈ।

***-ਡਾ. ਬਰਜਿੰਦਰ ਸਿੰਘ ਹਮਦਰਦ***

ਅਸ਼ੋਕ ਜਦੋਂ ਲਿਖਦਾ ਹੈ ਤਾਂ ਉਹਦੇ ਅੰਦਰ ਸ਼ਬਦ ਝਗੜਦੇ ਨੇ, ਮੈਨੂੰ ਬਾਹਰ ਕੱਢ, ਮੈਨੂੰ ਬਾਹਰ ਕੱਢ। ਉਹਦੀ ਹਰ ਲਿਖਤ ਮੁਕਲਾਵੇ ਦੀ ਰਾਤ ਵਰਗੀ ਹੁੰਦੀ ਹੈ।

***-ਜਗਦੇਵ ਸਿੰਘ ਜੱਸੋਵਾਲ***

ਭੌਰੇ ਦੇ ਰਚਨਾ-ਸੰਸਾਰ ਵਿਚ ਪੇਸ਼ ਵਿਸ਼ਿਆਂ ਦੀ ਵੰਨਗੀ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ 'ਭੌਰਾ ਕਿਸੇ ਇੱਕੋ ਫੁੱਲ 'ਤੇ ਮੰਡਰਾਉਣ ਵਾਲਾ ਇਕ-ਰਸਾ ਤੇ ਇਕ-ਮੁਖਾ ਆਸ਼ਕ-ਲੇਖਕ ਨਹੀਂ। ਪੂਰੀ ਸਾਹਿਤਕ-ਸਮਾਜਕ ਜ਼ਿੰਮੇਵਾਰੀ ਤੇ ਵਫ਼ਾਦਾਰੀ ਨਾਲ ਜੱਗ-ਜਹਾਨ ਦੇ 'ਫੁੱਲ ਫੁੱਲ 'ਤੇ ਭੌਰਿਆਂ ਵਾਂਗ ਫਿਰ ਕੇ ਉਨ੍ਹਾਂ ਦੀ ਵਾਸਨਾ ਸੁੰਘਣਾ-ਸੁੰਘਾਉਣਾ ਉਹਦਾ ਦਸਤੂਰ ਹੈ। ਉਹ ਵਾਹ ਲੱਗਦੀ ਬਲਦੀ ਧਰਤੀ ਦੇ ਹਰੇਕ ਤਪਦੇ ਕਣ ਨੂੰ ਆਪਣੇ ਹੰਝੂਆਂ ਦੀ ਵਾਛੜ ਨਾਲ ਠਾਰਨ ਦੇ ਯਤਨ ਵਿਚ ਹੈ। ਉਹਦਾ ਦਿਲ ਵੰਨ-ਸੁਵੰਨੇ ਲੋਕਾ, ਧਿਰਾਂ, ਰਿਸ਼ਤਿਆਂ ਤੇ ਜੀਵਾਂ ਨਾਲ ਮਿਲ ਕੇ ਧੜਕਦਾ ਹੈ। ਉਹਦੇ ਸ਼ਬਦਾਂ ਵਿਚ ਹਰੇਕ ਜਣੇ ਦੀ ਪੀੜ ਨਾਲ ਇਕਸੁਰ ਹੋ ਕੇ ਹੂੰਗਣ ਦੀ ਤੜਪ ਵਿਲਕਦੀ ਹੈ। ਸਗਲੀ ਧਰਤ ਉਹਦੀ ਆਪਣੀ ਹੈ ਤੇ ਧਰਤੀ ਦੇ ਧੀਆਂ-ਪੁੱਤਾਂ ਦੀਆਂ ਬਿਪਤਾਵਾਂ ਤੇ ਵਿਲਕਣੀਆਂ ਵੀ ਉਹਦੀਆਂ ਆਪਣੀਆਂ ਹਨ।

***-ਵਰਿਆਮ ਸਿੰਘ ਸੰਧੂ***

ਅਸ਼ੋਕ ਭੌਰਾ ਜਿਸ ਤਰ੍ਹਾਂ ਦੇ ਹਾਲਾਤ ਵਿਚੋਂ ਆਪਣੀ ਤੜਪ, ਆਪਣੀ ਮਿਹਨਤ ਅਤੇ ਆਪਣੀ ਸੰਵੇਦਨਾ ਨਾਲ ਉਠ ਕੇ ਇਕ ਪੱਤਰਕਾਰ ਤੇ ਲਿਖਾਰੀ ਬਣਿਆਂ, ਉਨ੍ਹਾਂ ਹਾਲਾਤ ਵਿਚ ਆਮ ਲੋਕ ਸਥਿਤੀ ਦੇ ਬੇਬਸ ਸ਼ਿਕਾਰ ਹੋ ਕੇ ਰਹਿ ਜਾਂਦੇ ਹਨ। ਉਸ ਦੀ ਘਾਲਣਾ ਅਤੇ ਸਫ਼ਲਤਾ ਕਿੰਨੇ ਲੋਕਾਂ ਲਈ ਪ੍ਰੇਰਨਾ ਸਰੋਤ ਬਣ ਸਕਦੀ ਹੈ, ਇਹ ਖਿਆਲ ਮੇਰੇ ਮਨ ਵਿਚ ਉਸ ਲਈ ਪਿਆਰ ਤੇ ਪ੍ਰਸ਼ੰਸਾ ਪੈਦਾ ਕਰਦਾ ਹੈ। ਮੈਂ ਚਾਹੁੰਦਾ ਹਾਂ ਕਿ ਉਸ ਦੀ ਕਹਾਣੀ ਦੀ ਇਹ ਲੋਅ ਦੂਰ ਤਕ ਜਾਵੇ।

***-ਸੁਰਜੀਤ ਪਾਤਰ***

ਪੰਜਾਬੀ ਸੱਭਿਆਚਾਰ ਦਾ ਇਕ ਮੁੱਖ ਕਾਲਮ-ਲੇਖਕ ਐਸ ਅਸ਼ੋਕ ਭੌਰਾ ਮੰਨ ਲਿਆ ਗਿਆ ਹੈ। ਉਹਦੇ ਕਾਲਮ ਦੇਸ ਪ੍ਰਦੇਸ ਦੀਆਂ ਅਖਬਾਰਾਂ ਵਿਚ ਛਪ ਕੇ ਅਣਗਿਣਤ ਪਾਠਕਾਂ ਤੱਕ ਪੁੱਜਦੇ ਹਨ ਤੇ ਹਰ ਪੜ੍ਹਨ ਵਾਲਾ ਉਨ੍ਹਾਂ ਦੀ ਵਡਿਆਈ ਕਰਦਾ ਹੈ। ਅਸ਼ੋਕ ਦੇ ਵਿਸ਼ਿਆਂ ਦੀ ਫੁਲਵਾੜੀ ਵਿਚ ਟਹਿਕਦੇ-ਮਹਿਕਦੇ ਫੁੱਲਾਂ ਦੀ ਸੁਗੰਧ ਤੇ ਰੰਗ ਦੀ ਵੰਨ੍ਹਗੀ ਹੈਰਾਨ ਕਰਨ ਵਾਲੀ ਹੈ। ਆਮ ਤੌਰ 'ਤੇ ਲੇਖਕ ਦੇ ਨਾਮ ਤੋਂ ਪਤਾ ਲਗਦਾ ਹੈ ਕਿ ਰਚਨਾ ਕਿਸ ਨੇ ਲਿਖੀ ਹੈ ਪਰ ਅਸ਼ੋਕ ਦੇ ਸ਼ਬਦਾਂ-ਅਲੰਕਾਰਾਂ ਵਿਚ ਜੋ ਜਾਦੂ ਹੈ, ਭਾਵੇਂ ਉਸ ਦੀ ਲਿਖਤ ਵਿਚ ਉਸ ਦਾ ਨਾਂ ਨਾ ਵੀ ਲਿਖਿਆ ਹੋਵੇ ਤਾਂ ਵੀ ਮੈਂ ਦੱਸ ਸਕਦਾ ਹਾਂ ਕਿ ਇਹ ਲਿਖਤ ਅਸ਼ੋਕ ਭੌਰੇ ਦੀ ਹੈ।

***-ਗੁਰਬਚਨ ਸਿੰਘ ਭੁੱਲਰ***

ਭੌਰਾ ਉਸ ਦਾ ਤਖ਼ੱਲਸੀ ਨਾਂ ਨਹੀਂ ਉਹਦੇ ਪਿੰਡ ਦਾ ਨਾਂ ਹੈ। ਨਾਂ ਭਾਵੇਂ ਪਿੰਡ ਦਾ ਹੈ ਪਰ ਅਸ਼ੋਕ ਹੈ ਸੱਚਮੁੱਚ ਹੀ ਭੌਰਾ। ਭਾਂਤ-ਸੁਭਾਂਤੇ ਫੁੱਲਾਂ-ਬਗੀਚਿਆਂ ਤੇ ਉਡਣ ਵਾਲਾ। ਜੰਗਲ-ਬੇਲਿਆਂ ਤੇ ਫੁੱਲਾਂ-ਕਲੀਆਂ ਤੇ ਮੰਡਰਾਉਣ ਵਾਲਾ। ਰੰਗ ਮਾਣਣ, ਮਹਿਕਾਂ ਸੁੰਘਣ, ਰਸ ਲੈਣ ਤੇ ਪਾਠਕਾਂ ਨੂੰ ਰਸ ਪਾਨ ਕਰਾਉਣ ਵਾਲਾ। ਉਹਦੀਆਂ ਉਡਾਰੀਆਂ ਦਾ ਵੀ ਲੇਖਾ ਨਹੀਂ। ਮੂੰਹ ਚ ਬੱਤੀ ਦੰਦ ਹੁੰਦੇ ਹਨ। ਉਹ ਦੁਨੀਆਂ ਦੀਆਂ ਬੱਤੀ ਫੇਰੀਆਂ 'ਚ ਤੇਤੀ ਮੁਲਕਾਂ ਦੀਆਂ ਉਡਾਰੀਆਂ ਮਾਰ ਚੁੱਕੈ।

***-ਸਰਵਣ ਸਿੰਘ***

ਪਿਛਲੇ ਤੀਹਾਂ ਸਾਲਾਂ ਦੇ ਪੰਜਾਬੀ ਅਖਬਾਰਾਂ, ਰਸਾਲਿਆਂ, ਟੈਲੀਵੀਜ਼ਨ ਅਤੇ ਰੇਡੀਓ ਪ੍ਰੋਗਰਾਮਾਂ ਦਾ ਮੁਲਾਂਕਣ ਕਿਸੇ ਨਿਰਪੱਖ ਏਜੰਸੀ ਤੋਂ ਕਰਵਾ ਕੇ ਵੇਖ ਲਵੋ, ਸਭ ਤੋਂ ਵੱਧ ਤੇ ਵਧੀਆ ਲਿਖਤਾਂ ਅਤੇ ਸਾਹਿਤ ਦੇ ਹਰ ਖੇਤਰ ਲਈ ਦੇਣ ਅਸ਼ੋਕ ਭੌਰੇ ਦੀ ਹੀ ਮਿਲੇਗੀ।

***-ਢਾਡੀ ਤਰਲੋਚਨ ਸਿੰਘ ਭੁਮੱਦੀ***

ਪੰਜਾਬੀ ਲੇਖਕਾਂ ਵਿਚ ਐਸ ਅਸ਼ੋਕ ਭੌਰਾ ਸਤਿਕਾਰਤ ਨਾਂ ਹੈ ਤੇ ਇਹ ਸੱਚ ਹੈ ਕਿ ਇਹ ਨਾਂ, ਉਸ ਨੇ ਆਪਣੀ ਮਿਹਨਤ ਤੇ ਲਗਨ ਨਾਲ ਪੈਦਾ ਕੀਤਾ ਹੈ। ਮਿਹਨਤ ਅਤੇ ਲਗਨ ਦਾ ਹੀ ਦੂਜਾ ਨਾਂ ਹੈ, ਅਸ਼ੋਕ ਭੌਰਾ!

***-ਇਕਬਾਲ ਮਾਹਲ***

ਹਰ ਇਮਾਨਦਾਰ ਪੰਜਾਬੀ ਵਾਂਗ ਭੌਰਾ ਪੰਜਾਬ ਪ੍ਰਤੀ ਚਿੰਤਤ ਹੈ ਅਤੇ ਉਸ ਦੀ ਸਲਾਮਤੀ ਲਈ ਦਿਨ ਰਾਤ ਢੋਲ ਕੁੱਟਦਾ ਤੇ ਜਾਗਦੇ ਰਹੋ ਦੇ ਹੋਕਰੇ ਮਾਰਦਾ ਰਹਿੰਦਾ ਹੈ। ਤਾਪ ਪੰਜਾਬ ਨੂੰ ਚੜ੍ਹਦਾ ਹੈ, ਹੂੰਗਰਾਂ ਭੌਰਾ ਮਾਰਦਾ ਹੈ।

***-ਜੱਗੀ ਕੁੱਸਾ***

ਪੰਜਾਬੀ ਗਾਇਕਾਂ ਨੂੰ ਭੌਰੇ ਨੇ ਆਪਣੀ ਕਲਮ ਨਾਲ ਸਦਾ ਵਾਸਤੇ ਜੀਵੰਤ ਕਰ ਦਿਤਾ ਹੈ। ਉਨ੍ਹਾਂ ਨੂੰ ਉਸ ਦੇ ਰਿਣੀ ਹੋਣਾ ਚਾਹੀਦੈ ਕਿਉਂਕਿ ਗਾਇਕਾਂ ਨੂੰ 'ਕੰਜਰ ਕਿੱਤੇ' ਵਾਲੇ ਕਿਹਾ ਜਾਂਦਾ ਸੀ, ਉਨ੍ਹਾਂ ਬਾਰੇ ਲਿਖਣਾ ਜੋਖਮ ਭਰਿਆ ਕੰਮ ਸੀ"

***-ਨਿੰਦਰ ਘੁਗਿਆਣਵੀ***

ਭੌਰੇ ਨੇ ਕਲਾਕਾਰਾਂ ਨਾਲ ਯਾਰੀ ਪੁਗਾਉਣ ਖਾਤਰ ਛੋਟੀ ਗੱਲ ਨੂੰ ਵੱਡੀ ਜਾਂ ਵੱਡੀ ਨੂੰ ਛੋਟੀ ਕਰ ਕੇ ਪੇਸ਼ ਨਹੀਂ ਕੀਤਾ। ਉਸ ਦੀਆਂ ਲਿਖਤਾਂ ਵਿਚੋਂ ਸੱਚ ਝਲਕਦਾ ਹੈ। ਸੱਚ ਦਾ ਪੱਲਾ ਉਹ ਇਸੇ ਤਰ੍ਹਾਂ ਫੜੀ ਰੱਖੇ, ਮੇਰੀ ਇਹੀ ਤਮੰਨਾ ਹੈ।

***-ਪੰਮੀ ਬਾਈ***

ਜਿਸ ਤਰ੍ਹਾਂ ਲੱਖਾਂ ਫੁੱਲਾਂ ਦੀ ਸੁਗੰਧੀ ਲੈਂਦਾ ਭੌਰਾ ਫੁੱਲਾਂ ਉਤੇ ਮੰਡਰਾਉਂਦਾ ਰਹਿੰਦਾ ਹੈ, ਉਸੇ ਤਰ੍ਹਾਂ ਅਸ਼ੋਕ ਭੌਰਾ ਵੀ ਪੰਜਾਬੀ ਸਾਹਿਤ ਦੇ ਵੱਖ ਵੱਖ ਸਾਹਿਤ ਰੂਪਾਂ ਦਾ ਭੰਵਰਾ ਹੈ। ਭੌਰੇ ਦਾ ਜਾਦੂ ਪਾਠਕਾਂ ਦੇ ਸਿਰ ਚੜ੍ਹ ਕੇ ਬੋਲਦਾ ਹੈ।

***-ਸਤਿੰਦਰਪਾਲ ਸਿਧਵਾਂ***

# ਪੱਛਮ 'ਚ ਸਮਾਜਵਾਦੀ ਸਿਆਸਤ ਦੀ ਵਾਪਸੀ


***ਪੰਜਾਬੀ ਪਿਛੋਕੜ ਵਾਲੇ ਪ੍ਰੋਫੈਸਰ ਪ੍ਰੀਤਮ ਸਿੰਘ ਯੂ.ਕੇ. ਦੀ ਆਕਸਫੋਰਡ ਬਰੁੱਕਸ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦਾ ਪ੍ਰੋਫ਼ੈਸਰ ਹੈ। ਉਸ ਵੱਲੋਂ ਗਾਹੇ-ਬਗਾਹੇ ਆਰਥਿਕਤਾ ਅਤੇ ਸਿਆਸਤ ਬਾਰੇ ਕੀਤੀਆਂ ਕਈ ਟਿੱਪਣੀਆਂ ਨੇ ਸਭ ਦਾ ਧਿਆਨ ਖਿੱਚਿਆ ਹੈ। ਇਸ ਲੇਖ ਵਿਚ ਉਹਨੇ ਅਮਰੀਕਾ, ਕੈਨੇਡਾ ਅਤੇ ਯੂ.ਕੇ. ਦੀ ਸਿਆਸਤ ਵਿਚ ਉਭਰੇ ਖੱਬੇ-ਪੱਖੀ ਰੁਝਾਨ ਦੀ ਪੁਣ-ਛਾਣ ਕਰਦਿਆਂ ਇਸ ਦੇ ਪਿਛੋਕੜ ਬਾਰੇ ਵਿਚਾਰ-ਚਰਚਾ ਕੀਤੀ ਹੈ। ਸੰਸਾਰ ਪੱਧਰ 'ਤੇ ਫੈਲੇ ਮੰਦਵਾੜੇ ਦੇ ਪ੍ਰਸੰਗ ਵਿਚ ਇਨ੍ਹਾਂ ਟਿੱਪਣੀਆਂ ਦੀ ਬੜੀ ਅਹਿਮੀਅਤ ਬਣਦੀ ਹੈ।***




**ਪ੍ਰੋ. ਪ੍ਰੀਤਮ ਸਿੰਘ**

ਯੂ.ਕੇ. ਦੀ ਲੇਬਰ ਪਾਰਟੀ ਦੀ ਲੀਡਰਸ਼ਿਪ ਲਈ ਚੋਣ ਵਿਚ ਸਮਾਜਵਾਦੀ ਆਗੂ ਜੈਰੇਮੀ ਕੋਰਬਿਨ ਦੀ ਸਨਸਨੀਖੇਜ਼ ਜਿੱਤ, ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਦੀ ਨਾਮਜ਼ਦਗੀ ਵਾਸਤੇ ਦੌੜ ਵਿਚ ਹਿਲੇਰੀ ਕਲਿੰਟਨ ਨੂੰ ਸਮਾਜਵਾਦੀ ਆਗੂ ਬਰਨੀ ਸੈਂਡਰਜ਼ ਵੱਲੋਂ ਭਰਵੀਂ ਟੱਕਰ ਅਤੇ ਕੈਨੇਡਾ ਵਿਚ ਅਕਤੂਬਰ ਮਹੀਨੇ ਹੋਣ ਵਾਲੀਆਂ ਆਮ ਚੋਣਾਂ ਲਈ ਸਰਵੇਖਣਾਂ ਵਿਚ ਖੱਬੇ-ਪੱਖੀ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦਾ ਅੱਗੇ ਹੋਣਾ ਉਹ ਘਟਨਾਕ੍ਰਮ ਹੈ ਜੋ ਸੱਜੇ-ਪੱਖੀ ਆਰਥਿਕ ਨੀਤੀਆਂ ਖ਼ਿਲਾਫ਼ ਰੋਹ ਅਤੇ ਪ੍ਰਗਤੀਸ਼ੀਲ ਸਿਆਸੀ ਲਹਿਰ ਦੇ ਉਭਾਰ ਦਾ ਸੂਚਕ ਹੈ। ਇਨ੍ਹਾਂ ਸਾਰੇ ਮੁਲਕਾਂ ਵਿਚ ਪਿਛਲੇ ਇੱਕ ਦਹਾਕੇ ਤੋਂ ਪੂੰਜੀਵਾਦੀ ਅਰਥਚਾਰਿਆਂ ਦਾ ਜ਼ੋਰ ਸੀ। ਜਿਵੇਂ ਜਿਵੇਂ ਆਰਥਿਕ ਮੰਦੀ ਇਨ੍ਹਾਂ ਅਰਥਚਾਰਿਆਂ ਉਤੇ ਭਾਰੂ ਹੁੰਦੀ ਗਈ, ਇਹ ਮੁਲਕ ਸਾਦਗੀ ਤੇ ਸਰਫ਼ੇ ਦੇ ਨਾਂ 'ਤੇ ਕਲਿਆਣਕਾਰੀ ਕਦਮਾਂ ਤੋਂ ਹੱਥ ਖਿੱਚਣ ਲੱਗੇ। ਲਿਹਾਜ਼ਾ, ਇਨ੍ਹਾਂ ਨੀਤੀਆਂ ਖ਼ਿਲਾਫ਼ ਲੋਕ ਰੋਹ ਭਖਣਾ ਸੁਭਾਵਿਕ ਸੀ। ਹੈਰਾਨੀ ਦੀ ਗੱਲ ਸੀ ਕਿ ਪੂੰਜੀਵਾਦੀ ਮੁਲਕਾਂ ਵਿਚ 2008 ਤੋਂ ਸ਼ੁਰੂ ਹੋਏ ਗੰਭੀਰ ਆਰਥਿਕ ਸੰਕਟ ਦੇ ਬਾਵਜੂਦ ਸਮੂਹਿਕ ਲੋਕ ਵਿਦਰੋਹ ਅਜੇ ਤਕ ਸਾਹਮਣੇ ਨਹੀਂ ਸੀ ਆਇਆ। 1929 ਦੇ ਘੋਰ ਆਰਥਿਕ ਮੰਦੇ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਪੂੰਜੀਵਾਦੀ ਅਰਥਚਾਰੇ ਨੂੰ ਭਾਰੀ ਸੰਕਟ ਨਾਲ ਜੂਝਣਾ ਪੈ ਰਿਹਾ ਹੈ ਅਤੇ ਇਸ ਵਿਚੋਂ ਉਭਰਨ ਦਾ ਅਜੇ ਤਕ ਕੋਈ ਵਸੀਲਾ ਜਾਂ ਉਪਾਅ ਨਜ਼ਰ ਨਹੀਂ ਆ ਰਿਹਾ। ਹੁਣ ਲੋਕ ਰੋਹ ਦੀ ਅਦ੍ਰਿਸ਼ਤਾ ਵਾਲੀ ਗੁੱਥੀ ਸੁਲਝਣ ਲੱਗੀ ਹੈ ਅਤੇ ਸਮਾਜਵਾਦੀ ਸਿਆਸਤਦਾਨਾਂ ਦੀ ਮਕਬੂਲੀਅਤ ਨੂੰ ਮਿਲਿਆ ਅਚਨਚੇਤੀ ਹੁਲਾਰਾ ਦੱਸਦਾ ਹੈ ਕਿ ਲੋਕ ਭਾਵਨਾਵਾਂ ਦੀ ਟੇਕ ਹੁਣ ਕਿਸ ਉਤੇ ਹੈ।

ਨਵ-ਉਦਾਰਵਾਦ ਦੀ ਖੁੱਲ੍ਹੀ ਮੰਡੀ ਵਾਲੀ ਆਰਥਿਕਤਾ ਦੇ ਅੱਛੇ ਦਿਨ 1990ਵਿਆਂ ਵਿਚ ਰੂਸ ਤੇ ਪੂਰਬੀ ਯੂਰਪ ਵਿਚ ਸੋਵੀਅਤ ਸ਼ੈਲੀ ਦੇ 'ਸਮਾਜਵਾਦੀ' ਅਰਥਚਾਰਿਆਂ ਦੇ ਢਹਿ-ਢੇਰੀ ਹੋਣ ਨਾਲ ਸ਼ੁਰੂ ਹੋਏ ਸਨ। ਫਰਾਂਸਿਸ ਫੁਕੂਯਾਮਾ ਵੱਲੋਂ 1992 ਵਿਚ ਛੱਡਿਆ ਸਿਆਸੀ ਸ਼ਗੂਫ਼ਾ ਕਿ 'ਸਮਾਜਵਾਦੀ ਇਤਿਹਾਸ ਦਾ ਅੰਤ ਹੋਣ ਵਾਲਾ ਹੈ' ਨਵ-ਉਦਾਰਵਾਦ ਦੀ ਬੱਕਰੇ ਬੁਲਾਉਣ ਵਾਲੀ ਮਾਨਸਿਕਤਾ ਦਾ ਸਿਖ਼ਰ ਸੀ। ਅਰਥਚਾਰੇ ਵਿਚ 'ਡਾਲਰ', ਸਿਆਸਤ ਵਿਚ 'ਵੋਟ' ਅਤੇ ਸਮਾਜ ਵਿਚ 'ਬੰਦੇ' ਨੂੰ ਆਧੁਨਿਕ ਜੀਵਨ ਦੇ ਨਵੇਂ ਪੈਰਾਡਾਈਮ ਵਜੋਂ ਪੇਸ਼ ਕੀਤਾ ਗਿਆ ਸੀ; ਪਰ 'ਇਤਿਹਾਸ ਦਾ ਅੰਤ' ਵਾਲੇ ਜਿੱਤਵਾਦ ਦੀ ਸ਼ਿਕਸਤ ਪੂੰਜੀਵਾਦ ਨੂੰ ਦਰਪੇਸ਼ 2008 ਦੇ ਵਿੱਤੀ ਸੰਕਟ ਨਾਲ ਸ਼ੁਰੂ ਹੋਈ। ਇਸ ਨੇ ਨਾਲ ਹੀ ਖ਼ੁਰਾਕੀ ਸੰਕਟ ਅਤੇ ਊਰਜਾ ਸੰਕਟ ਪੈਦਾ ਕਰ ਦਿੱਤਾ। ਉਦੋਂ ਇਹ ਜਾਪਿਆ ਕਿ ਨਵ-ਉਦਾਰਵਾਦ ਪੈਰ ਪਿਛਾਂਹ ਖਿੱਚ ਰਿਹਾ ਹੈ, ਪਰ ਇਹ ਜਲਦ ਹੀ ਸਾਦਗੀ ਤੇ ਸਰਫ਼ੇ ਦੇ ਸਿਆਸੀ-ਆਰਥਿਕ ਪ੍ਰੋਗਰਾਮ ਦੇ ਰੂਪ ਵਿਚ ਮੁੜ ਪਿੜ ਵਿਚ ਆ ਗਿਆ। ਸਰਫ਼ੇ ਦੇ ਸਿਧਾਂਤ ਜਿਸ ਤਹਿਤ ਸਰਕਾਰੀ ਖ਼ਰਚੇ ਵਿਚ ਭਾਰੀ ਕਮੀ ਕੀਤੀ ਜਾਂਦੀ ਹੈ, ਦਾ ਸਿੱਧਾ ਨੁਕਸਾਨ ਸਮਾਜ ਦੇ ਨਿਤਾਣੇ ਵਰਗਾਂ ਨੂੰ ਹੁੰਦਾ ਹੈ। ਉਨ੍ਹਾਂ ਨੂੰ ਸਰਕਾਰਾਂ ਵੱਲੋਂ ਦਿੱਤੇ ਜਾਣ ਵਾਲੇ ਕਲਿਆਣਕਾਰੀ ਲਾਭਾਂ ਵਿਚ ਝੱਟ ਕਟੌਤੀ ਕਰ ਦਿੱਤੀ ਜਾਂਦੀ ਹੈ। ਇਸ ਵਾਰ ਵੀ ਸਾਰੇ ਸਰਫ਼ਾਕਾਰੀ ਕਦਮਾਂ ਦਾ ਬੋਝ ਸਮਾਜ ਦੇ ਗ਼ੈਰ ਰੱਜੇ-ਪੁੱਜੇ ਵਰਗਾਂ ਉਤੇ ਪਾਇਆ ਗਿਆ ਜਦੋਂ ਕਿ ਬੈਂਕਰਾਂ ਤੇ ਸੱਟੇਬਾਜ਼ਾਂ ਜਿਨ੍ਹਾਂ ਕਾਰਨ ਵਿੱਤੀ ਸੰਕਟ ਪੈਦਾ ਹੋਇਆ, ਨੂੰ ਮਾਲੀ ਇਮਦਾਦ ਦੇ ਕੇ ਉਨ੍ਹਾਂ ਦਾ ਸੰਕਟ-ਨਿਵਾਰਨ ਕਰ ਦਿੱਤਾ ਗਿਆ। ਜਿਨ੍ਹਾਂ ਦੀਆਂ ਨੌਕਰੀਆਂ, ਘਰ ਅਤੇ ਹੋਰ ਇਮਦਾਦੀ ਸਹੂਲਤਾਂ ਸਰਫ਼ਾਕਾਰੀ ਮੁਹਿੰਮ ਦੀ ਭੇਟ ਚੜ੍ਹ ਗਈਆਂ, ਉਹ ਹੁਣ ਖੁੱਲ੍ਹ ਕੇ ਭੜਾਸ ਕੱਢ ਰਹੇ ਹਨ ਅਤੇ ਉਨ੍ਹਾਂ ਸਮਾਜਵਾਦੀ ਸਿਆਸਤਦਾਨਾਂ ਦੀ ਹਮਾਇਤ ਕਰ ਰਹੇ ਹਨ ਜਿਹੜੇ ਪਹਿਲਾਂ ਪੂੰਜੀਵਾਦੀ ਪ੍ਰਬੰਧ ਅਤੇ ਫਿਰ ਸਰਫ਼ਾਕਾਰੀ ਕਦਮਾਂ ਸਦਕਾ ਪੈਦਾ ਹੋਈਆਂ ਨਾਬਰਾਬਰੀਆਂ ਦਾ ਵਿਰੋਧ ਕਰਦੇ ਆਏ ਸਨ।



ਜੈਰੇਮੀ ਕੋਰਬਿਨ



ਬਰਨੀ ਸੈਂਡਰਜ਼



ਟੌਮਸ ਮਲਕੇਅਰ

ਨਵ-ਉਦਾਰਵਾਦੀ ਆਰਥਿਕ ਸਿਧਾਂਤ ਨੇ 1990ਵਿਆਂ ਵਿਚ ਵਿਚਾਰਧਾਰਕ ਜਿੱਤ ਪ੍ਰਾਪਤ ਕੀਤੀ ਸੀ। ਇਸ ਜਿੱਤ ਸਦਕਾ ਟੋਨੀ ਬਲੇਅਰ ਤੇ ਬਿਲ ਕਲਿੰਟਨ ਵਰਗੇ ਸਿਆਸਤਦਾਨਾਂ ਦੀ ਨਵੀਂ 'ਨਸਲ' ਬੁਲੰਦ ਹੋਈ ਸੀ ਜਿਸ ਨੇ 'ਤੀਜੀ ਕਿਸਮ' ਦੀ ਸਿਆਸੀ ਬ੍ਰਾਂਡ ਲਾਂਚ ਕੀਤੀ ਸੀ। ਸਿਆਸਤ ਦੀ ਇਸ ਬਰਾਂਡ ਦਾ ਮਨੋਰਥ ਸੀ ਅਗਾਂਹਵਧੂ ਰਾਜਨੀਤੀ ਨੂੰ ਵੱਡੇ ਕਾਰੋਬਾਰੀਆਂ ਅੱਗੇ ਸਮਰਪਣ ਦੇ ਰਾਹ ਪਾਉਣਾ। ਇਸ 'ਤੀਜੇ ਰਾਹ' ਦੀ ਸਿਆਸਤ ਦੀ ਦਲੀਲ ਸੀ ਕਿ ਆਲਮੀਕਰਨ ਦੇ ਯੁੱਗ ਵਿਚ 'ਕੋਈ ਹੋਰ ਬਦਲ ਨਾ ਹੋਣ' ਦੇ ਤੱਤ ਅਤੇ ਸੱਚ ਨੂੰ ਪ੍ਰਵਾਨਿਤ ਕੀਤਾ ਜਾਣਾ ਚਾਹੀਦਾ ਹੈ; ਭਾਵ ਮੰਡੀ ਦੀ ਸਰਦਾਰੀ ਮੰਨ ਕੇ, ਮੱਧ ਵਰਗ ਦੀਆਂ ਇੱਛਾਵਾਂ ਤੇ ਉਮਾਹਾਂ ਨੂੰ ਕੁਝ ਪੱਠੇ ਪਾ ਕੇ, ਤੇ ਟਰੇਡ ਯੂਨੀਅਨਾਂ ਦੇ ਹੱਕਾਂ, ਆਰਥਿਕ ਸਰਗਰਮੀਆਂ ਉਪਰ ਜਨਤਕ ਮਲਕੀਅਤ ਤੇ ਸਰਕਾਰ ਦੀ ਭੂਮਿਕਾ ਨੂੰ ਕਮਜ਼ੋਰ ਬਣਾ ਕੇ ਮੰਡੀ ਦੀ ਪ੍ਰਧਾਨਤਾ ਕਬੂਲੀ ਜਾਣੀ ਚਾਹੀਦੀ ਹੈ।

ਤੱਤ ਤੇ ਸੱਚ ਦੀ ਸਿਆਸਤ ਦੀ ਥਾਂ ਅੰਦਾਜ਼ ਤੇ ਪੇਸ਼ਕਾਰੀ ਦੀ ਸਿਆਸਤ ਹਰ ਪਾਸੇ ਭਾਰੂ ਹੋਣੀ ਸ਼ੁਰੂ ਹੋ ਗਈ। ਹਰ ਗੱਲ ਘੁਮਾਅ ਕੇ ਕਰਨੀ ਅਤੇ ਤੱਥਾਂ ਤੇ ਸਿਧਾਂਤਾਂ ਨੂੰ 'ਘੁਮਾਉਣ' ਦੀ ਕਲਾ ਨੂੰ ਸਲਾਮਾਂ ਹੋਣ ਲੱਗੀਆਂ। ਅਜਿਹੀ ਸਿਆਸਤ ਬਹੁਤ ਸਮਾਂ ਨਹੀਂ ਚੱਲਦੀ। ਇੱਕ ਸਮਾਂ ਆ ਜਾਂਦਾ ਹੈ ਜਦੋਂ ਜਨਤਾ ਦੀਆਂ ਉਮੀਦਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਉਦੋਂ ਲੱਫ਼ਾਜ਼ੀ ਜਾਂ ਲੱਛੇਦਾਰ ਭਾਸ਼ਾ ਦੇ ਤੇਲ ਵਿਚ ਤਲੇ ਗੁਲਗੁਲੇ, ਜਨਤਾ ਨੂੰ ਨਹੀਂ ਵਰਚਾ ਸਕਦੇ। ਉਹ ਮਸਲਿਆਂ ਦੇ ਹੱਲ ਚਾਹੁੰਦੀ ਹੈ। ਬ੍ਰਿਟਿਸ਼ ਲੇਬਰ ਪਾਰਟੀ ਦੀ ਬਲੇਅਰ-ਮੁਖੀ ਪਹੁੰਚ ਨੇ ਪਾਰਟੀ ਨੂੰ ਲਗਾਤਾਰ ਤਿੰਨ ਵਾਰ ਚੋਣਾਂ ਤਾਂ ਜਿਤਾਈਆਂ, ਪਰ ਵਿਰੋਧੀ ਕੰਜ਼ਰਵੇਟਿਵ ਪਾਰਟੀ ਦੇ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਰਣਨੀਤੀ ਤਹਿਤ ਲੇਬਰ ਪਾਰਟੀ ਖ਼ੁਦ-ਬਖ਼ੁਦ ਨੀਤੀਆਂ ਪੱਖੋਂ ਕੰਜ਼ਰਵੇਟਿਵਾਂ ਦੇ ਨੇੜੇ ਜਾ ਪਹੁੰਚੀ। ਦੋਹਾਂ ਦਰਮਿਆਨ ਫ਼ਰਕ ਹੀ ਨਾ ਰਿਹਾ। ਇਸ ਤੋਂ ਲੇਬਰ ਪਾਰਟੀ ਦੀਆਂ ਰਵਾਇਤੀ ਤੇ ਟਕਸਾਲੀ ਸਫ਼ਾਂ ਵਿਚ ਮਾਯੂਸੀ ਫੈਲਣੀ ਸੁਭਾਵਿਕ ਹੀ ਸੀ। ਲਿਹਾਜ਼ਾ, ਪਾਰਟੀ ਸਮਰਥਕਾਂ ਦੇ ਵੱਡੇ ਵਰਗ ਦੀ ਨਾ ਸਿਆਸਤ ਵਿਚ ਦਿਲਚਸਪੀ ਰਹੀ ਅਤੇ ਨਾ ਹੀ ਵੋਟਾਂ ਪਾਉਣ ਵਿਚ। ਨਤੀਜੇ ਵਜੋਂ ਪਾਰਟੀ ਦੀ ਹਾਰ ਹੋਣੀ ਸੁਭਾਵਿਕ ਹੀ ਸੀ। ਉਂਜ, 20 ਸਾਲਾਂ ਦੇ ਇਸ ਸਮੁੱਚੇ ਪੜਾਅ ਦੌਰਾਨ ਲੇਬਰ ਪਾਰਟੀ ਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਵਿਚ ਜੋ ਨਿਘਾਰ ਆਇਆ, ਉਸ ਨੂੰ ਪੂਰਨਾ ਮੁਸ਼ਕਿਲ ਹੈ। ਟੋਨੀ ਬੈੱਨ, ਜੈਰੇਮੀ ਕੋਰਬਿਨ, ਜੌਹਨ ਮੈਕਡੌਨਲ ਅਤੇ 40 ਕੁ ਹੋਰ ਲੇਬਰ ਸੰਸਦ ਮੈਂਬਰਾਂ ਨੇ ਪਾਰਟੀ ਦਾ ਖੱਬੇ-ਪੱਖੀ ਅਕਸ ਬਰਕਰਾਰ ਰੱਖਣ ਦੇ ਯਤਨ ਜਾਰੀ ਰੱਖੇ ਅਤੇ ਆਪਣੀ ਵੱਖਰੀ ਪਛਾਣ ਬਣਾਈ ਰੱਖੀ। ਇਹ ਆਗੂ ਇੱਕ-ਦੂਜੇ ਨੂੰ ਲਾਡ ਨਾਲ, ਪਰ ਮਾਣ-ਮੱਤੇ ਢੰਗ ਨਾਲ ਕਾਮਰੇਡ ਕਹਿ ਕੇ ਸੰਬੋਧਨ ਕਰਦੇ ਰਹੇ। ਇਨ੍ਹਾਂ ਨੇ ਇਰਾਕ ਜੰਗ, ਪਰਮਾਣੂ ਹਥਿਆਰਾਂ ਦੇ ਮਸਲੇ, ਪਰਵਾਸ, ਕਲਿਆਣਕਾਰੀ ਕਦਮਾਂ ਤੇ ਲਾਭਾਂ ਅਤੇ ਕਿਰਤੀਆਂ ਦੇ ਹੱਕਾਂ ਵਰਗੇ ਮੁੱਦਿਆਂ 'ਤੇ ਪਾਰਲੀਮੈਂਟ ਵਿਚ ਆਪਣੀ ਪਾਰਟੀ ਖ਼ਿਲਾਫ਼ ਭੁਗਤਣਾ ਜਾਰੀ ਰੱਖਿਆ। ਇਨ੍ਹਾਂ ਦੀ ਇਹ ਵਚਨਬੱਧਤਾ ਹੁਣ ਰੰਗ ਲਿਆ ਰਹੀ ਹੈ। ਜੈਰੇਮੀ ਕੋਰਬਿਨ ਤੇ ਹੋਰਨਾਂ ਦੀ ਦਿਆਨਤਦਾਰੀ ਅਤੇ ਸਿਧਾਂਤਕ ਇਕਸੁਰਤਾ ਦੀ ਕਦਰ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਮਾਣ-ਸਨਮਾਨ ਹੋ ਰਿਹਾ ਹੈ।

ਕੋਰਬਿਨ ਦੀ ਚੋਣ ਪਿੜ ਵਿਚ ਆਮਦ ਨੇ ਲੇਬਰ ਪਾਰਟੀ ਦੇ ਮੈਂਬਰਾਂ ਤੇ ਹਮਾਇਤੀਆਂ ਵਿਚ ਉਤਸ਼ਾਹ ਜਗਾਇਆ ਹੈ। ਇਸ ਨੇ ਲੀਡਰਸ਼ਿਪ ਦੀ ਚੋਣ ਆਸਾਨੀ ਨਾਲ ਅਤੇ ਟੋਨੀ ਬਲੇਅਰ ਦੇ ਜੇਤੂ ਫਰਕ ਨਾਲੋਂ ਵੀ ਵੱਧ ਫਰਕ ਨਾਲ ਜਿੱਤੀ। ਕੋਰਬਿਨ ਦੇ ਆਲੋਚਕਾਂ ਨੇ ਉਸ ਦੀਆਂ ਆਰਥਿਕ ਨੀਤੀਆਂ ਨੂੰ ਗ਼ੈਰ-ਅਮਲੀ ਦੱਸ ਕੇ, ਉਸ ਦੀ ਚੋਣ ਨੂੰ ਖ਼ੋਰਾ ਲਾਉਣ ਦਾ ਯਤਨ ਕੀਤਾ। ਇਨ੍ਹਾਂ ਨੀਤੀਆਂ ਵਿਚ ਰਲੇਵੇਂ ਅਤੇ ਕੁਝ ਹੋਰ ਜਨਤਕ ਸੇਵਾਵਾਂ ਦੇ ਦੁਬਾਰਾ ਕੌਮੀਕਰਨ ਦੀ ਤਜਵੀਜ਼ ਸ਼ਾਮਲ ਹੈ। ਵਿਰੋਧ ਦੇ ਬਾਵਜੂਦ (ਇਸ ਲੇਖਕ ਸਮੇਤ) 41 ਅਰਥ ਸ਼ਾਸਤਰੀਆਂ ਵੱਲੋਂ ਕੋਰਬਿਨ ਦੇ ਸਰਫ਼ਾਕਾਰੀ-ਵਿਰੋਧੀ ਪ੍ਰੋਗਰਾਮ ਦੀ ਹਮਾਇਤ ਨੇ ਉਸ ਦੀ ਲੋਕਪ੍ਰਿਯਤਾ ਨੂੰ ਚੋਖ਼ਾ ਹੁਲਾਰਾ ਦਿੱਤਾ ਹੈ।

ਅਜਿਹੀ ਇਮਾਨਦਾਰੀ, ਦ੍ਰਿੜ੍ਹਤਾ ਅਤੇ ਤੱਤ-ਸੱਚ ਦੀ ਸਿਆਸਤ ਨੇ ਅਮਰੀਕੀ ਡੈਮੋਕਰੈਟਿਕ ਪਾਰਟੀ ਦੇ ਹਮਾਇਤੀਆਂ ਦੀ ਬਹੁਤ ਵੱਡੀ ਗਿਣਤੀ ਨੂੰ ਬਰਨੀ ਸੈਂਡਰਜ਼ ਦੇ ਪਿੱਠ ਥਾਪੜਨ ਦੇ ਰਾਹ ਪਾਇਆ ਹੈ। ਉਹ ਪਿਛਲੇ ਕਈ ਸਾਲਾਂ ਤੋਂ ਸੈਨੇਟ ਦਾ ਇੱਕੋ-ਇੱਕ ਆਜ਼ਾਦ ਮੈਂਬਰ ਹੈ। ਉਸ ਨੇ ਪਿਛਲੇ ਦੋ ਦਹਾਕਿਆਂ ਤੋਂ ਖ਼ੁਦ ਨੂੰ ਡੈਮੋਕਰੈਟਿਕ ਸੋਸ਼ਲਿਸਟ ਐਲਾਨਿਆ ਹੋਇਆ ਹੈ ਅਤੇ ਆਪਣਾ ਇਹ ਠੱਪਾ ਤੇ ਸਿਆਸੀ ਪਹਿਰਾਵਾ ਬਦਲਣ ਲਈ ਤਿਆਰ ਨਹੀਂ। ਅਮਰੀਕਾ ਵਿਚ ਅਜਿਹੀ ਸੋਚ ਬੁਲੰਦ ਰੱਖਣ ਅਤੇ ਅਜਿਹਾ ਅਕਸ ਬਣਾਈ ਰੱਖਣ ਲਈ ਬਹੁਤ ਦਲੇਰੀ ਦੀ ਲੋੜ ਪੈਂਦੀ ਹੈ। ਅਮਰੀਕਾ ਵਿਚ ਜਿਸ ਕਿਸਮ ਦਾ ਸਿਆਸੀ ਸਭਿਆਚਾਰ ਹੈ, ਉਸ ਵਿਚ ਇਸ ਕਿਸਮ ਦਾ ਅਕਸ ਬੁਲੰਦ ਰੱਖਣਾ ਆਪਣੇ-ਆਪ ਵਿਚ ਦਲੇਰੀ ਦਾ ਮੁਜ਼ਾਹਰਾ ਹੈ। ਉਸ ਤੋਂ ਉਲਟ ਹਿਲੇਰੀ ਕਲਿੰਟਨ ਤਿਲਕਵੀਂ ਚਾਲਬਾਜ਼ ਅਤੇ ਗ਼ੈਰ-ਭਰੋਸੇਮੰਦ ਸ਼ਖ਼ਸੀਅਤ ਜਾਪਦੀ ਹੈ ਭਾਵੇਂ ਉਸ ਉਪਰ ਲੱਗ ਰਹੇ ਕਈ ਦੋਸ਼ ਸਿੱਧੇ ਤੌਰ 'ਤੇ ਨਾਵਾਜਬ ਜਾਪਦੇ ਹਨ। ਜਿੱਥੋਂ ਤਕ ਧਨ ਸ਼ਕਤੀ ਤੇ ਜਥੇਬੰਦਕ ਨੈੱਟਵਰਕ ਦਾ ਸਵਾਲ ਹੈ, ਇਸ ਪੱਖੋਂ ਬਰਨੀ ਸੈਂਡਰਜ਼, ਹਿਲੇਰੀ ਕਲਿੰਟਨ ਨੂੰ ਟੱਕਰ ਨਹੀਂ ਦੇ ਸਕਦਾ; ਪਰ ਜਿਸ ਕਿਸਮ ਦਾ ਉਤਸ਼ਾਹ ਉਸ ਦੀ ਦਾਅਵੇਦਾਰੀ ਨੇ ਡੈਮੋਕਰੈਟਿਕ ਪਾਰਟੀ ਦੇ ਮੈਂਬਰਾਂ ਤੇ ਹਮਾਇਤੀਆਂ ਵਿਚ ਉਪਜਾਇਆ ਹੈ, ਉਸ ਦੇ ਮੱਦੇਨਜ਼ਰ ਉਹ ਹਿਲੇਰੀ ਕਲਿੰਟਨ ਦੇ ਸ਼ਕਤੀਸ਼ਾਲੀ ਬਦਲ ਵਜੋਂ ਉਭਰ ਆਇਆ ਹੈ। ਹਾਲ ਹੀ ਵਿਚ ਲਾਸ ਏਂਜਲਸ ਵਿਚ 25 ਹਜ਼ਾਰ ਲੋਕਾਂ ਦੀ ਹਾਜ਼ਰੀ ਵਿਚ ਉਸ ਦੇ ਸੰਬੋਧਨ ਨੂੰ ਰਿਕਾਰਡ ਮੰਨਿਆ ਜਾ ਰਿਹਾ ਹੈ। ਉਹ ਨਿਊ ਹੈਂਪਸ਼ਾਇਰ ਤੇ ਆਇਓਵਾ ਸੂਬਿਆਂ ਦੀਆਂ ਪ੍ਰਾਇਮਰੀਆਂ ਵਿਚ ਕਲਿੰਟਨ ਨੂੰ ਹਰਾ ਸਕਦਾ ਹੈ ਭਾਵੇਂ ਕੌਮੀ ਪੱਧਰ ਦੇ ਸਰਵੇਖਣਾਂ ਦੇ ਆਧਾਰ 'ਤੇ ਹਿਲੇਰੀ ਉਸ ਤੋਂ ਬਹੁਤ ਅੱਗੇ ਜਾਪਦੀ ਹੈ। ਦਿਲਚਸਪ ਤੱਥ ਇਹ ਹੈ ਕਿ ਉਸ ਵੱਲੋਂ ਆਪਣੇ ਪ੍ਰਚਾਰ ਦੌਰਾਨ ਉਠਾਏ ਮੁੱਦਿਆਂ, ਖ਼ਾਸ ਕਰ ਕੇ ਕਾਰਪੋਰੇਟ ਘਰਾਣਿਆਂ ਦੀਆਂ ਨੀਤੀਆਂ ਤੇ ਅਮਲਾਂ ਦੀ ਨੁਕਤਾਚੀਨੀ ਨੇ ਹਿਲੇਰੀ ਨੂੰ ਵੀ ਆਪਣੀ ਕਾਰਪੋਰੇਟ-ਪੱਖੀ ਸੁਰ ਕੁਝ ਮੱਧਮ ਕਰਨ ਲਈ ਮਜਬੂਰ ਕਰ ਦਿੱਤਾ ਹੈ। ਕੈਨੇਡਾ ਵਿਚ ਨਿਊ ਡੈਮੋਕਰੈਟਿਕ ਪਾਰਟੀ ਦੀਆਂ ਚੋਣ ਸੰਭਾਵਨਾਵਾਂ ਜਿਸ ਤਰ੍ਹਾਂ ਬੁਲੰਦ ਹੋ ਰਹੀਆਂ ਹਨ, ਉਨ੍ਹਾਂ ਦੇ ਮੱਦੇਨਜ਼ਰ ਇਸ ਪਾਰਟੀ ਦਾ ਲੀਡਰ ਟੌਮਸ ਮਲਕੇਅਰ ਅਕਤੂਬਰ 2015 ਵਿਚ ਪ੍ਰਧਾਨ ਮੰਤਰੀ ਬਣ ਸਕਦਾ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਇਹ ਕੁਝ ਐਂਗਲੋ-ਸੈਕਸਨ (ਅੰਗਰੇਜ਼ੀ ਭਾਸ਼ੀ) ਮੁਲਕਾਂ ਦੀ ਸਿਆਸਤ ਵਿਚ ਨਵੇਂ ਰੁਝਾਨ ਦਾ ਮੁੱਢ ਬੰਨ੍ਹ ਦੇਵੇਗਾ।

---

# ਅਮਰੀਕੀ ਕਸਬੇ 'ਚ ਗਿਆਨ ਤੇ ਧਿਆਨ



**ਹਰੀਸ਼ ਖਰੇ**

ਅਮਰੀਕਾ ਦਾ ਛੋਟਾ ਜਿਹਾ ਕਸਬਾ ਹੈ ਬੈਰੇ, ਜਿਥੇ ਮੈਂ ਬੈਰੇ ਬੋਧਿਸਤਵ ਅਧਿਐਨ ਕੇਂਦਰ (ਬੈਰੇ ਸੈਂਟਰ ਫਾਰ ਬੁੱਧਿਸਟ ਸਟੱਡੀਜ਼) ਵਿਚ ਠਹਿਰਿਆ। ਇਹ 90 ਏਕੜਾਂ ਵਿਚ ਫੈਲੇ ਜੰਗਲ ਵਿਚ ਵਸੀ ਏਕਾਂਤ ਜਗ੍ਹਾ ਹੈ ਜਿਸ ਨੂੰ 'ਦਰਸ਼ਨੀ' ਕਹਿ ਕੇ ਬਿਆਨ ਕੀਤਾ ਜਾ ਸਕਦਾ ਹੈ।

ਬੈਰੇ, ਮੈਸਾਚਿਊਸੈੱਟਸ ਸਟੇਟ ਦੇ ਦੂਰ-ਦਰਾਜ਼ ਦੇ ਦਿਹਾਤੀ ਇਲਾਕੇ ਦਾ ਹਿੱਸਾ ਹੈ ਅਤੇ ਇਹ ਕੇਂਦਰ ਤੁਹਾਨੂੰ ਏਕਾਂਤਵਾਸ ਦਾ ਆਭਾਸ ਕਰਾਉਂਦਾ ਹੈ। ਜੇ ਤੁਸੀਂ ਸੜਕ 'ਤੇ ਘੁੰਮਣ ਨਿਕਲ ਜਾਓ ਤਾਂ ਘੰਟੇ ਭਰ ਵਿਚ ਤੁਹਾਨੂੰ ਮਸਾਂ ਦਰਜਨ ਭਰ ਕਾਰਾਂ ਹੀ ਟੱਕਰਨਗੀਆਂ। ਲੋਕ ਵੀ ਐਸੇ ਮਿਲਣਗੇ ਜਿਨ੍ਹਾਂ ਨੂੰ ਕੋਈ ਕਾਹਲ ਨਹੀਂ ਤੇ ਕੋਈ ਖਹਿਬਾਜ਼ੀ ਨਹੀਂ। ਮਾਹੌਲ ਨੂੰ ਬਿਆਨ ਕਰਨ ਲਈ ਦੋ ਹੋਰ ਸ਼ਬਦ ਇਸਤੇਮਾਲ ਕੀਤੇ ਜਾ ਸਕਦੇ ਹਨ- ਪੁਰਅਮਨ ਤੇ ਪੁਰਸਕੂਨ। ਬੋਧਿਸਤਵ ਕੇਂਦਰ ਇਹ ਪੁਰਸਕੂਨ ਤੇ ਏਕਾਂਤਮਈ ਮਾਹੌਲ ਮੁਹੱਈਆ ਕਰਾਉਂਦਾ ਹੈ।

ਮੈਂ ਬੈਰੇ ਆਪਣੇ ਵੱਡੇ ਭਰਾ ਦੇ ਸੱਦੇ 'ਤੇ ਇੱਥੇ ਆਇਆ ਜੋ ਇਸ ਕੇਂਦਰ ਵਿਚ ਰਹਿ ਕੇ ਅਧਿਐਨ (ਰੈਜ਼ੀਡੈਂਟ ਸਕਾਲਰ) ਕਰ ਰਿਹਾ ਹੈ। ਉਹ ਬੁੱਧਮਤ ਦੇ ਮਾਣਮੱਤੇ ਵਿਦਵਾਨ ਹਨ ਅਤੇ ਕਈ ਕਿਤਾਬਾਂ ਲਿਖ ਚੁੱਕੇ ਹਨ।

ਮੈਂ ਦੋ ਦਹਾਕਿਆਂ ਤੋਂ ਇੱਥੇ ਆ ਰਿਹਾ ਹਾਂ। ਬੀ.ਸੀ.ਬੀ.ਐਸ. ਕਾਫ਼ੀ ਵਧ-ਫੁੱਲ ਰਿਹਾ ਹੈ ਅਤੇ ਇਹ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਅਮਰੀਕੀ ਲੋਕਾਂ ਅੰਦਰ ਬੁੱਧਮਤ ਪ੍ਰਤੀ ਖਿੱਚ ਵਧ ਰਹੀ ਹੈ। ਇਸ ਕੇਂਦਰ ਵਿਚ ਧਿਆਨ-ਮੰਥਨ ਦੇ ਪ੍ਰਤੀਕ ਤੇ ਅਰਥ, ਧਿਆਨ ਕਵਿਤਾ ਦੀਆਂ ਗਹਿਰੀਆਂ ਬੋਧੀ ਵਿਧੀਆਂ ਜਾਂ ਬੋਧੀ ਮਨੋਵਿਗਿਆਨ ਦਾ ਗੂੜ੍ਹਾ ਗਿਆਨ ਜਿਹੇ ਇਕਲੌਤਰੇ ਕੋਰਸ ਕਰਵਾਏ ਜਾਂਦੇ ਹਨ। ਇਥੇ ਸ੍ਰੀਲੰਕਾ, ਵੀਅਤਨਾਮ, ਮਿਆਂਮਾਰ, ਥਾਈਲੈਂਡ ਤੇ ਭਾਰਤ ਜਿਹੇ ਲਗਪਗ ਸਾਰੇ ਬੋਧੀ ਗਿਆਨ ਕੇਂਦਰਾਂ ਦੇ ਸੂਝਵਾਨ ਤੇ ਸੁਹਿਰਦ ਅਧਿਆਪਕ ਆਉਂਦੇ ਹਨ।

ਅੱਜ ਕਲ੍ਹ ਆਮ ਲੋਕਾਂ ਅਤੇ ਵਿਦਵਾਨਾਂ ਦੀ ਧਿਆਨ ਦੇ ਸੰਕਲਪ ਅਤੇ ਵਿਧੀਆਂ ਵਿਚ ਦਿਲਚਸਪੀ ਕਾਫ਼ੀ ਵਧ ਰਹੀ ਹੈ। ਦੂਜੇ ਸ਼ਬਦ ਵਿਚ ਧਿਆਨ ਦਾ ਭਾਵ ਹੈ ਜਾਗ੍ਰਿਤੀ ਜਾਂ ਚੇਤਨਾ। ਇਸ ਕੇਂਦਰ ਦੇ ਬਾਨੀ ਮੈਂਬਰਾਂ ਵਿਚੋਂ ਇੱਕ ਜੋਜ਼ੇਫ਼ ਗੋਲਡਸਟੀਨ ਧਿਆਨ ਦੇ ਮਾਹਿਰ ਮੰਨੇ ਜਾਂਦੇ ਹਨ। ਉਨ੍ਹਾਂ ਇਸ ਵਿਸ਼ੇ 'ਤੇ ਪੜ੍ਹਨਯੋਗ ਤੇ ਸਰਲ ਕਿਤਾਬ 'ਮਾਈਂਡਫੁਲਨੈੱਸ-ਏ ਪ੍ਰੈਕਟੀਕਲ ਗਾਈਡ ਆਫ਼ ਅਵੇਕਨਿੰਗ' (2013) ਲਿਖੀ ਹੈ। ਪਿਛਲੇ ਤਿੰਨ ਕੁ ਦਹਾਕਿਆਂ ਤੋਂ ਬੋਧੀ ਵਿਚਾਰਾਂ ਅਤੇ ਧਿਆਨ ਵਿਧੀਆਂ ਨੇ ਦੁਨੀਆਂ ਦੇ ਬਿਹਤਰੀਨ ਕਲਿਨੀਕਲ ਮਨੋਵਿਗਿਆਨੀਆਂ, ਧਾਰਮਿਕ ਅਧਿਐਨ ਦੇ ਪ੍ਰੋਫ਼ੈਸਰਾਂ ਅਤੇ ਸਾਈਕੋਥੈਰੇਪਿਸਟਾਂ (ਮਨੋਚਕਿਤਸਕਾਂ) ਦਾ ਧਿਆਨ ਖਿੱਚਿਆ ਹੈ। ਬਿਨਾਂ ਸ਼ੱਕ, ਅਧਿਆਪਕਾਂ, ਵਿਦਵਾਨਾਂ, ਮਾਹਿਰਾਂ ਤੇ ਵਿਦਿਆਰਥੀਆਂ ਦੀ ਇੱਕ ਪੂਰੀ ਜਮਾਤ 2000 ਸਾਲ ਪੁਰਾਣੀ ਇਸ ਚੁਣੌਤੀ ਨੂੰ ਪੂਰਿਆਂ ਕਰਨ ਲਈ ਜੁਟੀ ਹੋਈ ਹੈ ਕਿ 'ਪਰੰਪਰਾ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਨਵੇਂ ਤੇ ਆਧੁਨਿਕ ਪ੍ਰਸੰਗ ਨਾਲ ਕਿਵੇਂ ਇੱਕਮਿੱਕ ਕੀਤਾ ਜਾਵੇ।' ਇਹ ਵੀ ਵਿਰੋਧਾਭਾਸ ਹੈ ਕਿ ਵੀਹਵੀਂ ਸਦੀ ਵਿਚ ਬੁੱਧਮਤ ਨੂੰ ਪੱਛਮੀ ਮੁਲਕਾਂ ਦੇ ਭਿਖਸ਼ੂਆਂ ਨੇ ਜ਼ਿੰਦਾ ਰੱਖਿਆ ਜਿਨ੍ਹਾਂ ਧਿਆਨ ਤੇ ਗਿਆਨ ਦੇ ਪੁਰਾਣੇ ਮੱਠਾਂ ਦੇ ਸਭਿਆਚਾਰ ਨੂੰ ਸੁਰਜੀਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਮਸਲਨ, ਗੋਲਡਸਟੀਨ ਦੀ ਕਿਤਾਬ ਧਿਆਨ ਬਾਰੇ ਬੁੱਧ ਦੇ ਸੰਵਾਦ ਦਾ ਖ਼ੁਲਾਸਾ ਹੈ। ਗੋਲਡਸਟੀਨ ਲਿਖਦੇ ਹਨ ਕਿ ਬੁੱਧ ਦੇ ਮੂਲ ਉਪਦੇਸ਼ ਨੂੰ ਸਰੀਰ ਅਹਿਸਾਸ, ਮਨ ਅਤੇ ਨੇਮਾ (ਅਨੁਭਵ ਦੇ ਵੱਖ-ਵੱਖ ਵਰਗ) ਦੇ ਪੱਧਰ 'ਤੇ ਨਿਖੇੜ ਕੇ ਦੇਖਿਆ ਜਾ ਸਕਦਾ ਹੈ। ਧਿਆਨ ਦੀ ਗਹਿਰੀ ਸੋਝੀ ਉਦੋਂ ਆਉਂਦੀ ਹੈ ਜਦੋਂ ਕੋਈ ਇਸ ਮਾਰਗ 'ਤੇ ਬਹੁਤ ਸੂਝ-ਬੂਝ ਨਾਲ ਤੁਰਦਾ ਹੈ।



ਆਪਣੇ ਭਰਾ ਨਾਲ ਕੀਤੀ ਗੱਲਬਾਤ ਤੋਂ ਮੈਂ ਸਮਝ ਸਕਿਆ ਹਾਂ ਕਿ ਬੁੱਧਮਤ ਵਿਚ ਲੋਕਾਂ ਦੀ ਦਿਲਚਸਪੀ ਦਾ ਵਿਸਫੋਟ ਹੋ ਰਿਹਾ ਹੈ। ਮਸਲਨ, ਮੈਨੂੰ ਪਤਾ ਚੱਲਿਆ ਕਿ ਬੈਰੇ ਕੇਂਦਰ ਵਿਚ 7 ਤੋਂ 10 ਦਿਨਾਂ ਦੇ ਹੋਣ ਵਾਲੇ 'ਰੀਟ੍ਰੀਟ' ਸਮਾਗਮਾਂ ਲਈ ਅਰਜ਼ੀਆਂ ਦੇਣ ਵਾਲਿਆਂ ਦੀ ਸੰਖਿਆ ਇਸ ਕੇਂਦਰ ਦੀ ਸਮਰੱਥਾ ਤੋਂ ਕਿਤੇ ਵੱਧ ਰਹਿੰਦੀ ਹੈ। ਇਸ ਕਰ ਕੇ ਲਾਟਰੀ ਰਾਹੀਂ ਦਾਖ਼ਲਾ ਦੇਣਾ ਪੈਂਦਾ ਹੈ। ਅਮਰੀਕਾ ਦੀ ਖ਼ਪਤਵਾਦੀ ਤੇ ਜ਼ਦੀਦ (ਆਧੁਨਿਕ) ਜੀਵਨ ਸ਼ੈਲੀ ਤੋਂ ਅਵਾਜ਼ਾਰ ਹੋਏ ਰੱਜੇ-ਪੁੱਜੇ ਮੱਧਵਰਗ ਦੇ ਪੁਰਸ਼ਾਂ ਤੇ ਇਸਤਰੀਆਂ ਨੂੰ ਬੁੱਧਮਤ ਦੀਆਂ ਸਿਖਿਆਵਾਂ ਤੇ ਵਿਧੀਆਂ ਟੁੰਬਦੀਆਂ ਹਨ ਬੁੱਧਮਤ ਦੀ ਲੋਕਪ੍ਰਿਯਾ ਮਾਰਕੀਟਿੰਗ ਤਾਂ ਹੋ ਹੀ ਰਹੀ ਹੈ, ਇਸ ਦੇ ਨਾਲ ਹੀ ਬੁੱਧ ਦੇ ਉਪਦੇਸ਼ਾਂ ਵਿਚ ਬੁੱਧੀਜੀਵੀ ਤਬਕੇ ਦੀ ਰੁਚੀ ਵੀ ਵਧ ਰਹੀ ਹੈ। ਪਿਛਲੇ 20 ਸਾਲਾਂ ਦੌਰਾਨ ਬੁੱਧਮਤ ਬਾਰੇ ਜਿੰਨੀਆਂ ਕਿਤਾਬਾਂ ਛਪੀਆਂ ਹਨ, ਉਨੀਆਂ ਕਿਤਾਬਾਂ ਪਿਛਲੇ 200 ਸਾਲਾਂ ਵਿਚ ਵੀ ਨਹੀਂ ਆਈਆਂ ਸਨ। ਪੁਰਾਤਨ ਬੋਧ ਖਰੜਿਆਂ ਦੇ ਪਾਲੀ ਭਾਸ਼ਾ ਤੋਂ ਅਨੁਵਾਦ ਅਤੇ ਟੀਕਿਆਂ ਨੂੰ ਨਵਾਂ ਰੂਹਾਨੀ ਤੇ ਵਿਦਵਾਨੀ ਹੁਲਾਰਾ ਮਿਲ ਗਿਆ ਹੈ। ਬੀ.ਸੀ.ਬੀ.ਐਸ ਵਰਗੀ ਜਗ੍ਹਾ 'ਤੇ ਕੁਝ ਦਿਨ ਬਿਤਾਉਣ ਅਤੇ ਗਿਆਨ ਤੇ ਅਨੁਭਵ ਦੀ ਪੁਰਾਤਨ ਪਰੰਪਰਾ ਦੀ ਸਮੁੱਚਤਾ ਵਿਚ ਰਹਿਣ ਨਾਲ ਹੀ ਇੱਕ ਆਮ ਭਾਰਤੀ ਦੇ ਮਨ ਵਿਚ ਭਾਰਤ ਵਿਚ ਸੰਗਠਿਤ ਧਰਮਾਂ ਦੇ ਖੋਖ਼ਲੇਪਣ ਬਾਰੇ ਸਵਾਲ ਉੱਠਣੇ ਸ਼ੁਰੂ ਹੋ ਜਾਂਦੇ ਹਨ। ਅਜਿਹਾ ਹੋਣਾ ਵੀ ਚਾਹੀਦਾ ਹੈ।

**ਅਸੀਂ ਕੀ ਬਣ ਗਏ-3**

# ਕੁੜਿੱਕੀ ਵਿਚ ਫਸੀ ਜਾਨ

*ਪੰਜਾਬੀ ਕਹਾਣੀ ਨੂੰ ਉਂਗਲ ਫੜਾ ਕੇ ਸਾਹਿਤ ਜਗਤ ਦੇ ਮੋਕਲੇ ਵਿਹੜੇ ਲਿਜਾਣ ਵਾਲੇ ਵਰਿਆਮ ਸਿੰਘ ਸੰਧੂ ਨੇ ਆਪਣੀ ਲੇਖ ਲੜੀ 'ਅਸੀਂ ਕੀ ਬਣ ਗਏ' ਵਿਚ ਸਾਹਿਤ ਅਤੇ ਜੀਵਨ ਦੀ ਜੁਗਲਬੰਦੀ ਦਾ ਤਰਾਨਾ ਛੇੜਿਆ ਹੈ। ਰੋਜ਼-ਮੱਰਾ ਦੀਆਂ ਯਾਦਾਂ ਅਤੇ ਘਟਨਾਵਾਂ ਕਿਸ ਤਰ੍ਹਾਂ ਅਨੁਵਾਦ ਹੋ ਕੇ ਕਾਗਜ਼ ਉਤੇ ਸਾਹਿਤ ਬਣ ਬਣ ਜੰਮਦੀਆਂ ਹਨ, ਇਹ ਖੁਲਾਸਾ ਉਹਨੇ ਇਸ ਲੰਮੇ ਲੇਖ ਵਿਚ ਕੀਤਾ ਹੈ। ਹੋਈਆਂ-ਬੀਤੀਆਂ ਘਟਨਾਵਾਂ ਦਾ ਇਹ ਅਨੁਵਾਦ ਦਿਲਚਸਪ ਤਾਂ ਹੈ ਹੀ, ਨਿਵੇਕਲਾ ਵੀ ਹੈ; ਐਨ ਵਰਿਆਮ ਦੀ ਕਹਾਣੀ ਕਲਾ ਵਾਂਗ। ਉਸ ਕੋਲ ਘਟਨਾ ਨੂੰ ਚਿੱਤਰ ਵਾਂਗ ਪੇਸ਼ ਕਰਨ ਦੀ ਸਮਰੱਥਾ ਹੈ। ਇਸੇ ਸਮਰੱਥਾ ਕਰ ਕੇ ਹੀ ਤਾਂ ਉਹ ਪੰਜਾਬੀ ਸਾਹਿਤ ਜਗਤ ਨੂੰ ਯਾਦਗਾਰੀ ਰਚਨਾਵਾਂ ਦੇ ਸਕਿਆ ਹੈ। ਇਹ ਰਚਨਾਵਾਂ ਸਿਰਫ ਕਹਾਣੀ ਕਹਿਣ ਤੱਕ ਹੀ ਸੀਮਤ ਨਹੀਂ ਰਹਿੰਦੀਆਂ, ਸਗੋਂ ਇਸ ਵਿਚ ਜੀਵਨੀ ਅਤੇ ਸਫਰ ਵਾਲੇ ਸਾਹਿਤ ਤੋਂ ਇਲਾਵਾ ਨਸਰ ਦੀਆਂ ਹੋਰ ਵੰਨਗੀਆਂ ਵੀ ਸ਼ਾਮਲ ਹੋਈ ਜਾਂਦੀਆਂ ਹਨ। ਉਹ ਰੌਂ ਵਿਚ ਹੋਵੇ ਤਾਂ ਤੁਹਾਡੇ ਲਈ ਨਜ਼ਮ ਵਾਲਾ ਪੀੜ੍ਹਾ ਵੀ ਡਾਹ ਸਕਦਾ ਹੈ। ਅਸਲ ਵਿਚ ਸਭ ਤੋਂ ਪਹਿਲਾਂ ਉਹਨੇ ਸਾਹਿਤ ਦੇ ਵਿਹੜੇ ਵਿਚ ਨਜ਼ਮਾਂ ਵਾਲਾ ਪੀੜ੍ਹਾ ਹੀ ਡਾਹਿਆ ਸੀ ਜਦੋਂ ਲੈਨਿਨ ਦੀ ਉਠਦੀ ਉਂਗਲ ਵਾਂਗ ਉਹਦੀ ਕਵਿਤਾ ਦੀ ਉਂਗਲ ਖਲੋ ਗਈ ਸੀ। ਵੱਖ ਵੱਖ ਸਮਿਆਂ ਦੌਰਾਨ ਉਹ ਕਵਿਤਾ ਅਤੇ ਜੁਝਾਰੂਪਣ ਦੀ ਖੜ੍ਹੀ ਹੋਈ ਇਸ ਉਂਗਲ ਨੂੰ ਸਾਹਿਤ ਦੇ ਵੱਖ ਵੱਖ ਰੂਪਾਂ 'ਚ ਆਪਣੇ ਪਾਠਕਾਂ ਨਾਲ ਸਾਂਝੀ ਕਰਦਾ ਰਿਹਾ ਹੈ। ਇਹ ਸਾਂਝ ਬਣਾਉਂਦਿਆਂ ਉਹ ਸਰੋਕਾਰਾਂ ਵਾਲਾ ਹੱਥ ਉਚਾ ਕਰਨਾ ਕਦੀ ਨਹੀਂ ਭੁੱਲਦਾ। -ਸੰਪਾਦਕ*

ਰਾਤ ਦਸ ਕੁ ਵਜੇ ਦਾ ਵਕਤ ਹੋਵੇਗਾ। ਟੀ.ਵੀ. ਵੇਖਣ ਤੋਂ ਵਿਹਲੇ ਹੋ ਕੇ ਬਾਲ-ਬੱਚੇ ਆਪਣੀ ਮਾਂ ਦੀ ਨਿਗਰਾਨੀ ਹੇਠ ਸਕੂਲ ਦਾ ਕੰਮ ਕਰ ਰਹੇ ਸਨ। ਮੈਂ ਕੋਈ ਕਿਤਾਬ ਪੜ੍ਹ ਰਿਹਾ ਸਾਂ। ਘਰ ਦੀ ਬਾਹਰਲੀ ਕੰਧ ਤੋਂ ਸਾਡੇ ਵਿਹੜੇ ਵਿਚ 'ਦਗੜ ਦਗੜ' ਛਾਲਾਂ ਵੱਜਣ ਦੀ ਆਵਾਜ਼ ਆਈ। ਸਾਡੇ ਕਲੇਜੇ ਮੁੱਠੀ ਵਿਚ ਆ ਗਏ। ਜਿਹੜੀ ਗੱਲ ਦਾ ਡਰ ਸੀ, ਉਹ ਆਖ਼ਰ ਹੋ ਕੇ ਹੀ ਰਹੀ। ਮੇਰੀ ਇਸ 'ਹੋਣੀ' ਨੂੰ ਮੇਰੇ ਕੁਲੀਗ ਅਤੇ ਦੋਸਤ ਅੰਦਰੋ-ਅੰਦਰ ਪਹਿਲਾਂ ਹੀ ਕਿਆਸੀ ਬੈਠੇ ਸਨ।

"ਤੁਸੀਂ ਉਸ ਦਿਨ ਬਹੁਤ ਵੱਡਾ ਰਿਸਕ ਲਿਆ, ਜ਼ਖ਼ਮੀਆਂ ਦੀ ਮਦਦ ਕਰ ਕੇ। ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਤੁਸੀਂ ਪੁਲਿਸ ਨੂੰ ਫ਼ੋਨ ਕਰ ਕੇ 'ਸਿੰਘਾਂ' ਨੂੰ ਫੜਵਾਉਣਾ ਚਾਹੁੰਦੇ ਸੀ। ਗੱਲਾਂ ਤਾਂ ਸਭ ਉਨ੍ਹਾਂ ਤੱਕ ਪੁੱਜ ਹੀ ਜਾਂਦੀਆਂ ਨੇ। ਆਪਣਾ ਬਚਾਅ ਰੱਖਿਓ! ਸਾਵਧਾਨ ਰਿਹਾ ਕਰੋ।" ਸਾਡੇ ਸਕੂਲ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਦੇ ਪੀ.ਟੀ. ਮਾਸਟਰ ਨੇ ਸਲਾਹ ਦਿੱਤੀ।

"ਮੈਂ ਉਨ੍ਹਾਂ ਨੂੰ ਫੜਾਉਣ ਲਈ ਨਹੀਂ, ਮੌਕੇ 'ਤੇ ਆ ਕੇ ਹਾਲਾਤ ਨੂੰ ਵੇਖਣ ਅਤੇ ਜ਼ਖ਼ਮੀਆਂ ਨੂੰ ਸਾਂਭਣ ਲਈ ਮਦਦ ਕਰਨ ਵਾਸਤੇ ਪੁਲਿਸ ਨੂੰ ਬੁਲਾਉਣਾ ਚਾਹੁੰਦਾ ਸਾਂ। ਫ਼ੋਨ ਤਾਂ ਹੋਇਆ ਈ ਨਹੀਂ ਮੇਰੀ ਘਰਵਾਲੀ ਤੋਂ। ਉਹ ਤਾਂ ਲਾਲ ਦੇ ਟੱਬਰ ਦੇ ਜੀਆਂ ਨੂੰ ਈ ਦਿਲਬਰੀਆਂ ਦੇਣ 'ਚ ਲੱਗੀ ਰਹੀ ਸੀ। ਨਾਲੇ ਪੁਲਿਸ ਨੇ ਉਨ੍ਹਾਂ ਨੂੰ ਕੀ ਫੜਨਾ ਸੀ! ਠਾਣੇਦਾਰ ਤਾਂ ਸਾਨੂੰ ਰਾਹ 'ਚ ਹੀ ਮਿਲਿਆ ਸੀ; ਉਨ੍ਹਾਂ ਨੂੰ ਵੇਖ ਕੇ ਲੁਕ ਗਿਆ ਸੀ। ਫੜਨਾ ਪੁਲਿਸ ਨੇ ਆਪਣੀ ਮਾਂ ਦਾ ਸਿਰ ਸੀ!" ਮੈਂ ਸਫਾਈ ਵੀ ਦਿੰਦਾ ਅਤੇ ਆਪਣੇ ਆਪ ਨੂੰ ਤਸੱਲੀ ਵੀ, ਪਰ ਡਰ ਸਚਮੁੱਚ ਮੇਰੇ ਧੁਰ ਅੰਦਰ ਵੜ ਕੇ ਬੈਠ ਗਿਆ ਸੀ। ਅਸੀਂ ਦੋਵੇਂ ਜੀਅ ਜਦੋਂ ਕਦੀ ਇਕੱਲੇ ਬੈਠਦੇ ਤਾਂ ਸਾਡੀ ਗੱਲ-ਬਾਤ ਵਿਚ ਇਹ ਡਰ ਅਕਸਰ ਹੀ ਆਣ ਖਲੋਂਦਾ।

ਮੇਰੀ ਪਤਨੀ ਮੈਨੂੰ ਧੀਰਜ ਬੰਨ੍ਹਾਉਂਦੀ, "ਕੋਈ ਨਹੀਂ। ਉਹ ਸੱਚਾ ਪਾਤਸ਼ਾਹ ਤਾਂ ਸਭ ਵਿੰਹਦਾ ਏ। ਅਸੀਂ ਕਿਸੇ ਦੁਖੀ ਤੇ ਲੋੜਵੰਦ ਦੀ ਮਦਦ ਹੀ ਕੀਤੀ ਹੈ। ਸਿੱਖੀ ਵਿਚ ਕਿਸੇ ਮਜ਼ਲੂਮ ਦੀ ਜਾਨ ਬਚਾਉਣਾ ਪੁੰਨ ਦਾ ਕੰਮ ਸਮਝਿਆ ਜਾਂਦਾ ਹੈ ਕਿ ਪਾਪ ਦਾ? ਸਰਬੱਤ ਦਾ ਭਲਾ ਮੰਗਣ ਵਾਲਾ ਬਾਬਾ ਨਾਨਕ ਆਪੇ ਸਾਡਾ ਵੀ ਭਲਾ ਕਰੂ।" ਉਹ ਗੁਰੂ ਨਾਨਕ ਦੀ ਤਸਵੀਰ ਵੱਲ ਵੇਖ ਕੇ ਅੱਖਾਂ ਮੀਟ ਕੇ ਹੱਥ ਜੋੜ ਲੈਂਦੀ।

ਪਿੰਡ ਵਿਚ ਗੋਲੀ ਚੱਲਣ ਦੀ ਘਟਨਾ ਵਾਪਰੀ ਨੂੰ ਮਹੀਨੇ ਤੋਂ ਉਤੇ ਹੋ ਗਿਆ ਸੀ। ਇਸ ਸਮੇਂ ਵਿਚ ਮੁਲਕ ਅੰਦਰ ਬਹੁਤ ਕੁਝ ਹੋਰ ਵਾਪਰ ਚੁੱਕਾ ਸੀ। ਇੰਦਰਾ ਗਾਂਧੀ ਦਾ ਕਤਲ ਹੋ ਚੁੱਕਾ ਸੀ। ਦਿੱਲੀ ਅਤੇ ਪੰਜਾਬੋਂ ਬਾਹਰਲੇ ਹੋਰ ਸ਼ਹਿਰਾਂ ਵਿਚ ਵੱਸਦੇ ਸਿੱਖਾਂ ਦੇ ਯੋਜਨਾ-ਬੱਧ ਕਤਲੇਆਮ ਦੇ ਪ੍ਰਤੀਕਰਮ ਵਜੋਂ ਪੰਜਾਬ ਵਿਚ ਅਤੇ ਖ਼ਾਸ ਕਰ ਕੇ ਪਿੰਡਾਂ ਵਿਚ 'ਹਿੰਦੂਆਂ' ਦੇ ਜਾਨ-ਮਾਲ ਲਈ ਖ਼ਤਰਾ ਹੋਰ ਵੀ ਵਧ ਗਿਆ ਸੀ। ਉਹ ਆਪਣੇ ਆਪ ਨੂੰ ਪਹਿਲਾਂ ਨਾਲੋਂ ਵੀ ਵੱਧ ਅਸੁਰੱਖਿਅਤ ਸਮਝਣ ਲੱਗੇ ਸਨ। ਜਿੱਥੇ ਅਤਿਵਾਦ ਦੀਆਂ ਘਟਨਾਵਾਂ ਵਧ ਰਹੀਆਂ ਸਨ, ਉਥੇ ਪੁਲਿਸ ਤੇ ਸੁਰੱਖਿਆ ਦਸਤਿਆਂ ਵੱਲੋਂ ਵੀ ਸ਼ਿਕੰਜਾ ਹੋਰ ਕੱਸਿਆ ਜਾ ਰਿਹਾ ਸੀ।

***

ਕੰਧ ਉਤੋਂ ਛਾਲਾਂ ਮਾਰ ਕੇ ਆਉਣ ਵਾਲਿਆਂ ਨੇ, ਜਿਸ ਕਮਰੇ ਵਿਚ ਅਸੀਂ ਬੈਠੇ ਹੋਏ ਸਾਂ, ਉਸ ਦਾ ਵੱਖੀ ਵਾਲਾ ਦਰਵਾਜ਼ਾ ਠਕੋਰਿਆ। ਅਸੀਂ ਦੋਹਾਂ ਜੀਆਂ ਨੇ ਇੱਕ ਦੂਜੇ ਦੇ ਮੂੰਹ ਵੱਲ ਵੇਖਿਆ। ਸੋਚਿਆ; ਸ਼ਾਇਦ ਇਹ ਇੱਕ ਦੂਜੇ ਦੇ ਅੰਤਮ ਦੀਦਾਰੇ ਹਨ। ਦਰਵਾਜ਼ਾ ਦੂਜੀ ਵਾਰੀ ਖੜਕਿਆ। ਮੈਨੂੰ ਛੇਤੀ ਨਾਲ ਬਾਹੋਂ ਫੜ ਕੇ ਆਪਣੇ ਪਿੱਛੇ ਕਰਦਿਆਂ ਪਤਨੀ ਨੇ ਹੌਸਲਾ ਕਰ ਕੇ ਦਰਵਾਜ਼ੇ ਦੀ ਚਿਟਕਣੀ ਖੋਲ੍ਹ ਦਿੱਤੀ। ਉਹ 'ਪਹਿਲਾ ਵਾਰ' ਆਪਣੇ ਉਤੇ ਝੱਲਣ ਲਈ ਤਿਆਰ ਸੀ!

ਸਾਹਮਣੇ ਦਰਵਾਜ਼ੇ ਵਿਚ ਖ਼ਾਕੀ ਵਰਦੀ ਵਿਚ ਕੱਸਿਆ, ਦਰਮਿਆਨੇ ਕੱਦ ਦਾ ਆਦਮੀ ਜਿਸ ਦੇ ਮੋਢੇ ਉਤੇ ਸਟਾਰ ਅਤੇ ਫ਼ੀਤੀ ਚਮਕ ਰਹੇ ਸਨ; ਹੱਥ ਵਿਚ ਰਿਵਾਲਵਰ ਲਈ ਖਲੋਤਾ ਸੀ। ਉਹਦੇ ਪਿੱਛੇ ਹਵਾਲਦਾਰ ਦੀ ਵਰਦੀ ਪਹਿਨੇ ਆਦਮੀ ਨੇ ਹੱਥ ਵਿਚ ਫੜੀ ਰਾਈਫ਼ਲ ਮੇਰੇ ਵੱਲ ਤਾਣੀ ਹੋਈ ਸੀ। ਉਹਦੇ ਪਿੱਛੇ ਹੋਰ ਦੋ ਜਣੇ ਪੁਲਿਸ ਵਰਦੀ ਵਿਚ ਸਨ।

'ਤਾਂ ਇਹ 'ਸਿੰਘ' ਪੁਲਿਸ ਵਰਦੀ ਵਿਚ ਆਣ ਧਮਕੇ ਸਨ!'

ਮੈਂ ਮਨ ਹੀ ਮਨ ਅਨੁਮਾਨ ਲਾਇਆ।

"ਆ ਜਾ, ਨਿਕਲ ਆ ਬਾਹਰ। ਕਿੱਥੇ ਜਾਏਂਗਾ ਬਚ ਕੇ ਹੁਣ?" ਹਵਾਲਦਾਰ ਨੇ ਲਲਕਾਰਾ ਮਾਰਿਆ।

ਮੈਂ ਹੱਥ ਨਾਲ ਫੜ ਕੇ ਪਤਨੀ ਨੂੰ ਪਿੱਛੇ ਕੀਤਾ ਅਤੇ ਥਾਣੇਦਾਰ ਨੂੰ ਪੁੱਛਿਆ, "ਕੋਈ ਕਾਰਨ ਵੀ ਤਾਂ ਦੱਸੋ।"

ਮੈਂ ਜਾਣਨਾ ਚਾਹੁੰਦਾ ਸਾਂ ਕਿ ਇਹ ਸੱਚਮੁਚ ਪੁਲਿਸ ਵਾਲੇ ਸਨ ਜਾਂ ਪੁਲਿਸ ਦੀ ਵਰਦੀ ਵਿਚ ਤਥਾ-ਕਥਿਤ ਖਾੜਕੂ!

ਉਂਜ ਮੇਰੇ ਲਈ 'ਪੈਂਦੇ ਸੌਵਾਂ, ਸਿਰਹਾਣੇ ਸੌਵਾਂ' ਵਾਲੀ ਗੱਲ ਹੀ ਸੀ।' 'ਖਾੜਕੂਆਂ' ਦਾ ਡਰ ਤਾਂ ਸੀ ਹੀ, ਪਰ ਪੁਲਿਸ ਵੀ ਕਿਹੜੀ ਘੱਟ ਕਰ ਰਹੀ ਸੀ! ਬਲੂ ਸਟਾਰ ਓਪਰੇਸ਼ਨ ਤੋਂ ਪਿੱਛੋਂ ਇਹ ਓਪਰੇਸ਼ਨ ਵੁੱਡ-ਰੋਜ਼ ਵਾਲੇ ਦਿਨ ਸਨ। ਸਰਕਾਰ ਨੇ ਭਾਰਤੀ ਫੌਜ ਅਤੇ ਨੀਮ ਫੌਜੀ ਦਲਾਂ ਨੂੰ 'ਅਤਿਵਾਦ' ਕੁਚਲਣ ਲਈ ਲਗਭਗ 'ਮਾਰਸ਼ਲ-ਲਾਅ' ਵਾਲੇ ਅਧਿਕਾਰ ਦਿੱਤੇ ਹੋਏ ਸਨ; ਜਿਨ੍ਹਾਂ ਅਧੀਨ ਪਿੰਡਾਂ ਵਿਚੋਂ 'ਅਤਿਵਾਦੀਆਂ' ਨੂੰ ਚੁਣ ਚੁਣ ਕੇ ਲੱਭਣਾ ਅਤੇ ਕਾਬੂ ਕਰਨਾ ਸ਼ਾਮਲ ਸੀ। ਸਿੱਖ ਧਰਮ ਅਤੇ ਸਭਿਆਚਾਰ ਤੋਂ ਅਣਜਾਣ, ਇਹ ਫੋਰਸਾਂ, ਹਰ ਅੰਮ੍ਰਿਤਧਾਰੀ ਅਤੇ ਖੁੱਲ੍ਹੇ ਦਾੜ੍ਹੇ ਵਾਲੇ ਆਦਮੀ ਦੇ 'ਅਤਿਵਾਦੀ' ਹੋਣ ਦੇ ਭਰਮ ਦਾ ਸ਼ਿਕਾਰ ਸਨ। ਇਸ ਭੁਲੇਖੇ ਕਾਰਨ ਅਤੇ ਕਈ ਵਾਰ ਜਾਣ ਬੁੱਝ ਕੇ ਵੀ ਅਜਿਹੇ ਲੋਕਾਂ ਨੂੰ ਤੰਗ ਕੀਤਾ ਜਾਂਦਾ ਜਿਨ੍ਹਾਂ ਦਾ ਬਿਲਕੁਲ ਕੋਈ ਕਸੂਰ ਨਾ ਹੁੰਦਾ। ਕਈ ਛੋਟੇ 'ਗੁਨਾਹਾਂ' ਵਾਲਿਆਂ ਨੂੰ ਵੱਡੇ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ। ਇਨ੍ਹਾਂ ਛੋਟੇ ਗੁਨਾਹਾਂ ਵਿਚ ਕਿਸੇ ਖਾੜਕੂ ਦਾ ਰਿਸ਼ਤੇਦਾਰ ਹੋਣਾ, ਉਸ ਨਾਲ ਮਾੜੀ ਮੋਟੀ ਜਾਣ-ਪਛਾਣ ਹੋਣਾ, ਉਸ ਨੂੰ ਜਬਰੀ ਘਰ ਆ ਵੜੇ ਨੂੰ ਰੋਟੀ ਖਵਾਉਣਾ ਆਦਿ ਦੋਸ਼ ਸ਼ਾਮਿਲ ਸਨ। ਕਈਆਂ ਦੋਸ਼ੀਆਂ ਅਤੇ ਕਈ ਨਿਰਦੋਸ਼ਾਂ ਨੂੰ ਝੂਠੇ ਮੁਕਾਬਲੇ ਬਣਾ ਕੇ ਮਾਰਿਆ ਜਾਣ ਲੱਗਾ। ਜਿਨ੍ਹਾਂ ਦਾ ਕਿਸੇ ਕਾਰਨ ਪਹਿਲਾਂ ਹੀ ਪੁਲਿਸ ਦੇ ਰਿਕਾਰਡ ਵਿਚ ਨਾਂ ਸੀ, ਉਨ੍ਹਾਂ ਲਈ ਵੀ ਇਹ 'ਭਲੇ ਦੇ ਦਿਨ' ਨਹੀਂ ਸਨ।

ਇਸ ਦੋ-ਮੂੰਹੀਂ ਕੁੜਿੱਕੀ ਵਿਚੋਂ ਮੈਂ ਕਿਹੜੀ ਦੇ ਮੂੰਹ ਵਿਚ ਆਉਣ ਵਾਲਾ ਸਾਂ!

"ਪੱਗ ਰੱਖ ਲੋ ਸਿਰ 'ਤੇ। ਰਾਤ ਲਈ ਠੰਢ ਤੋਂ ਬਚਾ ਲਈ ਕੋਈ ਕੱਪੜਾ ਵੀ ਲੈ ਲਵੋ।" ਥਾਣੇਦਾਰ ਦੇ ਬੋਲਾਂ ਵਿਚ ਹਲੀਮੀ ਸੀ।


"ਪਰ ਭਾ ਜੀ, ਕੋਈ ਕਸੂਰ ਤਾਂ ਦੱਸੋ ਇਨ੍ਹਾਂ ਦਾ। ਐਵੇਂ ਨਾਹੱਕ ਈ ਤੁਸੀਂ ਕਿਵੇਂ ਲੈ ਤੁਰੋਗੇ ਇਨ੍ਹਾਂ ਨੂੰ?" ਮੇਰੀ ਪਤਨੀ ਦਾ ਉਜ਼ਰ ਸੀ।

"ਹੱਕ-ਨਾਹੱਕ ਦਾ ਸਭ ਪਤਾ ਲੱਗ ਜੂ।" ਹਵਾਲਦਾਰ ਫਿਰ ਗੜ੍ਹਕਿਆ। ਥਾਣੇਦਾਰ ਨੇ ਉਹਨੂੰ ਹੱਥ ਦੇ ਇਸ਼ਾਰੇ ਨਾਲ ਚੁੱਪ ਕਰਨ ਲਈ ਕਿਹਾ।

"ਚਲੋ ਤਿਆਰ ਹੋ ਜੋ, ਛੇਤੀ। ਕਸੂਰ ਅਸੀਂ ਨਹੀਂ ਦੱਸ ਸਕਦੇ।" ਥਾਣੇਦਾਰ ਨੇ ਆਖਿਆ। ਅੜਨ ਦਾ ਕੋਈ ਚਾਰਾ ਨਹੀਂ ਸੀ। ਸਾਰੀ ਸਥਿਤੀ ਨੂੰ 'ਰੱਬ ਆਸਰੇ' ਛੱਡ ਕੇ ਮੈਂ ਵਿਚਲੇ ਦਰਵਾਜ਼ੇ ਵਿਚੋਂ ਲੰਘ ਕੇ ਦੂਜੇ ਕਮਰੇ ਵਿਚ ਕੱਪੜੇ ਬਦਲਣ ਚਲਾ ਗਿਆ। ਮੈਂ ਪਤਨੀ ਨੂੰ ਕੱਪੜੇ ਕੱਢ ਕੇ ਦੇਣ ਲਈ ਆਵਾਜ਼ ਮਾਰੀ। ਉਹ ਉਠਣ ਲੱਗੀ ਤਾਂ ਉਹਨੂੰ ਕਿਹਾ ਗਿਆ, "ਨਹੀਂ, ਆਪਣੀ ਥਾਂ ਤੋਂ ਹਿੱਲਣਾ ਨਹੀਂ!" ਉਹ ਬੇਵੱਸ ਹੋ ਕੇ ਬੈਡ ਦੀ ਬਾਹੀ ਉਤੇ ਬੈਠ ਗਈ। ਪੁਲਸੀਏ ਵੀ ਕਮਰੇ ਵਿਚ ਡੱਠੀਆਂ ਕੁਰਸੀਆਂ ਉਤੇ ਨਿੱਠ ਕੇ ਬੈਠ ਗਏ।

ਮੈਂ ਅਲਮਾਰੀ ਵਿਚੋਂ ਕੱਪੜੇ ਲੱਭਣ ਲੱਗਾ।

ਮੇਰੀ ਪਤਨੀ ਥਾਣੇਦਾਰ ਕੋਲ ਮੇਰੇ 'ਪ੍ਰਸਿੱਧ ਲੇਖਕ' ਹੋਣ, ਪਿੰਡ ਦੇ ਸਕੂਲ 'ਚ ਕਈ ਸਾਲਾਂ ਤੋਂ ਲੱਗੇ 'ਜ਼ਿੰਮੇਵਾਰ ਅਧਿਆਪਕ' ਹੋਣ ਅਤੇ ਪਿੰਡ ਦੇ ਲੋਕਾਂ ਵੱਲੋਂ 'ਪਿਆਰੇ ਤੇ ਸਤਿਕਾਰੇ ਜਾਣ ਵਾਲੇ' ਹੋਣ ਦਾ ਜ਼ਿਕਰ ਬਿਨਾਂ ਰੁਕੇ ਕਰੀ ਜਾ ਰਹੀ ਸੀ।



*ਸੁਰਿੰਦਰ ਸਿੰਘ ਸੋਢੀ*

***ਇੱਕ ਵਾਰ ਉਸ ਨੇ ਇਹ ਵੀ ਦੱਸਿਆ ਕਿ ਭਿੰਡਰਾਂਵਾਲੇ ਦੀ ਸੱਜੀ ਬਾਂਹ ਸੋਢੀ (ਸੁਰਿੰਦਰ ਸਿੰਘ) ਨੂੰ ਮਾਰਨ ਵਾਲਾ ਉਹਦਾ ਯਾਰ ਛਿੰਦਾ ਹੈ। ਉਸ ਨੇ ਸੋਢੀ ਦੇ ਕਤਲ ਦੀ ਕਹਾਣੀ ਵੀ ਸੁਣਾਈ ਅਤੇ ਫਿਰ ਛਿੰਦੇ ਦੇ ਕਤਲ ਦੀ ਵੀ! ਉਹ ਇਸ ਗੱਲੋਂ ਵੀ ਡਰਦਾ ਕਿ ਛਿੰਦੇ ਨਾਲ ਉਹਦੀ ਯਾਰੀ ਰਹੀ ਹੋਣ ਕਰ ਕੇ ਉਹਨੂੰ ਵੀ ਨਾ ਮਾਰ ਦਿੱਤਾ ਜਾਵੇ! ਕਦੀ ਕਦੀ ਇਹ ਵੀ ਪਤਾ ਲੱਗਦਾ ਕਿ ਕਿਸੇ 'ਕੇਸ' ਵਿਚ ਉਹਨੂੰ ਫੜਨ ਲਈ ਪੁਲਿਸ ਨੇ ਪਿੰਡ ਵਿਚ ਛਾਪਾ ਮਾਰਿਆ ਸੀ।***

"ਅਹੁ ਵਰਦੀ ਵਾਲੀ ਤਸਵੀਰ ਕਿਸ ਦੀ ਹੈ?" ਅੰਗੀਠੀ 'ਤੇ ਪਈ ਤਸਵੀਰ ਵੱਲ ਇਸ਼ਾਰਾ ਕਰ ਕੇ ਥਾਣੇਦਾਰ ਨੇ ਪੁੱਛਿਆ ਤਾਂ ਮੇਰੀ ਪਤਨੀ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਇੱਕ ਹੋਰ 'ਵੋਟ' ਮਿਲ ਗਈ।

"ਇਹ ਮੇਰੇ ਪਿਤਾ ਜੀ ਨੇ। ਪੁਲਿਸ ਵਿਚ ਇੰਸਪੈਕਟਰ ਹੁੰਦੇ ਸਨ। ਛੱਬੀ ਜਨਵਰੀ ਵਾਲੇ ਦਿਨ ਖੇਡਾਂ ਕਰਦਿਆਂ, ਘੋੜੇ ਤੋਂ ਡਿੱਗ ਕੇ ਉਨ੍ਹਾਂ ਦੀ ਮੌਤ ਹੋ ਗਈ ਸੀ।" ਉਹ ਆਪਣੇ ਇੰਸਪੈਕਟਰ ਪਿਤਾ ਦੀ ਥਾਣੇਦਾਰ ਨਾਲ 'ਕਿੱਤੇ ਦੀ ਸਾਂਝ' ਜੋੜ ਕੇ ਉਸ ਦੀ 'ਹਮਦਰਦੀ ਬਟੋਰਨਾ' ਚਾਹੁੰਦੀ ਸੀ ਸ਼ਾਇਦ!

ਮੈਂ ਕੱਪੜੇ ਬਦਲ ਕੇ ਵਾਪਸ ਆਇਆ। ਮੇਰੀ ਵੱਡੀ ਧੀ ਅਤੇ ਪੁੱਤਰ ਸਹਿਮੇ ਹੋਏ ਸਾਰਾ 'ਨਾਟਕ' ਵੇਖ ਰਹੇ ਸਨ। ਸਭ ਤੋਂ ਛੋਟੀ ਬੱਚੀ ਮੇਰੀ ਪਤਨੀ ਦੀ ਬਾਂਹ ਖਿੱਚ ਕੇ ਵਾਰ ਵਾਰ ਆਖ ਰਹੀ ਸੀ, "ਮੰਮੀ ਮੈਨੂੰ ਪੜ੍ਹਾਓ ਵੀ।"

ਮੈਂ ਬੱਚੀ ਦੇ ਸਿਰ 'ਤੇ ਹੱਥ ਫੇਰਿਆ। ਦੂਜੇ ਬੱਚਿਆਂ ਵੱਲ ਤਰਦੀ ਜਿਹੀ ਨਜ਼ਰ ਮਾਰੀ ਅਤੇ ਕਮਰੇ 'ਚੋਂ ਬਾਹਰ ਨਿਕਲ ਆਇਆ।

ਪੁਲਿਸ ਚੌਕੀ ਵਿਚ ਪਹੁੰਚਣ 'ਤੇ ਹਵਾਲਦਾਰ ਨੇ ਕਮਰੇ ਵਿਚ ਪਏ ਅਲਾਣੇ ਮੰਜੇ ਵੱਲ ਇਸ਼ਾਰਾ ਕਰ ਕੇ ਮੈਨੂੰ ਕਿਹਾ, "ਇਥੇ ਪੈ ਜਾਓ। ਹੋਰ ਕੱਪੜੇ ਲੀੜੇ ਦੀ ਤਾਂ ਲੋੜ ਨਹੀਂ?" ਉਸ ਦਾ ਰਵੱਈਆ ਵੀ ਲਚਕਦਾਰ ਹੋ ਗਿਆ ਸੀ। ਮੇਰੀ ਪਤਨੀ ਵੱਲੋਂ ਮੇਰੇ ਬਾਰੇ ਦੱਸੇ ਜਾਣ ਕਰ ਕੇ ਜਾਂ ਥਾਣੇਦਾਰ ਦੇ ਸਮਝਾਉਣ ਕਰ ਕੇ ਜਾਂ ਰੱਬੀਂ ਹੀ ਉਸ ਦੇ ਮਨ ਵਿਚ ਮਿਹਰ ਪੈ ਗਈ ਸੀ! ਇਸ ਬਾਰੇ ਕੁਝ ਨਹੀਂ ਸੀ ਕਿਹਾ ਜਾ ਸਕਦਾ।

ਮੈਂ 'ਧੰਨਵਾਦ' ਕਹਿ ਕੇ ਮੰਜੇ 'ਤੇ ਬੈਠ ਗਿਆ। ਸਾਰੇ ਪੁਲਸੀਏ ਚੌਕੀ ਦਾ ਬਾਹਰਲਾ ਦਰਵਾਜ਼ਾ ਬੰਦ ਕਰ ਕੇ ਆਪੋ-ਆਪਣੇ ਟਿਕਾਣਿਆਂ 'ਤੇ ਜਾ ਕੇ ਲੰਮੇਂ ਪੈ ਗਏ। ਜ਼ਾਹਿਰ ਸੀ ਕਿ ਮੈਨੂੰ ਦਿਨ ਚੜ੍ਹਨ ਤੀਕ ਇਕੱਲਾ ਛੱਡ ਦਿੱਤਾ ਗਿਆ ਸੀ। ਮੈਂ ਮੰਜੇ 'ਤੇ ਲੰਮਾ ਪਿਆ ਆਪਣੀ ਗ੍ਰਿਫ਼ਤਾਰੀ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕਰ ਰਿਹਾ ਸਾਂ।

ਦਿਨ ਚੜ੍ਹਿਆ ਤਾਂ ਮੈਂ ਵੇਖਿਆ ਕਿ ਪਿੰਡ ਦਾ ਸਾਬਕਾ ਸਰਪੰਚ ਸਵਰਨ ਸਿੰਘ ਪੰਜ-ਸੱਤ ਬੰਦਿਆਂ ਸਮੇਤ ਮੇਰੇ ਕੋਲ ਆਇਆ, "ਭਾ ਜੀ, ਤੁਸੀਂ ਕੋਈ ਫ਼ਿਕਰ ਨਾ ਕਰੋ। ਅਸੀਂ ਹੁਣੇ ਥਾਣੇਦਾਰ ਨੂੰ ਮਿਲਦੇ ਆਂ।" ਕਿਸੇ ਨੇ ਮੇਰੇ ਲਈ ਲਿਆਂਦੀ ਚਾਹ ਮੇਰੇ ਕੋਲ ਰੱਖੀ।

ਹੌਲੀ ਹੌਲੀ ਹੋਰ ਬੰਦੇ ਆਉਂਦੇ ਗਏ। ਮੇਰੇ ਹੱਕ ਵਿਚ ਮੇਰੇ ਹਮਦਰਦਾਂ ਦੀ ਭੀੜ ਜੁੜਦੀ ਜਾ ਰਹੀ ਸੀ। ਲੋਕਾਂ ਦੇ ਇਸ ਇਕੱਠ ਪਿੱਛੇ ਮੇਰੀ ਪਤਨੀ ਦੀ ਹਿੰਮਤ ਸੀ। ਰਾਤੀਂ ਜਦੋਂ ਪੁਲਿਸ ਵਾਲੇ ਮੈਨੂੰ ਫੜ ਕੇ ਲੈ ਆਏ ਤਾਂ ਉਹ ਬੱਚਿਆਂ ਨੂੰ ਆਪਣੇ ਕੋਲ ਬਿਠਾ ਕੇ ਸਾਰੀ ਰਾਤ ਜਾਗਦੀ ਰਹੀ। ਨੀਂਦ ਕਿੱਥੇ ਆਉਣੀ ਸੀ! ਰਾਤ ਨੂੰ ਇਕੱਲੀ ਕਿਤੇ ਜਾ ਨਹੀਂ ਸੀ ਸਕਦੀ। ਆਂਢੀ-ਗੁਆਂਢੀ ਤਾਂ ਦੂਜੇ ਘਰ ਕੁਝ 'ਹੁੰਦਾ' ਸੁਣ ਕੇ ਉਚੀ ਸਾਹ ਨਹੀਂ ਸਨ ਬਾਹਰ ਕੱਢਦੇ! ਮੈਂ ਪਹਿਲਾਂ ਵੀ ਦੱਸਿਆ ਹੈ; ਉਦੋਂ ਅਜੇ ਪਿੰਡ ਦੇ ਕੁਝ ਇੱਕ ਮੋਹਤਬਰ ਬੰਦਿਆਂ ਦੇ ਘਰੀਂ ਹੀ ਟੈਲੀਫ਼ੋਨ ਲੱਗੇ ਹੋਏ ਸਨ। ਮੈਂ 'ਮੋਹਤਬਰ' ਤਾਂ ਨਹੀਂ ਸਾਂ, ਪਰ ਟੈਲੀਫ਼ੋਨ ਮੈਂ ਵੀ ਲਵਾਇਆ ਹੋਇਆ ਸੀ। ਇਸ ਟੈਲੀਫ਼ੋਨ ਕਰ ਕੇ ਮੇਰੇ ਨੇੜਲੇ ਯਾਰ ਮੇਰਾ ਮਜ਼ਾਕ ਵੀ ਉਡਾਉਂਦੇ ਰਹਿੰਦੇ ਸਨ। ਮੈਂ ਇਹ ਟੈਲੀਫ਼ੋਨ ਕਰਨਾ ਕਿਸ ਨੂੰ ਸੀ! ਸਿਵਾਇ ਇੱਕ ਅੱਧੇ ਰਿਸ਼ਤੇਦਾਰ ਦੇ, ਮੇਰੇ ਜਾਣੂਆਂ ਜਾਂ ਰਿਸ਼ਤੇਦਾਰਾਂ 'ਚੋਂ ਕਿਸੇ ਕੋਲ ਵੀ ਤਾਂ ਟੈਲੀਫ਼ੋਨ ਨਹੀਂ ਸੀ ਲੱਗਾ ਹੋਇਆ! ਮੇਰੇ ਘਰ ਬੱਝਾ ਇਹ 'ਕਾਲਾ ਹਾਥੀ' ਕਿਸ ਕੰਮ ਸੀ! ਪਰ ਉਸ ਰਾਤ ਇਹ ਬੜਾ ਕੰਮ ਆਇਆ। ਪਤਨੀ ਨੇ ਤੜਕੇ ਅੰਮ੍ਰਿਤ ਵੇਲੇ, ਜਦੋਂ ਅਜੇ ਸਾਰੇ ਸੁੱਤੇ ਹੋਏ ਸਨ, ਸਭ ਨੂੰ ਫ਼ੋਨ ਖੜਕਾ ਕੇ ਮੇਰੇ ਗ੍ਰਿਫ਼ਤਾਰ ਹੋਣ ਬਾਰੇ ਦੱਸ ਦਿੱਤਾ ਸੀ ਅਤੇ ਉਨ੍ਹਾਂ ਨੂੰ ਮੇਰੇ ਪਿੱਛੇ ਜਾਣ ਦੀ ਬੇਨਤੀ ਕੀਤੀ ਸੀ। ਇਨ੍ਹਾਂ ਵਿਚੋਂ ਬਹੁਤੇ ਲੋਕਾਂ ਨੂੰ ਤਾਂ ਉਸ ਨੇ ਵੇਖਿਆ ਵੀ ਨਹੀਂ ਸੀ ਹੋਇਆ, ਜ਼ਬਾਨ ਸਾਂਝੀ ਕਰਨੀ ਤਾਂ ਕਿਤੇ ਰਹੀ! ਸਭ ਪਿੰਡ ਵਾਸੀਆਂ ਨੇ ਮੇਰਾ ਮਾਣ ਰੱਖਿਆ ਸੀ।

ਉਹ ਭੀੜ ਦੇ ਰੂਪ ਵਿਚ ਮੇਰੇ ਮਗਰ ਉਮਡ ਆਏ ਸਨ! ਉਹ ਮੇਰੇ ਕਮਰੇ ਵਿਚ ਆਉਂਦੇ। ਮੇਰੇ ਨਾਲ ਹੱਥ ਮਿਲਾਉਂਦੇ ਅਤੇ 'ਫ਼ਿਕਰ ਨਾ ਕਰਨ' ਲਈ ਆਖ ਕੇ ਚੌਕੀ ਦੇ ਬਾਹਰਲੇ ਗੇਟ ਸਾਹਮਣੇਂ ਇਕੱਠੇ ਹੋਣ ਲੱਗੇ। ਮੈਂ ਹੌਸਲੇ ਵਿਚ ਹੋ ਗਿਆ। ਆਖ਼ਰ ਮੈਂ ਕਸੂਰ ਕਿਹੜਾ ਕੀਤਾ ਸੀ ਜਿਸ ਕਰ ਕੇ ਪੁਲਿਸ ਵਾਲੇ ਮੇਰੀ ਗ੍ਰਿਫ਼ਤਾਰੀ ਨੂੰ 'ਹੱਕ-ਬਜਾਨਬ' ਠਹਿਰਾਉਣਗੇ!

ਸਾਰੇ ਜਣੇ ਚੌਕੀ ਦੇ ਬਾਹਰ ਖਲੋਤੇ, ਥਾਣੇਦਾਰ ਦੇ ਆਉਣ ਅਤੇ ਹਕੀਕਤ ਜਾਣਨ ਦੀ ਉਡੀਕ ਕਰ ਰਹੇ ਸਨ। ਇੰਨੇ ਚਿਰ ਨੂੰ ਦੋ ਸਿਪਾਹੀਆਂ ਦੇ ਨਾਲ ਬੂਟਾ ਮੇਰੇ ਕੋਲ ਆਇਆ। ਉਸ ਦੇ ਚਿਹਰੇ ਦਾ ਰੰਗ ਉਡਿਆ ਹੋਇਆ ਸੀ। ਮੈਂ ਸਮਝਿਆ ਮੇਰੇ ਫ਼ਿਕਰ ਕਰ ਕੇ ਚਿੰਤਾਵਾਨ ਹੈ! ਮੈਂ ਉਹਨੂੰ ਧੀਰਜ ਧਰਨ ਲਈ ਕਿਹਾ।

"ਇਹ ਮੈਨੂੰ ਵੀ ਫੜ ਕੇ ਲਿਆਏ ਨੇ।" ਉਸ ਨੇ ਖ਼ੁਲਾਸਾ ਕੀਤਾ।

"ਚੰਗਾ ਹੋਇਆ ਸਗੋਂ ਸਾਥ ਬਣ ਗਿਆ!" ਮੈਂ ਮਜ਼ਾਕ ਕੀਤਾ।

"ਪਰ ਭਾ ਜੀ ਆਪਾਂ ਨੂੰ ਲਿਆਂਦਾ ਕਿਉਂ ਆਂ?" ਬੂਟੇ ਨੇ ਪੁੱਛਿਆ ਅਤੇ ਫਿਰ ਆਪ ਹੀ ਕਿਆਫ਼ਾ ਲਾਇਆ, "ਇਹ...ਹੁਰਾਂ ਦਾ ਕੰਮ ਲੱਗਦਾ!"

ਬੂਟਾ ਸਾਡੇ ਪਿੰਡ ਦੇ ਪਰਜਾਪਤ ਸਿੱਖਾਂ ਦਾ ਮੁੰਡਾ ਸੀ। ਇਕ੍ਹੱਤਰ-ਬਹੱਤਰ ਦੇ ਸਾਲਾਂ ਵਿਚ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੰਜਾਬੀ ਦੀ ਐਮ.ਏ. ਦਾ ਵਿਦਿਆਰਥੀ ਸੀ। ਜਦੋਂ ਉਹ ਬੀ.ਏ. ਦਾ ਵਿਦਿਆਰਥੀ ਸੀ ਤਾਂ ਮੇਰੇ ਪ੍ਰਭਾਵ ਅਧੀਨ 'ਤੱਤੀ ਲਹਿਰ' ਦੇ ਨੇੜੇ ਆ ਗਿਆ ਸੀ। ਪ੍ਰਚਾਰ ਦੇ ਕੰਮ ਵਿਚ ਸਰਗਰਮੀ ਨਾਲ ਹੱਥ ਵਟਾਉਂਦਾ। ਰਾਤ-ਬਰਾਤੇ ਕੰਧਾਂ ਉਤੇ ਇਸ਼ਤਿਹਾਰ ਲਾਉਂਦਾ, ਲਵਾਉਂਦਾ। ਵਿਦਿਆਰਥੀ ਯੂਨੀਅਨ ਅਤੇ ਨੌਜਵਾਨ ਸਭਾ ਵਿਚ ਕੰਮ ਕਰਦਾ। ਆਗੂਆਂ ਵੱਲੋਂ ਕੀਤੀਆਂ ਗੁਪਤ ਮੀਟਿੰਗਾਂ ਵਿਚ ਭਾਗ ਲੈਂਦਾ ਅਤੇ ਹੋਰ ਨੌਜਵਾਨ ਸਾਥੀਆਂ ਨੂੰ ਲਹਿਰ ਨਾਲ ਜੋੜਨ ਦਾ ਕੰਮ ਕਰਦਾ। ਫਿਰ ਉਹ ਐਮ.ਏ. ਦੀ ਪੜ੍ਹਾਈ ਵਿਚੇ ਛੱਡ ਕੇ ਗ਼ੈਰ-ਕਾਨੂੰਨੀ ਢੰਗ ਨਾਲ ਜਰਮਨੀ ਚਲਾ ਗਿਆ। ਉਥੇ ਦਿਲ ਨਾ ਲੱਗਾ ਤਾਂ ਵਾਪਸ ਪਰਤ ਆਇਆ। ਮੈਨੂੰ ਕਹਿੰਦਾ, "ਭਾ ਜੀ! ਮੈਂ ਸੋਚਿਆ ਕਿ ਜੇ ਉਥੇ ਜਰਮਨੀ ਵਿਚ ਰਹਿ ਕੇ, ਔਖੇ ਹੋ ਕੇ, ਲੁਕ ਛਿਪ ਕੇ, 'ਇਲੀਗਲ' ਕੰਮ ਕਰ ਕੇ ਹੀ ਪੈਸੇ ਕਮਾਉਣੇ ਨੇ ਤਾਂ ਆਪਣੇ ਮੁਲਕ ਵਿਚ ਹੀ ਇਹ 'ਇਲੀਗਲ' ਕੰਮ ਕਰ ਕੇ, ਪੈਸੇ ਕਿਹੜੇ ਨਹੀਂ ਕਮਾਏ ਜਾ ਸਕਦੇ!" ਹੁਣ ਉਹ ਪਿੰਡ ਘੱਟ ਵੱਧ ਹੀ ਰਹਿੰਦਾ ਸੀ। ਬਹੁਤਾ 'ਬਾਹਰ ਅੰਦਰ' ਹੀ ਰਹਿੰਦਾ। ਆਪਣੇ 'ਕੰਮ-ਕਾਰ' ਕਰਦਾ। ਉਸ ਦੀ ਜੋਟੀ ਹੁਣ 'ਉਹੋ ਜਿਹੇ' ਲੋਕਾਂ ਨਾਲ ਹੀ ਸੀ। ਵਰ੍ਹੇ-ਛਿਮਾਹੀ ਮਿਲਦਾ ਤਾਂ 'ਜੁਰਮ ਦੀ ਦੁਨੀਆਂ' ਦੀ ਕੋਈ ਨਾ ਕੋਈ ਦਿਲਚਸਪ ਸਾਖ਼ੀ ਸੁਣਾ ਜਾਂਦਾ। ਇਨ੍ਹਾਂ ਸਾਖੀਆਂ ਵਿਚ ਇੱਕ ਵਾਰ ਉਸ ਨੇ ਇਹ ਵੀ ਦੱਸਿਆ ਕਿ ਭਿੰਡਰਾਂਵਾਲੇ ਦੀ ਸੱਜੀ ਬਾਂਹ ਸੋਢੀ (ਸੁਰਿੰਦਰ ਸਿੰਘ) ਨੂੰ ਮਾਰਨ ਵਾਲਾ ਉਹਦਾ ਯਾਰ ਛਿੰਦਾ ਹੈ। ਉਸ ਨੇ ਸੋਢੀ ਦੇ ਕਤਲ ਦੀ ਕਹਾਣੀ ਵੀ ਸੁਣਾਈ ਅਤੇ ਫਿਰ ਛਿੰਦੇ ਦੇ ਕਤਲ ਦੀ ਵੀ! ਉਹ ਇਸ ਗੱਲੋਂ ਵੀ ਡਰਦਾ ਕਿ ਛਿੰਦੇ ਨਾਲ ਉਹਦੀ ਯਾਰੀ ਰਹੀ ਹੋਣ ਕਰ ਕੇ ਉਹਨੂੰ ਵੀ ਨਾ ਮਾਰ ਦਿੱਤਾ ਜਾਵੇ! ਕਦੀ ਕਦੀ ਇਹ ਵੀ ਪਤਾ ਲੱਗਦਾ ਕਿ ਕਿਸੇ 'ਕੇਸ' ਵਿਚ ਉਹਨੂੰ ਫੜਨ ਲਈ ਪੁਲਿਸ ਨੇ ਪਿੰਡ ਵਿਚ ਛਾਪਾ ਮਾਰਿਆ ਸੀ।

"ਪਰ ਭਾ ਜੀ, ਇਨ੍ਹਾਂ ਨੇ ਆਪਾਂ ਨੂੰ ਫੜਿਆ ਕਿਉਂ?" ਉਸ ਦੇ ਸਵਾਲ ਦਾ ਜਵਾਬ ਮੇਰੇ ਕੋਲ ਵੀ ਤਾਂ ਨਹੀਂ ਸੀ।

*(ਬਾਕੀ ਅਗਲੇ ਸਫੇ 'ਤੇ)*


# ਉਡ਼ ਗਏ ਮੇਰੇ ਉਡਣੇ ਮਿੱਤਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਦਿਨਾਂ ਵਿਚ ਮੇਰੇ ਬਹੁਤ ਪਿਆਰੇ ਦੋ ਮਿੱਤਰ ਅਕਾਲ ਚਲਾਣਾ ਕਰ ਗਏ। ਪੰਜਾਬੀ ਕਵੀ ਤੇ ਮਨੋਵਿਗਿਆਨ ਦਾ ਡਾਕਟਰ ਜਸਵੰਤ ਸਿੰਘ ਨੇਕੀ ਅਤੇ ਇੰਡੀਅਨ ਇੰਸਟੀਚਿਊਟ ਆਫ ਮਾਸ ਕਮੀਊਨਿਕੇਸ਼ਨ ਦਾ ਸੀਨੀਅਰ ਪ੍ਰੋਫੈਸਰ ਸ਼੍ਰੀ ਕੇ ਐਮ ਸ੍ਰੀਵਾਸਤਵ। ਮੂੰਹ-ਤੂੰਹ ਲਗਦਾ ਤੇ ਹਰਮਨ ਪਿਆਰਾ ਜਸਵੰਤ ਸਿੰਘ ਨੇਕੀ ਅਪਣੇ ਵਿਦਿਅਕ ਜੀਵਨ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਉਘਾ ਕਾਰਕੁਨ ਰਹਿਣ



*ਡਾ. ਜਸਵੰਤ ਸਿੰਘ ਨੇਕੀ*

ਉਪਰੰਤ ਆਪਣੇ ਦੇਸ਼ ਵਿਚ ਪੀ ਜੀ ਆਈ ਚੰਡੀਗੜ੍ਹ ਤੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦੇ ਉਚੇ ਅਹੁਦਿਆਂ ਉਤੇ ਰਹਿਣ ਉਪਰੰਤ ਯੂ ਐਨ ਓ ਦੇ ਸੱਦੇ ਉਤੇ ਵਿਦੇਸ਼ਾਂ ਵਿਚ ਵੀ ਅਹਿਮ ਜਿੰਮੇਵਾਰੀਆਂ ਨਿਭਾਉਂਦਾ ਰਿਹਾ। ਉਸ ਨੂੰ ਉਸ ਦੀ ਕਵਿਤਾ ਲਈ ਕੇਂਦਰ ਦੀ ਸਾਹਿਤ ਅਕਾਡਮੀ ਵੱਲੋਂ ਸਨਮਾਨਿਆ ਗਿਆ। ਉਸ ਦੀ ਲੋਕਪ੍ਰਿਅਤਾ ਸਦਕਾ ਉਸ ਦੇ ਅਕਾਲ ਚਲਾਣੇ ਦੀ ਖਬਰ ਸੁਣਦੇ ਸਾਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਆਪਣੇ ਦਫਤਰ ਬੰਦ ਕਰ ਦਿੱਤੇ ਅਤੇ ਅਗਲੇ ਦਿਨ ਉਸ ਦੇ ਸਸਕਾਰ ਸਮੇਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਵੀ ਹਾਜ਼ਰ ਹੋਏ।

ਵੇਦਾਂ ਤੋਂ ਗਾਂਧੀ ਤਕ ਮੀਡੀਆ ਸਦਾਚਾਰ, ਕਬੂਤਰ ਤੋਂ ਇੰਟਰਨੈਟ ਤਕ ਸਮਾਚਾਰ ਏਜੰਸੀਆਂ ਵਰਗੀਆਂ ਇਕ ਦਰਜਨ ਅੰਗ੍ਰੇਜ਼ੀ ਪੁਸਤਕਾਂ ਦਾ ਰਚੈਤਾ ਕੇ ਐਮ ਸ੍ਰੀਵਾਸਤਵ ਪੰਜਾਬੀ ਯੂਨੀਵਰਸਟੀ ਵਿਚ ਕੁਲਦੀਪ ਨਈਅਰ ਵਲੋਂ ਸਥਾਪਤ ਕੀਤੇ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਦਾ ਮੁਖੀ ਰਿਹਾ। ਕੰਵਾਰਾ ਰਹਿ ਕੇ ਸੰਚਾਰ ਸਾਧਨਾਂ ਦੇ ਧੁਰ ਅੰਦਰ ਦੀ ਥਾਹ ਪਾਉਣ ਵਾਲਾ ਮੇਰਾ ਇਹ ਮਿੱਤਰ ਜੈਨੀਵਾ, ਯੂਗੋਸਲਾਵੀਆ, ਤਾਸਕੰਦ, ਦਖਣੀ ਕੋਰੀਆ, ਮੈਕਸੀਕੋ, ਸਿੰਘਾਪੁਰ, ਸਪੇਨ, ਫਿਨਲੈਂਡ, ਬਾਰਸੀਲੋਨਾ ਆਦਿ ਤਿੰਨ ਦਰਜਨ ਤੋਂ ਵਧ ਸਥਾਨਾਂ ਉਤੇ ਮੀਡੀਆ ਸਬੰਧਤ ਸਮਾਗਮਾਂ ਵਿਚ ਅਪਣੀ ਮੋਹਰ ਲਾ ਚੁੱਕਿਆ ਸੀ।

ਮੈਨੂੰ ਦੋਨਾਂ ਮਿੱਤਰਾਂ ਦੇ ਅਕਾਲ ਚਲਾਣੇ ਦਾ ਦੁੱਖ ਹੈ। ਜਸਵੰਤ ਸਿੰਘ ਨੇਕੀ ਦਾ ਖਾਸ ਕਰਕੇ ਜਿਸ ਨੂੰ ਅੰਤਲੇ ਸਮੇਂ ਤਿੰਨ ਮਹੀਨੇ ਗੈਂਗਰੀਨ ਦਾ ਕਸ਼ਟ ਭੋਗਣਾ ਪਿਆ। ਨੇਕੀ ਜੀ ਤਾਂ ਨੱਬਿਆਂ ਤੋਂ ਉਤੇ ਸਨ ਪਰ ਸ੍ਰੀਵਾਸਤਵ ਦੀ ਉਮਰ ਕੇਵਲ 65 ਸਾਲ ਸੀ। ਜੇ ਉਹ ਹੋਰ ਜੀਵਤ ਰਹਿੰਦਾ ਤਾਂ ਪਤਾ ਨਹੀਂ ਭਾਰਤ ਦੀ ਕਿੰਨੇ ਹੋਰ ਦੇਸ਼ਾਂ ਵਿਚ ਪ੍ਰਤੀਨਿਧਤਾ ਕਰਦਾ। ਮੇਰੇ ਦੋਵੇਂ ਮਿੱਤਰ ਭਰਵੀਂ ਉਡਾਰੀ ਮਾਰਨ ਵਿਚ ਯਕੀਨ ਰਖਦੇ ਸਨ। ਉਨ੍ਹਾਂ ਦੀਆਂ ਆਤਮਾਵਾਂ ਸੁਖੀ ਰਹਿਣ!

**'ਧਰਮ ਯੁੱਗ' ਤੇ 'ਵੀਕਲੀ' ਦੀ ਯਾਦ:** ਸਰਕਾਰੀ ਤੇ ਗੈਰ-ਸਰਕਾਰੀ ਦਫਤਰਾਂ ਵਿਚ ਸੰਪਾਦਕ ਦੀ ਜ਼ਿਮੇਵਾਰੀ ਨਿਭਾਉਣ ਸਦਕਾ ਮੈਂ ਦੇਸ਼ੀ ਤੇ ਵਿਦੇਸ਼ੀ ਛਪਾਈ ਦੀਆਂ ਕਈ ਮਸ਼ੀਨਾ ਨੇੜੇ ਤੋਂ ਵੇਖੀਆਂ ਹਨ। ਸੰਨ 1953 ਵਿਚ ਸਪਤਾਹਿਕ 'ਫਤਿਹ' ਤੇ ਮਾਸਕ 'ਪ੍ਰੀਤਮ' ਦੀ ਸੰਪਾਦਕੀ ਨਿਭਾਉਂਦਿਆਂ ਹੱਥਾਂ ਤੇ ਪੈਰਾਂ ਨਾਲ ਚਲਦੀਆਂ ਮਸ਼ੀਨਾਂ ਦੇਖਣ ਤੋ ਪਿਛੋਂ ਝੰਡੇਵਾਲਾ ਐਸਟੇਟ, ਨਵੀਂ ਦਿੱਲੀ ਤੋਂ ਛਪਦੇ 'ਕੈਰਾਵਾਨ' (ਅੰਗ੍ਰੇਜ਼ੀ) ਤੇ 'ਸਰਿਤਾ'(ਹਿੰਦੀ) ਨੂੰ ਛਾਪਣ ਵਾਲੀਆਂ ਮਸ਼ੀਨਾਂ ਦੇਖ ਕੇ ਹੈਰਾਨ ਹੋਇਆ। ਉਥੇ ਮੇਰਾ ਹਮ ਜਮਾਤੀ ਅਰਵਿੰਦ ਕੁਮਾਰ ਉਨ੍ਹਾਂ ਦੇ ਸੰਪਾਦਕੀ ਮੰਡਲ ਵਿਚ ਕੰਮ ਕਰਦਾ ਸੀ। ਜਦੋਂ ਦਿੱਲੀ ਛਡਕੇ ਅਰਵਿੰਦ ਨੇ ਮੁੰਬਈ ਜਾ ਕੇ 'ਧਰਮ ਯੁਗ' ਦਾ ਕੰਮ ਸਾਂਭ ਲਿਆ ਤੇ ਖੁਸ਼ਵੰਤ ਸਿੰਘ ਨੇ 'ਵੀਕਲੀ' (ਇਲਸਟ੍ਰੇਟਡ ਵੀਕਲੀ ਆਫ ਇੰਡੀਆ) ਦਾ ਤਾਂ ਮੈਨੂੰ ਮੁੰਬਈ ਵਿਚ ਉਨ੍ਹਾਂ ਦੇ ਛਾਪੇਖਾਨੇ ਦੀਆਂ ਦਿਓ ਕਦ ਮਸ਼ੀਨਾਂ ਵੇਖਣ ਦਾ ਮੌਕਾ



*ਕੇ ਐਮ ਸ੍ਰੀਵਾਸਤਵ*

ਮਿਲਿਆ। ਰਸਾਲੇ ਦੇ ਕੰਪੋਜ਼ ਹੋਣ ਪਿਛੋਂ ਉਸ ਦੀ ਛਪਾਈ ਤੇ ਜਿਲਦ ਸਾਜ਼ੀ ਤੋਂ ਪਿਛੋਂ ਬਕਸਾ ਬੰਦ ਹੋ ਕੇ ਛਾਪੇਖਾਨੇ ਤੋਂ ਬਾਹਰ ਜਾਣ ਤੱਕ ਸਾਰਾ ਕੰਮ ਮਨੁੱਖੀ ਹੱਥ ਲਗਣ ਤੋਂ ਬਿਨਾ ਹੀ ਹੋ ਰਿਹਾ ਸੀ।

ਮੈਂ ਚੰਡੀਗੜ੍ਹ ਆਇਆ ਤਾਂ ਟ੍ਰਿਬਿਉਨ ਦੀਆਂ ਵੱਡੀਆਂ ਮਸ਼ੀਨਾ ਤੋਂ ਬਿਨਾ ਲੋਕਗੀਤ ਪ੍ਰਕਾਸ਼ਨ ਵਾਲਿਆਂ ਦੀਆਂ ਪੁਸਤਕ ਛਾਪ ਮਸ਼ੀਨਾਂ ਵੀ ਦੇਖੀਆਂ। ਹੁਣ ਜਦੋਂ ਲੋਕਗੀਤ ਪ੍ਰਕਾਸ਼ਨ ਨੇ ਪੁਸਤਕ ਛਾਪਣ ਦਾ ਸਾਰਾ ਕੰਮ ਮੋਹਾਲੀ ਦੇ 9 ਫੇਜ਼ ਦੇ ਇੰਡਸਟਰੀਅਲ ਏਰੀਏ ਵਿਚ ਪੈਂਦੀ 301 ਨੰਬਰ ਇਮਾਰਤ ਵਿਚ ਇਕੱਠਾ ਕਰ ਲਿਆ ਹੈ ਤਾਂ ਦੈਂਤ ਰੂਪੀ ਜਰਮਨ ਮਸ਼ੀਨਾਂ ਵੀ ਦੇਖਣ ਨੂੰ ਮਿਲੀਆਂ।

ਇਹ ਮਸ਼ੀਨਾਂ 1968 ਵਿਚ ਮੁੰਬਈ ਜਾ ਕੇ ਵੇਖੀਆਂ ਟਾਈਮਜ਼ ਆਫ਼ ਇੰਡੀਆ ਦੀਆਂ ਮਸ਼ੀਨਾਂ ਨਾਲੋਂ ਵੱਡੇ ਆਕਾਰ ਦੀਆਂ ਹਨ। ਮੁੰਬਈ ਵਾਲੀਆਂ ਏ 4 ਤੇ 19/26 ਦਾ ਕਾਗਜ਼ ਛਾਪਦੀਆਂ ਸਨ ਪਰ ਲੋਕਗੀਤ ਪ੍ਰਕਾਸ਼ਨ ਦੀਆਂ ਜਰਮਨ ਹਾਈਡਲਬਰਗ ਮਸ਼ੀਨਾਂ ਵਿਚੋ ਇੱਕ 28/40 ਦੇ ਕਾਗਜ਼ ਉਤੇ ਰੰਗ ਛਾਪਦੀ ਹੈ। ਦੂਜੀ ਏਸ ਆਕਾਰ ਦੇ ਕਾਗਜ਼ ਉਤੇ ਇੱਕੋ ਸਾਹ ਦੋ ਰੰਗ ਤੇ ਤੀਜੀ ਚਾਰ ਰੰਗ। ਖੂਬੀ ਇਹ ਕਿ ਵਰਕੇ ਜੋੜਨ, ਪੰਨ ਮਿਲਾਉਣ ਤੇ ਜਿਲਦਾਂ ਬੰਨ੍ਹਣ ਵਾਲੇ ਕਾਮੇ ਮਸ਼ੀਨਾਂ ਦੀ ਤੇਜ਼ੀ ਨਾਲ ਕਦਮ ਮਿਲਾ ਕੇ ਚਲਦੇ ਤੇ ਮੋਢੇ ਨਾਲ ਮੋਢਾ ਡਾਹੁੰਦੇ ਹਨ। ਦੋ ਕਨਾਲ ਦੀ ਛੱਤ ਥੱਲੇ ਬੁੱਕ ਪ੍ਰੋਡਕਸ਼ਨ ਦਾ ਇਹ ਤਾਲ ਮੇਲ ਸੱਚ ਹੀ ਵੇਖਣ ਵਾਲਾ ਹੈ। ਇਹੋ ਜਿਹੇ ਜਲਵੇ ਸਮਾਚਾਰ ਪਤਰਾਂ ਦੇ ਛਾਪਾਖਾਨਿਆਂ ਵਿਚ ਤਾਂ ਹੁੰਦੇ ਸਨ, ਬੁਕ ਪ੍ਰੋਡਕਸ਼ਨ ਵਾਲਿਆਂ ਕੋਲ ਨਹੀਂ।

ਹੁਣ ਜਦੋਂ ਪੁਰਾਣੇ ਰਸਾਲੇ ਬੰਦ ਹੋ ਚੁੱਕੇ ਹਨ ਤਾਂ ਮੈਨੂੰ ਨਹੀਂ ਪਤਾ ਕੈਰਾਵਾਨ ਨਵੀਂ ਦਿੱਲੀ ਤੇ ਟਾਈਮਜ਼ ਆਫ ਇੰਡੀਆ ਮੁੰਬਈ ਕੋਲ ਕਿਸ ਰੂਪ ਤੇ ਆਕਾਰ ਦੀਆਂ ਮਸ਼ੀਨਾਂ ਹਨ ਪਰ ਮੈਂ ਇਹ ਗੱਲ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਛਾਪੇਖਾਨਿਆਂ ਵਿਚ ਦਿਲਚਸਪੀ ਰਖਣ ਵਾਲੇ ਹਿਮਾਚਲ, ਹਰਿਆਣਾ ਤੇ ਪੰਜਾਬ ਦੇ ਵਸਨੀਕ ਸੁਰ-ਤਾਲ ਮਿਲਾ ਕੇ ਬੁਕ ਪ੍ਰੋਡਕਸ਼ਨ ਵਿਚ ਰੁੱਝੀਆਂ ਇਨ੍ਹਾਂ ਮਸ਼ੀਨਾਂ ਦਾ ਕੰਮ ਦੇਖ ਕੇ ਓਨੇ ਹੀ ਖੁਸ਼ ਹੋਣਗੇ ਜਿੰਨੇ ਦੋ ਕੁ ਸਾਲ ਪਹਿਲਾਂ ਰੋਜ਼ਾਨਾ ਅਜੀਤ ਦੀਆਂ ਵਡ ਆਕਾਰੀ ਮਸ਼ੀਨਾਂ ਵੇਖ ਕੇ ਹੋਏ ਸਨ। ਨਵੇਂ ਪੰਜਾਬ ਦੇ ਛਾਪਾਖਾਨੇ ਜ਼ਿੰਦਾਬਾਦ।

**ਵਿਦਿਆ, ਬੇਰੋਜ਼ਗਾਰੀ ਤੇ ਜ਼ੁਰਮ:** ਪੰਜਾਬ ਵਿਚ ਵਿਦਿਆ ਦੇ ਵਧਣ ਨਾਲ ਬੇਰੁਜ਼ਗਾਰੀ ਹੀ ਨਹੀਂ ਵਧੀ ਜੁਰਮਾਂ ਵਿਚ ਵੀ ਵਾਧਾ ਹੋਇਆ ਹੈ। ਪਿਛਲੀ ਸ਼ਤਾਬਦੀ ਦੇ ਅੰਤਮ ਵਰ੍ਹੇ ਵਖ ਵਖ ਦੋਸ਼ਾਂ ਅਧੀਨ ਜੇਲ੍ਹ ਗਏ ਪੜ੍ਹੇ ਲਿਖੇ ਗਭਰੂਆਂ ਦੀ ਗਿਣਤੀ 2,295 ਸੀ ਪਰ ਹੁਣ ਪੰਦਰਾਂ ਸਾਲਾਂ ਬਾਅਦ ਇਹ ਗਿਣਤੀ ਨੌ ਗੁਣਾ ਭਾਵ 19,365 ਹੋ ਗਈ ਹੈ। ਜੇ ਮੁਟਿਆਰਾਂ ਦਾ ਖਾਤਾ ਖੋਲ੍ਹੀਏ ਤਾਂ 105 ਤੋਂ 10 ਗੁਣਾਂ ਵਧ ਕੇ 1265 ਹੋ ਗਈ ਹੈ।

ਇਸ ਦਾ ਮੁੱਖ ਕਾਰਨ ਅਜੋਕੀ ਵਿਦਿਆ ਵਿਚ ਕਿੱਤਾ-ਮੁੱਖੀ ਵਿਦਿਆ ਦੀ ਘਾਟ ਹੈ। ਸਾਨੂੰ ਅਪਣੇ ਯੁਵਕਾਂ ਤੇ ਯੁਵਤੀਆਂ ਨੂੰ ਕਿੱਤਾ ਮੁੱਖੀ ਵਿਦਿਆ ਦੇ ਕੇ ਨੌਕਰੀ ਕਰਨ ਜਾਂ ਕੋਈ ਕਿੱਤਾ ਅਪਨਾਉਣ ਦੇ ਯੋਗ ਬਣਾਉਣਾ ਚਾਹੀਦਾ ਹੈ। ਕੀ ਅਸੀਂ ਵੇਖਦੇ ਨਹੀਂ ਕਿ 10/10 ਫੁੱਟ ਦੀ ਦੁਕਾਨ




ਵਿਚੋਂ ਦੁਕਾਨਦਾਰ ਲੋਕ ਨੌਕਰੀ ਕਰਨ ਵਾਲਿਆਂ ਨਾਲੋਂ ਕਿਤੇ ਵਧ ਪੈਸਾ ਕਮਾਉਂਦੇ ਤੇ ਸੁਖੀ ਵਸਦੇ ਹਨ। ਜੇ ਸਾਡੀ ਯੁਵਾ ਪੀੜ੍ਹੀ ਏਸ ਪਾਸੇ ਲਗ ਜਾਵੇ ਤਾਂ ਵਿਦੇਸ਼ ਜਾਣ ਦੀ ਹੋੜ ਵੀ ਘਟ ਸਕਦੀ ਹੈ ਤੇ ਜੇਲ੍ਹ ਦੀ ਯਾਤਰਾ ਵੀ।

**ਅੰਤਿਕਾ:** (ਸੁਰਜੀਤ ਪਾਤਰ)
ਦੂਰ ਜੇਕਰ ਅਜੇ ਸਵੇਰਾ ਹੈ
ਇਸ ਵਿਚ ਕਾਫੀ ਕਸੂਰ ਮੇਰਾ ਹੈ।

# ਕੁੜਿੱਕੀ ਵਿਚ ਫਸੀ ਜਾਨ

*(ਪਿਛਲੇ ਸਫੇ ਦੀ ਬਾਕੀ)*

ਥਾਣੇਦਾਰ ਆਇਆ। ਸਾਹਮਣੇ ਵਿਹੜੇ ਵਿਚ ਧੁੱਪੇ ਲੱਗੇ ਮੇਜ਼ 'ਤੇ ਬੈਠ ਕੇ ਉਸ ਨੇ ਪੰਜ-ਚਾਰ ਮੋਹਤਬਰ ਬੰਦਿਆਂ ਨੂੰ ਕੋਲ ਬੁਲਾਇਆ ਅਤੇ 'ਅੰਦਰਲੀ ਗੱਲ' ਦੱਸੀ।

ਥਾਣੇਦਾਰ ਦੀ ਗੱਲ ਸੁਣ ਕੇ ਉਹ ਸਾਡੇ ਕੋਲ ਆਏ। ਉਨ੍ਹਾਂ ਦੇ ਚਿਹਰੇ ਗੰਭੀਰ ਸਨ।

"ਭਿੱਖੀਵਿੰਡ ਵਾਲੇ ਐਸ.ਐਚ.ਓ. ਨੂੰ ਆ ਲੈਣ ਦਿਓ। ਉਸ ਦੇ ਆਇਆਂ ਹੀ ਅਸਲੀ ਗੱਲ ਦਾ ਪਤਾ ਲੱਗੂ। ਅਸੀਂ ਇਥੇ ਬਾਹਰ ਹੀ ਉਡੀਕਦੇ ਆਂ।" ਉਨ੍ਹਾਂ ਦੇ ਬੋਲਾਂ ਵਿਚ ਪਹਿਲਾਂ ਵਾਲਾ ਉਤਸ਼ਾਹ ਨਹੀਂ ਸੀ। ਚੌਕੀ ਵਾਲੇ ਥਾਣੇਦਾਰ ਨੇ 'ਹਕੀਕਤ' ਦੱਸ ਕੇ ਉਨ੍ਹਾਂ ਦਾ ਜੋਸ਼ ਮੱਠਾ ਕਰ ਦਿੱਤਾ ਸੀ। ਇਹ ਹਕੀਕਤ ਹੈ ਕੀ ਸੀ?

ਵੇਖਿਆ; ਫੁੱਫੜ ਸੂਰਤਾ ਸਿੰਘ ਮੇਰੇ ਦੋਹਾਂ ਵੱਡੇ ਬੱਚਿਆਂ, ਰੂਪ ਅਤੇ ਸੁਪਨਦੀਪ ਨੂੰ ਆਪਣੀਆਂ ਦੋਹਾਂ ਉਂਗਲਾਂ ਨਾਲ ਲਾਈ ਚੌਕੀ ਦਾ ਦਰਵਾਜ਼ਾ ਲੰਘ ਰਿਹਾ ਸੀ। ਰੂਪ ਨੌਂ ਕੁ ਸਾਲ ਦੀ ਸੀ ਅਤੇ ਸੁਪਨ ਛੇ ਕੁ ਸਾਲ ਦਾ। ਬੱਚਿਆਂ ਵੱਲ ਵੇਖ ਕੇ ਮੇਰਾ ਮਨ ਭਰ ਆਇਆ। ਕੀ ਸੋਚਦੇ ਹੋਣਗੇ ਮੇਰੇ ਬਾਰੇ ਇਹ ਮਾਸੂਮ ਬੱਚੇ! ਇਨ੍ਹਾਂ ਨੂੰ ਤਾਂ ਨਾ ਹੀ ਮੁਲਕ ਦੀ ਸਿਆਸਤ ਅਤੇ ਨਾ ਹੀ ਜੁਰਮ ਦੀ ਦੁਨੀਆਂ ਬਾਰੇ ਕੋਈ ਗਿਆਨ ਸੀ। ਉਨ੍ਹਾਂ ਲਈ ਤਾਂ ਉਨ੍ਹਾਂ ਦਾ ਪਿਉ 'ਬੜੀ ਵੱਡੀ ਤਾਕਤ' ਹੁੰਦਾ ਸੀ ਜਿਸ ਦੀ ਬੁੱਕਲ ਵਿਚ ਉਹ ਸਦਾ ਆਪਣੇ ਆਪ ਨੂੰ ਸਭ ਤੋਂ ਵੱਧ ਸੁਰੱਖਿਅਤ ਸਮਝਦੇ ਸਨ! ਉਨ੍ਹਾਂ ਦੀ ਇਹ 'ਤਾਕਤ' ਪੁਲਸੀਆਂ ਦੇ ਹੁਕਮ ਅਤੇ ਇਸ਼ਾਰੇ 'ਤੇ ਬੈਠਣ, ਉਠਣ ਅਤੇ ਬੋਲਣ ਜੋਗੀ ਰਹਿ ਗਈ ਸੀ!

ਸੂਰਤਾ ਸਿੰਘ ਦੀ ਇਸ ਥਾਣੇਦਾਰ ਨਾਲ 'ਦੂਰ-ਨੇੜੇ' ਦੀ ਕੋਈ ਰਿਸ਼ਤੇਦਾਰੀ ਸੀ। ਉਹ ਮੇਰੀ ਪਤਨੀ ਨੂੰ ਧਰਵਾਸ ਦੇ ਕੇ ਆਇਆ ਸੀ, "ਬੀਬੀ ਰਜਵੰਤ! ਥਾਣੇਦਾਰ ਆਪਣਾ ਮੁੰਡਾ ਹੈ। ਉਹਦੇ ਹੁੰਦਿਆਂ ਆਪਣੇ ਨਾਲ ਨਜਾਇਜ਼ ਨਹੀਂ ਹੁੰਦੀ। ਤੂੰ ਰਤੀ ਭਰ ਵੀ ਫ਼ਿਕਰ ਨਾ ਕਰ।" ਉਹਦਾ ਧਰਵਾਸ ਵਾਜਬ ਸੀ। ਪਤਨੀ ਚਿੰਤਾ-ਮੁਕਤ ਹੋ ਕੇ ਹੋਰ ਘੜੀ ਪਲ ਤਕ ਮੇਰੀ ਵਾਪਸੀ ਦੀ ਉਡੀਕ ਕਰ ਰਹੀ ਸੀ।

ਮੈਨੂੰ ਬੱਚਿਆਂ ਨੂੰ ਮਿਲਣ ਲਈ ਥਾਣੇਦਾਰ ਵਾਲੀ ਮੇਜ਼ ਕੋਲ ਹੀ ਬੁਲਾ ਲਿਆ ਗਿਆ। ਮੈਂ ਲਾਡ ਨਾਲ ਦੋਹਾਂ ਦੀਆਂ ਗੱਲ੍ਹਾਂ ਥਪਥਪਾਈਆਂ। ਮੁਸਕਰਾ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਨ੍ਹਾਂ ਨੂੰ ਕੁਤਕੁਤਾਇਆ। ਮੈਂ ਸਹਿਜ ਰਹਿਣ ਦਾ ਯਤਨ ਕਰਦਾ ਹੋਇਆ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਉਨ੍ਹਾਂ ਦਾ ਪਿਤਾ ਹੁਣ ਵੀ 'ਵੱਡੀ ਤਾਕਤ' ਹੈ! ਉਹ ਪਤਾ ਨਹੀਂ ਕੀ ਮਹਿਸੂਸ ਕਰ ਰਹੇ ਸਨ!

ਥਾਣੇਦਾਰ ਨੇ ਸੂਰਤਾ ਸਿੰਘ ਨੂੰ ਅਲੱਗ ਕਰ ਕੇ 'ਕੁਝ' ਦੱਸਿਆ। ਇੰਨੇ ਚਿਰ ਵਿਚ ਜੀਪ ਬਾਹਰਲੇ ਗੇਟ ਕੋਲ ਰੁਕੀ ਅਤੇ ਉਸ ਵਿਚੋਂ ਨਿਕਲੇ ਐਸ.ਐਚ.ਓ. ਨੂੰ ਬਾਹਰ ਖਲੋਤੇ ਬੰਦਿਆਂ ਨੇ ਘੇਰ ਲਿਆ। ਉਨ੍ਹਾਂ ਨਾਲ ਗੱਲ ਕਰ ਕੇ ਅਤੇ ਉਨ੍ਹਾਂ ਨੂੰ ਬਾਹਰ ਹੀ ਰੁਕਣ ਦਾ ਕਹਿ ਕੇ, ਉਹ ਅੰਦਰ ਆਇਆ। ਚੌਕੀ ਵਾਲੇ ਛੋਟੇ ਥਾਣੇਦਾਰ ਨੇ ਉਠ ਕੇ ਉਹਨੂੰ ਸਲੂਟ ਮਾਰਿਆ। ਮੈਂ ਵੀ ਕੁਰਸੀ ਤੋਂ ਉਠ ਖਲੋਤਾ। ਉਸ ਨੇ ਮੈਨੂੰ ਬੈਠ ਜਾਣ ਲਈ ਇਸ਼ਾਰਾ ਕੀਤਾ। ਹੁਣ ਸਾਡੀ ਗ੍ਰਿਫ਼ਤਾਰੀ ਦਾ ਰਹੱਸ ਖੁੱਲ੍ਹਣ ਦਾ ਮੌਕਾ ਸੀ। ਥਾਣੇਦਾਰ ਬੜੇ ਠਰ੍ਹੰਮੇ ਨਾਲ ਬੋਲ ਰਿਹਾ ਸੀ, ਪਰ ਮੇਰੇ ਕੰਨਾਂ ਵਿਚ ਗੜਗੜਾਹਟ ਹੋ ਰਹੀ ਸੀ। ਮੈਂ ਵਿਚਾਰਗੀ ਦੀ ਹਾਲਤ ਵਿਚ ਉਸ ਦੇ ਬੋਲਾਂ ਦੇ ਮਲਬੇ ਹੇਠਾਂ ਦੱਬਿਆ ਗਿਆ ਸਾਂ!

"ਤੁਹਾਡੇ ਪਿੱਛੇ ਆਇਆ ਸਾਰਾ ਪਿੰਡ ਤੁਹਾਡਾ ਕਸੂਰ ਪੁੱਛਦਾ ਪਿਆ ਹੈ! ਲੌ ਸੁਣ ਲਓ ਆਪਣਾ ਕਸੂਰ। ਪਿੰਡ ਸੁਰ ਸਿੰਘ ਵਿਚ ਮਹੀਨਾਂ ਪਹਿਲਾਂ ਜਿਹੜੀ ਗੋਲੀ ਚੱਲੀ ਹੈ, ਅਸੀਂ ਕਹਿੰਦੇ ਹਾਂ ਕਿ ਉਹ ਤੁਸੀਂ ਚਲਾਈ ਹੈ। ਇੱਕ ਬੰਦੇ ਨੂੰ ਤੁਸੀਂ ਕਤਲ ਕੀਤਾ ਏ ਅਤੇ ਬਾਕੀ ਬੰਦੇ ਜ਼ਖ਼ਮੀ ਕੀਤੇ ਨੇ। ਇਹ ਕੇਸ ਬਣਦਾ ਹੈ ਤੁਹਾਡੇ 'ਤੇ। ਹੁਣ ਤੁਸੀਂ ਸਾਬਤ ਕਰਨਾ ਹੈ ਕਿ ਗੋਲੀ ਤੁਸੀਂ ਨਹੀਂ ਚਲਾਈ! ਬੰਦਾ ਤੁਸੀਂ ਨਹੀਂ ਮਾਰਿਆ!"

ਉਹ ਉਤਸੁਕ ਨਜ਼ਰਾਂ ਨਾਲ ਮੇਰੇ ਵੱਲ ਵੇਖਣ ਲੱਗਾ। 'ਦੰਦ ਜੁੜ ਜਾਣੇ' ਦਾ ਮੁਹਾਵਰਾ ਮੈਨੂੰ ਪਹਿਲੇ ਦਿਨ ਇੰਨੀ ਬਾਰੀਕੀ ਨਾਲ 'ਸਮਝ' ਆਇਆ! ਮੈਨੂੰ ਸੁੱਝ ਅਹੁੜ ਹੀ ਨਹੀਂ ਸੀ ਰਹੀ ਕਿ ਕੀ ਜਵਾਬ ਦੇਵਾਂ! ਮੈਂ ਇਹ ਕਿਵੇਂ ਸਾਬਤ ਕਰ ਸਕਦਾ ਸਾਂ ਭਲਾ! ਦੋਸ਼ ਲਾਉਣ ਵਾਲੇ ਉਨ੍ਹਾਂ ਦਿਨਾਂ ਵਿਚ, ਉਂਜ ਵੀ, 'ਸਾਬਤ' ਕਰਨ ਦਾ ਮੌਕਾ ਕਿੱਥੇ ਦਿੰਦੇ ਸਨ! ਜੇ ਕੋਈ ਸਾਬਤ ਕਰਨ ਲਈ ਦੱਸਦਾ ਵੀ ਸੀ ਤਾਂ ਮੰਨਦੇ ਕਿੱਥੇ ਸਨ!

"ਤੁਹਾਨੂੰ ਮੇਰੇ ਬਾਰੇ ਮੇਰੇ ਪਿੱਛੇ ਆਉਣ ਵਾਲੇ ਲੋਕਾਂ ਕੋਲੋਂ ਪਤਾ ਲੱਗ ਹੀ ਗਿਆ ਹੋਵੇਗਾ

> ***ਫੁੱਫੜ ਸੂਰਤਾ ਸਿੰਘ ਮੇਰੇ ਦੋਹਾਂ ਵੱਡੇ ਬੱਚਿਆਂ, ਰੂਪ ਅਤੇ ਸੁਪਨਦੀਪ ਨੂੰ ਆਪਣੀਆਂ ਦੋਹਾਂ ਉਂਗਲਾਂ ਨਾਲ ਲਾਈ ਚੌਕੀ ਦਾ ਦਰਵਾਜ਼ਾ ਲੰਘ ਰਿਹਾ ਸੀ। ਰੂਪ ਨੌਂ ਕੁ ਸਾਲ ਦੀ ਸੀ ਅਤੇ ਸੁਪਨ ਦੀ ਉਮਰ ਛੇ ਕੁ ਸਾਲ ਸੀ। ਬੱਚਿਆਂ ਵੱਲ ਵੇਖ ਕੇ ਮੇਰਾ ਮਨ ਭਰ ਆਇਆ। ਕੀ ਸੋਚਦੇ ਹੋਣਗੇ ਮੇਰੇ ਬਾਰੇ ਇਹ ਮਾਸੂਮ ਬੱਚੇ! ਇਨ੍ਹਾਂ ਨੂੰ ਤਾਂ ਨਾ ਹੀ ਮੁਲਕ ਦੀ ਸਿਆਸਤ ਅਤੇ ਨਾ ਹੀ ਜੁਰਮ ਦੀ ਦੁਨੀਆਂ ਬਾਰੇ ਕੋਈ ਗਿਆਨ ਸੀ। ਉਨ੍ਹਾਂ ਲਈ ਤਾਂ ਉਨ੍ਹਾਂ ਦਾ ਪਿਉ 'ਬੜੀ ਵੱਡੀ ਤਾਕਤ' ਹੁੰਦਾ ਸੀ ਜਿਸ ਦੀ ਬੁੱਕਲ ਵਿਚ ਉਹ ਸਦਾ ਆਪਣੇ ਆਪ ਨੂੰ ਸਭ ਤੋਂ ਵੱਧ ਸੁਰੱਖਿਅਤ ਸਮਝਦੇ ਸਨ! ਉਨ੍ਹਾਂ ਦੀ ਇਹ 'ਤਾਕਤ' ਪੁਲਸੀਆਂ ਦੇ ਹੁਕਮ ਅਤੇ ਇਸ਼ਾਰੇ 'ਤੇ ਬੈਠਣ, ਉਠਣ ਅਤੇ ਬੋਲਣ ਜੋਗੀ ਰਹਿ ਗਈ ਸੀ!***

ਕਿ ਮੈਂ ਕਿਹੋ ਜਿਹਾ ਬੰਦਾ ਹਾਂ! ਉਨ੍ਹਾਂ ਦੱਸ ਹੀ ਦਿੱਤਾ ਹੋਵੇਗਾ ਕਿ ਮੈਂ ਗੋਲੀ ਚਲਾਉਣ ਵਾਲਾ ਸਾਂ ਜਾਂ ਗੋਲੀ ਲੱਗਣ ਵਾਲਿਆਂ ਨੂੰ ਬਚਾਉਣ ਵਾਲਾ। ਇਸ ਤੋਂ ਵੱਧ ਮੈਨੂੰ ਸੁੱਝਦਾ ਹੀ ਨਹੀਂ ਕਿ ਮੈਂ ਆਪਣੀ ਸਫ਼ਾਈ ਵਿਚ ਕੀ ਆਖਾਂ!"

ਸੂਰਤਾ ਸਿੰਘ ਮੇਰੇ ਹੱਕ ਵਿਚ ਬੋਲਣ ਲੱਗਾ ਤਾਂ ਥਾਣੇਦਾਰ ਨੇ ਕਿਹਾ, "ਸਰਦਾਰ ਜੀ, 'ਪੁੱਛ-ਗਿੱਛ' ਨਾਲ ਸਾਰੀ ਸੱਚਾਈ ਵੇਖਿਓ ਕਿਵੇਂ ਸਾਹਮਣੇਂ ਆਉਂਦੀ! ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਕੇ ਰੱਖ ਦਿਆਂਗੇ।"

ਸੂਰਤਾ ਸਿੰਘ ਨੇ ਬੱਚਿਆਂ ਨੂੰ ਉਂਗਲ ਲਾਇਆ ਅਤੇ ਮੇਰੀ ਪਤਨੀ ਤਕ ਇਹ ਮਨਹੂਸ ਖ਼ਬਰ ਪਹੁੰਚਾਉਣ ਲਈ ਤੁਰ ਪਿਆ। ਬੱਚਿਆਂ ਨੇ ਥਾਣੇਦਾਰ ਦੀ ਸਾਰੀ ਗੱਲ ਸੁਣ ਲਈ ਸੀ। ਉਹ ਬੌਂਬੋਲਿਕੇ ਹੋਏ ਧੌਣਾਂ ਮੋੜ ਕੇ ਮੇਰੇ ਵੱਲ ਮੁੜ ਮੁੜ ਵੇਖਦੇ ਦਰਵਾਜ਼ੇ ਤੋਂ ਬਾਹਰ ਹੋ ਗਏ।

ਥੋੜ੍ਹੇ ਚਿਰ ਪਿੱਛੋਂ, ਭਿੱਖੀਵਿੰਡ ਲਿਜਾਣ ਲਈ ਸਾਨੂੰ ਵੱਖਰੇ ਟੈਂਪੂ ਵਿਚ ਬਿਠਾ ਲਿਆ। ਮੇਰੇ ਹਮਾਇਤੀ ਬੇਵੱਸ ਅਤੇ ਖ਼ਾਮੋਸ਼ ਖਲੋਤੇ ਸਨ। ਇੰਨੇ ਚਿਰ ਨੂੰ ਸਕੂਲ ਵਿਚ ਮੇਰਾ ਜਮਾਤੀ ਰਹਿ ਚੁੱਕਾ ਕਿਰਪਾਲ ਆਇਆ ਅਤੇ ਥਾਣੇਦਾਰ ਨੂੰ ਜੀਪ ਵਿਚ ਵੜਦੇ ਨੂੰ ਹੱਸ ਕੇ ਪੁੱਛਿਆ, "ਸਾਡੇ ਜਮਾਤੀ ਨੂੰ ਕਿੱਥੇ ਲੈ ਚੱਲੇ ਓ ਸਰਦਾਰ ਜੀ! ਸਾਨੂੰ ਕੋਈ ਗੱਲ ਤਾਂ ਦੱਸ ਕੇ ਜਾਓ। ਇਹ ਤਾਂ ਸਾਡਾ ਹੀਰਾ ਹੈ। ਮੈਨੂੰ ਤਾਂ ਹੁਣੇ ਪਤਾ ਲੱਗਾ; ਭੱਜਾ ਆਇਆਂ ਮੈਂ।"

ਕਿਰਪਾਲ ਜਿਸ ਨੂੰ ਸਾਰੇ 'ਪਾਲ' ਕਹਿੰਦੇ ਸਨ, ਪਹਿਲਾਂ ਪੁਲਿਸ ਵਿਚ ਹੀ ਹੁੰਦਾ ਸੀ। ਨਕਸਲੀ ਦੌਰ ਵਿਚ ਉਹਦੀ ਡਿਊਟੀ ਮੇਰੀਆਂ ਗਤੀਵਿਧੀਆਂ ਦਾ ਧਿਆਨ ਰੱਖਣ 'ਤੇ ਵੀ ਲੱਗੀ ਰਹੀ ਸੀ। ਉਹ ਉਦੋਂ ਵੀ ਮੈਨੂੰ ਜਮਾਤੀ ਹੋਣ ਕਰ ਕੇ 'ਸੰਭਲ ਕੇ ਚੱਲਣ' ਦੀ 'ਹਦਾਇਤ' ਕਰਦਾ ਹੁੰਦਾ ਸੀ। ਹੁਣ ਉਸ ਨੇ ਨੌਕਰੀ ਛੱਡ ਦਿੱਤੀ ਸੀ ਅਤੇ ਸਿਆਸਤ ਵਿਚ ਸਰਗਰਮ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਹੋਈ ਸੀ। ਪੁਲਿਸ ਵਿਚ ਰਿਹਾ ਹੋਣ ਕਰ ਕੇ ਅਤੇ ਲੋਕਾਂ ਦੇ 'ਕੰਮ-ਧੰਦੇ' ਕਰਵਾਉਣ ਲਈ ਪੁਲਸੀਆਂ ਨੂੰ ਅਕਸਰ ਮਿਲਦਾ ਰਹਿਣ ਕਰ ਕੇ, ਪੁਲਿਸ ਵਾਲਿਆਂ ਨਾਲ ਉਸ ਦੇ ਸਬੰਧ ਨਿਰ-ਉਚੇਚ ਸਨ। ਥਾਣੇਦਾਰ ਨੇ ਉਹਨੂੰ ਕਿਹਾ, "ਆ, ਤੂੰ ਵੀ ਆ ਜਾਹ। ਤੇਰੇ ਵੱਲ ਵੀ ਜਾਣਾ ਸੀ।"

"ਚੱਲੋ!" ਹੱਸਦਾ ਹੋਇਆ ਉਹ ਉਨ੍ਹਾਂ ਨਾਲ ਹੀ ਜੀਪ ਵਿਚ ਸਵਾਰ ਹੋ ਗਿਆ।

ਟੈਂਪੂ ਚੱਲਿਆ ਤਾਂ ਰੋਣ-ਹਾਕੇ ਬੂਟੇ ਨੇ ਕੰਬਦੇ ਹੋਠਾਂ ਨਾਲ ਕਿਹਾ, "ਭਾ ਜੀ! ਮੈਂ ਪੱਕਾ ਹਿਸਾਬ ਲਾ ਲਿਆ ਇਨ੍ਹਾਂ ਨੇ ਆਪਾਂ ਨੂੰ ਗੋਲੀ ਮਾਰ ਦੇਣੀ ਏਂ। ਇਹ ਐਸ.ਐਸ.ਪੀ. ਇਸ ਜ਼ਿਲ੍ਹੇ 'ਚ ਲਾਇਆ ਈ ਇਸੇ ਕਰ ਕੇ ਆ। ਝੂਠੇ ਪੁਲਿਸ ਮੁਕਾਬਲੇ ਬਣਾ ਕੇ ਇਹਨੇ ਕਈ ਬੰਦੇ ਮਰਵਾ ਦਿੱਤੇ ਨੇ। ਆਪਾਂ ਨੂੰ ਵੀ ਇਹ ਛੱਡਣ ਨਹੀਂ ਲੱਗੇ!"

ਬੂਟਾ ਜੋ ਕਹਿ ਰਿਹਾ ਸੀ, ਉਹ ਝੂਠ ਨਹੀਂ ਸੀ। ਇਹ 'ਸਭ ਕੁਝ' ਹੋ ਰਿਹਾ ਸੀ। ਜੇ ਪੁਲਿਸ ਨੇ ਇਹ ਸੱਚ ਮੰਨ ਹੀ ਲਿਆ ਹੈ ਕਿ ਸੁਰ ਸਿੰਘ ਪਿੰਡ ਵਿਚ ਅਸੀਂ ਹੀ ਗੋਲੀ ਚਲਾਈ ਹੈ ਤਾਂ ਬੂਟੇ ਦਾ ਖ਼ਦਸ਼ਾ ਸੋਲਾਂ ਆਨੇ ਸੱਚ ਸੀ। ਮੇਰੇ ਸਰੀਰ ਵਿਚੋਂ ਵੀ ਦਹਿਸ਼ਤ ਦੀ ਕੰਬਣੀ ਲੰਘੀ ਅਤੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਉਭਰ ਆਈਆਂ।

"ਹੈਂ ਭਾ ਜੀ! ਜੇ ਇਨ੍ਹਾਂ ਨੇ ਆਪਾਂ ਨੂੰ ਗੋਲੀ ਮਾਰ ਦਿੱਤੀ ਤਾਂ!" ਉਹਦੇ ਬੋਲਾਂ ਵਿਚ ਬੱਚਿਆਂ ਵਰਗੀ ਵਿਲਕਣੀ ਅਤੇ ਜਗਿਆਸਾ ਸੀ। ਇਹ ਨਹੀਂ ਕਿ ਮੈਂ ਅੰਦਰੋਂ ਬੜਾ ਬਲਵਾਨ ਅਤੇ ਸਹਿਜ ਸਾਂ, ਪਰ ਮੈਂ ਆਪਣੇ ਮਨ ਨੂੰ ਕਰੜਾ ਕਰ ਕੇ, ਮੁਸਕਰਾ ਕੇ ਉਹਨੂੰ ਕਿਹਾ, "ਬੂਟਾ ਸਿਆਂ! ਜੇ ਇਨ੍ਹਾਂ ਨੇ ਗੋਲੀ ਮਾਰਨੀ ਹੀ ਹੋਈ ਤਾਂ ਆਪਾਂ ਕਿਹੜੀ ਹੱਥਾਂ ਨਾਲ ਰੋਕ ਲੈਣੀ ਏਂ! ਹੌਸਲਾ ਰੱਖ! ਜੋ ਹੋਊ, ਵੇਖੀ ਜਾਊ।" ਮੈਂ ਨਹੀਂ ਸਾਂ ਚਾਹੁੰਦਾ ਕਿ ਸਾਨੂੰ ਲੈ ਕੇ ਜਾਣ ਵਾਲੇ ਸਿਪਾਹੀਆਂ ਦੇ ਸਾਹਮਣੇ ਸਾਡੀ ਹਾਲਤ ਹਾਸੋਹੀਣੀ ਲੱਗੇ।

ਥਾਣੇ ਜਾ ਕੇ ਸਾਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ। ਪਲਾਂ ਪਿੱਛੋਂ ਪਾਲ ਨੂੰ ਵੀ ਇੱਕ ਸਿਪਾਹੀ ਨੇ ਹਵਾਲਾਤ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਵਾੜਿਆ ਤਾਂ ਮੈਂ ਸਮਝਿਆ ਕਿ ਪੁਲਿਸ ਨਾਲ ਨੇੜਲੇ ਸਬੰਧਾਂ ਕਰ ਕੇ ਉਹ ਮੇਰੇ ਨਾਲ 'ਗੱਲ-ਬਾਤ' ਕਰਨ ਲਈ ਹਵਾਲਾਤ ਵਿਚ ਅੰਦਰ ਆ ਗਿਆ ਹੈ, ਪਰ ਉਹ ਸਾਡੇ ਨਾਲ ਹੀ ਫ਼ਰਸ਼ 'ਤੇ ਆਣ ਬੈਠਾ।

"ਮੈਂ ਤਾਂ ਤੇਰੇ ਪਿੱਛੇ ਆਉਣ ਕਰ ਕੇ ਫਸ ਗਿਆ। ਨਹੀਂ ਤਾਂ ਮੈਂ ਇਨ੍ਹਾਂ ਦੇ ਕਿੱਥੇ ਕਾਬੂ ਆਉਣਾ ਸੀ!"

ਤਾਂ ਥਾਣੇਦਾਰ ਸੱਚ ਹੀ ਆਖਦਾ ਸੀ ਉਹਨੂੰ, "ਤੂੰ ਵੀ ਆ ਜਾਹ। ਤੇਰੇ ਵੱਲ ਵੀ ਜਾਣਾ ਸੀ।"

***

ਪਾਲ ਨੇ ਮਿਲੀ ਸੂਚਨਾ ਅਨੁਸਾਰ ਦੱਸਿਆ ਕਿ ਪਿੰਡ ਦੇ ਸਾਰੇ ਸਰਕਰਦਾ ਬੰਦਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਨਿਕਲੀ ਹੋਈ ਹੈ। ਸਾਬਕਾ ਸਰਪੰਚਾਂ ਸਮੇਤ ਹੁਣ ਦੇ ਸਰਪੰਚ ਨੂੰ ਵੀ ਲੱਭਦੀ ਫਿਰਦੀ ਹੈ।

**(ਚਲਦਾ)**

**ਤੁਸੀਂ ਪੜ੍ਹ ਚੁੱਕੇ ਹੋ...**


*ਅਫਗਾਨਿਸਤਾਨ ਸਦਾ ਸਿਆਸੀ ਤੂਫਾਨਾਂ ਵਿਚ ਘਿਰਿਆ ਰਿਹਾ ਹੈ। ਅਫਗਾਨ ਮਾਣ ਕਰਦੇ ਹਨ ਕਿ ਉਹ ਕਦੀ ਅੰਗਰੇਜ਼ਾਂ ਦੇ ਅਧੀਨ ਨਹੀਂ ਰਹੇ ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ ਹੁੰਦਾ; ਐਪਰ, ਅੰਗਰੇਜ਼ਾਂ ਦੀ ਖਰੀਦੋ-ਫਰੋਖਤ ਵਾਲੀ ਸਿਆਸਤ ਮੁਲਕ ਦੀਆਂ ਜੜ੍ਹਾਂ ਵਿਚ ਬੈਠ ਗਈ। 20ਵੀਂ ਸਦੀ ਦੇ 7ਵੇਂ ਦਹਾਕੇ ਬਾਅਦ ਤਾਂ ਮੁਲਕ ਵਿਚ ਖਾਨਾਜੰਗੀ ਨੇ ਜੋ ਰੂਪ ਅਖਤਿਆਰ ਕੀਤਾ, ਉਸ ਦੀ ਮਿਸਾਲ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ। ਰੂਸ ਤੇ ਅਮਰੀਕਾ ਨੇ ਆਪੋ-ਆਪਣੇ ਹਿਤਾਂ ਲਈ ਮੁਲਕ ਨੂੰ ਜੰਗ ਦਾ ਮੈਦਾਨ ਬਣਾਇਆ। ਫਿਰ ਮੁੱਲਾ ਉਮਰ ਦੀ ਅਗਵਾਈ ਹੇਠ ਸੱਤਾ ਵਿਚ ਆਏ ਤਾਲਿਬਾਨ ਨੇ ਜ਼ੁਲਮ ਦੀ ਹਨ੍ਹੇਰੀ ਝੁਲਾਈ। ਫਿਰ ਉਸਾਮਾ ਬਿਨ-ਲਾਦਿਨ ਨੇ ਜੰਗ ਦਾ ਮੁਹਾਜ਼ ਹੀ ਬਦਲ ਦਿੱਤਾ। ਹੁਣ ਪੜ੍ਹੋ ਇਸ ਤੋਂ ਅੱਗੇ...*

## ਅਫ਼ਸਾਨਾ-ਏ-ਅਫ਼ਗਾਨਿਸਤਾਨ-7

# ਅਮਰੀਕਾ ਅਤੇ ਆਪਾ-ਧਾਪੀ

*ਅਫ਼ਗਾਨਿਸਤਾਨ ਚਿਰਾਂ ਤੋਂ ਅਸਥਿਰਤਾ ਦੀ ਮਾਰ ਹੇਠ ਹੈ। ਸਿਆਸੀ ਅਤੇ ਸਮਾਜਕ ਉਥਲ-ਪੁਥਲ ਨੇ ਇਸ ਮੁਲਕ ਦਾ ਬੜਾ ਕੁਝ ਲੀਹੋਂ ਲਾਹ ਦਿੱਤਾ ਹੋਇਆ ਹੈ। ਅਫ਼ਗਾਨਿਸਤਾਨ ਦੇ ਇਸ ਪਿਛੋਕੜ ਅਤੇ ਅੱਜ ਦੇ ਹਾਲਾਤ ਦਾ ਲੇਖਾ-ਜੋਖਾ ਪੰਜਾਬੀ ਦੇ ਨਿਰਾਲੇ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਆਪਣੀ ਇਸ ਲੰਬੀ ਰਚਨਾ ਵਿਚ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪਾਠਕ 2013 ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਾਲਾਤ ਬਾਰੇ ਲਿਖਿਆ ਲੇਖਕ ਦਾ ਨਾਵਲ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜੋ ਬੇਹੱਦ ਪਸੰਦ ਕੀਤਾ ਗਿਆ ਸੀ। ਉਮੀਦ ਹੈ ਪਾਠਕ ਇਹ ਲਿਖਤ ਵੀ ਪਸੰਦ ਕਰਨਗੇ। ਚਹਿਲ ਨੇ ਪੰਜ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ 'ਹੋਣੀ' ਅਤੇ 'ਬਲੀ' ਨਾਵਲ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਪੈਂਠ ਬਣਾਈ ਹੈ। 'ਬਲੀ' ਵਿਚ ਪੰਜਾਬ ਸੰਕਟ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਅਤੇ 'ਹੋਣੀ' ਪਰਵਾਸ ਨਾਲ ਜੁੜੇ ਮਸਲਿਆਂ ਨਾਲ ਜੁੜੀ ਤੰਦ-ਤਾਣੀ ਦਾ ਖੁਲਾਸਾ ਕਰਦਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ ਤੋਂ ਅਮਰੀਕਾ ਆ ਵੱਸੇ ਹਰਮਹਿੰਦਰ ਚਹਿਲ ਦੀਆਂ ਰਚਨਾਵਾਂ ਵਿਚ ਪੇਸ਼ ਆਲੇ-ਦੁਆਲੇ ਦਾ ਬਾਰੀਕ ਬਿਰਤਾਂਤ ਉਸ ਦੀਆਂ ਰਚਨਾਵਾਂ ਦੀ ਖਾਸੀਅਤ ਬਣਦਾ ਹੈ। ਇਨ੍ਹਾਂ ਰਚਨਾਵਾਂ ਵਿਚ ਹਕੀਕਤ ਝਾਤੀਆਂ ਮਾਰਦੀ ਦਿਸਦੀ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਤੁਰਨ ਲਈ ਸੈਨਤਾਂ ਮਾਰਦੀ ਹੈ। -ਸੰਪਾਦਕ*

ਅਮਰੀਕਨ ਸਮੁੰਦਰੀ ਬੇੜੇ ਪਹਿਲਾਂ ਹੀ ਹਿੰਦ ਮਹਾਂਸਾਗਰ ਵੱਲ ਕੂਚ ਕਰ ਚੁੱਕੇ ਸਨ। ਜਦੋਂ ਕੋਈ ਵੀ ਗੱਲ ਸਿਰੇ ਨਾ ਚੜ੍ਹੀ ਤਾਂ ਅਮਰੀਕਾ ਨੇ 7 ਅਕਤੂਬਰ 2001 ਨੂੰ ਪਹਿਲਾ ਬੰਬ ਅਫਗਾਨਿਸਤਾਨ ਉਪਰ ਸੁੱਟ ਕੇ ਲੜਾਈ ਦਾ ਬਿਗਲ ਵਜਾ ਦਿੱਤਾ। ਫਿਰ ਕੀ ਸੀ, ਅਮਰੀਕਨ ਜਹਾਜ਼ਾਂ ਦੇ ਬੰਬ, ਅਫਗਾਨਿਸਤਾਨ ਦੀ ਧਰਤੀ 'ਤੇ ਗੜਿਆਂ ਵਾਂਗੂੰ ਵਰ੍ਹਨ ਲੱਗੇ। ਗੋਲ਼ੇ ਵਰ੍ਹਾ ਵਰ੍ਹਾ ਕੇ ਤਾਲਿਬਾਨ ਦੇ ਫੌਜੀ ਸਾਜ਼ੋ-ਸਮਾਨ ਦੀ ਤਬਾਹੀ ਪਿਛੋਂ ਅਮਰੀਕਾ ਨੇ ਦੂਜੀ ਨੀਤੀ ਸ਼ੁਰੂ ਕੀਤੀ। ਇਹ ਸੀ ਨਾਰਥ ਅਲਾਇੰਸ ਵੱਲੋਂ ਹਮਲਾ। ਅਮਰੀਕਾ ਦੀ ਦੇਖ-ਰੇਖ ਹੇਠ ਨਾਰਥ ਅਲਾਇੰਸ ਦੀ ਫੌਜ ਨੇ ਤਾਲਿਬਾਨ 'ਤੇ ਹੱਲਾ ਬੋਲ ਦਿੱਤਾ। ਜਨਰਲ ਰਸ਼ੀਦ ਦੋਸਤਮ ਅਤੇ ਮੁਹੰਮਦ ਅੱਤਾ ਇਸ ਫੌਜ ਦੀ ਕਮਾਂਡ ਸੰਭਾਲ ਰਹੇ ਸਨ। ਇੱਕ ਇੱਕ ਕਰ ਕੇ ਤਾਲਿਬਾਨ ਆਪਣੇ ਗੜ੍ਹ ਹਾਰਦੇ ਗਏ। ਕੁਝ ਹੀ ਦਿਨਾਂ ਵਿਚ ਨਾਰਥ




**ਹਰਮਹਿੰਦਰ ਚਹਿਲ**
**ਫੋਨ: 703-362-3239**
chahals57@yahoo.com

ਅਲਾਇੰਸ ਨੇ ਪੱਛਮ, ਮੱਧ ਅਫਗਾਨਿਸਤਾਨ ਅਤੇ ਨਾਰਥ ਵੱਲ ਦਾ ਸਾਰਾ ਇਲਾਕਾ ਤਾਲਿਬਾਨ ਤੋਂ ਆਜ਼ਾਦ ਕਰਵਾ ਲਿਆ, ਪਰ ਕੁੰਦਜ ਵਿਚ ਤਾਲਿਬਾਨ ਦਾ ਬੜਾ ਤਕੜਾ ਗੜ੍ਹ ਸੀ। ਨਾਰਥ ਅਲਾਇੰਸ ਨੇ ਕੁੰਦਜ ਨੂੰ ਚਾਰਾਂ ਪਾਸਿਆਂ ਤੋਂ ਘੇਰ ਲਿਆ। ਇਸ ਨਾਲ ਉਥੇ ਤਾਲਿਬਾਨ ਦੀ ਮੱਦਦ ਕਰ ਰਹੇ ਪਾਕਿਸਤਾਨੀ ਫੌਜ ਦੇ ਅਫਸਰ ਵੀ ਘਿਰ ਗਏ। ਇਥੇ ਬੜੀ ਦਿਲਚਸਪ ਘਟਨਾ ਵਾਪਰੀ। ਜਨਰਲ ਪਰਵੇਜ਼ ਮੁਸ਼ੱਰਫ ਨੇ ਨੱਕ ਬਚਾਉਣ ਲਈ, ਬੁਸ਼ ਨਾਲ ਰਾਬਤਾ ਕਾਇਮ ਕਰ ਕੇ ਆਪਣੇ ਇਹ ਅਫਸਰ, ਜਹਾਜ਼ ਰਾਹੀਂ ਕੱਢਣ ਲਈ ਲਿਲਕੜੀ ਕੱਢੀ। ਨਾਂਹ ਨੁੱਕਰ ਜਿਹੀ ਕਰਦਾ ਬੁਸ਼, ਆਖਰ ਮੰਨ ਗਿਆ। ਪੂਰੇ ਚਾਰ ਦਿਨ ਪਾਕਿਸਤਾਨੀ ਫੌਜ ਦੇ ਜਹਾਜ਼ ਗੇੜੇ ਲਾਉਂਦਾ ਰਹੇ। ਉਸ ਦੇ ਅਫਸਰ ਤਾਂ ਇੱਕ ਫਲਾਈਟ ਵਿਚ ਹੀ ਚਲੇ ਗਏ ਸਨ, ਇਸ ਪਿਛੋਂ ਲਗਾਤਾਰ ਤਿੰਨ ਦਿਨ ਉਹ ਤਾਲਿਬਾਨ ਲੀਡਰ ਢੋਂਹਦੇ ਰਹੇ। ਅਗਲੇ ਦਿਨੀਂ ਜਦੋਂ ਨਾਰਥ ਅਲਾਇੰਸ ਵਾਲੇ ਉਥੇ ਪੁੱਜੇ ਤਾਂ ਉਥੇ ਕੋਈ ਵੀ ਨਹੀਂ ਸੀ। ਇਹ ਸਾਰੇ ਤਾਲਿਬਾਨ, ਪਾਕਿਸਤਾਨ ਦੇ ਵਜ਼ੀਰਾਬਾਦ ਇਲਾਕੇ 'ਚ ਜਾ ਲੁਕੇ ਸਨ। ਹਾਰੀ ਹੋਈ ਫੌਜ ਦੇ ਤਾਲਿਬਾਨ ਅਧਿਕਾਰੀ ਜਿਹੜੇ ਬਚ ਗਏ ਸਨ, ਉਹ ਵੀ ਬਾਰਡਰ ਲੰਘ ਕੇ ਪਾਕਿਸਤਾਨ ਜਾ ਪਹੁੰਚੇ। ਆਮ ਸਿਪਾਹੀ ਬਗੈਰਾ, ਸਭ ਕੁਝ ਛੱਡ-ਛਡਾ ਕੇ ਆਪਣੇ ਪਿੰਡਾਂ ਨੂੰ ਭੱਜ ਗਏ। ਮੁੱਲਾ ਉਮਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਤਕੜੇ ਆਧਾਰ ਵਾਲੇ ਸੂਬੇ ਹੈਲਮੰਡ ਵਿਚ ਜਾ ਲੁਕਿਆ।

ਕੰਧਾਰ 'ਤੇ ਹਮਲਾ ਹੋਇਆ ਤਾਂ ਤਕੜੀ ਲੜਾਈ ਹੋਈ ਪਰ ਆਖਰ ਇਹ ਵੀ ਨਾਰਥ ਅਲਾਇੰਸ ਨੇ ਜਿੱਤ ਲਿਆ। ਮਹੀਨੇ ਕੁ ਭਰ ਦੀ ਲੜਾਈ ਵਿਚ ਹੀ ਸਾਰਾ ਅਫਗਾਨਿਸਤਾਨ ਨਾਰਥ ਅਲਾਇੰਸ ਦੇ ਕਬਜ਼ੇ ਹੇਠ ਆ ਗਿਆ। ਉਧਰ, ਉਸਾਮਾ ਬਿਨ-ਲਾਦਿਨ ਅਤੇ ਉਸ ਦੀ ਜਥੇਬੰਦੀ ਅਲ-ਕਾਇਦਾ ਦੇ ਦੋ ਢਾਈ ਸੌ ਮੈਂਬਰ ਪਿਛੇ ਬਚ ਗਏ ਸਨ। ਇਨ੍ਹਾਂ ਖਾਤਰ ਹੀ ਤਾਂ ਅਮਰੀਕਾ ਨੇ ਲੜਾਈ ਵਿੱਢੀ ਸੀ, ਪਰ ਉਹ ਪਹਿਲੀਆਂ 'ਚ ਹੀ ਤੋਰਾ ਬੋਰਾ ਪਹਾੜੀਆਂ ਵਿਚ ਬਣਾਈਆਂ ਸੁਰੱਖਿਅਤ ਥਾਂਵਾਂ ਵਿਚ ਜਾ ਲੁਕੇ ਸਨ। ਅਮਰੀਕਾ ਨੇ ਖੁਸ਼ਕ ਪਹਾੜਾਂ ਉਪਰ ਬੜੇ ਬੰਬ ਵਰ੍ਹਾਏ, ਪਰ ਅਲ-ਕਾਇਦਾ ਵਾਲਿਆਂ ਦਾ ਵਾਲ ਵੀ ਵਿੰਗਾ ਨਾ ਹੋਇਆ। ਜੇ ਅਮਰੀਕਾ ਇਨ੍ਹਾਂ ਪਹਾੜੀਆਂ ਦੀ ਘੇਰਾਬੰਦੀ ਕਰ ਲੈਂਦਾ ਤਾਂ ਇਹ ਸਾਰੇ ਫੜੇ ਜਾ ਸਕਦੇ ਸਨ, ਪਰ ਅਮਰੀਕਾ ਨੇ ਨੀਤੀ ਬਣਾਈ ਹੋਈ ਸੀ ਕਿ ਆਪਣੇ ਫੌਜੀ ਅੰਦਰ ਨਹੀਂ ਭੇਜਣੇ। ਤੋਰਾ ਬੋਰਾ ਵਿਚ ਘਿਰੇ ਅਲ-ਕਾਇਦਾ ਵਾਲਿਆਂ ਨੂੰ ਫੜਨ ਲਈ ਅਮਰੀਕਾ ਨੇ ਮੁਕਾਮੀ ਕਮਾਂਡਰ ਜਲਾਲੂਦੀਨ ਹੱਕਾਨੀ ਦੀ ਮੱਦਦ ਲਈ। ਉਸ ਨੂੰ ਕਈ ਮਿਲੀਅਨ ਡਾਲਰ ਇਸ ਕੰਮ ਲਈ ਦਿੱਤੇ ਗਏ। ਉਸ ਨੇ ਪਹਾੜੀਆਂ ਘੇਰ ਲਈਆਂ, ਪਰ ਜਿੰਨੇ ਪੈਸੇ ਅਮਰੀਕਾ ਨੇ ਉਸ ਨੂੰ ਦਿੱਤੇ ਸਨ, ਉਸ ਨਾਲੋਂ ਵੱਧ ਉਸ ਨੇ ਅਲ-ਕਾਇਦਾ ਵਾਲਿਆਂ ਤੋਂ ਲੈ ਕੇ ਉਨ੍ਹਾਂ ਨੂੰ ਠੀਕ-ਠਾਕ, ਆਪਣੀ ਦੇਖ-ਰੇਖ ਹੇਠ, ਪਾਕਿਸਤਾਨ ਪਹੁੰਚਾ ਦਿੱਤਾ। ਇਧਰੋਂ ਪਾਕਿਸਤਾਨ ਵੱਲ ਆ ਰਹੇ ਅਤਿਵਾਦੀਆਂ ਨੂੰ ਆਈ.ਐਸ.ਆਈ. ਖਿੜੇ ਮੱਥੇ 'ਜੀ ਆਇਆਂ ਨੂੰ' ਕਹਿ ਰਹੀ ਸੀ, ਕਿਉਂਕਿ ਉਸ ਮੁਤਾਬਕ ਇਨ੍ਹਾਂ ਜਹਾਦੀਆਂ ਨੇ ਬਾਅਦ ਵਿਚ ਉਸ ਦੇ ਕੰਮ ਆਉਣਾ ਸੀ। ਖੈਰ, ਜਦੋਂ ਨੂੰ ਅਮਰੀਕਾ ਨੂੰ ਪਤਾ ਲੱਗਿਆ ਕਿ ਬਿਨ-ਲਾਦਿਨ ਨਿਕਲ ਚੁੱਕਿਆ ਹੈ, ਉਦੋਂ ਨੂੰ ਦੇਰ ਹੋ ਚੁੱਕੀ ਸੀ। ਇਸ ਪਿਛੋਂ ਅਮਰੀਕਾ ਦੀ ਦਿਲਚਸਪੀ ਇਸ ਲੜਾਈ ਵਿਚ ਘਟ ਗਈ, ਪਰ ਦੂਜੇ ਮੁਲਕਾਂ ਨੇ ਇਕੱਠੇ ਹੋ ਕੇ ਅਫਗਾਨਿਸਤਾਨ ਦੇ ਮੋਹਰੀ ਲੀਡਰਾਂ ਨੂੰ ਇਕੱਠਿਆਂ ਕੀਤਾ ਤੇ ਆਪਸੀ ਸਮਝੌਤੇ ਦੀ ਗੱਲਬਾਤ ਚਲਾਈ।

ਸਮਝੌਤਾ ਹੋ ਗਿਆ ਤਾਂ ਹਮੀਦ ਕਰਜ਼ਈ ਨੂੰ ਵਕਤੀ ਤੌਰ 'ਤੇ ਰਾਸ਼ਟਰਪਤੀ ਬਣਾ ਦਿੱਤਾ ਗਿਆ। ਪੱਕੀ ਚੋਣ ਅਗਲੇ ਸਾਲ 'ਤੇ ਪਾ ਦਿੱਤੀ ਗਈ। ਆਰਜ਼ੀ ਸਰਕਾਰ ਤਾਂ ਬਣ ਗਈ ਪਰ ਇਸ ਵਿਚ ਬਹੁਤਾਤ ਨਾਰਥ ਅਲਾਇੰਸ ਦੇ ਲੋਕਾਂ ਦੀ ਸੀ। ਇਸ ਵੇਲੇ ਸਾਰੇ ਅਫਗਾਨਿਸਤਾਨ 'ਤੇ ਕਿਉਂਕਿ ਉਨ੍ਹਾਂ ਦਾ ਕਬਜ਼ਾ ਸੀ, ਇਸ ਕਰ ਕੇ ਸਰਕਾਰ ਵਿਚ ਵੀ ਉਨ੍ਹਾਂ ਦਾ ਗਲਬਾ ਹੋ ਗਿਆ। ਅਫਗਾਨ ਮੋਹਤਬਰ ਸਮਝਦੇ ਸਨ ਕਿ ਹੁਣ ਅਫਗਾਨਿਸਤਾਨ ਵਿਚ ਸ਼ਾਂਤੀ ਦੇ ਦਿਨ ਆਉਣਗੇ, ਪਰ ਇਥੇ ਸਾਰਿਆਂ ਨੇ ਇੱਕ ਭੁੱਲ ਕਰ ਦਿੱਤੀ। ਉਹ ਸੀ ਤਾਲਿਬਾਨ ਨੂੰ ਇਸ ਸਮਝੌਤੇ ਤੋਂ ਦੂਰ ਰੱਖਣਾ। ਜੇ ਉਨ੍ਹਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਂਦਾ ਤਾਂ ਆਉਣ ਵਾਲੇ ਸਮੇਂ ਵਿਚ ਮੁਸ਼ਕਿਲਾਂ ਖੜ੍ਹੀਆਂ ਹੋਣ ਤੋਂ ਬਚਿਆ ਜਾ ਸਕਦਾ ਸੀ। ਇਹ ਗੱਲ ਪਾਕਿਸਤਾਨ ਦੇ ਵੀ ਗਲੇ ਨਾ ਉਤਰੀ। ਉਸ ਦੀ ਖਾਸ ਧਿਰ, ਤਾਲਿਬਾਨ ਤਾਕਤ 'ਚੋਂ ਬਾਹਰ ਹੋ ਚੁੱਕੇ ਸਨ। ਇਸੇ ਵਜ੍ਹਾ ਕਰ ਕੇ ਪ੍ਰਤੱਖ ਦਿਸ ਰਿਹਾ ਸੀ ਕਿ ਪਾਕਿਸਤਾਨ ਇਥੇ ਸਰਕਾਰ ਦੇ ਰਾਹ ਵਿਚ ਰੋੜੇ ਅਟਕਾਏਗਾ। ਇਸੇ ਲਈ ਉਹ ਇਥੋਂ ਭੱਜੇ ਤਾਲਿਬਾਨ ਅਤੇ ਅਲ-ਕਾਇਦਾ ਵਾਲਿਆਂ ਨੂੰ ਬੜੀ ਚੰਗੀ ਤਰ੍ਹਾਂ ਸੰਭਾਲ ਰਿਹਾ ਸੀ।

ਕੁਝ ਦੇਰ ਬਾਅਦ ਲੋਇਆ ਜਿਰਗਾ ਬੁਲਾਇਆ ਗਿਆ ਜਿਸ ਵਿਚ ਹਮੀਦ ਕਰਜ਼ਈ ਨੂੰ ਆਰਜ਼ੀ ਸਦਰ ਬਣਾ ਦਿੱਤਾ ਗਿਆ। ਅਫਗਾਨਿਸਤਾਨ ਵਿਚ ਆਰਜ਼ੀ ਸਰਕਾਰ ਬਣਦਿਆਂ ਹੀ ਸਭ ਤੋਂ ਪਹਿਲਾਂ ਤਾਲਿਬਾਨ ਵੱਲੋਂ ਆਇਦ ਕੀਤੀਆਂ ਸਖਤੀਆਂ ਵਾਪਸ ਲਈਆਂ ਗਈਆਂ। ਚੌਵੀ ਘੰਟੇ ਡਰ ਦੇ ਸਾਏ ਹੇਠ ਜਿਉਂ ਰਹੇ ਲੋਕਾਂ ਨੇ ਸੁੱਖ ਦਾ ਸਾਹ ਲਿਆ, ਪਰ ਲੋਕ ਅਜੇ ਵੀ ਡਰਦੇ ਸਨ, ਕਿਉਂਕਿ ਨਾਰਥ ਅਲਾਇੰਸ ਦੇ ਜਿਹੜੇ ਲੀਡਰ ਸਰਕਾਰ ਵਿਚ ਲਏ ਗਏ ਸਨ, ਉਹ ਉਹੀ ਪੁਰਾਣੇ ਕਮਾਂਡਰ ਜਿਹੜੇ ਖਾਨਾਜੰਗੀ ਦੌਰਾਨ ਲੋਕਾਂ ਦਾ ਘਾਣ ਕਰਦੇ ਰਹੇ ਸਨ। ਸਿਰਫ ਹਮੀਦ ਕਰਜ਼ਈ ਹੀ ਅਜਿਹਾ ਪਖਤੂਨ ਲੀਡਰ ਸੀ ਜਿਹੜਾ ਕਦੇ ਵਾਰਲੌਰਡ ਨਹੀਂ ਰਿਹਾ ਸੀ, ਪਰ ਇਸ ਵੇਲੇ ਹੋਰ ਕੋਈ ਚਾਰਾ ਵੀ ਨਹੀਂ ਸੀ। ਲੋਕਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਚੋਣਾਂ ਦੌਰਾਨ ਉਹ ਆਪਣੀ ਮਰਜ਼ੀ ਦੇ ਲੀਡਰ ਚੁਣ ਸਕਣਗੇ। ਇਸ ਦੇ ਅਗਲੇ ਸਾਲ, ਭਾਵ 2002 ਵਿਚ ਲੋਇਆ ਜਿਰਗਾ ਦਾ ਇਕੱਠ ਕਰ ਕੇ ਇਸ ਆਰਜ਼ੀ ਸਰਕਾਰ ਦੀ ਮਿਆਦ ਵਧਾਉਣ ਦੀ ਵਿਉਂਤ ਬਣਾਈ ਗਈ। ਇਸ ਪਿਛੋਂ ਇੱਕ ਹੋਰ ਲੋਇਆ ਜਿਰਗਾ ਕਰਵਾਉਣ ਬਾਰੇ ਸੋਚਿਆ ਗਿਆ ਜਿਸ ਨੇ ਮੁਲਕ ਦਾ ਨਵਾਂ ਸੰਵਿਧਾਨ ਬਣਾਉਣ ਦਾ ਕਾਰਜ ਆਰੰਭਣਾ ਸੀ ਅਤੇ ਅਗਲੀਆਂ ਚੋਣਾਂ ਕਰਵਾਉਣ ਦਾ ਫੈਸਲਾ ਕਰਨਾ ਸੀ, ਪਰ ਨਾਰਥ ਅਲਾਇੰਸ ਦੇ ਵਾਰਲੌਰਡ ਆਪਣੀ ਔਕਾਤ ਤੋਂ ਨਹੀਂ ਸਨ ਟਲ ਸਕਦੇ। ਉਨ੍ਹਾਂ ਨੂੰ ਤਾਂ ਸਾਰਾ ਅਫਗਾਨਿਸਤਾਨ ਥਾਲੀ ਵਿਚ ਪਰੋਸ ਕੇ ਮਿਲ ਗਿਆ ਸੀ। ਇੰਨਾ ਹੀ ਨਹੀਂ, ਤਾਲਿਬਾਨ ਨੂੰ ਟੱਕਰ ਦੇਣ ਲਈ ਅਮਰੀਕਾ ਨੇ ਉਨ੍ਹਾਂ ਦੀ ਪੈਸੇ-ਟਕੇ ਪੱਖੋਂ ਵੀ ਖੁੱਲ੍ਹ ਕੇ ਮਦਦ ਕੀਤੀ ਸੀ। ਇਸੇ ਕਰ ਕੇ ਉਹ ਭੂਤਰ ਗਏ ਤੇ ਉਨ੍ਹਾਂ ਆਪਣੇ ਪੁਰਾਣੇ ਪੁੱਠੇ-ਸਿੱਧੇ ਕੰਮ ਫਿਰ ਤੋਂ ਸ਼ੁਰੂ ਕਰ ਦਿੱਤੇ। ਇਨ੍ਹਾਂ ਵਿਚ ਸਭ ਤੋਂ ਵੱਡਾ ਬੁਰਾ ਕੰਮ ਸੀ ਨਸ਼ਿਆਂ ਦੀ ਸਮਗਲਿੰਗ। ਉਸ ਵੇਲੇ ਅਫਗਾਨਿਸਤਾਨ ਦੁਨੀਆਂ ਵਿਚ ਸਭ ਤੋਂ ਵੱਧ ਅਫੀਮ ਉਗਾਉਣ ਵਾਲਾ ਮੁਲਕ ਬਣ ਚੁੱਕਿਆ ਸੀ। ਇਹ ਵਾਰਲੌਰਡ, ਖੁੱਲ੍ਹਮ-ਖੁੱਲ੍ਹਾ ਡਰੱਗ ਦਾ ਧੰਦਾ ਕਰ ਰਹੇ ਸਨ। ਫਿਰ ਸਾਰੇ ਬਾਹਰ ਦੇ ਮੁਲਕਾਂ ਨੇ ਇਹ ਕੰਮ ਬੰਦ ਕਰਵਾਉਣ ਦੀ ਸੋਚੀ। ਅਫੀਮ ਦੀ ਖੇਤੀ ਬੰਦ ਕਰ ਕੇ ਲੋਕਾਂ ਨੂੰ ਹੋਰ ਫਸਲਾਂ ਬੀਜਣ ਨੂੰ ਪ੍ਰੇਰਿਆ ਗਿਆ। ਲੋਕ ਤਿਆਰ ਵੀ ਹੋ ਗਏ, ਪਰ ਇਸ ਲਈ ਉਨ੍ਹਾਂ ਨੂੰ ਲੋੜੀਂਦੇ ਵਸੀਲੇ ਮੁਹੱਈਆ ਨਾ ਕਰਵਾਏ ਗਏ।




*ਤੋਰਾ ਬੋਰਾ ਦੀਆਂ ਸੁੱਕੀਆਂ ਪਹਾੜੀਆਂ ਜਿਥੇ ਅਮਰੀਕਾ ਦੀ ਪੇਸ਼ ਨਾ ਗਈ।*

ਲੋਕ ਅੱਕ ਕੇ ਫਿਰ ਅਫੀਮ ਦੀ ਖੇਤੀ ਕਰਨ ਲੱਗ ਪਏ।

ਜਦੋਂ ਉਸਾਮਾ ਬਿਨ-ਲਾਦਿਨ ਆਪਣੀ ਜਥੇਬੰਦੀ ਸਮੇਤ ਭੱਜ ਨਿਕਲਿਆ ਤਾਂ ਅਮਰੀਕਾ ਦਾ ਜੋਸ਼ ਮੱਠਾ ਪੈ ਗਿਆ। ਇਸ ਤੋਂ ਬਿਨਾਂ ਦੂਜੇ ਭਾਈਵਾਲ ਮੁਲਕ ਵੀ ਫਿਕਰਮੰਦ ਹੋ ਗਏ, ਕਿਉਂਕਿ ਉਨ੍ਹਾਂ ਦਾ ਮੁੱਖ ਨਿਸ਼ਾਨਾ ਸੀ ਅਫਗਾਨਿਸਤਾਨ 'ਚ ਪੱਕੇ ਤੌਰ 'ਤੇ ਸ਼ਾਂਤੀ ਸਥਾਪਤ ਕਰਨੀ ਅਤੇ ਮੁਲਕ ਨੂੰ ਤਰੱਕੀ ਦੇ ਰਾਹ ਪਾਉਣਾ। ਇਹ ਸਾਰਾ ਕੰਮ ਬਹੁਤ ਵੱਡਾ ਸੀ ਅਤੇ ਕਿਸੇ ਇੱਕ ਮੁਲਕ ਦੇ ਵੱਸ ਦਾ ਨਹੀਂ ਸੀ, ਪਰ ਉਦੋਂ ਨੂੰ ਅਮਰੀਕਾ, ਲੜਾਈ ਦਾ ਮੁਹਾਜ਼ ਇਰਾਕ ਵੱਲ ਮੋੜਨ ਲੱਗ ਪਿਆ ਸੀ। ਥੋੜ੍ਹਾ ਟਿਕ-ਟਿਕਾਅ ਹੋਇਆ ਤਾਂ ਤਾਲਿਬਾਨ ਮੁਖੀ ਮੁੱਲਾ ਉਮਰ ਹੈਲਮੰਡ ਸੂਬੇ 'ਚੋਂ ਨਿਕਲ ਕੇ ਪਾਕਿਸਤਾਨ ਦੇ ਕੁਇਟਾ ਸ਼ਹਿਰ ਪਹੁੰਚਿਆ। ਉਥੇ ਜਾ ਕੇ ਉਸ ਨੇ ਖਿੰਡੇ-ਪੁੰਡੇ ਤਾਲਿਬਾਨ ਨੂੰ ਇਕੱਠੇ ਕਰਨਾ ਸ਼ੁਰੂ ਕਰ ਦਿੱਤਾ। ਉਸ ਨੂੰ ਇਸ ਕੰਮ ਵਿਚ ਕਾਮਯਾਬੀ ਵੀ ਮਿਲਣ ਲੱਗੀ, ਕਿਉਂਕਿ ਪਾਕਿਸਤਾਨ ਖੁਦ ਉਸ ਦੀ ਮੱਦਦ ਕਰ ਰਿਹਾ ਸੀ। ਮੁੱਲਾ ਉਮਰ ਨੇ ਛੇਤੀ ਹੀ ਕੌਂਸਲ ਬਣਾ ਕੇ ਕਮਾਂਡਰਾਂ ਨੂੰ ਅਫਗਾਨਿਸਤਾਨ ਦੇ ਇਲਾਕੇ ਵੰਡਦਿਆਂ ਉਥੇ ਜਾ ਕੇ ਗੁਪਤ ਢੰਗ ਨਾਲ ਲੜਾਈ ਦੀ ਤਿਆਰੀ ਵਿੱਢਣ ਦੇ ਨਿਰਦੇਸ਼ ਦਿੱਤੇ। ਪਾਕਿਸਤਾਨ ਪਹਿਲਾਂ ਹੀ 'ਫਾਟਾ' ਇਲਾਕਾ ਅਤੇ ਐਨ.ਡਬਲਿਊ.ਐਫ.ਪੀ. (ਨਾਰਥ ਵੈਸਟਰਨ ਫਰੰਟੀਅਰ ਪਰੋਵਿੰਸ) ਦੁਆਲੇ ਘੱਟ ਸਖਤੀ ਰੱਖਦਾ ਸੀ, ਇਸੇ ਕਰ ਕੇ ਅਫਗਾਨਿਸਤਾਨ 'ਚੋਂ ਭੱਜੇ ਤਾਲਿਬਾਨ ਅਤੇ ਅਲ-ਕਾਇਦਾ ਵਾਲੇ ਇਥੇ ਧੜਾ-ਧੜ ਪਹੁੰਚ ਰਹੇ ਸਨ। ਉਪਰੋਂ ਪਾਕਿਸਤਾਨੀ ਅਤਿਵਾਦੀਆਂ ਵੱਲੋਂ ਭਾਰਤੀ ਪਾਰਲੀਮੈਂਟ ਅੰਦਰ ਕੀਤੇ ਬੰਬ ਧਮਾਕਿਆਂ ਕਾਰਨ ਦੋਹਾਂ ਮੁਲਕਾਂ ਵਿਚਕਾਰ ਟਕਰਾਅ ਪੈਦਾ ਹੋ ਗਿਆ। ਜਦੋਂ ਭਾਰਤੀ ਫੌਜਾਂ ਨੇ ਸਰਹੱਦ ਵੱਲ ਕੂਚ ਕੀਤਾ ਤਾਂ ਪਾਕਿਸਤਾਨ ਨੂੰ ਵੀ ਆਪਣੀਆਂ ਫੌਜਾਂ ਸਰਹੱਦ 'ਤੇ ਲਾਉਣੀਆਂ ਪਈਆਂ। ਇਨ੍ਹਾਂ ਹਾਲਾਤ ਕਰ ਕੇ ਵੀ ਉਪਰੋਕਤ ਇਲਾਕਿਆਂ ਅੰਦਰ ਕੋਈ ਸਖਤੀ ਨਾ ਰਹੀ। ਫਿਰ ਤਾਲਿਬਾਨ ਅਤੇ ਅਲ-ਕਾਇਦਾ ਵਾਲੇ ਆਰਾਮ ਨਾਲ ਇਥੇ ਆਪਣੇ ਅੱਡੇ ਬਣਾ ਕੇ ਕੰਮ-ਕਾਜ ਕਰਨ ਲੱਗੇ। ਜਦੋਂ ਅਮਰੀਕਾ ਦੀ ਦਿਲਚਸਪੀ ਘਟ ਗਈ ਤਾਂ ਪਾਕਿਸਤਾਨੀ ਸਰਕਾਰ ਸਮਝ ਗਈ ਕਿ ਅਮਰੀਕਾ ਹੁਣ ਇਥੋਂ ਅੱਡੇ ਪੁੱਟਣ ਵਾਲਾ ਹੀ ਹੈ, ਇਸ ਪਿੱਛੋਂ ਉਨ੍ਹਾਂ ਲਈ ਫਿਰ ਤੋਂ ਖੁੱਲ੍ਹ ਹੋਵੇਗੀ। ਇਸੇ ਕਰ ਕੇ ਉਹ ਤਾਲਿਬਾਨ ਅਤੇ ਅਲ-ਕਾਇਦਾ ਦੀ ਪੁਸ਼ਤ-ਪਨਾਹੀ ਕਰ ਰਹੇ ਸਨ ਤਾਂ ਕਿ ਮੌਕਾ ਮਿਲਦਿਆਂ ਹੀ ਫਿਰ ਤੋਂ ਉਨ੍ਹਾਂ ਦਾ ਅਫਗਾਨਿਸਤਾਨ 'ਤੇ ਕਬਜ਼ਾ ਕਰਵਾਇਆ ਜਾ ਸਕੇ। ਇਸ ਦੇ ਲਈ ਪਾਕਿਸਤਾਨ, ਤਾਲਿਬਾਨ ਉੱਪਰ ਅਸਿੱਧੀ ਜੰਗ ਚਲਾਉਣ ਦਾ ਦਬਾਅ ਪਾਉਣ ਲੱਗਿਆ। ਜਦੋਂ ਪਾਕਿਸਤਾਨ ਦੀਆਂ ਅਜਿਹੀਆਂ ਹਰਕਤਾਂ ਦਾ ਪਤਾ ਅਮਰੀਕਾ ਨੂੰ ਲੱਗਿਆ ਤਾਂ ਉਸ ਨੇ ਮੁਸ਼ੱਰਫ ਦੀ ਜੁਆਬ ਤਲਬੀ ਕੀਤੀ। ਮੁਸ਼ੱਰਫ ਨੇ ਐਵੇਂ ਹੇਠਲੀਆਂ-ਉੱਪਰਲੀਆਂ ਮਾਰਦਿਆਂ ਕਿਹਾ ਕਿ ਉਹ, ਤਨੋਂ-ਮਨੋਂ ਅਮਰੀਕਨ ਨਿਸ਼ਾਨੇ ਪ੍ਰਤੀ ਸਪਰਪਿਤ ਹੈ। ਜਦੋਂ ਅਮਰੀਕਾ ਨੂੰ ਜਾਪਿਆ ਕਿ ਉਹ ਐਵੇਂ ਟਰਪੱਲ ਮਾਰ ਰਿਹਾ ਹੈ ਤਾਂ ਉਸ ਨੂੰ ਕਿਹਾ ਗਿਆ ਕਿ ਜੇ ਉਹ ਸੰਜੀਦਾ ਹੈ ਤਾਂ ਸਾਬਤ ਕਰੇ। ਮੁਸ਼ੱਰਫ ਵਿਚ-ਵਿਚਕਾਰ ਫਸ ਗਿਆ ਤਾਂ ਉਸ ਨੇ ਜ਼ਰਾ ਕੁ ਸੱਚਾ ਹੋਣ ਲਈ ਕੁਝ ਅਲ-ਕਾਇਦਾ ਮੈਂਬਰ ਗ੍ਰਿਫਤਾਰ ਕਰਵਾ ਕੇ ਅਮਰੀਕਾ ਦੇ ਹਵਾਲੇ ਕਰ ਦਿੱਤੇ। ਇਨ੍ਹਾਂ ਵਿਚ 9/11 ਦਾ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ ਅਤੇ ਅਬੂ ਜ਼ੁਬੇਦ ਸ਼ਾਮਲ ਸਨ। (ਉਂਝ ਇਨ੍ਹਾਂ ਦੀ ਗ੍ਰਿਫਤਾਰੀ ਤੋਂ ਪਹਿਲਾਂ ਕੋਈ ਪਤਾ ਨਹੀਂ ਸੀ ਕਿ ਇਹ ਇੰਨੇ ਵੱਡੇ ਅਤਿਵਾਦੀ ਹਨ। ਇਹ ਭੇਤ ਪਿੱਛੋਂ ਹੀ ਖੁੱਲ੍ਹਿਆ ਕਿ 9/11 ਕਾਰੇ ਦਾ ਅਸਲ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਉਰਫ ਕੇ.ਐਸ.ਐਮ. ਹੈ)। ਮੁਸ਼ੱਰਫ ਦੀ ਇਸ ਹਰਕਤ ਤੋਂ ਚਿੜ ਕੇ ਅਲ-ਕਾਇਦਾ ਨੇ ਉਸ 'ਤੇ ਦੋ ਹਮਲੇ ਕਰਵਾਏ, ਪਰ ਉਸ ਦਾ ਬਚਾਅ ਰਿਹਾ। ਉਂਝ ਉਹ ਸਮਝ ਗਿਆ ਸੀ ਕਿ ਉਹ ਅੱਗ ਨਾਲ ਖੇਡ ਰਿਹਾ ਹੈ। ਜਿਨ੍ਹਾਂ ਅਲ-ਕਾਇਦਾ ਵਾਲਿਆਂ ਦੀ ਉਹ ਪੁਸ਼ਤ-ਪਨਾਹੀ ਕਰ ਰਿਹਾ ਸੀ, ਉਨ੍ਹਾਂ ਨੇ ਹੀ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇੰਨਾ ਹੀ ਨਹੀਂ, ਪਾਕਿਸਤਾਨ ਵਿਚ ਪਨਾਹ ਲੈਣ ਵਾਲਿਆਂ ਨੇ ਇਥੇ ਵੀ ਪਾਕਿਸਤਾਨੀ ਅਲ-ਕਾਇਦਾ ਅਤੇ ਪਾਕਿਸਤਾਨੀ ਤਾਲਿਬਾਨ ਦੇ ਨਾਂ ਹੇਠਾਂ ਨੌਜਵਾਨਾਂ ਦੀ ਭਰਤੀ ਸ਼ੁਰੂ ਕਰ ਦਿੱਤੀ।

ਉਧਰ, ਮੁੱਲਾ ਉਮਰ ਦੁਆਰਾ ਤਾਲਿਬਾਨ ਨੂੰ ਇਕੱਠੇ ਕਰ ਕੇ ਫਿਰ ਤੋਂ ਲੜਾਈ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਛੇਤੀ ਹੀ ਰੰਗ ਦਿਖਾਉਣ ਲੱਗੀਆਂ। ਸਭ ਤੋਂ ਪਹਿਲਾਂ ਉਹ ਸਰਹੱਦੋਂ ਪਾਰ, ਅਫਗਾਨਿਸਤਾਨ ਅੰਦਰ ਲੁਕਾ-ਛੁਪਾ ਕੇ ਹਥਿਆਰ

(ਬਾਕੀ ਅਗਲੇ ਸਫੇ 'ਤੇ)



ਜਲਾਲੂਦੀਨ ਹੱਕਾਨੀ

*ਤੋਰਾ ਬੋਰਾ ਵਿਚ ਘਿਰੇ ਅਲ-ਕਾਇਦਾ ਵਾਲਿਆਂ ਨੂੰ ਫੜਨ ਲਈ ਅਮਰੀਕਾ ਨੇ ਮੁਕਾਮੀ ਕਮਾਂਡਰ ਜਲਾਲੂਦੀਨ ਹੱਕਾਨੀ ਦੀ ਮੱਦਦ ਲਈ। ਉਸ ਨੂੰ ਕਈ ਮਿਲੀਅਨ ਡਾਲਰ ਇਸ ਕੰਮ ਲਈ ਦਿੱਤੇ ਗਏ। ਉਸ ਨੇ ਪਹਾੜੀਆਂ ਘੇਰ ਲਈਆਂ, ਪਰ ਜਿੰਨੇ ਪੈਸੇ ਅਮਰੀਕਾ ਨੇ ਉਸ ਨੂੰ ਦਿੱਤੇ ਸਨ, ਉਸ ਨਾਲੋਂ ਵੱਧ ਉਸ ਨੇ ਅਲ-ਕਾਇਦਾ ਤੋਂ ਲੈ ਕੇ ਉਨ੍ਹਾਂ ਨੂੰ ਠੀਕ-ਠਾਕ, ਆਪਣੀ ਦੇਖ-ਰੇਖ ਹੇਠ, ਪਾਕਿਸਤਾਨ ਪਹੁੰਚਾ ਦਿੱਤਾ। ਇੱਧਰੋਂ ਪਾਕਿਸਤਾਨ ਵੱਲ ਆ ਰਹੇ ਅਤਿਵਾਦੀਆਂ ਨੂੰ ਆਈ.ਐਸ.ਆਈ. 'ਜੀ ਆਇਆਂ ਨੂੰ' ਕਹਿ ਰਹੀ ਸੀ।*

# ਤਿਲ ਦਾ ਮਾਣ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਆਪਾਂ ਨਿਮਾਣਿਆਂ ਦਾ ਮਾਣ ਵਧਾਉਣ ਦਾ ਬੀੜਾ ਚੁੱਕਿਆ ਹੈ। ਇਸ ਫੈਸਲੇ ਕਾਰਨ ਇਸ ਵਾਰ ਤਿਲ ਨੂੰ ਸਾਡੇ ਉਪਕਾਰ ਦਾ ਲਾਭ ਪੁੱਜੇਗਾ। ਇਕ ਹਿੰਦੂ ਵਿਸ਼ਵਾਸ ਅਨੁਸਾਰ ਤਿਲ ਵਿਸ਼ਨੂੰ ਦੇ ਪਸੀਨੇ ਦੀਆਂ ਬੂੰਦਾਂ ਤੋਂ ਪੈਦਾ ਹੋਏ। ਗੁਰੂ ਸਾਹਿਬਾਂ ਨੇ ਤਿਲ ਕਾ ਮਾਨ ਉਕਤੀ ਕਈ ਵਾਰੀ ਵਰਤੀ ਹੈ। "ਜੇ ਕੋ ਪਾਵੈ ਤਿਲ ਕਾ ਮਾਨੁ॥" (ਗੁਰੂ ਰਾਮ ਦਾਸ) ਏਥੇ ਇਸ ਦਾ ਅਰਥ ਤਿਲ ਜਿੰਨੀ ਭਾਵ ਬਹੁਤ ਥੋੜ੍ਹੀ ਵਡਿਆਈ ਲਿਆ ਜਾਂਦਾ ਹੈ, ਮਾਨੁ= ਵਡਿਆਈ। ਤਿਲ ਸ਼ਕਲ ਵਜੋਂ ਚਪਟਾ, ਇਕ ਪਾਸਿਓਂ ਗੋਲ, ਦੂਜੇ ਪਾਸਿਓਂ ਨੁਕਤੇ ਜਿਹਾ ਅਤੇ ਆਕਾਰ ਵਜੋਂ ਬਹੁਤ ਹੀ ਮਹੀਨ ਹੁੰਦਾ ਹੈ। ਭਾਈ ਗੁਰਦਾਸ ਨੇ ਤਿਲ ਦਾ ਰੇਖਾ ਚਿੱਤਰ ਇਸ ਤਰ੍ਹਾਂ ਉਲੀਕਿਆ ਹੈ,

ਤਿਲੁ ਕਾਲਾ ਫੁਲੁ ਉਜਲਾ
ਹਰਿਆ ਬੂਟਾ ਕਿਆ ਨੀਸਾਣੀ।
ਮੁਢਹੁ ਵਢਿ ਬਣਾਈਐ
ਸਿਰ ਤਲਵਾਇਆ ਮਝਿ ਬਿਬਾਣੀ।
ਕਰਿ ਕਟਿ ਪਾਈ ਝੰਬੀਐ
ਤੇਲੁ ਤਿਲੀਹੂੰ ਪੀੜੇ ਘਾਣੀ।

ਜਦ ਹੀਰ, ਰਾਂਝੇ ਤੋਂ ਰੁਖਸਤ ਹੁੰਦੀ ਹੈ ਤਾਂ ਸਹਿਤੀ ਵਲੋਂ ਕੀਤੇ ਕਲਾਮ ਵਿਚ ਤਿਲ ਸ਼ਬਦ ਦੀ ਵਰਤੋਂ ਦੇਖੋ,

ਨੈਣ ਮਸਤ ਗੱਲ੍ਹਾਂ ਤੇਰੀਆਂ ਲਾਲ ਹੋਈਆਂ,
ਡੁੱਕਾਂ ਭੰਨ ਚੋਲੀ ਵਿਚ ਟੇਲੀਆਂ ਨੀ।
ਕਿਸੇ ਹਿਕ ਤੇਰੀ ਨਾਲ ਹਿਕ ਜੋੜੀ,
ਪੇਡੂ ਨਾਲ ਵਲੂੰਧਰਾਂ ਮੇਲੀਆਂ ਨੀ।
ਕਿਸੇ ਅੰਬ ਤੇਰੇ ਅੱਜ ਚੂਪ ਲਏ,
ਤਿਲ ਪੀੜ ਕਢੇ ਜਿਵੇਂ ਤੇਲੀਆਂ ਨੀ।
ਤੇਰਾ ਕਿਸੇ ਨੱਢੇ ਨਾਲ ਮੇਲ ਹੋਇਆ,
ਧਾਰਾਂ ਕਜਲੇ ਦੀਆਂ ਸੁਰਮੀਲੀਆਂ ਨੀ।
ਤੇਰੀਆਂ ਗੱਲ੍ਹਾਂ 'ਤੇ ਦੰਦਾਂ ਦੇ ਦਾਗ਼ ਦਿੱਸਣ,
ਅੱਜ ਸੋਧੀਆਂ ਠਾਕਰਾਂ ਚੇਲੀਆਂ ਨੀ।
(ਵਾਰਿਸ ਸ਼ਾਹ)

ਭਿੰਨ-ਭਿੰਨ ਫਸਲਾਂ ਬੀਜਣ ਸਬੰਧੀ ਇਕ ਸਿਖਿਆਦਾਇਕ ਕਹਾਵਤ ਹੈ, 'ਤਿਲ ਸੰਘਣਾ, ਮੋਠ ਛਿਦਰਾ, ਡੱਡੂ ਟੱਪ ਜਵਾਰ; ਕੋਈ ਕੋਈ ਬੂਟਾ ਕਪਾਹ ਦਾ, ਕਦੀ ਨਾ ਹੋਵੇ ਹਾਰ।' ਸਰੀਰ ਉਤੇ ਕੁਦਰਤੀ ਤੌਰ 'ਤੇ ਪਏ ਤਿਲ ਜਿਹੇ ਕਾਲੇ ਨਿਸ਼ਾਨ ਅਤੇ ਅੱਖ ਦੀ ਪੁਤਲੀ ਵਿਚਲੇ ਕਾਲੇ ਨਿਸ਼ਾਨ ਨੂੰ ਵੀ ਤਿਲ ਕਿਹਾ ਜਾਂਦਾ ਹੈ। ਇਸ ਦਾ ਇਕ ਰੁਪਾਂਤਰ ਤਿਣ ਹੈ। ਗੋਰੇ ਮੁਖੜੇ 'ਤੇ ਪਏ ਤਿਣ ਸੁੰਦਰਤਾ ਵਿਚ ਵਾਧਾ ਕਰਦੇ ਹਨ। ਸ਼ੋਭਾ ਵਧਾਉਣ ਲਈ ਚਿਹਰੇ 'ਤੇ ਕਾਲਾ ਤਿਲ ਵੀ ਲਾਇਆ ਜਾਂਦਾ ਹੈ। "ਤੇਰੇ ਮੂੰਹ 'ਤੇ ਕਾਲਾ ਤਿਲ ਕੁੜੀਏ ਨੀ, ਤੇਰੇ ਮੂੰਹ 'ਤੇ ਕਾਲਾ ਤਿਲ ਕੁੜੀਏ, ਸਾਡੇ ਸੀਨੇ ਦੇ ਵਿਚ ਇੰਜ ਖੁਭਦਾ ਜਿਉਂ ਟੈਰ ਦੇ ਵਿਚ ਕੋਈ ਕਿਲ ਕੁੜੀਏ...।"

ਇਨ੍ਹਾਂ ਨੂੰ ਤਿਤੋਲੜੇ ਵੀ ਕਿਹਾ ਜਾਂਦਾ ਹੈ, ਵਾਰਿਸ ਸ਼ਾਹ ਰਾਂਝੇ ਦਾ ਹੁਸਨ ਬਿਆਨ ਕਰਦਾ ਹੈ, "ਤੇਰੇ ਸਿਆਹ ਤਤੋਲੜੇ ਕਜਲੇ ਦੇ ਠੋਡੀ ਅਤੇ ਗੱਲ੍ਹਾਂ ਉਤੋਂ ਗੁੰਮ ਗਏ।" ਤਿਲ ਤੋਂ ਭਾਵ ਤਿਲਮਾਤਰ ਅਰਥਾਤ ਰੀਣ ਕੁ ਵੀ ਹੁੰਦਾ ਹੈ, ਤਿਲ ਸੁੱਟਣ ਜਿੰਨੀ ਥਾਂ ਨਾ ਹੋਣੀ ਮੁਹਾਵਰਾ ਇਥੋਂ ਹੀ ਬਣਿਆ। ਇਸ ਤੋਂ ਪਲ, ਛਣ ਦਾ ਭਾਵ ਵੀ ਲਿਆ ਜਾਂਦਾ ਹੈ, "ਰਾਮ ਨਾਮੁ ਇਕੁ ਤਿਲ ਤਿਲ ਗਾਵੈ॥" ਤਿਲ ਦੁਨੀਆਂ ਵਿਚ ਸਭ ਤੋਂ ਪੁਰਾਣਾ ਤੇਲ ਬੀਜ ਗਿਣਿਆ ਜਾਂਦਾ ਹੈ। ਸਭ ਤੋਂ ਵਧੀਆ ਕਿਸਮ ਦਾ ਤਿਲ ਭਾਰਤ ਵਿਚ ਉਗਾਇਆ ਜਾਣ ਲੱਗਾ ਸੀ। ਤਿਲ ਵਿਚ ਵਧੇਰੇ ਮਾਤਰਾ ਵਿਚ ਤੇਲ ਹੁੰਦਾ ਹੈ ਹਾਲਾਂ ਕਿ ਕੁਝ ਬਾਂਝ ਵੀ ਹੁੰਦੇ ਹਨ ਜਿਸ ਕਾਰਨ 'ਇਨ੍ਹਾਂ ਤਿਲਾਂ ਵਿਚ ਤੇਲ ਨਹੀਂ' ਕਹਾਵਤ ਬਣੀ। ਇਸ ਦੇ ਤੇਲ ਨੂੰ ਮਿੱਠਾ ਤੇਲ ਕਿਹਾ ਜਾਂਦਾ ਹੈ।

ਸਿਰਫ ਭਾਰਤ ਵਿਚ ਹੀ ਨਹੀਂ, ਹੋਰ ਦੇਸ਼ਾਂ ਵਿਚ ਵੀ ਖਾਣ-ਪੀਣ ਵਾਲੇ ਪਕਵਾਨਾਂ ਵਿਚ ਤਿਲ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਕਈ ਫਾਸਟ ਫੂਡਾਂ ਦੇ ਬੰਨਾਂ ਨੂੰ ਜ਼ਾਇਕੇਦਾਰ ਬਣਾਉਣ ਲਈ ਤਿਲਾਂ ਦਾ ਛੱਟਾ ਦਿੱਤਾ ਜਾਂਦਾ ਹੈ। ਡਬਲਰੋਟੀਆਂ ਅਤੇ ਬਿਸਕੁਟਾਂ ਵਿਚ ਵੀ ਤਿਲ ਚਿਪਕਾਏ ਜਾਂਦੇ ਹਨ। ਕਹਿੰਦੇ ਹਨ, ਮੈਕਸੀਕੋ ਵਿਚ ਪੈਦਾ ਹੁੰਦੇ ਤਿਲਾਂ ਦਾ ਪੌਣਾ ਹਿੱਸਾ ਮੈਕਡੋਨਲਡ ਵਾਲੇ ਹੀ ਖਰੀਦ ਲੈਂਦੇ ਹਨ।





ਤਿਲ ਕਈ ਰੰਗਾਂ ਦੇ ਹੁੰਦੇ ਹਨ ਪਰ ਭਾਰਤ ਵਿਚ ਇਹ ਚਿੱਟੇ ਅਤੇ ਕਾਲੇ- ਦੋ ਰੰਗਾਂ ਵਿਚ ਮਿਲਦੇ ਹਨ। ਇਸ ਵਿਚ ਚੌਲ ਪਾ ਕੇ ਇਕ ਤਰ੍ਹਾਂ ਦੀ ਖਿਚੜੀ ਪਕਾਈ ਜਾਂਦੀ ਹੈ ਜਿਸ ਨੂੰ ਤਿਲਚੌਲੀ ਕਿਹਾ ਜਾਂਦਾ ਹੈ। ਕਈ ਧਾਰਮਿਕ ਰੁਚੀਆਂ ਵਾਲੇ ਭਲੇ ਲੋਕ ਕੀੜਿਆਂ ਦੇ ਭੌਣ ਉਤੇ ਤਿਲਚੌਲੀ ਪਾਉਂਦੇ ਹਨ। ਕਾਲੀ ਚਿੱਟੀ ਦਾੜ੍ਹੀ ਨੂੰ ਤਿਲਚੌਲੀ ਕਿਹਾ ਜਾਂਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ ਸਾਲਟ ਐਂਡ ਪੈਪਰ ਆਖਦੇ ਹਨ। ਭਾਰਤ ਵਿਚ ਪ੍ਰਾਚੀਨ ਕਾਲ ਤੋਂ ਹੀ ਤਿਲ ਨੂੰ ਬਹੁਤ ਮਹੱਤਤਾ ਮਿਲੀ ਹੈ। ਤਿਲਾਂ ਦੀ ਵਰਤੋਂ ਧਾਰਮਿਕ ਰਸਮਾਂ -ਰੀਤੀਆਂ ਵਿਚ ਵੀ ਕੀਤੀ ਜਾਂਦੀ ਹੈ। ਲੋਹੜੀ ਦੌਰਾਨ ਤਿਲ ਧੂਣੀ 'ਤੇ ਵਾਰਿਆ ਜਾਂਦਾ ਹੈ। ਇਸ਼ਟ ਅੱਗੇ ਤਿਲਫੁੱਲ ਭੇਟ ਕੀਤੇ ਜਾਂਦੇ ਸਨ ਪਰ ਅੱਜ ਤਿਲਫੁੱਲ ਸ਼ਬਦ ਦੀ ਕਦਰ ਘਟਾਈ ਹੋ ਗਈ ਹੈ। ਇਸ ਦੇ ਅਰਥ ਹੋ ਗਏ ਹਨ- ਬਹੁਤ ਹੀ ਨਿਗੂਣੀ ਮਾਤਰਾ ਦੀ ਭੇਟਾ, ਜਿਵੇਂ ਮਾਤਾ ਦਾ ਮਾਲ ਹੁੰਦਾ ਹੈ। ਗੁੜ ਅਤੇ ਤਿਲ ਕੁੱਟ ਕੇ ਤਿਲ-ਭੁੱਗਾ ਜਿਸ ਨੂੰ ਸਿਰਫ ਭੁੱਗਾ ਵੀ ਕਹਿੰਦੇ ਹਨ, ਤਿਆਰ ਕੀਤਾ ਜਾਂਦਾ ਹੈ। ਬਚਪਨ ਵਿਚ ਇਸ ਦਾ ਸੇਵਨ ਕਰਕੇ ਜੋ ਸਵਰਗ ਦੇ ਨਜ਼ਾਰੇ ਲਏ ਹਨ, ਉਹ ਹੁਣ ਇਸ ਦੀਆਂ ਡਬਲਰੋਟੀਆਂ ਵਿਚੋਂ ਵੀ ਨਹੀਂ ਮਿਲਦੇ। ਦੁਆਬੇ ਵਿਚ ਇਸ ਨੂੰ ਕੁੱਲਰ ਕਿਹਾ ਜਾਂਦਾ ਹੈ। ਭਾਰਤ ਵਿਚ ਤਿਲ ਲੱਗੀਆਂ ਰੇਓੜੀਆਂ ਅਤੇ ਗੱਚਕ ਬੜੇ ਸ਼ੌਕ ਨਾਲ ਖਾਧੇ ਜਾਂਦੇ ਹਨ। ਭੁੰਨੇ ਹੋਏ ਤਿਲ ਅਤੇ ਗੁੜ ਮਿਲਾ ਕੇ ਤਲੂਣੇ ਬਣਾਏ ਜਾਂਦੇ ਹਨ।

ਅਯੁਰਵੇਦ ਅਨੁਸਾਰ ਇਸ ਦੇ ਕਈ ਰੋਗਨਾਸ਼ਕ ਗੁਣ ਹਨ। ਇਹ ਭਾਰੀ, ਗਰਮ, ਕਫ-ਪਿੱਤ ਪੈਦਾ ਕਰਨ ਵਾਲੇ ਅਤੇ ਸ਼ਕਤੀ ਵਰਧਕ ਹੁੰਦੇ ਹਨ। ਇਹ ਧੌਲਿਆਂ ਨੂੰ ਕਾਲਾ ਕਰਦੇ, ਥਣਾਂ ਵਿਚ ਦੁਧ ਵਧਾਉਂਦੇ, ਦੰਦਾਂ ਦੇ ਦਰਦ ਹਟਾਉਂਦੇ, ਖੰਘ ਤੋਂ ਰਾਹਤ ਦਿਵਾਉਂਦੇ ਅਤੇ ਕਬਜ਼ ਨੂੰ ਖੋਲ੍ਹਦੇ ਹਨ। ਕਹਿੰਦੇ ਹਨ, ਰੋਜ਼ ਸਵੇਰ ਸ਼ਾਮ ਇਕ ਮੁੱਠੀ ਤਿਲ ਖਾਣ ਨਾਲ ਬੰਦਾ ਰਿਸ਼ਟ-ਪੁਸ਼ਟ ਰਹਿੰਦਾ ਹੈ। ਤਿਲ ਤੋਂ ਤਿਲਾਂਜਲੀ ਸ਼ਬਦ ਬਣਿਆ ਹੈ। ਤਿਲਾਂਜਲੀ ਅਸਲ ਵਿਚ ਪਾਣੀ ਵਿਚ ਤਿਲ ਮਿਲਾ ਕੇ ਦਿੱਤੀ ਹੋਈ ਚੂਲੀ ਨੂੰ ਆਖਦੇ ਹਨ। ਇਹ ਹਿੰਦੂਆਂ ਦੀ ਇੱਕ ਰੀਤੀ ਹੈ ਜੋ ਖ਼ਾਸ ਕਰਕੇ ਮੁਰਦਾ ਜਲਾਉਣ ਪਿੱਛੋਂ ਕੀਤੀ ਜਾਂਦੀ ਹੈ। ਨਿਸ਼ਚਾ ਹੈ ਕਿ ਮੋਏ ਜੀਵ ਨੂੰ ਇਹ ਪਾਣੀ ਪ੍ਰਾਪਤ ਹੁੰਦਾ ਹੈ। ਹੁਣ ਮੁਹਾਵਰੇ ਵਿਚ ਤਿਲਾਂਜਲੀ ਦਾ ਅਰਥ ਤਰਕ ਕਰਨਾ, ਛੱਡਣਾ ਹੋ ਗਿਆ ਹੈ ਜਿਵੇਂ ਉਸ ਨੇ ਕੁਕਰਮਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ, ਭਾਵ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਹੈ।

ਲਗਦਾ ਹੈ, ਪ੍ਰਾਚੀਨ ਕਾਲ ਵਿਚ ਸਭ ਤੋਂ ਪਹਿਲਾਂ ਤਿਲਾਂ ਤੋਂ ਹੀ ਤੇਲ ਕੱਢਿਆ ਗਿਆ ਹੋਵੇਗਾ ਇਸ ਲਈ ਤਿਲ ਤੋਂ ਹੀ ਤੇਲ ਸ਼ਬਦ ਬਣਿਆ। ਤੇਲ ਦੀ ਬਹੁਪੱਖੀ ਉਪਯੋਗਤਾ ਕਾਰਨ ਤਿਲ ਨੂੰ ਵੀ ਬਹੁਤ ਮਾਣ ਮਿਲਣ ਲੱਗਾ। ਪਰ ਜਦ ਤੋਂ ਮਨੁਖ ਨੇ ਤੇਲ ਹਥਿਆਇਆ ਹੈ, ਉਸ ਦੀ ਜ਼ਿੰਦਗੀ ਹੀ ਬਦਲ ਗਈ। ਇਸ ਦਾ ਸਭ ਤੋਂ ਵੱਡਾ ਉਪਯੋਗ ਤਾਂ ਪਕਵਾਨ ਤਲਣ ਲਈ ਕੀਤਾ ਜਾਂਦਾ ਹੈ ਪਰ ਹਨੇਰਾ ਹਟਾਉਣ ਨਮਿਤ ਦੀਵਾ ਬੱਤੀ ਜਗਾਉਣ ਲਈ ਇਸ ਦੀ ਵਰਤੋਂ ਨੇ ਮਨੁਖ ਦੀ ਜ਼ਿੰਦਗੀ ਰੌਸ਼ਨ ਹੀ ਕਰ ਦਿੱਤੀ, "ਬਿਨੁ ਤੇਲ ਦੀਵਾ ਕਿਉ ਜਲੇ॥" (ਗੁਰੂ ਨਾਨਕ ਦੇਵ)। ਘਰ ਵਿਚ ਆਏ ਕਿਸੇ ਪ੍ਰਾਹੁਣੇ ਦੇ ਸਵਾਗਤ ਵਜੋਂ ਤੇਲ ਚੁਆਇਆ ਜਾਂਦਾ ਹੈ, "ਸੰਬਤਿ ਸਾਹਾ ਲਿਖਿਆ ਮਿਲਿ ਕਰ ਪਾਵਹੁ ਤੇਲੁ॥" (ਗੁਰੂ ਨਾਨਕ ਦੇਵ)। "ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ॥" (ਭਗਤ ਕਬੀਰ)। ਪ੍ਰਕਾਸ਼ ਪੈਦਾ ਕਰਨ ਵਾਲਾ ਤੇਲ ਗਿਆਨ ਦਾ ਪ੍ਰਤੀਕ ਵੀ ਬਣ ਜਾਂਦਾ ਹੈ, "ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕ ਦੇਹ ਉਜਾਰਾ॥" (ਭਗਤ ਕਬੀਰ)। ਪਰ 'ਜੜ੍ਹੀਂ ਤੇਲ ਦੇਣ' ਅਤੇ 'ਬਲਦੀ ਉਤੇ ਤੇਲ ਪਾਉਣ' ਨਾਲ ਇਸ ਦੇ ਵਿਨਾਸ਼ਕਾਰੀ ਤੇ ਵਿਕਰਾਲ ਪੱਖ ਦੇ ਵੀ ਦਰਸ਼ਨ ਕੀਤੇ ਜਾ ਸਕਦੇ ਹਨ, "ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ॥"

ਜ਼ਮਾਨੇ ਅਨੁਸਾਰ ਚੱਲਣ ਦਾ ਅਰਥਾਵਾਂ ਇਕ ਅਖਾਣ ਹੈ, ਤੇਲ ਦੇਖੋ ਤੇਲ ਦੀ ਧਾਰ ਦੇਖੋ। ਤੇਲ ਦਾ ਇਕ ਵਿਸਤ੍ਰਿਤ ਅਰਥ ਪਸੀਨਾ ਵੀ ਹੈ ਖਾਸ ਤੌਰ 'ਤੇ ਤੇਲ ਕੱਢਣਾ ਮੁਹਾਵਰੇ ਵਿਚ, ਜਿਸ ਦਾ ਮਤਲਬ ਕਿਸੇ ਤੋਂ ਬਹੁਤ ਕੰਮ ਲੈ ਕੇ ਉਸ ਨੂੰ ਥਕਾ ਦੇਣਾ ਹੁੰਦਾ ਹੈ। ਤੇਲ ਕੱਢਣ ਵਾਲਾ ਵਿਅਕਤੀ ਜਾਂ ਜਾਤ ਨੂੰ ਤੇਲੀ ਆਖਦੇ ਹਨ, "ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ॥" (ਭਗਤ ਨਾਮਦੇਵ)। ਗੁਰਬਾਣੀ ਵਿਚ ਤੇਲੀ ਵਿਸ਼ੇਸ਼ਣ ਵਜੋਂ ਵੀ ਵਰਤਿਆ ਗਿਆ ਹੈ ਅਰਥਾਤ ਤੇਲ ਕੱਢਣ ਵਾਲਾ ਜਿਵੇਂ ਬਲਦ, "ਓਹੁ ਤੇਲੀ ਸੰਦਾ ਬਲਦੁ॥" (ਗੁਰੂ ਰਾਮ ਦਾਸ)। ਤੇਲ ਤੋਂ ਹੀ ਅੱਗੇ ਤੇਲਾ ਸ਼ਬਦ ਬਣਿਆ। ਇਸ ਦੇ ਦੋ ਅਰਥ ਹਨ, ਮਜੀਠ ਅਤੇ ਤੇਲ ਦੇ ਮੇਲ ਤੋਂ ਬਣਾਇਆ ਇਕ ਰੰਗ; ਤੇਲ ਜਿਹਾ ਚੀਕਣਾ ਇਕ ਰਸ-ਚੂਸਕ ਕੀਟ; ਇਹ ਕੀਟ ਇਕ ਲੇਸਦਾਰ ਪਦਾਰਥ ਵੀ ਛੱਡਦਾ ਹੈ। ਮੁੜ੍ਹਕੇ ਦੀ ਮਹਿਕ ਤੇਲੀਆ ਹੁੰਦੀ ਹੈ ਅਤੇ ਮੰਦ ਬੁਧ ਵਾਲੇ 'ਨਮਦਾ ਬੁਧ' ਦੇ ਟਾਕਰੇ 'ਤੇ ਤੀਖਣ ਬੁਧੀ ਵਾਲੇ 'ਤੇਲੀਆ ਬੁਧ' ਹੁੰਦੇ ਹਨ, ਜਾਣੋਂ ਉਨ੍ਹਾਂ ਦਾ ਦਿਮਾਗ ਚੱਪਲ ਹੁੰਦਾ ਹੈ ਜਿਵੇਂ ਤੇਲ ਦਿੱਤਾ ਹੋਵੇ। ਇਸ ਤੋਂ ਬਣੇ ਤਿਲਕਣਾ ਦਾ ਅਰਥ ਫਿਸਲ ਜਾਣਾ ਹੁੰਦਾ ਹੈ, ਸਮਝੋ ਤੇਲ 'ਤੇ ਪੈਰ ਧਰੇ ਗਏ।

ਤਿਲ ਤੋਂ ਤਿਲਕ ਸ਼ਬਦ ਬਣਿਆ ਅਰਥਾਤ ਤਿਲ ਦੇ ਫੁੱਲ ਵਾਂਗ ਜੋ ਸ਼ੋਭਾ ਦੇਵੇ, ਐਸਾ ਚੰਦਨ ਕੇਸਰ ਭਸਮ ਆਦਿ ਦਾ ਮੱਥੇ ਅਤੇ ਸ਼ਰੀਰ ਦੇ ਅੰਗਾਂ ਉਪਰ ਲਾਇਆ ਚਿੰਨ੍ਹ, ਟੀਕਾ, "ਗਲਿ ਮਾਲਾ ਤਿਲਕੁ ਲਿਲਾਟੰ॥" (ਗੁਰੂ ਨਾਨਕ ਦੇਵ)। ਹਿੰਦੂ ਧਰਮ ਦੇ ਅਨੇਕਾਂ ਫਿਰਕਿਆਂ ਦੇ ਅਨੁਆਈ ਮੱਥੇ 'ਤੇ ਤਿਲਕ ਲਾਉਂਦੇ ਹਨ। ਹਰ ਫਿਰਕੇ ਦੇ ਤਿਲਕ ਦੀ ਸ਼ਕਲ ਵੱਖਰੀ ਹੁੰਦੀ ਹੈ। ਮਸਲਨ ਸ਼ੈਵ ਟੇਢਾ ਅਤੇ ਵੈਸ਼ਣਵ ਖੜਵਾਂ ਤਿਲਕ ਲਾਉਂਦੇ ਹਨ। ਅੰਜਨ ਵਾਲੇ ਲੇਖ ਵਿਚ ਪ੍ਰਾਚੀਨ ਵਿਚ ਤੇਲ ਦੀ ਮਹੱਤਤਾ ਦਰਸਾਉਂਦਿਆਂ ਦੱਸਿਆ ਗਿਆ ਸੀ ਕਿ ਕਿਸੇ ਨੂੰ ਰਾਜ ਸਿੰਘਾਸਣ ਉਤੇ ਬਿਠਾਉਣ ਸਮੇਂ ਮੱਥੇ 'ਤੇ ਤੇਲ ਦਾ ਨਿਸ਼ਾਨ ਲਾਇਆ ਜਾਂਦਾ ਸੀ, ਇਸੇ ਤੋਂ ਤਿਲਕ ਅਤੇ ਰਾਜ-ਤਿਲਕ ਸ਼ਬਦ ਬਣੇ।

ਅੰਗਰੇਜ਼ੀ ਸ਼ਬਦ annoint ਦਾ ਇਕ ਅਰਥ ਤੇਲ ਦੇਣਾ ਤੇ ਦੂਜਾ ਰਾਜ ਗੱਦੀ ਤੇ ਬਿਠਾਉਣਾ ਹੁੰਦਾ ਹੈ। ਵਿਅਕਤੀ ਨਾਂ ਵਿਚ ਵੀ ਤਿਲਕ ਸ਼ਬਦ ਵਰਤਿਆ ਜਾਂਦਾ ਹੈ ਜਿਵੇਂ ਤਿਲਕ ਰਾਜ। ਤਿਲਕ ਮਹਾਰਾਸ਼ਟਰੀ ਚਿਤਪਾਵਨ ਬ੍ਰਾਹਮਣਾਂ ਦਾ ਗੋਤ ਵੀ ਹੈ ਜਿਵੇਂ ਬਾਲ ਗੰਗਾਧਰ ਤਿਲਕ। ਸੰਸਕ੍ਰਿਤ ਵਿਚ ਵੀ ਤਿਲ ਲਈ ਤਿਲ ਸ਼ਬਦ ਹੀ ਹੈ ਜਿਸ ਤੋਂ ਪਿੱਛੇ ਇਸ ਦਾ ਹੋਰ ਧਾਤੂ ਨਹੀਂ ਲਭਦਾ। ਬਹੁਤੀਆਂ ਹਿੰਦ-ਆਰਿਆਈ ਭਾਸ਼ਾਵਾਂ ਵਿਚ ਥੋੜ੍ਹੇ ਬਹੁਤੇ ਇਸ ਦੇ ਰੁਪਾਂਤਰ ਹੀ ਮਿਲਦੇ ਹਨ ਜਿਵੇਂ ਪਰਾਕ੍ਰਿਤ ਤਿਲ, ਮਰਾਠੀ ਤੀਲ, ਸਿੰਧੀ ਤਿਰੁ, ਗੁਜਰਾਤੀ ਤਲ ਆਦਿ।

---

ਕਿਸੇ 'ਨਮਦਾ ਬੁਧ' ਬੰਦੇ ਨੇ 'ਨਮਦਾ ਬੁੱਧ' ਅਤੇ 'ਤੇਲੀਆ ਬੁੱਧ' ਬਾਰੇ ਇਕ ਆਮ ਪ੍ਰਚਲਿਤ ਤੋਂ ਉਲਟ ਵਿਆਖਿਆ ਕੀਤੀ ਹੈ। ਅਖੇ 'ਨਮਦਾ ਬੁਧ' ਤੇਜ਼ ਬੁਧੀ ਵਾਲੇ ਹੁੰਦੇ ਹਨ, ਜਿਵੇਂ ਨਮਦਾ ਪਾਣੀ ਆਦਿ ਨੂੰ ਝਟ ਸੋਖ ਲੈਂਦਾ ਹੈ, ਇਸੇ ਤਰ੍ਹਾਂ ਨਮਦਾ ਬੁੱਧ ਦਾ ਦਿਮਾਗ ਮੁਸ਼ਕਿਲ ਤੋਂ ਮੁਸ਼ਕਿਲ ਗੱਲ ਨੂੰ ਪਕੜ ਲੈਂਦਾ ਹੈ। ਦੂਜੇ ਪਾਸੇ ਤੇਲੀਆ ਬੁੱਧ ਵਾਲੇ ਦੇ ਦਿਮਾਗ 'ਚੋਂ ਕੋਈ ਔਖੀ ਗੱਲ ਇਸ ਤਰ੍ਹਾਂ ਤਿਲਕ ਜਾਂਦੀ ਹੈ ਜਿਵੇਂ ਤੇਲੀਆ (ਤੇਲ ਵਾਲੀ) ਚੀਜ਼ ਤੋਂ ਕੋਈ ਤਿਲਕ ਜਾਂਦਾ ਹੈ।

# ਅਮਰੀਕਾ ਅਤੇ ਆਪਾ-ਧਾਪੀ

(ਪਿਛਲੇ ਸਫੇ ਦੀ ਬਾਕੀ)

ਭੇਜਣ ਲੱਗੇ। 2002 ਦੇ ਅਖੀਰ ਤੱਕ ਕਾਫੀ ਮਾਤਰਾ 'ਚ ਹਥਿਆਰਾਂ ਦੇ ਜ਼ਖੀਰੇ ਅਫਗਾਨਿਸਤਾਨ ਵਿਚ ਇਕੱਠੇ ਕਰ ਲਏ ਗਏ ਸਨ। ਪਤਾ ਉਦੋਂ ਹੀ ਲੱਗਿਆ ਜਦੋਂ 2003 ਦੇ ਜਨਵਰੀ ਮਹੀਨੇ ਤਾਲਿਬਾਨ ਨੇ ਪਾਕਿਸਤਾਨ ਨਾਲ ਲੱਗਦੇ ਸੂਬੇ ਜ਼ਾਬਲ ਅਤੇ ਹੈਲਮੰਡ ਵਿਚ ਗੁਰੀਲਾ ਲੜਾਈ ਸ਼ੁਰੂ ਕਰ ਦਿੱਤੀ। ਅਮਰੀਕਾ ਅਤੇ ਉਸ ਦੇ ਸਹਿਯੋਗੀ ਮੁਲਕ ਹੱਕੇ-ਬੱਕੇ ਹੀ ਰਹਿ ਗਏ, ਜਦੋਂ ਤਾਜ਼ਾ ਦਮ ਤਾਲਿਬਾਨਾਂ ਨੇ ਹਾਰ ਦੇ ਸਿਰਫ ਡੇਢ ਕੁ ਸਾਲ ਬਾਅਦ ਹੀ ਸਭ ਦੀਆਂ ਭਾਜੜਾਂ ਪੁਆ ਦਿੱਤੀਆਂ।

ਤਾਲਿਬਾਨ ਨੇ ਇਨ੍ਹਾਂ ਇਲਾਕਿਆਂ ਵਿਚ ਵਿਦੇਸ਼ੀ ਮਦਦ ਕਰਨ ਵਾਲੇ ਲੋਕ ਜਾਂ ਯੂ.ਐਨ.ਓ. ਦੇ ਕਾਮੇ-ਕਰਿੰਦੇ ਮਾਰਨੇ ਸ਼ੁਰੂ ਕਰ ਦਿੱਤੇ। ਇਸ ਵੇਲੇ ਭਾਵੇਂ ਅਮਰੀਕਾ ਦਾ ਸਾਰਾ ਧਿਆਨ ਇਰਾਕ ਵੱਲ ਲੱਗਿਆ ਹੋਇਆ ਸੀ, ਪਰ ਫਿਰ ਵੀ ਉਸ ਨੇ ਜ਼ਾਬਲ ਸੂਬੇ ਵਿਚ ਭਰਵਾਂ ਮੋੜਵਾਂ ਹਮਲਾ ਕੀਤਾ ਜਿਸ ਵਿਚ ਹਵਾਈ ਜਹਾਜ਼ਾਂ ਦੀ ਵਰਤੋਂ ਕੀਤੀ ਗਈ। ਪੂਰੇ ਨੌਂ ਦਿਨ ਤਾਲਿਬਾਨ ਨੇ ਉਨ੍ਹਾਂ ਨੂੰ ਨੇੜੇ ਨਾ ਫਟਕਣ ਦਿੱਤਾ। ਫਿਰ ਨੀਤੀ ਤਹਿਤ ਉਹ ਥੋੜ੍ਹਾ ਪਿੱਛੇ ਹਟ ਗਏ, ਪਰ ਕੁਝ ਦਿਨਾਂ ਪਿੱਛੋਂ ਹੀ ਉਨ੍ਹਾਂ ਨੇ ਫਿਰ ਤੋਂ ਇਨ੍ਹਾਂ ਇਲਾਕਿਆਂ 'ਤੇ ਪੱਕਾ ਕਬਜ਼ਾ ਕਰ ਲਿਆ।

ਇਥੇ ਤਾਲਿਬਾਨ ਨੂੰ ਵੱਡਾ ਫਾਇਦਾ ਇਹ ਸੀ ਕਿ ਇੱਕ ਤਾਂ ਇਹ ਨੀਮ ਪਹਾੜੀ ਇਲਾਕਾ ਸੀ ਤੇ ਦੂਜਾ, ਦੂਜੇ ਪਾਸੇ ਪਾਕਿਸਤਾਨ ਲੱਗਦਾ ਸੀ। ਜਦੋਂ ਹੀ ਅਮਰੀਕਨ ਫੌਜ ਦਾ ਦਬਾਅ ਵਧਦਾ ਤਾਂ ਉਹ ਬਾਰਡਰ ਲੰਘ ਕੇ ਪਾਕਿਸਤਾਨ ਜਾ ਵੜਦੇ ਜਿੱਥੇ ਉਨ੍ਹਾਂ ਨੂੰ ਡਰ ਹੀ ਕੋਈ ਨਹੀਂ ਸੀ। ਪਾਕਿਸਤਾਨ ਦੀ ਦੂਹਰੀ ਖੇਡ ਕਿਸੇ ਗੱਲ ਨੂੰ ਸਿਰੇ ਨਹੀਂ ਸੀ ਲੱਗਣ ਦੇ ਰਹੀ। ਨਾਲ ਹੀ ਅਮਰੀਕਾ ਦੀ ਵੀ ਕੋਈ ਸਿੱਧੀ ਸਾਫ ਨੀਤੀ ਨਹੀਂ ਸੀ ਜੋ ਅਫਗਾਨਿਸਤਾਨ ਦੀ ਸ਼ਾਂਤੀ ਵਿਚ ਮਦਦ ਕਰਦੀ। ਬੜੀ ਸਾਫ ਜਿਹੀ ਗੱਲ ਸੀ ਕਿ ਜਿਵੇਂ ਇਥੋਂ ਤਾਲਿਬਾਨ ਨੂੰ ਭਜਾਇਆ ਗਿਆ ਸੀ, ਜੇ ਉਸ ਪਿੱਛੋਂ ਚੰਗੇ ਸਾਫ-ਸੁਥਰੇ ਪ੍ਰਬੰਧ ਕੀਤੇ ਜਾਂਦੇ, ਤਾਂ ਉਹ ਉਸ ਤਾਕਤ ਨਾਲ ਵਾਪਸ ਨਹੀਂ ਸਨ ਮੁੜ ਸਕਦੇ ਸਨ। ਸਿਰਫ ਉਨ੍ਹਾਂ ਤੋਂ ਤਾਕਤ ਖੋਹ ਕੇ ਕਿਸੇ ਦੂਜੇ ਗਰੁੱਪ ਨੂੰ ਦੇਣ ਨਾਲ ਅਫਗਾਨਿਸਤਾਨ ਦਾ ਮਸਲਾ ਹੱਲ ਨਹੀਂ ਸੀ ਹੋ ਜਾਣਾ। ਅਜਿਹਾ ਮੁਲਕ ਜਿਥੇ 20-25 ਸਾਲਾਂ ਤੋਂ ਲੜਾਈ ਚੱਲ ਰਹੀ ਸੀ; ਜਿਥੋਂ ਦਾ ਸਾਰਾ ਸਮਾਜ, ਸਭਿਆਚਾਰ ਤੇ ਕੰਮ-ਕਿੱਤੇ ਬਗੈਰਾ ਤਬਾਹ ਹੋ ਚੁੱਕੇ ਸਨ, ਉਥੇ ਇੱਕ ਅੱਧ ਸਾਲ 'ਚ ਸਾਰਾ ਕੁਝ ਆਮ ਵਰਗਾ ਨਹੀਂ ਸੀ ਹੋ ਸਕਦਾ। ਲੋਕਾਂ ਕੋਲ ਕੰਮ ਨਹੀਂ ਸੀ, ਕਿਧਰੇ ਕੰਮ ਦਾ ਮਾਹੌਲ ਨਹੀਂ ਸੀ। ਕਿਧਰੇ ਕੋਈ ਸਕੂਲ ਨਹੀਂ ਸੀ, ਹਸਪਤਾਲ ਨਹੀਂ ਸੀ।

ਸਭ ਤੋਂ ਵੱਡੀ ਗੱਲ, ਵਾਰਲੌਰਡਾਂ ਵਰਗੇ ਤਾਕਤ ਦੇ ਭੁੱਖੇ ਲੋਕ, ਜਿਹੜੇ ਪਿਛਲੇ ਕਿੰਨੇ ਹੀ ਸਾਲਾਂ ਤੋਂ ਲੋਕਾਂ 'ਤੇ ਰਾਜ ਕਰਦੇ ਆ ਰਹੇ ਸਨ, ਉਹ ਇਕਦਮ ਨਹੀਂ ਸਨ ਬਦਲ ਸਕਦੇ। ਲੋੜ ਸੀ ਅਫਗਾਨਿਸਤਾਨ ਵਿਚ ਸਭ ਤੋਂ ਪਹਿਲਾਂ ਮੁਲਕ ਦੀ ਫੌਜ ਬਣਾਈ ਜਾਂਦੀ ਜਿਹੜੀ ਇੱਕ ਕਮਾਂਡ ਹੇਠ ਲੜਦੀ। ਫਿਰ ਲੋਕਲ ਪੁਲਿਸ ਵਿਚ ਸੁਧਾਰ ਕਰਨ ਦੀ ਲੋੜ ਸੀ। ਇਸ ਤੋਂ ਇਲਾਵਾ ਲੋੜ ਸੀ ਮੁਲਕ ਨੂੰ ਤਰੱਕੀ ਦੇ ਰਾਹ ਪਾਉਣ ਦੀ। ਜਦੋਂ ਇਨ੍ਹਾਂ ਵਿਚੋਂ ਕੋਈ ਵੀ ਗੱਲ ਨਾ ਵਾਪਰੀ ਤਾਂ ਲੋਕਾਂ ਵਿਚ ਬੇਭਰੋਸਗੀ ਵਧਣ ਲੱਗੀ। ਉਨ੍ਹਾਂ ਦੇ ਭਾਅ ਦੇ ਤਾਲਿਬਾਨ ਗਏ ਤਾਂ ਕੋਈ ਹੋਰ ਆ ਗਏ। ਤਾਲਿਬਾਨ ਨੇ ਇਨ੍ਹਾਂ ਹਾਲਾਤ ਦਾ ਫਾਇਦਾ ਉਠਾਇਆ। ਉਹ ਜਿਥੇ ਕਿਤੇ ਵੀ ਪੱਕੇ ਪੈਰੀਂ ਹੋਏ, ਉਥੇ ਉਨ੍ਹਾਂ ਸਭ ਤੋਂ ਪਹਿਲਾਂ ਅਫੀਮ ਦੀ ਖੇਤੀ ਨੂੰ ਉਤਸ਼ਾਹਤ ਕੀਤਾ। ਇਸ ਨਾਲ ਇੱਕ ਤਾਂ ਉਨ੍ਹਾਂ ਦੀ ਆਪਣੀ ਆਮਦਨ ਵਧ ਗਈ, ਦੂਜਾ ਲੋਕ ਵੀ ਖੁਸ਼ ਹੋ ਗਏ, ਕਿਉਂਕਿ ਇਹ ਅਜਿਹੀ ਖੇਤੀ ਸੀ ਜਿਸ ਵਿਚ ਮਿਹਨਤ-ਮੁਸ਼ੱਕਤ ਘੱਟ, ਪਰ ਆਮਦਨ ਜ਼ਿਆਦਾ ਹੁੰਦੀ ਸੀ। ਕਿਸਾਨਾਂ ਤੋਂ ਸਸਤੀ ਅਫੀਮ ਖਰੀਦ ਕੇ, ਉਸ ਨੂੰ ਮਸ਼ੀਨਾਂ ਰਾਹੀਂ ਪਰਾਸੈੱਸ ਕਰ ਕੇ ਹੈਰੋਇਨ ਵਿਚ ਤਬਦੀਲ ਕੀਤਾ ਜਾਂਦਾ ਸੀ। ਪਿਛੋਂ ਇਹ ਹੈਰੋਇਨ ਦੁਨੀਆਂ ਭਰ ਅੰਦਰ ਕਰੋੜਾਂ ਡਾਲਰਾਂ ਵਿਚ ਵਿਕਦੀ ਸੀ। ਇਸੇ ਕਰ ਕੇ ਹੀ ਇਹ ਕਿੱਤਾ ਤਾਲਿਬਾਨ ਲਈ ਬੜਾ ਫਾਇਦੇਮੰਦ ਸੀ। ਅਫੀਮ ਦੀ ਖੇਤੀ ਕਰਨ ਵਾਲਿਆਂ ਨੂੰ ਤਾਲਿਬਾਨ ਨੇ ਪੂਰੀ ਸੁਰੱਖਿਆ ਮੁਹੱਈਆ ਕਰਵਾਉਣ ਦਾ ਵਾਅਦਾ ਵੀ ਕੀਤਾ। ਉਨ੍ਹਾਂ ਦੇ ਇਸ ਵਾਅਦੇ ਤੋਂ ਪ੍ਰਭਾਵਿਤ ਹੋ ਕੇ ਹੋਰ ਜ਼ਿਆਦਾ ਲੋਕ ਅਫੀਮ ਦੀ ਖੇਤੀ ਕਰਨ ਲੱਗੇ।

2003 ਵਿਚ ਤਾਲਿਬਾਨ ਫਿਰ ਤੋਂ ਅਫਗਾਨਿਸਤਾਨ ਅੰਦਰ ਘੁਸਣੇ ਸ਼ੁਰੂ ਹੋਏ ਸਨ ਅਤੇ ਇਸ ਦੇ ਅਗਲੇ ਸਾਲ ਹੀ ਅਫਗਾਨਿਸਤਾਨ ਵਿਚ, 4200 ਮੀਟਰਕ ਟਨ ਅਫੀਮ ਦੀ ਪੈਦਾਵਾਰ ਰਿਕਾਰਡ ਕੀਤੀ ਗਈ। ਯੂ.ਐਨ.ਓ. ਦੀ ਉਸ ਸਾਲ ਦੀ ਰਿਪੋਰਟ ਮੁਤਾਬਕ ਅਫਗਾਨਿਸਤਾਨ ਦੇ ਸਾਰੇ ਸੂਬਿਆਂ ਵਿਚ ਅਫੀਮ ਦੀ ਖੇਤੀ, ਦੁਬਾਰਾ ਸ਼ੁਰੂ ਹੋ ਗਈ ਸੀ। ਦੁਨੀਆਂ ਹੈਰਾਨ-ਪ੍ਰੇਸ਼ਾਨ ਸੀ ਕਿ ਇੰਨਾ ਕੁਝ ਕਰਨ ਦਾ ਫਾਇਦਾ ਕੀ ਹੋਇਆ ਜੇ ਹਾਲਾਤ ਉਥੇ ਦੇ ਉਥੇ ਹੀ ਖੜ੍ਹੇ ਹਨ। ਇੱਕ ਗੱਲ ਇਹ ਵੀ ਸੀ ਕਿ ਇਕੱਲੇ ਤਾਲਿਬਾਨ ਹੀ ਅਫੀਮ ਦੀ ਖੇਤੀ 'ਚੋਂ ਫਾਇਦਾ ਨਹੀਂ ਸਨ ਉਠਾ ਰਹੇ, ਸਗੋਂ ਹਮੀਦ ਕਰਜ਼ਈ ਦੀ ਸਰਕਾਰ ਦੇ ਬਹੁਤ ਸਾਰੇ ਮੰਤਰੀ ਤੇ ਅਫਸਰ ਵੀ ਇਸ ਵਪਾਰ ਵਿਚ ਸ਼ਾਮਲ ਸਨ। ਇਥੋਂ ਤੱਕ ਕਿ ਕਰਜ਼ਈ ਦੇ ਸਕੇ ਭਰਾ ਉਤੇ ਅਫੀਮ ਸਮਗਲਿੰਗ ਦਾ ਰਿੰਗ ਚਲਾਉਣ ਦੇ ਇਲਜ਼ਾਮ ਲੱਗ ਰਹੇ ਸਨ।

ਲੋਕਾਂ ਦਾ ਤਾਂ ਸਿੱਧਾ ਹੀ ਜੁਆਬ ਸੀ ਕਿ ਜਦੋਂ ਹੋਰ ਕੋਈ ਕੰਮ ਹੀ ਨਹੀਂ ਹੈ ਕਰਨ ਨੂੰ, ਤਾਂ ਉਹ ਅਫੀਮ ਦੀ ਖੇਤੀ ਕਰਨ ਲਈ ਮਜਬੂਰ ਹਨ। ਹਰ ਪਾਸੇ ਕੁਰੱਪਸ਼ਨ ਦਾ ਬੋਲਬਾਲਾ ਸੀ। ਬਾਹਰਲੇ ਮੁਲਕ ਸੋਚ ਰਹੇ ਸਨ ਕਿ ਅਜਿਹੇ ਹਾਲਾਤ ਵਿਚ ਉਹ ਕੀ ਕਰਨ। ਅਫਗਾਨਿਸਤਾਨ ਫਿਰ ਤੋਂ ਉਲਟੀ ਦਿਸ਼ਾ ਵੱਲ ਜਾ ਰਿਹਾ ਸੀ। ਤਾਲਿਬਾਨ ਵਾਪਸ ਆ ਰਹੇ ਸਨ। ਸਭ ਨੂੰ ਲੱਗਦਾ ਸੀ ਕਿ ਜੇ ਕੰਮ ਇਵੇਂ ਹੀ ਜਾਰੀ ਰਿਹਾ, ਤਾਂ ਹੋਰ ਤਰ੍ਹਾਂ ਦੀ ਲੜਾਈ ਸ਼ੁਰੂ ਹੋ ਜਾਵੇਗੀ ਜਿਸ ਵਿਚ ਬਾਹਰਲੇ ਮੁਲਕ ਤਾਂ ਲਪੇਟੇ ਹੀ ਜਾਣਗੇ, ਅਫਗਾਨਿਸਤਾਨ ਦਾ ਵੀ ਕੱਖ ਨਹੀਂ ਬਚੇਗਾ।

(ਚਲਦਾ)

## ਸੋਨਾ ਤੇ ਮਿੱਟੀ

ਇੱਕ ਸਾਲ ਤੋਂ ਭਿਕਸ਼ੂ ਬਣੇ ਪਤੀ-ਪਤਨੀ ਇੱਕ ਰਾਹ 'ਤੇ ਤੁਰੇ ਜਾ ਰਹੇ ਸਨ। ਪਤੀ ਅੱਗੇ ਅੱਗੇ ਸੀ ਅਤੇ ਪਤਨੀ ਪਿੱਛੇ-ਪਿੱਛੇ। ਅਚਾਨਕ ਪਤੀ ਦੀ ਨਜ਼ਰ ਇੱਕ ਚਮਕਦੀ ਹੋਈ ਚੀਜ਼ 'ਤੇ ਪਈ। ਕਿਸੇ ਦਾ ਡਿੱਗਿਆ ਹੋਇਆ ਸੋਨੇ ਦਾ ਕੰਗਣ ਸੀ ਇਹ। ਪਤੀ ਨੇ ਉਹ ਕੰਗਣ ਚੁੱਕਿਆ ਅਤੇ ਪੂਰੇ ਜ਼ੋਰ ਨਾਲ ਨਾਲ ਲੱਗਦੇ ਖੇਤ ਵੱਲ ਵਗਾਹ ਮਾਰਿਆ।

"ਇਹ ਕੀ ਚੀਜ਼ ਸੀ?" ਪਤਨੀ ਨੇ ਪਿੱਛੋਂ ਨਾਲ ਰਲਦਿਆਂ ਪੁੱਛਿਆ।

"ਕੁਝ ਨਹੀਂ, ਕੁਝ ਨਹੀਂ।" ਭਿਕਸ਼ੂ ਪਤੀ ਬੋਲਿਆ।

"ਕੁਝ ਤਾਂ ਸੀ?" ਪਤਨੀ ਨੇ ਜਾਣਨਾ ਚਾਹਿਆ।

"ਸੋਨੇ ਦਾ ਕੰਗਣ ਸੀ। ਮੈਂ ਇਹ ਸੋਚ ਕੇ ਸੁੱਟ ਦਿੱਤੈ ਕਿ ਕਿਤੇ ਤੁਹਾਡੇ ਮਨ ਵਿਚ ਸੋਨੇ ਦਾ ਲੋਭ ਨਾ ਆ ਜਾਵੇ।" ਪਤੀ ਬੋਲਿਆ।

ਪਤਨੀ ਹੱਸ ਪਈ ਤੇ ਬੋਲੀ, "ਤੁਸੀਂ ਕਾਹਦੇ ਭਿਕਸ਼ੂ ਹੋ, ਅਜੇ ਤੱਕ ਤੁਸੀਂ ਮਿੱਟੀ ਤੇ ਸੋਨੇ ਦੇ ਫਰਕ ਨੂੰ ਆਪਣੇ ਮਨ ਵਿਚੋਂ ਨਹੀਂ ਕੱਢ ਸਕੇ।"


ਪਤੀ ਇਹ ਉਤਰ ਸੁਣ ਕੇ ਪਤਨੀ ਦੇ ਪੈਰਾਂ 'ਤੇ ਝੁਕ ਗਿਆ।

-ਸੁਖਦੇਵ ਸਿੰਘ ਸ਼ਾਂਤ
ਪਲੇਨਫੀਲਡ, ਇੰਡੀਆਨਾ।
ਫੋਨ: 317-406-0002

ਕਹਾਣੀ

# ਦੋ ਪੈਰ ਲੱਕੜ ਦੇ

***ਕਹਾਣੀਕਾਰ ਜਸਬੀਰ ਭੁੱਲਰ ਨੇ ਫੌਜ ਅਤੇ ਫੌਜੀਆਂ ਬਾਰੇ ਕਈ ਯਾਦਗਾਰੀ ਕਹਾਣੀਆਂ ਲਿਖੀਆਂ ਹਨ। ਉਹ ਆਪ ਫੌਜੀ ਮੋਰਚਿਆਂ ‘ਤੇ ਜੂਝਦਾ ਰਿਹਾ ਹੈ, ਇਸੇ ਕਰ ਕੇ ਉਸ ਦੇ ਫੌਜੀ ਅਨੁਭਵ ਸਿੱਧੇ ਕਾਗਜ਼ ਉਤੇ ਆਣ ਟਿਕੇ ਹਨ। ‘ਦੋ ਪੈਰ ਲੱਕੜ ਦੇ’ ਕਹਾਣੀ ਵੀ ਭਾਵੇਂ ਫੌਜ ਨਾਲ ਹੀ ਸਬੰਧਤ ਹੈ, ਪਰ ਇਸ ਦਾ ਪਾਸਾਰ ਸਮਾਜ ਦੀ ਹਰ ਸੀਮਾ ‘ਤੇ ਫੈਲਦਾ ਜਾਪਦਾ ਹੈ। ਇਹ ਕਹਾਣੀ ਸਮਾਜ ਦੀ ਅਧੋਗਤੀ ‘ਤੇ ਤਿੱਖੀ ਚੋਟ ਕਰਦੀ ਹੈ। ਜੰਗ ਦੇ ਮੋਰਚੇ ਉਤੇ ਦੋਵੇਂ ਲੱਤਾਂ ਗੁਆ ਚੁੱਕਾ ਫੌਜੀ ਆਪਣੇ ਫੌਜੀ ਪੁੱਤ ਨੂੰ ਜਿਹੜਾ ਖਤ ਲਿਖਦਾ ਹੈ, ਉਸ ਵਿਚਲੇ ਵਿਅੰਗ ਦੀ ਚੀਸ ਧੁਰ ਅਸਮਾਨ ਨੂੰ ਜ਼ਖਮੀ ਕਰ ਜਾਂਦੀ ਹੈ। -ਸੰਪਾਦਕ***



**ਜਸਬੀਰ ਭੁੱਲਰ**

ਰਾਤ ਦੇ ਘੁੱਪ ਹਨੇਰੇ ਵਿਚ ਇੰਜਣ ਨੇ ਲੰਮੀ ਚੀਕ ਮਾਰੀ ਤਾਂ ਆਲ੍ਹਣਿਆਂ ਵਿਚ ਸੌਂ ਰਹੇ ਪੰਛੀਆਂ ਨੇ ਤ੍ਰਭਕ ਕੇ ਖੰਭ ਫੜਫੜਾਏ। ਗੱਡੀ ਦੀ ਦੁਫਾੜ ਕੀਤੀ ਹੋਈ ਹਵਾ ਵਿਚ ਰੁੱਖ ਕੰਬੇ। ਪਹਾੜੀ ਬਸਤੀ ਦੇ ਸੁੰਨਸਾਨ ਜਿਹੇ ਸਟੇਸ਼ਨ ਨੇ ਉਸਲਵੱਟ ਭੰਨੀ ਤੇ ਫਿਰ ਸੋਮਨ ਹੋ ਗਿਆ। ਉਥੇ ਉਤਰਨ ਵਾਲਾ ਉਹੀ ਇੱਕ ਮੁਸਾਫ਼ਿਰ ਸੀ। ਫ਼ੌਜੀ ਸਾਥੀਆਂ ਨੇ ਪਹਿਲਾਂ ਸਹਾਰਾ ਦੇ ਕੇ ਉਹਨੂੰ ਉਤਾਰਿਆ ਤੇ ਫਿਰ ਉਹਦਾ ਸਾਮਾਨ ਲਾਹ ਕੇ ਮੁੜ ਗੱਡੀ ਵਿਚ ਜਾ ਬੈਠੇ।

ਗੱਡੀ ਤੁਰੀ ਤਾਂ ਇੰਜਣ ਦੇ ਧੂੰਏਂ ਦੀ ਗਹਿਰ ਵਿਚ ਅੰਬਰ ਦੇ ਤਾਰੇ ਗੁਆਚ ਗਏ। ਉਹਨੇ ਧੂੰਏਂ ਵਰਗਾ ਸਾਹ ਭਰਿਆ ਤੇ ਤੁਰੀ ਜਾਂਦੀ ਗੱਡੀ ਦੀ ਕਾਲੀ ਪਿੱਠ ਵੇਖਣ ਲੱਗ ਪਿਆ। ਉਹਦੇ ਚਿਹਰੇ ‘ਤੇ ਕੁਝ ਇਸ ਤਰ੍ਹਾਂ ਦਾ ਭਾਵ ਆਇਆ ਜਿਵੇਂ ਗੱਡੀ ਵਿਚ ਬੈਠ ਕੇ ਉਹਨੇ ਹਾਲੇ ਦੂਰ ਤਕ ਜਾਣਾ ਸੀ।

ਝੰਡੀ ਬਾਬੂ ਕੰਮ ਭੁਗਤਾ ਕੇ ਮੁੜਿਆ ਤਾਂ ਪਲੇਟਫਾਰਮ ਦੀ ਬਿਮਾਰ ਜਿਹੀ ਬੱਤੀ ਲਾਗਲੇ ਬੈਂਚ ‘ਤੇ ਜਗਤੇ ਫ਼ੌਜੀ ਨੂੰ ਬੈਠਿਆਂ ਵੇਖ ਕੇ ਹੈਰਾਨ ਰਹਿ ਗਿਆ।

“ਓਏ ਜਗਤ ਸਿੰਹਾਂ! ਤੂੰ?” ਉਹਨੇ ਝੰਡੀ ਕੱਛ ਵਿਚ ਦੇ ਲਈ ਤੇ ਅਗਾਂਹ ਨੂੰ ਅਹੁਲਿਆ। ਪਿੰਡ ਵਾਲਿਆਂ ਦੇ ਭਾਣੇ ਤਾਂ ਜਗਤਾ ਜੰਗ ਵਿਚ ਹੀ ਮਰ ਮੁੱਕ ਗਿਆ ਸੀ। ਜਗਤੇ ਫ਼ੌਜੀ ਨੇ ਫਹੁੜੀਆਂ ਸੰਭਾਲਦਿਆਂ ਉਠਣ ਦਾ ਯਤਨ ਕੀਤਾ ਤਾਂ ਫਹੁੜੀਆਂ ਨੇ ਠੱਕ ਠੱਕ ਕੀਤੀ।

ਜਿਨ੍ਹਾਂ ਪੈਰਾਂ ਨਾਲ ਉਹ ਦੌੜਦਾ ਹੁੰਦਾ ਸੀ, ਉਹ ਪੈਰ ਕਿੱਥੇ ਸਨ?

ਹਨੇਰੇ ਵਿਚ ਉਨ੍ਹਾਂ ਦੇ ਠਹਾਕਿਆਂ ਦੀਆਂ ਫੁਲਝੜੀਆਂ ਖਿੜਨੀਆਂ ਸਨ, ਤੇ ਜਾਂ ਫਿਰ ਉਨ੍ਹਾਂ ਫੁਲਝੜੀਆਂ ਤੋਂ ਸਿਤਾਰੇ ਝੜਨੇ ਸਨ, ਪਰ ਹੋਇਆ ਇਹ ਕਿ ਗਲਵਕੜੀ ਵਾਲੀਆਂ ਬਾਹਵਾਂ ਨੇ ਉਹਨੂੰ ਮੋਢਿਆਂ ਤੋਂ ਫੜ ਕੇ ਮੁੜ ਉਸੇ ਬੈਂਚ ‘ਤੇ ਬਿਠਾ ਦਿੱਤਾ। ਇਧਰ-ਉਧਰ ਦੀਆਂ ਗੱਲਾਂ ਕਰਦਿਆਂ ਸਲ੍ਹਾਬੀ ਜਿਹੀ ਚੁੱਪ ਭਰੇ ਹੋਏ ਜ਼ਖ਼ਮ ਵਾਂਗ ਟਸ ਟਸ ਕਰਨ ਲੱਗ ਪਈ।

ਜਗਤੇ ਫ਼ੌਜੀ ਲਈ ਇਸ ਵੇਲੇ ਸਾਮਾਨ ਪਿੰਡ ਤਕ ਲੈ ਕੇ ਜਾਣਾ ਸੰਭਵ ਨਹੀਂ ਸੀ। ਸਾਮਾਨ ਝੰਡੀ ਬਾਬੂ ਕੋਲ ਰੱਖ ਕੇ ਉਹਨੇ ਫਹੁੜੀਆਂ ਸੰਭਾਲੀਆਂ ਤੇ ਪਿੰਡ ਦੇ ਰਾਹ ਪੈ ਗਿਆ।

ਜਦੋਂ ਜੰਗ ਦੀਆਂ ਆਵਾਈਆਂ ਖ਼ਬਰਾਂ ‘ਚੋਂ ਨਿਕਲ ਕੇ ਘਰਾਂ ਤਕ ਪਹੁੰਚੀਆਂ ਸਨ ਤਾਂ ਜਗਤੇ ਫ਼ੌਜੀ ਦੀ ਛੁੱਟੀ ਰੱਦ ਹੋ ਗਈ ਸੀ। ਤੁਰਨ ਵੇਲੇ ਪਿੰਡ ਦੇ ਇੱਕ ਪਿਨਸ਼ਨੀਏ ਨੇ ਆਖਿਆ ਸੀ, “ਪੁੱਤਰ, ਇੱਕ ਗੱਲ ਚੇਤੇ ਰੱਖੀਂ। ਜੰਗ ਦੌੜ ਹੁੰਦੀ ਹੈ...ਬਸ ਦੌੜ! ਭਾਵੇਂ ਬਚਾਅ ਕਰ ਰਹੇ ਹੋਈਏ ਤੇ ਭਾਵੇਂ ਹਮਲਾ, ਅਸੀਂ ਦੌੜਦੇ ਹਾਂ। ਜੋ ਸਿਪਾਹੀ ਪੂਰਾ ਦੌੜ ਨਹੀਂ ਸਕਿਆ, ਤਾਂ ਸਮਝੋ ਕਿ ਉਹ ਲੜਾਈ ਹਾਰ ਗਿਆ।” ਜਗਤੇ ਫ਼ੌਜੀ ਕੋਲੋਂ ਵੀ ਪੂਰਾ ਦੌੜਿਆ ਨਹੀਂ ਸੀ ਗਿਆ। ਇਹ ਵੀ ਗਨੀਮਤ ਸੀ ਕਿ ਉਹ ਗੋਲੀਆਂ ਦੀ ਵਾਛੜ ਵਿਚ ਵੀ ਜਿਉਂਦਾ ਰਹਿ ਗਿਆ ਸੀ।

ਜੰਗ ਦੇ ਦਿਨੀਂ ਬਿਗਾਨੀਆਂ ਜੂਹਾਂ ਨੂੰ ਭਾਰੇ ਫ਼ੌਜੀ ਬੂਟਾਂ ਹੇਠ ਮਿਧਦਿਆਂ ਉਹ ਆਪਣੇ ਪਿੰਡ ਲਈ ਤਰਸਦਾ ਰਿਹਾ ਸੀ। ਹੁਣ ਪਿੰਡ ਉਹਦੀਆਂ ਅੱਖਾਂ ਸਾਹਮਣੇ ਸੀ ਤਾਂ ਉਹ ਪਿੰਡ ਦੇ ਘਰਾਂ ਨੂੰ ਵੇਖ ਕੇ ਘਬਰਾ ਗਿਆ। ਉਹਨੇ ਆਪਣੇ ਬੁਝੇ ਹੋਏ ਮਨ ਨੂੰ ਸਮਝਾਇਆ, ਲੱਕੜ ਦੇ ਪੈਰਾਂ ਦੇ ਜੁਆਬ ਵਿਚ ਉਹਦੀ ਹਿੱਕ ‘ਤੇ ਲਟਕਦਾ ਤਮਗਾ ਫਿੱਕਾ ਨਹੀਂ ਸੀ।

ਜਗਤੇ ਫ਼ੌਜੀ ਦੇ ਪਿੰਡ ਪਹੁੰਚਣ ਦੀ ਕਿਸੇ ਨੂੰ ਕੋਈ ਖ਼ਬਰ ਨਹੀਂ ਸੀ, ਪਰ ਸਵੇਰ ਦੀ ਪੌਣ ਪਤਾ ਨਹੀਂ ਕਿਹੜੇ ਵੇਲੇ ਬੂਹਿਆਂ ‘ਤੇ ਦਸਤਕ ਦੇ ਆਈ। ਉਹ ਇੱਕ ਇੱਕ ਕਰ ਕੇ ਘਰਾਂ ‘ਚੋਂ ਨਿਕਲੇ ਤੇ ਉਹਦੇ ਵਿਹੜੇ ਵਿਚ ਜਮ੍ਹਾਂ ਹੋ ਗਏ। ਉਹ ਚਾਹੁੰਦੇ ਸਨ ਕਿ ਜ਼ਿਹਨ ਦੇ ਖਲੋਤੇ ਹੋਏ ਪਾਣੀਆਂ ਵਿਚ ਕਦੇ-ਕਦਾਈਂ ਕੋਈ ਠੀਕਰੀ ਡਿੱਗੇ, ਲਹਿਰਾਂ ਉਠਣ ਤੇ ਕਿਨਾਰਿਆਂ ਵੱਲ ਦੌੜਨ...ਪਰ ਇਹ ਤਾਂ ਜਵਾਰਭਾਟਾ ਸੀ ਜੀਹਨੇ ਵਸਦੇ-ਰਸਦੇ ਘਰ ਦੀ ਛੱਤ ਹੇਠਲੀ ਬੁਰਜੀ ਖੋਰ ਦਿੱਤੀ ਸੀ। ਉਹ ਇਹ ਤਾਂ ਨਹੀਂ ਸਨ ਚਾਹੁੰਦੇ।

ਸੁੱਖ-ਸਾਂਦ ਪੁੱਛਣ ਆਉਣ ਵਾਲਿਆਂ ਦੀ ਆਵਾਜਾਈ ਕੁਝ ਦਿਨ ਰਹੀ ਤੇ ਫਿਰ ਲੋਕੀਂ ਆਪੋ-ਆਪਣੇ ਕੰਮੀ-ਕਾਰੀਂ ਰੁੱਝ ਗਏ।

ਜੰਗ ਨੇ ਜਗਤੇ ਫ਼ੌਜੀ ਨੂੰ ਚੁੱਪ-ਗੜੁੱਪ ਕਰ ਦਿੱਤਾ ਸੀ। ਜੰਗ ਸਾਰੇ ਫ਼ੌਜੀਆਂ ਨੂੰ ਹੀ ਗੁੰਮ-ਸੁੰਮ ਕਰ ਦਿੰਦੀ ਹੈ, ਪਰ ਪਿੰਡ ਦੀ ਜੂਹ ਵਿਚ ਲੱਕੜ ਦੇ ਪੈਰਾਂ ਦੀ ਠੱਕ ਠੱਕ ਗੁੰਮ-ਸੁੰਮ ਨਹੀਂ ਸੀ। ਉਹ ਠੱਕ ਠੱਕ ਅਕਸਰ ਸੀਤ ਹਵਾ ਦਾ ਮੱਥਾ ਠਕੋਰਦੀ ਰਹਿੰਦੀ ਸੀ।

“ਮੈਂ ਜਿਉਂਦਾ, ਮੈਂ ਜਾਗਦਾ!”

“ਮੈਂ ਜਿਉਂਦਾ, ਮੈਂ ਜਾਗਦਾ!”

ਉਸ ਠੱਕ ਠੱਕ ਨਾਲ ਘਰਾਂ ਦੇ ਅੰਦਰ ਕੁੰਗੜੇ ਲੋਕ ਕਈ ਵਾਰ ਤ੍ਰਭਕ ਕੇ ਉਠ ਬੈਠਦੇ ਸਨ।

ਸਮਾਂ ਆਪਣੀ ਤੋਰੇ ਬੀਤ ਰਿਹਾ ਸੀ, ਪਰ ਇਹ ਤਾਂ ਨਹੀਂ ਸੀ ਹੋਇਆ ਕਿ ਜਗਤੇ ਫ਼ੌਜੀ ਦੇ ਚੇਤੇ ਨੂੰ ਹੀ ਉਲੀ ਲਗ ਗਈ ਹੋਵੇ।

ਇਹ ਹਾਲੇ ਕੱਲ੍ਹ ਦੀ ਗੱਲ ਸੀ।

ਰਾਤ ਦੇ ਹੱਲੇ ਵੇਲੇ ਉਹ ਭੁਲੇਖੇ ਨਾਲ ਮਾਈਨ ਫੀਲਡ ਦੇ ਵਿਚੋਂ ਦੀ ਅੱਗੇ ਵਧ ਆਏ ਸਨ। ਬਾਰੂਦੀ ਸੁਰੰਗਾਂ ਲਗਾਤਾਰ ਉਨ੍ਹਾਂ ਦੇ ਚੀਥੜੇ ਖਿਲਾਰਦੀਆਂ ਰਹੀਆਂ ਸਨ। ਸੁਰੰਗਾਂ ਫਟਣ ਨਾਲ ਬਹੁਤ ਮਿੱਟੀ ਉਡੀ ਸੀ। ਉਸ ਮਿੱਟੀ ਨੇ ਆਪਣੇ ਪਰਾਏ ਵਿਚ ਕੋਈ ਵੀ ਫ਼ਰਕ ਬਾਕੀ ਨਹੀਂ ਸੀ ਰਹਿਣ ਦਿੱਤਾ।

ਜਿਸ ਪਹਾੜੀ ‘ਤੇ ਆ ਕੇ ਉਨ੍ਹਾਂ ਮੋਰਚੇ ਮੱਲੇ, ਉਥੋਂ ਹੇਠਾਂ ਪੰਘਲ ਹੋਏ ਹਨੇਰੇ ਵਿਚ ਖਿੱਲਰੀਆਂ ਪਈਆਂ ਲਾਸ਼ਾਂ ਦਿਸ ਰਹੀਆਂ ਸਨ।

ਜਗਤੇ ਫ਼ੌਜੀ ਦੇ ਮੋਰਚੇ ਤੋਂ ਪੰਝੀ-ਤੀਹ ਕਰਮਾਂ ਦੀ ਵਿੱਥ ‘ਤੇ ਮਿੱਟੀ ਵਿਚ ਲਿਬੜਿਆ-ਤਿਬੜਿਆ ਅਜਨਬੀ ਸੈਨਿਕ ਪਿਆ ਸੀ। ਬਾਰੂਦੀ ਸੁਰੰਗ ਫਟਣ ਨਾਲ ਉਹਦੀਆਂ ਦੋਵੇਂ ਲੱਤਾਂ ਉਡ ਚੁੱਕੀਆਂ ਸਨ। ਉਹਦੀਆਂ ਲੱਤਾਂ ਦੇ ਲੁੰਝਾਂ ‘ਚੋਂ ਲਹੂ ਵਗ ਵਗ ਕੇ ਨੇੜੇ ਦੀ ਮਿੱਟੀ ਗੜੁੱਚ ਹੋ ਗਈ ਸੀ। ਜਿਉਣ ਦੇ ਯਤਨ ਵਿਚ ਉਹ ਹਾਲੇ ਤਕ ਮੌਤ ਨਾਲ ਜੂਝ ਰਿਹਾ ਸੀ। ਉਹ ਵਾਰ ਵਾਰ ਤੜਫ਼ਦਾ ਸੀ ਤੇ ਕਦੇ-ਕਦਾਈਂ ਬੇਹੋਸ਼ੀ ਵਿਚ ਉਹਦੇ ਮੂੰਹੋਂ ਲੰਮੀ ਲੇਰ ਨਿਕਲ ਜਾਂਦੀ ਸੀ। ਉਸ ਵੇਲੇ ਉਹ ਡੂੰਘੀ ਖੱਡ ਦੇ ਕਿਨਾਰੇ ਪਿਆ ਹੋਇਆ ਸੀ ਤੇ ਹਿਲਦਾ ਹਿਲਦਾ ਕਿਸੇ ਵੇਲੇ ਵੀ ਖੱਡ ਵੱਲ ਲੁੜਕ ਸਕਦਾ ਸੀ।

ਉਨ੍ਹਾਂ, ਉਸ ਸੈਨਿਕ ਨੂੰ ਪਛਾਣਨ ਦਾ ਯਤਨ ਕੀਤਾ। ਉਹਦਾ ਚਿਹਰਾ ਵੀ ਮਿੱਟੀ ਵਿਚ ਗੁਆਚਾ ਹੋਇਆ ਸੀ ਤੇ ਵਰਦੀ ਦਾ ਰੰਗ ਵੀ। ਪਹਿਲੀ ਨਜ਼ਰੇ ਉਹ ਆਮ ਮਨੁੱਖ ਹੀ ਜਾਪਦਾ ਸੀ। ਉਹ ਨਾ ਉਹਨੂੰ ਦੋਸਤ ਕਹਿ ਸਕੇ, ਨਾ ਦੁਸ਼ਮਣ।

ਰਾਤ ਅੱਖਾਂ ਵਿਚ ਹੀ ਬੀਤ ਚੁੱਕੀ ਸੀ। ਉਨ੍ਹਾਂ ਦੀਆਂ ਕਈ ਦਿਨਾਂ ਦੀਆਂ ਉਣੀਂਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ। ਅੱਜ ਉਹ ਸ਼ਾਇਦ ਥੋੜ੍ਹਾ ਜਿਹਾ ਸੌਂ ਸਕਣ, ਪਰ...।

‘ਪਰ’ ਦੇ ਅਗਲੇ ਸਿਰੇ ‘ਤੇ ਪਿਆ ਜ਼ਖ਼ਮੀ ਸੈਨਿਕ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਉਸ ਤੋਂ ਵੀ ਅੱਗੇ ਮੌਸਮੀ ਨਦੀ ਸੀ ਤੇ ਮੌਸਮੀ ਨਦੀ ਦੇ ਦੂਜੇ ਪਾਸੇ ਦੁਸ਼ਮਣ ਦੇ ਮੋਰਚੇ ਸਨ। ਕਾਂ-ਉਡਾਰੀ ਨਾਲ ਉਹ ਵਿੱਥ ਤਿੰਨ ਕੁ ਸੌ ਗਜ਼ ਦੀ ਬਣਦੀ ਸੀ; ਯਾਨੀ ਉਹ ਦੁਸ਼ਮਣ ਦੇ ਨਿੱਕੇ ਹਥਿਆਰਾਂ ਦੀ ਮਾਰ ਹੇਠ ਸਨ।

ਸਰਘੀ ਦੇ ਹਨੇਰੇ ਵਿਚ ਉਸ ਸੈਨਿਕ ਨੂੰ ਚੁੱਕ ਲਿਆਉਣ ਦੀ ਦੋ ਵਾਰ ਕੋਸ਼ਿਸ਼ ਹੋਈ ਸੀ, ਪਰ ਦੁਸ਼ਮਣ ਦੀਆਂ ਗੋਲੀਆਂ ਦੀ ਬੁਛਾੜ ਨੇ ਉਨ੍ਹਾਂ ਦੇ ਯਤਨਾਂ ‘ਤੇ ਹੂੰਝਾ ਫੇਰ ਦਿੱਤਾ ਸੀ।

ਉਨ੍ਹਾਂ ਕੋਲੋਂ ਸੈਨਿਕ ਦਾ ਦਰਦ ਹੁਣ ਹੋਰ ਨਹੀਂ ਸੀ ਵੇਖਿਆ ਜਾ ਰਿਹਾ। ਉਹ ਕੀ ਕਰਨ? ਕੰਪਨੀ ਕਮਾਂਡਰ ਕੁਝ ਚਿਰ ਸੋਚੀਂ ਲੱਥਾ ਰਿਹਾ ਤੇ ਫਿਰ ਕੰਪਨੀ ਦੇ ਸੂਬੇਦਾਰ ਮੇਜਰ ਨਾਲ ਮਸ਼ਵਰਾ ਕਰਨ ਪਿੱਛੋਂ ਢੁਕਵਾਂ ਫੈਸਲਾ ਲੈ ਲਿਆ। ਸਿਪਾਹੀ ਜਗਤ ਸਿੰਘ ਨੂੰ ਜ਼ਿੰਮੇਵਾਰੀ ਸੌਂਪਦਿਆਂ ਉਹਨੇ ਜ਼ਖ਼ਮੀ ਸੈਨਿਕ ਨੂੰ ਗੋਲੀ ਮਾਰਨ ਦਾ ਹੁਕਮ ਦਾਗ ਦਿੱਤਾ, “ਸਿਰਫ਼ ਏਕ ਰਾਊਂਡ ਫਾਇਰ ਹੋਗਾ ਔਰ ਜ਼ਰੂਰਤ ਪੜਨੇ ਪਰ ਦੂਸਰਾ।”

ਜਗਤੇ ਨੇ ਮੱਥੇ ਦੀ ਤਰੇਲੀ ਪੂੰਝੀ। ਮੁਲਕ ਦੇ ਕਹਿਣ ‘ਤੇ ਬੰਦੇ ਮਾਰੇ ਜਾ ਸਕਦੇ ਹੁੰਦੇ ਨੇ। ਇਹੀ ਜੰਗ ਹੁੰਦੀ ਹੈ, ਪਰ ਇੱਦਾਂ ਬੰਦਾ ਮਾਰਨਾ।

ਇਹ ਦਿਨ ਦੀਵੀ ਕਤਲ ਸੀ।

ਉਂਜ ਤਾਂ ਕਿਸੇ ਵੀ ਸੈਨਿਕ ਨੂੰ ਹੁਕਮ ਅਦੂਲੀ ਨਹੀਂ ਸੀ ਆਉਂਦੀ, ਪਰ ਜਗਤੇ ਫ਼ੌਜੀ ਦਾ ਤਾਂ ਵਜੂਦ ਵੀ ਹਰੀ ਵਰਦੀ ਸੀ। ਉਹਨੇ ਰਾਈਫਲ ਦਾ ਬੱਟ ਮੋਢੇ ਨਾਲ ਲਾ ਕੇ ਨਿਸ਼ਾਨਾ ਸਾਧਿਆ। ਉਹਦੀ ਰਾਈਫਲ ਦੀ ਸੇਧ ਵਿਚ ਪਿਆ ਜ਼ਖ਼ਮੀ ਸੈਨਿਕ ਜਿਉਂਦੇ ਹੋਣ ਦੀ ਤਸਦੀਕ ਵਜੋਂ ਬੇਹੋਸ਼ੀ ਵਿਚ ਚੀਕਿਆ।

ਜਗਤੇ ਫ਼ੌਜੀ ਨੇ ਭੰਮੱਤਰੇ ਹੋਏ ਨੇ ਸਿਰ ਚੁੱਕ ਕੇ ਕੰਪਨੀ ਕਮਾਂਡਰ ਵੱਲ ਵੇਖਿਆ। ਉਹਦੀਆਂ ਅੱਖਾਂ ਵਿਚ ਮਨ ਦਾ ਸੰਤਾਪ ਪੜ੍ਹ ਕੇ ਕੰਪਨੀ ਕਮਾਂਡਰ ਉਚੀ ਆਵਾਜ਼ ਵਿਚ ਬੋਲਿਆ, “ਜਵਾਨ, ਸ਼ੂਟ ਕਰੋ। ਯਹ ਹੁਕਮ ਹੈ ਹਮਾਰਾ।”

ਉਹਨੇ ਮੁੜ ਨਿਸ਼ਾਨਾ ਸਾਧ ਲਿਆ। ਇੱਕ! ਦੋ! ਤਿੰਨ!...ਸਾਰਿਆਂ ਦੇ ਸਾਹ ਸੂਤੇ ਗਏ। ਉਹਨੇ ਅਪਰਚਰ ਦੀ ਮੋਰੀ ਵਿਚ ਵੇਖਿਆ ਤੇ ਫੋਰ ਸਾਈਡ ਦੀ ਨੋਕ ਨੂੰ ਜ਼ਖ਼ਮੀ ਸਿਪਾਹੀ ਨਾਲ ਇੱਕ-ਮਿੱਕ ਕਰ ਕੇ ਰਾਈਫਲ ਦੇ ਘੋੜੇ ‘ਤੇ ਉਂਗਲ ਦਾ ਦਬਾਅ ਵਧਾ ਦਿੱਤਾ। ਉਹਦੀ ਇਕਾਗਰਤਾ ਸਿਮਟਦੀ ਸਿਮਟਦੀ ਇੱਕ ਬਿੰਦੂ ਹੋ ਗਈ। ਉਂਗਲ ਦਾ ਦਬਾਅ ਘੋੜੇ ‘ਤੇ ਕੁਝ ਹੋਰ ਵਧਿਆ। ਆਪੋ ਆਪਣੀ ਥਾਈਂ ਮੋਰਚੇ ਮੱਲੀ ਬੈਠੇ ਕੰਪਨੀ ਦੇ ਜਵਾਨਾਂ ਨੇ ਜਗਤੇ ਫ਼ੌਜੀ ਵੱਲ ਕੁਝ ਇਸ ਤਰ੍ਹਾਂ ਧਿਆਨ ਮੋੜਿਆ ਜਿਵੇਂ ਗੋਲੀ ਦੀ ਆਵਾਜ਼ ਜ਼ਿੰਦਗੀ ਵਿਚ ਪਹਿਲੀ ਵਾਰ ਸੁਣਨੀ ਹੁੰਦੀ ਹੈ।

ਅਗਲੇ ਛਿਣ ਅਣਕਿਆਸੀ ਹੋਣੀ ਵਾਪਰੀ। ਜ਼ਖ਼ਮੀ ਸੈਨਿਕ ਅਚਨਚੇਤੀ ਫੇਰ ਚੀਕ ਪਿਆ। ਸੂਲੀ ‘ਤੇ ਟੰਗੀ ਚੁੱਪ ਵੇਲੇ ਜਗਤਾ ਫ਼ੌਜੀ ਤਲਿਸਮ ‘ਚੋਂ ਜਾਗ ਪਿਆ। ਉਹਨੇ ਰਾਈਫਲ ਹੇਠਾਂ ਰੱਖ ਦਿੱਤੀ ਤੇ ਫੁਰਤੀ ਨਾਲ ਮੋਰਚੇ ‘ਚੋਂ ਉਠ ਕੇ ਜ਼ਖ਼ਮੀ ਸੈਨਿਕ ਵੱਲ ਸੰਤੋੜ ਨੱਸਿਆ।

ਡੌਰ-ਭੌਰ ਹੋਈ ਹਵਾ ਇੱਕ ਛਿਣ ਲਈ ਖਲੋ ਗਈ। ਬਾਰੂਦੀ ਸੁਰੰਗਾਂ ਸੁੱਤੀਆਂ ਪਈਆਂ ਰਹੀਆਂ। ਉਸ ਪਲ ਕਿਸੇ ਨੂੰ ਸਾਹ ਲੈਣਾ ਵੀ ਯਾਦ ਨਾ ਆਇਆ। ਹੈਰਾਨ ਹੋਇਆ ਦੁਸ਼ਮਣ ਜਦੋਂ ਸੁਚੇਤ ਹੋਇਆ, ਉਦੋਂ ਸਿਪਾਹੀ ਜਗਤ ਸਿੰਘ ਜ਼ਖ਼ਮੀ ਸੈਨਿਕ ਨੂੰ ਮੋਢੇ ‘ਤੇ ਚੁੱਕ ਕੇ ਵਾਪਸ ਦੌੜ ਪਿਆ ਸੀ। ਉਨ੍ਹਾਂ ਕਾਹਲੀ ਨਾਲ ਮਸ਼ੀਨਗੰਨ ਦਾ ਮੂੰਹ ਖੋਲ੍ਹ ਦਿੱਤਾ।

ਗੋਲੀਆਂ ਦੀ ਵਾਛੜ ਨੇ ਉਹਦੇ ਅੱਗੇ-ਪਿੱਛੇ ਘੱਟੇ ਦੇ ਗੁਬਾਰ ਉਡਾ ਦਿੱਤੇ। ਕੰਨ ਪਾੜਵਾਂ ਰੌਲਾ ਕਾਇਨਾਤ ਵਿਚ ਫੈਲ ਗਿਆ। ਉਹ ਦੌੜਦਾ ਰਿਹਾ ਤੇ ਆਪਣੇ ਮੋਰਚੇ ਕੋਲ ਪਹੁੰਚ ਕੇ ਜ਼ਖ਼ਮੀ ਸੈਨਿਕ ਸਮੇਤ ਢੇਰੀ ਹੋ ਗਿਆ।

ਬੇਸੁਰਤੀ ਵਿਚ ਪਤਾ ਨਹੀਂ ਉਹਦੇ ਕਿੰਨੇ ਕੁ ਦਿਨ ਲੰਘ ਗਏ। ਹੋਸ਼ ਆਈ ਵੀ ਤਾਂ ਵੱਖ ਵੱਖ ਸੈਨਿਕ ਹਸਪਤਾਲਾਂ ਦੀਆਂ ਕੰਧਾਂ ਦੇ ਅੰਦਰਵਾਰ ਭਟਕਦੀ ਰਹੀ।

ਲੰਮੇ ਅਰਸੇ ਤੋਂ ਪਿਛੋਂ ਜਦੋਂ ਉਹਨੇ ਨਵੇਂ ਪੈਰ ਪਹਿਲੀ ਵਾਰ ਜ਼ਮੀਨ ‘ਤੇ ਧਰੇ ਤਾਂ ਜਾਣ ਲਿਆ ਕਿ ਮਿੱਟੀ ਦੀ ਛੋਹ ਉਹਦੇ ਪੈਰਾਂ ਕੋਲੋਂ ਹਮੇਸ਼ਾ ਲਈ ਗੁਆਚ ਗਈ ਸੀ। ਹੁਣ ਇਨ੍ਹਾਂ ਪੈਰਾਂ ਨਾਲ ਨਾ ਉਹ ਘਾਹ ‘ਤੇ ਪਈ ਤ੍ਰੇਲ ਨੂੰ ਹੀ ਮਹਿਸੂਸ ਕਰ ਸਕੇਗਾ ਤੇ ਨਾ ਮਿੱਟੀ ਦੀ ਸਿੱਲ੍ਹ ਨੂੰ। ਨਾ ਇਹ ਪੈਰ ਪਾਣੀ ਦੀਆਂ ਲਹਿਰਾਂ ਨਾਲ ਖੇਡ ਸਕਿਆ ਕਰਨਗੇ ਤੇ ਨਾ ਹੀ ਕਿਸੇ ਨੂੰ ਛੋਹ ਕੇ ਲਹਿਰਾਂ ਪੈਦਾ ਕਰ ਸਕਿਆ ਕਰਨਗੇ।

ਉਹ ਫਿਰ ਵੀ ਇਨ੍ਹਾਂ ਪੈਰਾਂ ਦਾ ਸ਼ੁਕਰਗੁਜ਼ਾਰ ਸੀ। ਇਨ੍ਹਾਂ ਪੈਰਾਂ ਨੇ ਟੁੰਡੀਆਂ ਲੱਤਾਂ ਨੂੰ ਤੋਰ ਬਖ਼ਸ਼ੀ ਸੀ।

ਦੋ ਪੈਰ ਲੱਕੜ ਦੇ!

ਇਹ ਪੈਰ ਕਿਸੇ ਦੇ ਵੀ ਹੋ ਸਕਦੇ ਹਨ, ਪਰ ਉਸ ਦੇ ਸਨ।

ਜਗਤੇ ਫ਼ੌਜੀ ਦੇ ਮੱਥੇ ਵਿਚ ਕਦੇ ਕਦਾਈਂ ਇੱਕ ਖਿਆਲ ਭਰੇ ਹੋਏ ਫੋੜੇ ਵਾਂਗ ਟਸ ਟਸ ਕਰਦਾ। ਜੇ ਉਹਦੇ ਦੋਵੇਂ ਪੈਰ ਸਾਲਮ ਰਹਿ ਜਾਂਦੇ ਤਾਂ ਉਹ ਤਰੱਕੀ ਜ਼ਰੂਰ ਕਰਦਾ। ਕੀ ਪਤੈ, ਉਹ ਸੂਬੇਦਾਰੀ ਦੀ ਪੈਨਸ਼ਨ ਲੈ ਕੇ ਘਰ ਆਉਂਦਾ।

ਉਹਨੇ ਆਪਣਾ ਸੁਪਨਾ ਪੁੱਤਰ ਦੀਆਂ ਅੱਖਾਂ ਵਿਚ ਵੇਖਣ ਦਾ ਯਤਨ ਕੀਤਾ।

ਬਾਲ ਵਰੇਸੇ ਗੰਗੇ ਨੇ ਨਾ ਜਗਤੇ ਫ਼ੌਜੀ ਦੀ ਵਰਦੀ ਪਾ ਕੇ ਹੀ ਵੇਖੀ, ਤੇ ਨਾ ਕਦੇ ਉਹਦੇ ਤਗਮਿਆਂ ਨਾਲ ਹੀ ਖੇਡਿਆ।

ਗੰਗੇ ਦੀਆਂ ਅੱਖਾਂ ’ਚ ਪਰੀਆਂ ਦਾ ਦੇਸ਼ ਸੀ।

ਜਗਤੇ ਫ਼ੌਜੀ ਦੀਆਂ ਦੋਵੇਂ ਧੀਆਂ ਗੰਗੇ ਤੋਂ ਨਿੱਕੀਆਂ ਸਨ, ਪਰ ਗੁੱਡੀਆਂ ਪਟੋਲੇ ਖੇਡਦੀਆਂ ਵੀ ਵੱਡੀਆਂ ਦਿਸਣ ਲੱਗ ਪਈਆਂ ਸਨ। ਜਗਤਾ ਫ਼ੌਜੀ ਉਨ੍ਹਾਂ ਦੇ ਫ਼ਿਕਰ ਵਿਚ ਕਾਹਲਾ ਪੈ ਗਿਆ। ਉਹਨੇ ਇੱਕ ਇੱਕ ਕਰ ਕੇ ਦੋਵੇਂ ਧੀਆਂ ਘਰ ‘ਚੋਂ ਤੋਰ ਦਿੱਤੀਆਂ।



ਧੀਆਂ ਵੱਲੋਂ ਸੁਰਖ਼ਰੂ ਹੋ ਕੇ ਉਹਨੇ ਗੰਗੇ ਦੇ ਅੰਗਾਂ ਨੂੰ ਮੌਲਦਿਆਂ ਵੇਖਿਆ। ਉਥੋਂ ਦੇ ਰਿਵਾਜ ਅਨੁਸਾਰ ਇੰਨਾ ਹੀ ਬਹੁਤ ਸੀ। ਗੰਗੇ ਦੀ ਉਮਰ ਜੇ ਹੁਣ ਨਿੱਕੀ ਵੀ ਸੀ ਤਾਂ ਹੌਲੀ ਹੌਲੀ ਆਪੇ ਵੱਡੀ ਹੋ ਜਾਣੀ ਸੀ।

ਪਹਿਲਾਂ ਗੰਗੇ ਦਾ ਵਿਆਹ ਹੋਇਆ ਤੇ ਫਿਰ ਉਪਰੋਥਲੀ ਦੋ ਬਾਲ। ਅਗਲੇਰੇ ਵਰ੍ਹੇ ਇੰਨੇ ਮੀਂਹ ਪਏ ਕਿ ਪਹਾੜ ਦੀ ਢਲਾਨ ‘ਤੇ ਬਣੇ ਉਨ੍ਹਾਂ ਦੇ ਪੌੜੀਆਂ ਵਰਗੇ ਖੇਤ ਹੇਠਾਂ ਨੂੰ ਵਹਿ ਗਏ।

ਬਰਸਾਤਾਂ ਆਈਆਂ ਤੇ ਲੰਘ ਗਈਆਂ।

ਜਿਥੇ ਉਨ੍ਹਾਂ ਦੇ ਖੇਤ ਹੁੰਦੇ ਸਨ, ਉਹ ਢਲਾਨਾਂ ਜੰਗਲੀ ਝਾੜੀਆਂ ਨੇ ਮੱਲ ਲਈਆਂ। ਉਨ੍ਹਾਂ ਢਲਾਨਾਂ ਨੂੰ ਮੁੜ ਖੇਤ ਬਣਦਿਆਂ ਹੁਣ ਵਕਤ ਲੱਗਣਾ ਸੀ, ਪਰ ਢਿੱਡ ਦੀ ਭੁੱਖ ਨੇ ਤਾਂ ਨਵੇਂ ਖੇਤਾਂ ਦੀ ਉਸ ਫ਼ਸਲ ਨੂੰ ਨਹੀਂ ਸੀ ਉਡੀਕਣਾ। ਉਹ ਗੁਰਬਤ ਵਿਚ ਅਜਿਹੇ ਭਿੱਜੇ ਕਿ ਮੁੜ ਰਾਸ ਹੀ ਨਹੀਂ ਆਏ।

ਸ਼ੁਰੂ ਵਿਚ ਜਗਤੇ ਫ਼ੌਜੀ ਨੂੰ ਪੈਨਸ਼ਨ ਦੀ ਰਕਮ ਨਿੱਕੀ ਨਹੀਂ ਸੀ ਲੱਗੀ। ਘਰ ਦਾ ਗੁਜ਼ਾਰਾ ਸੋਹਣਾ ਤੁਰ ਪਿਆ ਸੀ। ਉਹਦੇ ਖੇਤਾਂ ਦੀ ਆਮਦਨ ਤਾਂ ਸਗੋਂ ਵਾਧੂ ਸੀ, ਪਰ ਕੁਝ ਵਰ੍ਹਿਆਂ ਪਿਛੋਂ ਕੁਝ ਵੀ ਵਾਧੂ ਨਹੀਂ ਸੀ ਰਿਹਾ। ਕੀਮਤਾਂ ਹੌਲੀ ਹੌਲੀ ਸੱਤਵੇਂ ਆਸਮਾਨ ਨੂੰ ਜਾ ਲੱਗੀਆਂ ਸਨ, ਪਰ ਹਰ ਮਹੀਨੇ ਮਿਲਣ ਵਾਲੀ ਪੈਨਸ਼ਨ ਦੀ ਰਕਮ ਉਥੇ ਦੀ ਉਥੇ ਹੀ ਖਲੋਤੀ ਹੋਈ ਸੀ।

ਉਹ ਹਰ ਮਹੀਨੇ ਵਰਦੀ ਪਾਉਂਦਾ ਸੀ। ਸ਼ਹਿਰ ਜਾਂਦਾ ਸੀ। ਪੈਨਸ਼ਨ ਦੇਣ ਵਾਲੇ ਅਫ਼ਸਰ ਨੂੰ ਚੁਸਤ ਸਲੂਟ ਮਾਰਨ ਦੀ ਕੋਸ਼ਿਸ਼ ਕਰਦਾ ਸੀ ਤੇ ਪੈਨਸ਼ਨ ਦੀ ਨਿਗੂਣੀ ਜਿਹੀ ਰਕਮ ਲੈ ਕੇ ਪਰਤ ਆਉਂਦਾ ਸੀ। ਕਿਸੇ ਨੂੰ ਕੀ ਮਿਲਦਾ ਸੀ, ਇਹਦੇ ਨਾਲ ਉਹਦਾ ਕੋਈ ਸਰੋਕਾਰ ਨਹੀਂ ਸੀ।

ਪਰ ਇੱਕ ਦਿਨ ਸਰੋਕਾਰ ਹੋ ਗਿਆ। ਇੱਕ ਨਵੇਂ ਪਿਨਸ਼ਨੀਏ ਨੇ ਉਹਦੇ ਸਾਹਮਣੇ ਹੀ ਸੌ ਸੌ ਦੇ ਤਿੰਨ ਕੜਕਦੇ ਹੋਏ ਨੋਟ ਜੇਬ ਵਿਚ ਪਾ ਲਏ।

ਕਿਧਰੇ ਕੋਈ ਭੁਲੇਖਾ ਤਾਂ ਨਹੀਂ ਸੀ?

ਜਦੋਂ ਰੈਂਕ ਇੱਕੋ ਸੀ ਤਾਂ ਦੋਵਾਂ ਦੀ ਪੈਨਸ਼ਨ ਇੱਕੋ ਕਿਉਂ ਨਹੀਂ ਸੀ। ਕੀ ਮਹਿੰਗਾਈ ਸਿਰਫ਼ ਹੁਣ ਵਾਲੇ ਸੈਨਿਕਾਂ ਲਈ ਹੀ ਵਧੀ ਸੀ? ਉਹਨੇ ਕਿਸੇ ਵੀ ਮਾਈ ਦੇ ਲਾਲ ਤੋਂ ਘੱਟ ਮੱਲਾਂ ਨਹੀਂ ਸਨ ਮਾਰੀਆਂ ਹੋਈਆਂ। ਉਹ ਕਿਸੇ ਨਾਲੋਂ ਕਿਹੜੀ ਗੱਲੋਂ ਪਿਛੇ ਰਿਹਾ ਸੀ?

ਜਗਤੇ ਫ਼ੌਜੀ ਨੇ ਉਲਝਣ ਜਿਹੀ ਵਿਚ ਆਪਣੇ ਧੌਲੇ ਵਾਲਾਂ ਵਿਚ ਹੱਥ ਫੇਰਿਆ। ਇੱਕ ਦਿਨ ਉਹਨੇ ਤੜਕਸਾਰ ਹੀ ਵਰਦੀ ਪਾ ਲਈ ਤੇ ਫਹੁੜੀਆਂ ਸੰਭਾਲਦਿਆਂ ਗੰਗੇ ਨੂੰ ਨਾਲ ਤੁਰਨ ਲਈ ਆਖਿਆ। ਪਰੀਆਂ ਦਾ ਦੇਸ਼ ਹਾਲੇ ਗੰਗੇ ਦੀਆਂ ਅੱਖਾਂ ਵਿਚ ਖੰਡਰ ਨਹੀਂ ਸੀ ਹੋਇਆ, ਪਰ ਜਗਤੇ ਫ਼ੌਜੀ ਨੂੰ ਪਤਾ ਸੀ ਕਿ ਹੁਣ ਗੰਗੇ ਦੇ ਭਰਤੀ ਹੋਣ ਦਾ ਵੇਲਾ ਸੀ।

ਫ਼ੌਜ ਉਨ੍ਹਾਂ ਦੀ ਰੋਜ਼ੀ-ਰੋਟੀ ਹੀ ਨਹੀਂ, ਜਿਉਣ ਦਾ ਢੰਗ ਵੀ ਸੀ। ਜੰਗਲ ਦਾ ਹਰ ਰਾਹ ਪਾਣੀ ਵੱਲ ਜਾਂਦਾ ਸੀ ਤੇ ਉਸ ਦੇ ਘਰ ਦੇ ਮਰਦਾਂ ਦਾ ਰਾਹ ਫ਼ੌਜ ਵੱਲ। ਰਾਹ ਹੋਰ ਵੀ ਸਨ, ਪਰ ਹੋਰ ਰਾਹਾਂ ਨੂੰ ਉਹ ਨਹੀਂ ਸਨ ਜਾਣਦੇ।

ਗੰਗੇ ਨੇ ਘਰ ਦੀਆਂ ਕੰਧਾਂ ਵੱਲ ਵੇਖਿਆ ਜਿਵੇਂ ਲੋੜਾਂ ਦੀ ਫਹਿਰਿਸਤ ਪੜ੍ਹ ਰਿਹਾ ਹੋਵੇ ਤੇ ਅਗਲੇ ਪਲ ਉਹ ਚੁੱਪ-ਚਾਪ ਪਿਉ ਨਾਲ ਤੁਰ ਪਿਆ।

ਭਰਤੀ ਅਫ਼ਸਰ ਨੇ ਇੱਕ ਵਾਰ ਜਗਤੇ ਫ਼ੌਜੀ ਦੀ ਪੁਰਾਣੀ ਵਰਦੀ ਵੱਲ ਵੇਖਿਆ ਤੇ ਦੂਜੀ ਵਾਰ ਉਹਦੀ ਬੁੱਢੀ ਹਿੱਕ ‘ਤੇ ਲਟਕਦੇ ਤਗਮਿਆਂ ਵੱਲ।...ਤੇ ਫਿਰ ਉਹਦੀ ਸਰਕਦੀ ਹੋਈ ਨਜ਼ਰ ਲੱਕੜ ਦੇ ਪੈਰਾਂ ‘ਤੇ ਟਿਕ ਗਈ...ਤੇ ਲੱਕੜ ਦੇ ਪੈਰਾਂ ਦੀ ਖ਼ਰਾਇਤ ਗੰਗਾ ਭਰਤੀ ਹੋ ਗਿਆ।

ਸਿੱਖਲਾਈ ਪੂਰੀ ਹੋਣ ਪਿਛੋਂ ਸਿਪਾਹੀ ਗੰਗਾ ਸਿੰਘ ਨੇ ਕੁਝ ਦਿਨਾਂ ਲਈ ਪਿੰਡ ਆਉਣਾ ਸੀ। ਖ਼ੁਦ ਆਉਣ ਦੀ ਬਜਾਏ ਉਹਦੀ ਸੁੱਖ-ਸਾਂਦ ਲਾਲ ਲਿਫ਼ਾਫ਼ੇ ਨੇ ਆਣ ਦੱਸੀ। ਡਾਕੀਏ ਦੇ ਜਾਣ ਪਿਛੋਂ ਜਗਤੇ ਫ਼ੌਜੀ ਨੇ ਲਾਲ ਲਿਫ਼ਾਫ਼ਾ ਉਲਟ-ਪਲਟ ਕੇ ਵੇਖਿਆ, ਬਾਹਰ ਸੈਂਸਰ ਦਾ ਠੱਪਾ ਤੇ ਅੰਦਰ ਸੰਖੇਪ ਜਿਹੀ ਇਬਾਰਤ। ਉਸ ਜਾਣ ਲਿਆ ਕਿ ਸਿਪਾਹੀ ਗੰਗਾ ਸਿੰਘ ਮੁਹਾਜ਼ ‘ਤੇ ਪਹੁੰਚ ਚੁੱਕਿਆ ਸੀ।

ਜਗਤੇ ਫ਼ੌਜੀ ਨੇ ਆਉਣ ਵਾਲੀ ਜੰਗ ਦਾ ਖ਼ਤਰਾ ਕਿਆਸ ਲਿਆ, ਪਰ ਮੁਲਕਾਂ ਦੀ ਜੰਗ ਤੋਂ ਵੀ ਪਹਿਲਾਂ ਭੁੱਖ ਦੀ ਜੰਗ ਸੀ, ਜੀਹਨੇ ਉਹਨੂੰ ਬੇਹਾਲ ਕੀਤਾ ਹੋਇਆ ਸੀ।

ਗੰਗੇ ਨੇ ਹਾਲੇ ਤਕ ਘਰ ਕੋਈ ਪੈਸਾ-ਧੇਲਾ ਨਹੀਂ ਸੀ ਭੇਜਿਆ। ਆਮ ਫ਼ੌਜੀ ਤਨਖ਼ਾਹ ਦੀ ਰਕਮ ਜਮ੍ਹਾਂ ਹੋਣ ਦਿੰਦੇ ਸਨ। ਹਰ ਮਹੀਨੇ ਲੈਣ ਨਾਲ ਤਨਖਾਹ ਖੁਰਦ-ਬੁਰਦ ਹੋ ਜਾਂਦੀ ਸੀ। ਛੁੱਟੀ ਆਉਣ ਵੇਲੇ ਉਹ ਸਾਰੀ ਰਕਮ ਇਕੱਠੀ ਲੈ ਆਉਂਦੇ ਸਨ। ਇਕੱਠੀ ਹੋਈ ਰਕਮ ਨਾਲ ਉਨ੍ਹਾਂ ਦੇ ਕਈ ਕਾਰਜ ਸੌਰ ਜਾਂਦੇ ਸਨ। ਸ਼ਾਇਦ ਗੰਗੇ ਨੇ ਵੀ ਛੁੱਟੀ ਵੇਲੇ ਸਾਰੀ ਰਕਮ ਇਕੱਠੀ ਲੈ ਆਉਣ ਬਾਰੇ ਸੋਚਿਆ ਹੋਵੇ, ਪਰ ਗੰਗੇ ਨੂੰ ਇਸ ਤਰ੍ਹਾਂ ਨਹੀਂ ਸੀ ਸੋਚਣਾ ਚਾਹੀਦਾ। ਉਹਦੇ ਕੋਲੋਂ ਘਰ ਦੀ ਹਾਲਤ ਕਿਹੜੀ ਗੁੱਝੀ ਹੋਈ ਸੀ। ਖੇਤਾਂ ‘ਚੋਂ ਆਉਣ ਵਾਲੀ ਕਮਾਈ ਨੂੰ ਗਾਰ ਖਾ ਚੁੱਕੀ ਸੀ। ਮਹਿੰਗਾਈ ਸਾਹਵੇਂ ਉਹਦੀ ਪੈਨਸ਼ਨ ਨਿਗੂਣੀ ਹੋ ਗਈ ਸੀ। ਦੋ ਡੰਗ ਦੀ ਰੋਟੀ ਦਾ ਵੀ ਸੰਸਾ ਸੀ ਤੇ ਉਪਰੋਂ ਛੋਟੀ ਧੀ ਜਣੇਪਾ ਕੱਟਣ ਪਹੁੰਚ ਗਈ ਸੀ। ਉਹਨੇ ਗੰਗੇ ਨੂੰ ਖ਼ਤ ਲਿਖਣਾ ਚਾਹਿਆ, ਪਰ ਉਹਦੇ ਕੋਲੋਂ ਪੁੱਤਰ ਸਾਹਵੇਂ ਥੋੜਾਂ ਦਾ ਚਿੱਠਾ ਫਰੋਲ ਨਾ ਹੋਇਆ।

ਗੁਰਬਤ ਦੇ ਇਨ੍ਹਾਂ ਦਿਨਾਂ ਵਿਚ ਹੀ ਲੜਾਈ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਜਾਗ ਪਈ। ਕੀਹਨੇ ਕੀਹਦੇ ‘ਤੇ ਹਮਲਾ ਕੀਤਾ ਸੀ? ਰੱਬ ਜਾਣੇ, ਪਰ ਇੰਨਾ ਉਸ ਨੂੰ ਜ਼ਰੂਰ ਪਤਾ ਸੀ ਕਿ ਇਹ ਹਮਲਾ

***(ਬਾਕੀ ਅਗਲੇ ਸਫੇ ’ਤੇ)***

# ਰੰਗ ਨਿਆਰੇ ਉਸ ਕਾਦਰ ਦੇ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੈਂ ਢਿੱਲੋਂ, ਸੰਧੂ, ਬਾਜਵਾ ਤੇ ਨੱਤ ਕਈ ਸਾਲ ਇਕੋ ਛਾਉਣੀ ਵਿਚ ਰਹਿੰਦੇ ਰਹੇ। ਜਿਸ ਕਿਸੇ ਦੇ ਪੇਪਰਾਂ ਦਾ ਕਾਰਜ ਰਾਸ ਆਉਂਦਾ, ਉਹ ਆਪਣੀ ਵੱਖਰੀ ਛਾਉਣੀ ਵਿਚ ਚਲਾ ਜਾਂਦਾ। ਸੋਲਾਂ ਸਾਲਾਂ ਦੇ ਇਸ ਸਮੇਂ ਦੌਰਾਨ ਮੈਥੋਂ ਬਗੈਰ ਸਾਰੇ ਆਪੋ- ਆਪਣੀਆਂ ਛਾਉਣੀਆਂ ਬਣਾ ਕੇ ਬੈਠ ਗਏ। ਇਨ੍ਹਾਂ ਤੋਂ ਬਾਅਦ ਕਈ ਨਵੇਂ ਮੁੰਡੇ ਮੇਰੇ ਕੋਲ ਆਏ ਤੇ ਗਏ, ਪਰ ਕਿਸੇ ਨਾਲ ਵੀ ਗੂੜ੍ਹਾ ਪਿਆਰ ਨਾ ਪਿਆ। ਮੈਂ ਅੱਜ ਵੀ ਉਥੇ ਹਾਂ ਜਿਥੇ ਇਹ ਮੈਨੂੰ ਛੱਡ ਗਏ ਸਨ। ਸਾਡੀ ਗੱਲਬਾਤ ਫੋਨ 'ਤੇ ਹੀ ਹੁੰਦੀ। ਮੁਲਾਕਾਤਾਂ ਘਟਦੀਆਂ ਗਈਆਂ। ਸਭ ਕਬੀਲਦਾਰੀ ਵਿਚ ਰੁਝ ਗਏ। ਮੇਰੇ ਪੇਪਰਾਂ ਦਾ ਕਾਰਜ ਅੱਜ ਵੀ ਅਧੂਰਾ ਹੈ, ਪਰ ਲਗਦਾ ਇਉਂ ਹੈ ਜਿਵੇਂ ਮੈਂ ਇਨ੍ਹਾਂ ਨਾਲੋਂ ਸੌਖਾ ਹਾਂ। ਇਹ ਆਪ ਵੀ ਮੈਨੂੰ ਸੌਖਾ ਦੱਸਦੇ ਹਨ। ਕਿਤੇ ਵਿਆਹ ਦੀ ਪਾਰਟੀ 'ਤੇ ਅਸੀਂ ਪੰਜੇ ਇਕੱਠੇ ਹੋ ਗਏ। ਬੜੀ ਗਰਮਜੋਸ਼ੀ ਨਾਲ ਮਿਲੇ। ਹਾਸੇ ਦੀਆਂ ਲਹਿਰਾਂ ਨਾਲ ਅਸੀਂ ਭਿੱਜਦੇ ਗਏ।

"ਕੀ ਗੱਲ ਸੰਧੂਆ! ਡੀਜ਼ਲ ਢੋਲ ਵਾਂਗ ਨਿੱਤ ਮੁੱਕਦਾ ਈ ਜਾਂਦਾ ਏਂ।" ਮੈਂ ਸੰਧੂ ਨੂੰ ਮਖੌਲ ਕੀਤਾ।

"ਤੇਰਾ ਕੰਮ ਸੂਤ ਐ। 'ਕੱਲਾ ਈ ਇੰਜਣ ਭਜਾਈ ਜਾਨਾਂ। ਤੈਨੂੰ ਡੱਬੇ ਨਹੀਂ ਖਿੱਚਣੇ ਪੈਂਦੇ।" ਸੰਧੂ ਨੇ ਜਵਾਬ ਦਿੱਤਾ।

"ਪੱਕੀ ਪਕਾਈ ਵੀ ਤੈਨੂੰ ਮਿਲਦੀ ਆ। ਮੈਨੂੰ ਤਾਂ ਅੱਜ ਵੀ ਆਪਣੇ ਹੱਥ ਫੂਕਣੇ ਪੈਂਦੇ ਨੇ।" ਮੈਂ ਜਵਾਬ ਦਿੱਤਾ।

"ਆਪਣੇ ਹੱਥ ਫੂਕ ਕੇ ਖਾਣ ਦਾ ਸੁਆਦ ਹੀ ਵੱਖਰਾ। ਨਾਲੇ ਮੇਜ਼ 'ਤੇ ਐਵੇਂ ਨਹੀਂ ਲੱਗ ਜਾਂਦੀ, ਜਿੰਨੇ ਕਮਾਉਂਦੇ ਆਂ, ਸਾਰੇ ਬਿੱਲਾਂ ਵਿਚ ਹੀ ਚਲੇ ਜਾਂਦੇ ਆ।" ਢਿੱਲੋਂ ਨੇ ਕਿਹਾ।

"ਬਈ ਇਕ ਗੱਲ ਦੱਸੋ, ਉਹ ਵਕਤ ਚੰਗਾ ਸੀ, ਜਾਂ ਅੱਜ ਵਾਲਾ?" ਮੈਂ ਸਭ ਦੇ ਦਿਲਾਂ ਦੀ ਜਾਣਨ ਲਈ ਪੁੱਛਿਆ।

"ਕੁਲਾਰ! ਸੱਚ ਤਾਂ ਇਹ ਐ...ਪਰਿਵਾਰਾਂ ਬਿਨਾਂ ਸਰਦਾ ਤਾਂ ਨਹੀਂ, ਪਰ ਹਾਸੇ ਮੁੜ ਕੇ ਆਏ ਨਹੀਂ। ਇਕੱਲੇ ਰਹਿੰਦੇ ਸੀ, ਬੱਸ ਕੰਮ ਅਤੇ ਹਾਸਾ-ਠੱਠਾ ਹੁੰਦਾ ਸੀ। ਹੁਣ ਤਾਂ ਕੰਮ ਤੋਂ ਘਰ ਆਉਂਦੇ ਈ ਫਿਕਰ ਮਾਰ ਜਾਂਦੈ। ਕਬੀਲਦਾਰੀ ਦੇ ਕੰਮ ਹੀ ਨਹੀਂ ਮੁੱਕਦੇ!" ਬਾਜਵੇ ਨੇ ਸਭ ਦੀ ਸੁਣਾ ਦਿੱਤੀ।

"ਕਿਵੇਂ ਆ ਢਿੱਲੋਂ, ਮਾਤਾ ਆ ਗਈ? ਦਿਲ ਲਾ ਲਿਆ ਕਿ ਨਹੀਂ?" ਮੈਂ ਢਿੱਲੋਂ ਨੂੰ ਪੁੱਛਿਆ।

"ਬਾਈ! ਮਾਤਾ ਆਈ ਨੂੰ ਸਾਲ ਹੋ ਗਿਆ। ਉਹਨੇ ਤਾਂ ਦਿਲ ਲਾ ਲਿਆ, ਪਰ ਸਾਡੇ ਦਿਲ ਹਿਲਾ'ਤੇ।" ਢਿੱਲੋਂ ਨੇ ਕਿਹਾ।

"ਉਹ ਕਿਵੇਂ ਯਾਰ!" ਮੈਂ ਹੈਰਾਨੀ ਨਾਲ ਪੁੱਛਿਆ।

"ਜੇ ਚੁਗਲੀਆਂ ਦੇ ਮੁਕਾਬਲੇ ਹੋਣ, ਤਾਂ ਮੇਰੀ ਮਾਤਾ ਪਹਿਲੇ ਨੰਬਰ 'ਤੇ ਆਊ।" ਢਿੱਲੋਂ ਨੇ ਜਵਾਬ ਦਿੱਤਾ।

"ਯਾਰ ਢਿੱਲੋਂ! ਹਿਸਾਬ ਨਾਲ ਬੋਲ, ਤੇਰੀ ਮਾਤਾ ਐ।" ਨੱਤ ਨੇ ਕਿਹਾ।

"ਮਾਤਾ ਦਾ ਬਹੁਤਾ ਪਿਆਰ ਆਉਂਦਾ, ਤੂੰ ਲੈ ਜਾ। ਪਤਾ ਲੱਗ ਜਾਊ, ਭੂੰਡ ਦੀ ਪੂਛ ਫੜ ਕੇ। ਬਈ ਮਹੀਨਾ ਕੁ ਤਾਂ ਵਧੀਆ ਰਹੀ, ਬੱਸ ਫਿਰ ਕੀ... ਫੋਨ ਦਾ ਖਹਿੜਾ ਨਹੀਂ ਛੱਡਦੀ। ਇਕ ਦੀ ਸੁਣੀ, ਦੋ ਨੂੰ ਸੁਣਾ ਦਿੱਤੀ। ਅੱਗਿਉਂ ਆਖੂ, 'ਲੈ ਭੈਣ ਜੀ, ਗੱਲ ਕੀਤੀ ਚੁਗਲੀ ਹੋ ਜਾਂਦੀ ਆ...ਮੈਨੂੰ ਤਾਂ ਬੰਤੋ ਨੇ ਦੱਸਿਆ ਸੀ, ਪਈ ਅਗਾਂਹ ਗੱਲ ਨਾ ਕਰੀਂ, ਪਰ ਤੂੰ ਮੇਰੀ ਧਰਮ ਦੀ ਭੈਣ ਐਂ, ਤੈਨੂੰ ਦੱਸ ਦਿੰਨੀ ਆਂ। ਤਾਰੋ ਆਪਣੇ ਜੀਜੇ ਨਾਲ ਮਾੜੀ ਐ ਭੈਣੇ! ਕੱਲਯੁਗ ਆ ਗਿਆ। ਬੁੱਢੀਆਂ 'ਤੇ ਵੀ ਜਵਾਨੀ ਆ ਗਈ।' ਬੱਸ, ਆਹ ਗੱਲਾਂ ਕਰੀ ਜਾਂਦੀ ਐ। ਢਿਲੋਂ ਨੇ ਕਿਹਾ।

"ਇਕ ਗੱਲ ਤਾਂ ਮਾਤਾ ਦੀ ਪੱਕੀ ਐ, ਚੁਗਲੀ ਦੱਸ ਕੇ ਕਰਦੀ ਆ। ਗੱਲ ਆਪਣੇ 'ਤੇ ਨਹੀਂ ਲੈਂਦੀ, ਤੇ ਦੱਸ ਵੀ ਸਭ ਕੁਝ ਜਾਂਦੀ ਆ।" ਮੈਂ ਢਿੱਲੋਂ ਨੂੰ ਕਿਹਾ।

"ਬਾਈ! ਟਰੱਕ ਤੋਂ ਹਫ਼ਤੇ ਬਾਅਦ ਘਰ ਆਈਦਾ। ਦੋ ਦਿਨ ਜਨਾਨੀ ਨਾਲ ਦੁੱਖ-ਸੁੱਖ ਕਰਨਾ ਹੁੰਦੈ, ਤੇ ਮਾਤਾ ਠੀਕਰੀ ਪਹਿਰਾ ਠੋਕ ਦਿੰਦੀ ਆ। ਆਪਣੀ ਜਨਾਨੀ ਨੂੰ ਵੀ ਚੋਰੀ-ਚੋਰੀ ਮਿਲਣਾ ਪੈਂਦਾ। ਸੋਫ਼ੇ 'ਤੇ ਬੈਠੀ ਹੱਥ ਵਿਚ ਗੁਟਕਾ ਫੜੀ ਪਾਠ ਕਰਦੀ ਹੋਊ, ਤੇ ਨਿਗ੍ਹਾ ਚੌਕ 'ਚ ਖੜ੍ਹੇ ਸਿਪਾਹੀ ਵਾਂਗ ਚਾਰੇ ਪਾਸੇ ਘੁੰਮਾਈ ਜਾਂਦੀ ਆ। ਜੇ ਕਿਸੇ ਦਾ ਫੋਨ ਆ ਗਿਆ, ਤਾਂ ਇਕ ਹੱਥ ਗੁਟਕਾ ਤੇ ਦੂਜੇ ਹੱਥ ਫੋਨ, ਤੇ ਅਗਲਾ ਪੁੱਛੇ ਭਾਵੇਂ ਕੁਛ ਹੋਰ, ਪਰ ਮਾਤਾ ਸਾਡੀ ਦਾ ਜਵਾਬ ਹੁੰਦਾ, 'ਨਾ ਨੀ ਭੈਣੇ! ਅੱਜ ਦੀਆਂ ਨਹੀਂ ਦੇਖਦੀਆਂ ਦਿਨ ਰਾਤ, ਖਸਮ ਦੁਆਲੇ ਚੁੰਬੜੀਆਂ ਰਹਿੰਦੀਆਂ। ਸੱਸ ਭਲਾਂ ਭੁੱਖੀ ਬੈਠੀ ਰਹੇ। ਨੀ ਸਾਡੇ ਸਮੇਂ ਤਾਂ ਜੇ ਖਸਮ ਰਾਤ ਨੂੰ ਮਾੜਾ ਜਿਹਾ ਵੀ ਮਿਲ ਪਵੇ ਤਾਂ ਸ਼ਰਮ ਨਾਲ ਮਰ ਜਾਣਾ, ਤੇ ਅੱਜ ਦੀਆਂ...ਜੇ ਖਸਮ ਮਾੜਾ ਜਿਹਾ ਪਰੇ ਜਾਵੇ, ਤਾਂ ਅਸਮਾਨ ਸਿਰ 'ਤੇ ਚੁੱਕ ਲੈਂਦੀਆਂ'। ਫਿਰ ਫੋਨ ਰੱਖ ਕੇ ਅਗਲੀ ਪਉੜੀ ਪੜ੍ਹਨ ਲੱਗ ਜਾਂਦੀ ਆ।" ਢਿੱਲੋਂ ਅੰਦਰੋਂ ਬਾਹਲਾ ਦੁਖੀ ਜਾਪਦਾ ਸੀ।

"ਬਾਈ! ਇਕ ਗੱਲ ਆ, ਮਾਤਾ ਜੀਅ ਲਵਾਈ ਰੱਖਦੀ ਹੋਊ।" ਮੈਂ ਕਿਹਾ।

"ਕੁਲਾਰ ਬਾਈ! ਬੇਬੇ ਬੇਬੇ ਕਰ ਕੇ ਰੋਈ ਜਾਂਦਾ ਰਹਿੰਨਾ। ਮਹੀਨਾ ਕੁ ਮੇਰੀ ਬੇਬੇ ਨੂੰ ਲੈ ਜਾ, ਤੈਨੂੰ ਵੀ ਮਮਤਾ ਮਿਲ ਜਾਊ।" ਢਿੱਲੋਂ ਬੋਲਿਆ।

"ਢਿੱਲੋਂ! ਮਾਤਾ ਤਾਂ ਫਿਰ ਆਪਣੀ ਗੁਆਂਢੀ ਆਂਟੀ ਨਾਲੋਂ ਵੀ ਵੱਧ ਤੂਫਾਨ ਐ।" ਸੰਧੂ ਨੇ ਕਿਹਾ।

"ਸੰਧੂਆ! ਉਹ ਆਂਟੀ ਤਾਂ ਚਲੋ ਰਾਹ ਜਾਂਦਿਆਂ ਨੂੰ ਨਾਕਾ ਲਾ ਕੇ ਮਿਲਦੀ ਸੀ, ਪਰ ਮਾਤਾ ਤਾਂ ਘਰੇ ਹੀ ਤਸੀਹੇ ਦੇਈ ਜਾਂਦੀ ਆ।" ਢਿੱਲੋਂ ਨੇ ਕਿਹਾ।

"ਬਾਈ! ਛੱਡੋ ਇਨ੍ਹਾਂ ਗੱਲਾਂ ਨੂੰ, ਮਾਂਵਾਂ ਤਾਂ ਠੰਢੀਆਂ ਛਾਂਵਾਂ ਹੁੰਦੀਆਂ।" ਨੱਤ ਨੇ ਸੌ ਦੀ ਇਕ ਸੁਣਾ ਕੇ ਗੱਲ ਦਾ ਮੁੱਖ ਮੋੜ ਦਿੱਤਾ।

"ਬਾਜਵੇ! ਕਿਵੇਂ ਭਰਜਾਈ ਕਾਰ ਦਾ ਲਾਇਸੈਂਸ ਲੈ ਆਈ?" ਸੰਧੂ ਨੇ ਪੁੱਛਿਆ।

"ਸੰਧੂਆ! ਉਹ ਤਾਂ ਹੁਣ ਪਾਇਲਟ ਬਣੀ ਫਿਰਦੀ ਐ। ਲਾਇਸੈਂਸ ਲੈ ਕੇ ਦੂਜੇ ਦਿਨ ਹੀ ਕਹਿੰਦੀ, 'ਦੇਖੋ ਜੀ, ਤੁਹਾਨੂੰ ਤਾਂ ਯੂ-ਟਰਨ ਵੀ ਨਹੀਂ ਮਾਰਨਾ ਆਉਂਦਾ, ਕਦੋਂ ਦੇ ਅਮਰੀਕਾ ਰਹਿੰਦੇ ਹੋ!' ਯਾਰ ਮੈਂ ਤਿੰਨ ਮਹੀਨੇ ਲਾ ਕੇ ਉਸ ਨੂੰ ਲਾਇਸੈਂਸ ਦਵਾਇਆ, ਤੇ ਸਾਡੀ ਬਿੱਲੀ ਸਾਨੂੰ ਹੀ ਮਿਆਊਂ। ਕੰਮ ਤੋਂ ਹਜ਼ਾਰ ਡਾਲਰ ਲਿਆਉਣ ਲੱਗ ਪਈ। ਬੱਸ ਹੁਣ ਸਮਝਦੀ ਐ, ਮੇਰਾ ਅਮਰੀਕਾ ਵਿਚ ਅੱਧ ਹੋ ਗਿਆ। ਸਾਡੀ ਪੰਦਰਾਂ ਸਾਲ ਦੀ ਕਮਾਈ ਗਿਣਦੀ ਨਹੀਂ, ਤੇ ਆਪਣੀ ਕਮਾਈ ਨਾਲ ਮੂੰਹ 'ਤੇ ਲਾਉਣ ਵਾਲਾ ਨਿੱਕ-ਸੁੱਕ ਲਿਆ ਛੱਡਦੀ ਐ। ਟੀ.ਵੀ. 'ਤੇ ਸੀਰੀਅਲ ਈ ਦੇਖੀ ਜਾਂਦੀ ਐ, ਜਾਂ ਫਿਰ ਬਾਬਾ ਰਾਮਦੇਵ ਨੂੰ ਦੇਖ ਦੇਖ ਯੋਗਾ ਕਰੀ ਜਾਊ। ਬੱਸ ਇਕ ਗੱਲ ਚੰਗੀ ਹੈ ਕਿ ਅੜਬ ਸੁਭਾਅ ਦੀ ਹੋਣ ਕਰ ਕੇ ਉਸ ਦੀ ਬਣਦੀ ਕਿਸੇ ਨਾਲ ਨਹੀਂ। ਬੱਸ ਘਰੇ ਹੀ ਜਿੰਮ ਲਾਈ ਰੱਖਦੀ ਐ।" ਬਾਜਵੇ ਨੇ ਆਪਣੀ ਸੁਣਾ ਦਿੱਤੀ।

"ਹੁਣ ਵੀ 'ਜਾਨ ਮੇਰੀ ਜਾਨ' ਕਹਿੰਦੀ ਐ ਕਿ ਨਹੀਂ?" ਢਿੱਲੋਂ ਨੇ ਪੁੱਛਿਆ।

"ਜਦੋਂ ਇੰਡੀਆ ਸੀ, ਉਦੋਂ ਹੀ ਕਹਿੰਦੀ ਸੀ। ਹੁਣ ਤਾਂ ਕਹਿੰਦੀ ਐ, ਘਰ ਆ ਕੇ ਮੇਰੀ ਜਾਨ ਸੂਲੀ ਟੰਗ ਦਿੰਦੇ ਹੋ। ਕੰਮ 'ਤੇ ਈ ਚੰਗੇ ਹੋ।" ਬਾਜਵੇ ਨੇ ਕਿਹਾ।

"ਜਦੋਂ ਇੰਡੀਆ ਹੁੰਦੀਆਂ ਨੇ ਤਾਂ ਕਹਿਣਗੀਆਂ, 'ਤੁਸੀਂ ਫਿਕਰ ਨਾ ਕਰਿਓ, ਮੈਨੂੰ ਆ ਜਾਣ ਦਿਓ, ਫਿਰ ਭਲਾਂ ਤੁਸੀਂ ਕੰਮ ਘੱਟ ਕਰ ਦਿਓ'। ਜਦੋਂ ਆ ਜਾਂਦੀਆਂ ਨੇ, ਫਿਰ ਤਾਂ ਮਿਸ ਇੰਡੀਆ ਹੀ ਬਣ ਜਾਂਦੀਆਂ। ਕੰਮ ਘੱਟ ਕੀ, ਦੁੱਗਣਾ ਕਰਨਾ ਪੈਂਦਾ। ਖਰਚੇ ਵਧ ਜਾਂਦੇ ਆ। ਜਿੰਨੀਆਂ ਵੱਧ ਸਹੂਲਤਾਂ, ਉਨੀ ਜਾਨ ਸੂਲੀ 'ਤੇ ਵੱਧ ਟੰਗ ਹੁੰਦੀ ਆ।" ਸੰਧੂ ਬੋਲਿਆ।

"ਉਏ ਰੱਬ ਦਾ ਸ਼ੁਕਰ ਕਰੋ, ਅਮਰੀਕਾ ਆ ਗਏ। ਪਿੰਡ ਰਹਿੰਦੇ ਤਾਂ ਕਿਸੇ ਨੇ ਮੱਝ ਦਾ ਸੰਗਲ ਨਹੀਂ ਸੀ ਫੜਾਉਣਾ, ਹੁਣ ਸੋਹਣੀਆਂ ਘਰਵਾਲੀਆਂ ਮਿਲੀਆਂ ਨੇ।" ਨੱਤ ਨੇ ਟੋਕਿਆ।

"ਤੂੰ ਤਾਂ ਪਿੰਡ ਡਾਕਟਰ ਲੱਗਿਆ ਹੋਇਆ ਸੀ, ਸਾਡੇ ਨਾਲ ਹੀ ਤੂੰ ਹੋਣਾ ਸੀ।" ਸੰਧੂ ਨੇ ਕਿਹਾ।

"ਕੁਲਾਰ ਬਾਈ! ਉਸ ਆਂਟੀ ਤੋਂ ਬਾਅਦ ਨਹੀਂ ਕੋਈ ਹੋਰ ਆਂਟੀ ਆਈ ਤੇਰੇ ਗੁਆਂਢ ਵਿਚ?" ਢਿੱਲੋਂ ਨੇ ਪੁੱਛਿਆ।

"ਇਕ ਆਂਟੀ ਆਈ ਸੀ, ਪਰ ਉਹ ਸੱਚੀਂ ਬੜੀ ਭਲੀ ਤੇ ਸਿਆਣੀ ਸੀ। ਮੈਂ ਪਹਿਲਾਂ ਤਾਂ ਬਹੁਤ ਸਮਾਂ ਉਹਨੂੰ ਬੁਲਾਇਆ ਹੀ ਨਹੀਂ। ਫਿਰ ਇਕ ਦਿਨ ਉਹਨੇ ਕਾਰ ਵਿਚੋਂ ਸਮਾਨ ਉਤਾਰਦੇ ਨੂੰ ਦੇਖ ਕੇ ਮੈਨੂੰ ਬੁਲਾ ਲਿਆ।"

"ਪੁੱਤ, ਕੀ ਕੁਝ ਖਰੀਦ ਲਿਆਇਆਂ।"

"ਘਰ ਦੀ ਗਰੋਸਰੀ ਲਿਆਇਆਂ ਆਂਟੀ ਜੀ।"

"ਲੈ ਦੁੱਧ ਦੀਆਂ ਗੈਲਨਾਂ ਮੈਨੂੰ ਫੜਾ ਦੇ।" ਕਹਿ ਕੇ ਗੈਲਨਾਂ ਉਹਨੇ ਮੱਲੋ-ਮੱਲੀ ਫੜ ਲਈਆਂ, ਤੇ ਮੇਰੇ ਨਾਲ ਹੀ ਆ ਗਈ। ਮੈਂ ਜੂਸ ਦਾ ਗਲਾਸ ਫੜਾਉਂਦਿਆਂ ਪੁੱਛਿਆ, ਆਂਟੀ ਜੀ! ਪੰਜਾਬ ਤੋਂ ਕਿੱਥੋਂ?"

"ਪੁੱਤ! ਅੰਮ੍ਰਿਤਸਰ ਜ਼ਿਲ੍ਹਾ ਐ।" ਆਂਟੀ ਨੇ ਕਿਹਾ।

ਫਿਰ ਆਂਟੀ ਨੇ ਆਪਣੇ ਦੁੱਖਾਂ ਦੀ ਗੰਢੜੀ ਖੋਲ੍ਹ ਲਈ। ਆਂਟੀ ਦੇ ਚਾਰ ਪੁੱਤ ਖਾੜਕੂ ਸੰਘਰਸ਼ ਵਿਚ ਸ਼ਹੀਦ ਹੋ ਗਏ ਸਨ। ਇਕ ਧੀ ਬਚੀ ਸੀ ਜਿਸ ਨੂੰ ਅਮਰੀਕਾ ਵਿਆਹਿਆ ਸੀ, ਪਰ ਜਵਾਈ ਨਾਲ ਆਂਟੀ ਤੇ ਅੰਕਲ ਦੀ ਬਣਦੀ ਘੱਟ ਸੀ। ਤੇ ਹੁਣ ਇਕੱਲੇ ਇਥੇ ਰਹਿੰਦੇ ਸੀ। ਦੁੱਖਾਂ ਦੀ ਮਾਰੀ ਆਂਟੀ ਕਿਸੇ ਨੂੰ ਘੱਟ ਹੀ ਬੁਲਾਉਂਦੀ।

ਮੈਂ ਨਵੀਂ ਆਂਟੀ ਬਾਰੇ ਦੱਸਿਆ।

ਢਿਲੋਂ ਕਹਿਣ ਲੱਗਾ, "ਬਾਈ! ਪੁਰਾਣੀ ਆਂਟੀ ਬਹੁਤੀ ਚੁਸਤ ਚਲਾਕ ਸੀ। ਇਕ ਵਾਰੀ ਉਹ ਮੈਨੂੰ ਕਹਿੰਦੀ, 'ਵੇ ਢਿੱਲੋਂ! ਮੈਂ ਆਪਣੀ ਇੰਡੀਆ ਰਹਿੰਦੀ ਭੈਣ ਨੂੰ ਪੈਸੇ ਭੇਜਣੇ ਨੇ, ਤੂੰ ਮੈਨੂੰ ਨਾਲ ਲਿਜਾ ਕੇ ਭੇਜ ਆਈਂ'। ਮੈਂ ਕਿੰਨਾ ਚਿਰ ਤਾਂ ਲਾਰੇ ਲਾਉਂਦਾ ਰਿਹਾ, ਫਿਰ ਇਕ ਦਿਨ ਕਾਬੂ ਆ ਗਿਆ। ਮੈਂ ਆਂਟੀ ਨੂੰ ਮਨੀਗਰਾਮ ਲੈ ਗਿਆ। ਜਦੋਂ ਆਂਟੀ ਨੇ ਪਰਸ ਖੋਲ੍ਹਿਆ, ਡਾਲਰ ਖੁੱਲ੍ਹੇ ਹੀ ਸਿੱਟੇ ਹੋਏ ਸਨ। ਵੀਹਾਂ ਤੇ ਦਸਾਂ ਦੇ ਨੋਟ ਸਨ, ਬਈ ਸਾਨੂੰ ਅੱਧਾ ਘੰਟਾ ਤਾਂ ਡਾਲਰ ਸਿੱਧੇ ਕਰਨ ਨੂੰ ਲੱਗ ਗਿਆ। ਆਂਟੀ ਦੇ ਡਾਲਰ ਪੰਜ ਸੌ ਵੀਹ ਬਣ ਗਏ। ਮਨੀਗਰਾਮ ਵਾਲਾ ਕਹੇ, ਆਪਣੀ ਆਈ.ਡੀ. ਦੇਵੋ...ਆਂਟੀ ਕਹੇ, ਮੈਂ ਆਈ.ਡੀ. ਨਹੀਂ ਦੇਣੀ...ਅਖੇ, 'ਢਿਲੋਂ ਤੂੰ ਆਪਣੀ ਆਈ.ਡੀ. ਦੇਹ'। ਮੈਂ ਕਿਹਾ, 'ਆਂਟੀ ਤੂੰ ਆਈ.ਡੀ. ਕਿਉਂ ਨਹੀਂ ਦਿੰਦੀ?' ਕਹਿੰਦੀ, 'ਜੇ ਮੈਂ ਆਈ.ਡੀ. ਦਿੱਤੀ ਤਾਂ ਤੇਰੇ ਅੰਕਲ ਨੂੰ ਪਤਾ ਲੱਗ ਜਾਊ'। ਫਿਰ ਮੈਨੂੰ ਸਮਝ ਆ ਗਈ, ਆਂਟੀ ਨੇ ਇਹ ਸਾਰੇ ਡਾਲਰ ਆਪਣੇ ਪਤੀ ਤੇ ਪੁੱਤ ਨੂੰ ਕੁੰਡੀ ਲਾ ਕੇ ਇਕੱਠੇ ਕੀਤੇ ਨੇ। ਮੈਂ ਆਪਣੀ ਆਈ.ਡੀ. ਦੇ ਦਿੱਤੀ, ਤੇ ਡਾਲਰ ਭੇਜ ਦਿੱਤੇ। ਆਂਟੀ ਨੂੰ ਵੀ ਪਤਾ ਲੱਗ ਗਿਆ ਕਿ ਢਿੱਲੋਂ ਸਭ ਸਮਝ ਗਿਆ। ਆਂਟੀ ਨੇ ਅੱਖਾਂ ਨੀਵੀਆਂ ਕਰ ਲਈਆਂ ਤੇ ਮੈਂ ਹੱਸਦੇ ਨੇ ਕਿਹਾ, 'ਆਂਟੀ, ਜਦੋਂ ਫਿਰ ਭੇਜਣੇ ਹੋਏ, ਦੱਸੀਂ, ਪਰ ਡਾਲਰ ਸਿੱਧੇ ਕਰ ਕੇ ਰੱਖੀਂ।' ਤੇ 'ਚੱਲ ਵੇ ਦਾਦੇ ਮਗ੍ਹਾਉਣਾ!' ਆਂਟੀ ਹੱਸ ਕੇ ਕਾਰ ਵਿਚੋਂ ਉਤਰ ਗਈ।"

"ਢਿੱਲੋਂ, ਸੱਚ ਐ। ਕਈਆਂ ਮਾਈਆਂ ਨੂੰ ਪੁੱਤਾਂ ਤੇ ਨੂੰਹਾਂ ਤੋਂ ਚੋਰੀ ਰੱਖਣ ਦੀ ਬੜੀ ਮਾੜੀ ਆਦਤ ਐ। ਜੇ ਤੁਸੀਂ ਇੰਡੀਆ ਰਹਿੰਦੇ ਰਿਸ਼ਤੇਦਾਰ ਦੀ ਮਦਦ ਕਰਨੀ ਐ, ਤਾਂ ਦੱਸ ਕੇ ਕਰੋ। ਸਭ ਨੂੰ ਪਤਾ ਹੋਵੇ ਕਿ ਕਿਸ ਨੂੰ ਕੀ ਦਿੱਤਾ। ਇੰਡੀਆ ਵਾਲੇ ਸਾਡੀ ਬੇ-ਇਤਫਾਕੀ ਦਾ ਨਾਜਾਇਜ਼ ਫਾਇਦਾ ਉਠਾ ਜਾਂਦੇ ਆ। ਨੂੰਹਾਂ-ਪੁੱਤਾਂ ਨੂੰ ਵੀ ਮਾਂ ਪਿਉ ਦੀਆਂ ਲੋੜਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਸਿਆਣੇ ਆਖਦੇ ਨੇ, ਬੰਦਾ ਤੰਗਲੀ ਨਾਲ ਘਰ ਪੁੱਟਣ ਲੱਗ ਜਾਵੇ ਤਾਂ ਕੁਝ ਬਚ ਜਾਂਦਾ ਹੈ। ਜੇ ਜਨਾਨੀ ਸੂਈ ਨਾਲ ਘਰ ਪੁੱਟਣ ਲੱਗ ਜਾਏ, ਤਾਂ ਸਮਝੋ ਘਰ ਗਿਆ। ਬਾਜਵਾ ਬੋਲਿਆ।

"ਆਹ ਨੱਤ ਦੀ ਘਰਵਾਲੀ ਹੁਣੇ ਆਈ ਐ, ਉਹ ਕੀ ਕਹਿੰਦੀ ਐ, ਨੱਤ ਦੀ ਜ਼ੁਬਾਨੀ ਸੁਣੋ।" ਸੰਧੂ ਨੇ ਪੁਛਿਆ।

"ਮੇਰੀ ਘਰਵਾਲੀ ਕਹਿੰਦੀ ਹੁੰਦੀ ਸੀ, ਫੋਨ 'ਤੇ ਗੱਲਾਂ ਕੀਤੀਆਂ ਤਾਂ ਭੁੱਲ ਜਾਂਦੀਆਂ, ਮੈਨੂੰ ਲੰਮੀ ਚਿੱਠੀ ਲਿਖਿਆ ਕਰੋ। ਚਿੱਠੀ ਆਉਣੀ ਤਾਂ ਪੜ੍ਹ ਕੇ ਜਵਾਬ ਲਿਖ ਦੇਣਾ। ਪੀਤੀ-ਖਾਧੀ ਵਿਚ ਕਦੇ ਬਹੁਤੀ ਵਡਿਆਈ ਮਾਰ ਹੋ ਜਾਂਦੀ, 'ਡਾਰਲਿੰਗ ਅਮਰੀਕਾ ਤਾਂ ਸਵਰਗਾਂ ਦਾ ਦੂਜਾ ਨਾਂ ਐ। ਵੱਡੇ ਵੱਡੇ ਘਰ। ਸੋਹਣੀਆਂ ਤੇ ਚੌੜੀਆਂ ਸੜਕਾਂ। ਸੋਹਣੀਆਂ ਗੱਡੀਆਂ। ਜਿਹੜੇ ਸਾਬਣ ਨਾਲ ਸ੍ਰੀਦੇਵੀ ਨਹਾਉਂਦੀ ਐ, ਉਸੇ ਨਾਲ ਤੁਸੀਂ ਨਹਾਇਆ ਕਰਨਾ ਐ। ਬਾਕੀ ਡਾਰਲਿੰਗ! ਕੰਮ ਦੀ ਤੂੰ ਫਿਕਰ ਨਾ ਕਰੀਂ, ਮੈਂ ਤੇਰੇ ਕੋਲੋਂ ਕੰਮ ਨਹੀਂ ਕਰਵਾਉਣਾ। ਤੈਨੂੰ ਤਾਂ ਮੈਂ ਰਾਣੀਆਂ ਵਾਂਗ ਰੱਖਿਆ ਕਰੂੰ। ਮੈਂ ਪੰਜ ਦਿਨ ਕੰਮ ਕਰ ਕੇ, ਦੋ ਦਿਨ ਵੀਕ ਐਂਡ 'ਤੇ ਬਾਹਰ ਘੁੰਮਣ ਜਾਇਆ ਕਰੂੰ। ਬੱਸ ਇਕ ਵਾਰ ਆ ਜਾਹ'।" ਨੱਤ ਨੇ ਆਖ ਚੁੱਪ ਵੱਟ ਲਈ।

"ਫਿਰ ਆਈ ਤੋਂ ਸਾਰੀਆਂ ਗੱਲਾਂ ਸੱਚੀਆਂ ਕੀਤੀਆਂ ਕਿ ਡੰਡੇ ਹੀ ਪਏ?" ਮੈਂ ਗੱਲ ਨੂੰ ਤੜਕਾ ਲਾਉਂਦਿਆਂ ਪੁੱਛਿਆ।

"ਜਦੋਂ ਆਈ ਤਾਂ ਏਅਰਪੋਰਟ ਤੋਂ ਅਪਾਰਟਮੈਂਟ ਆਏ, ਦਰਵਾਜ਼ਾ ਖੋਲ੍ਹਿਆ। ਦੇਖ ਕੇ ਕਹਿੰਦੀ,

ਸੁਣੋ ਜੀ! ਆਹ ਮੈਨੂੰ ਕਿਥੇ ਲੈ ਆਏ...ਘਰ ਨਹੀਂ ਜਾਣਾ। ਮੈਂ ਕਿਹਾ, "ਡਾਰਲਿੰਗ! ਇਹ ਗਰੀਬ ਦਾ ਆਲ੍ਹਣਾ ਐ। ਆਪਾਂ ਇਥੇ ਹੀ ਰਹਿ ਕੇ ਬੱਚੇ ਪਾਲਣੇ ਆ।"

ਉਹ ਹੱਥਲਾ ਬੈਗ ਥੱਲੇ ਸੁੱਟਦੀ ਬੋਲੀ, "ਇਸ ਅਪਾਰਟਮੈਂਟ ਨਾਲੋਂ ਤਾਂ ਆਪਣੇ ਪਿੰਡ ਬਾਥਰੂਮ ਵੱਡੇ ਨੇ। ਜਿੰਨੇ ਥਾਂ ਵਿਚ ਉਥੇ ਕਿਚਨ ਹੈ, ਉਨੇ ਥਾਂ ਵਿਚ ਆਹ ਸਾਰੀ ਅਪਾਰਟਮੈਂਟ ਹੈ। ਉਹ ਚਿੱਠੀ ਵਾਲਾ ਵੱਡਾ ਘਰ ਕਿਥੇ ਐ? ਘਰਵਾਲੀ ਮਾਰਖੁੰਡੀ ਮੱਝ ਵਾਂਗ ਦੇਖਣ ਲੱਗੀ।

ਮੈਂ ਕਿਹਾ, "ਵੱਡੇ ਘਰ ਅਮਰੀਕਾ ਵਿਚ ਹੈਗੇ ਨੇ, ਪਰ ਮੈਂ ਕਦੋਂ ਲਿਖਿਆ ਸੀ ਕਿ ਮੇਰੇ ਕੋਲ ਵੱਡਾ ਘਰ ਐ। ਆਪਾਂ ਕਮਾਈ ਕਰਾਂਗੇ ਤੇ ਵੱਡਾ ਘਰ ਖਰੀਦ ਲਵਾਂਗੇ। ਮੈਂ ਬਾਂਹ ਉਹਦੇ ਦੁਆਲੇ ਪਾਉਂਦਿਆਂ ਕਿਹਾ।

'ਤੁਹਾਡੇ ਕਹਿਣ ਦਾ ਮਤਲਬ, ਤੁਸੀਂ ਮੇਰੇ ਕੋਲੋਂ ਕੰਮ ਵੀ ਕਰਵਾਉਗੇ। ਹਾਏ ਉਏ ਮੇਰੇ ਰੱਬਾ! ਮੈਂ ਉਹ ਚਿੱਠੀਆਂ ਕਿਉਂ ਪਾੜ ਦਿੱਤੀਆਂ ਜਿਨ੍ਹਾਂ ਵਿਚ ਮੈਨੂੰ ਵੱਡੇ ਵੱਡੇ ਸੁਪਨੇ ਦਿਖਾਏ ਸੀ। ਮੈਨੂੰ ਲੱਗਦੈ, ਰਾਣੀ ਬਣਾਉਣ ਵਾਲੀ ਵੀ ਵੱਡੀ ਗੱਪ ਸੀ।'

ਅਪਾਰਟਮੈਂਟ ਦੇ ਪਹਿਲੇ ਪਰਵੇਸ਼ ਤੋਂ ਹੀ ਸਾਡੀ ਤੂੰ ਤੂੰ ਮੈਂ ਮੈਂ ਹੋਣ ਲੱਗੀ। ਜਿੰਨਾ ਚਿਰ ਵੱਡਾ ਘਰ ਨਹੀਂ ਲੈ ਲਿਆ, ਮੈਨੂੰ ਸੌਣ ਨਹੀਂ ਦਿੱਤਾ। ਫਿਰ ਜੌੜੇ ਪੁੱਤ ਜੰਮ ਪਏ। ਕੰਮ ਤਾਂ ਮੈਂ ਇਸ ਤੋਂ ਕਰਵਾਇਆ ਨਹੀਂ, ਪਰ ਰਾਣੀ ਬਣਾਉਣ ਵਾਲਾ ਮਿਹਣਾ ਜ਼ਰੂਰ ਮਾਰਦੀ ਰਹਿੰਦੀ ਐ।" ਨੱਤ ਨੇ ਆਪਣੀ ਸੁਣਾ ਦਿੱਤੀ।

"ਬਈ ਜੋ ਮਰਜ਼ੀ ਐ, ਘਰਵਾਲੀਆਂ ਬਿਨਾਂ ਘਰ ਸੁੰਨੇ ਹੀ ਲੱਗਦੇ ਨੇ। ਪੁੱਛ ਕੇ ਦੇਖ ਲਵੋ ਬਾਈ ਕੁਲਾਰ ਨੂੰ।" ਢਿਲੋਂ ਨੇ ਗੱਲ ਮੇਰੇ ਵੱਲ ਸੁੱਟੀ।

"ਭਰਾਵੋ! ਗੱਲਾਂ ਤੁਹਾਡੀਆਂ ਵੀ ਸੱਚੀਆਂ ਨੇ, ਪਰ ਮਜਬੂਰੀਆਂ ਨੇ ਵੀ ਆਪਣਾ ਰੂਪ ਦਿਖਾਉਣਾ ਹੁੰਦਾ। ਮੈਂ ਤਾਂ ਪਰਮਾਤਮਾ ਦਾ ਸ਼ੁਕਰ ਕਰਦਾਂ, ਜਿਸ ਨੇ ਇੰਨੇ ਸੋਹਣੇ ਮੁਲਕ ਵਿਚ ਬਿਠਾਇਆ, ਸਾਰੀਆਂ ਦਾਤਾਂ ਦਿੱਤੀਆਂ। ਪਿੰਡ ਹੁੰਦੇ ਤਾਂ ਘਰ ਵੀ ਨਹੀਂ ਸੀ ਬਣਨਾ। ਮੈਂ ਤਾਂ ਸੁਖਮਨੀ ਸਾਹਿਬ ਦੇ ਇਹ ਸ਼ਬਦ ਹਮੇਸ਼ਾ ਯਾਦ ਰੱਖਦਾਂ:

ਦਸ ਬਸਤੂ ਲੇ ਪਾਛੈ ਪਾਵੈ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ॥

ਜਿਥੇ ਪਰਮਾਤਮਾ ਰੱਖਦਾ ਹੈ, ਉਥੇ ਰਹਿਣਾ ਪੈਂਦਾ ਹੈ। ਜਿਥੇ ਤੁਹਾਨੂੰ ਪਰਮਾਤਮਾ ਨੇ ਪਰਿਵਾਰਾਂ ਦੇ ਸੁੱਖ ਬਖਸ਼ੇ ਹਨ, ਉਥੇ ਥੋੜ੍ਹਾ-ਬਹੁਤਾ ਦੁਖ ਦਰਦ ਤਾਂ ਝੱਲਣਾ ਹੀ ਪੈਂਦਾ।"

ਮੇਰੀਆਂ ਗੱਲਾਂ ਸੁਣ ਕੇ ਉਹ ਚੁੱਪ ਹੋ ਗਏ ਤੇ ਡੀ.ਜੇ. ਵਾਲੇ ਨੇ ਉਨ੍ਹਾਂ ਦੀ ਚੁੱਪ ਤੋੜ ਦਿੱਤੀ। ਉਹ ਭੰਗੜਾ ਪਾਉਣ ਲੱਗ ਪਏ। ਮੈਂ ਇਕੱਲਾ ਬੈਠ ਕੇ ਸੋਚਦਾ ਰਿਹਾ, ਪਰਮਾਤਮਾ! ਤੇਰੇ ਰੰਗ ਨਿਆਰੇ ਹਨ।

ਫਿਰ ਅਸੀਂ ਸਾਰੇ ਜਣੇ ਹੱਸਦੇ ਹੋਏ ਵਿਛੜ ਗਏ।

# ਦੋ ਪੈਰ ਲੱਕੜ ਦੇ

*(ਪਿਛਲੇ ਸਫੇ ਦੀ ਬਾਕੀ)*

ਸਿੱਧਾ ਉਹਦੀਆਂ ਆਂਦਰਾਂ 'ਤੇ ਹੋਇਆ ਸੀ।

ਚਾਹੀਦਾ ਤਾਂ ਇਹ ਸੀ ਕਿ ਉਹ ਜੰਗ ਨੂੰ ਗਏ ਪੁੱਤ ਦੀ ਵਾਪਸੀ ਉਡੀਕਦਾ, ਪਰ ਬੇਧਿਆਨੀ ਵਿਚ ਉਹ ਗੰਗੇ ਦੀ ਤਨਖ਼ਾਹ ਉਡੀਕਣ ਲੱਗ ਪਿਆ। ਉਹਦਾ ਜੀਅ ਕੀਤਾ, ਕੁਲੱਛਣੀ ਸੋਚ ਵਾਲਾ ਮੱਥਾ ਕਿਸੇ ਪੱਥਰ ਨਾਲ ਮਾਰ ਕੇ ਪਾੜ ਲਵੇ।

ਜਗਤੇ ਫ਼ੌਜੀ ਦੀ ਘਰਵਾਲੀ ਆਪਣੀ ਥਾਂ ਫ਼ਿਕਰਮੰਦ ਸੀ। ਉਹ ਘਰ ਦੀ ਕਿਹੜੀ ਕੰਧ ਨੂੰ ਪੀਹ ਕੇ ਗੁੰਨ੍ਹੇ ਤੇ ਰੋਟੀਆਂ ਪਕਾਵੇ।

ਉਸ ਵੇਲੇ ਤਗਮੇ ਖਿਲਾਰੀ ਬੈਠਾ ਜਗਤਾ ਫ਼ੌਜੀ ਸੋਚੀਂ ਪਿਆ ਹੋਇਆ ਸੀ। ਬਿੜਕ ਸੁਣ ਕੇ ਉਸ ਸਿਰ ਉਪਰ ਚੁੱਕਿਆ ਤਾਂ ਬੀਵੀ ਨੂੰ ਵੇਖ ਕੇ ਪ੍ਰੇਸ਼ਾਨ ਜਿਹਾ ਹੋ ਗਿਆ। ਬੀਵੀ ਦੇ ਚਿਹਰੇ 'ਤੇ ਪੋਹਲੀ ਵਰਗੇ ਪ੍ਰਸ਼ਨ ਸਨ। ਪੁੱਛੇ ਜਾਣ ਦੇ ਡਰੋਂ ਉਹ ਕਾਹਲੀ ਨਾਲ ਬੋਲਿਆ, "ਭਾਗਵਾਨੇ, ਸੋਚਦਾਂ, ਇਹ ਸਾਰੇ ਤਗਮੇਂ ਵੇਚ ਘੱਤਾਂ...ਹੁਣ ਆਪਣੇ ਇਹ ਕਿਸ ਕੰਮ।"

ਬੀਵੀ ਨੇ ਹੈਰਾਨ ਹੋ ਕੇ ਉਹਦੇ ਵੱਲ ਵੇਖਿਆ।

"ਵੇਖ, ਇਹ ਮੈਡਲ ਕਿਸੇ ਹਾਰੀ ਸਾਰੀ ਨੂੰ ਨਹੀਂ ਮਿਲਦਾ।" ਜਗਤੇ ਫ਼ੌਜੀ ਦੀ ਤਲੀ 'ਤੇ ਉਹ ਮੈਡਲ ਸੀ ਜਿਹੜਾ ਇੰਨੇ ਸਾਲਾਂ ਤੋਂ ਲੱਕੜ ਦੇ ਪੈਰਾਂ ਦਾ ਓਹਲਾ ਬਣਨ ਦਾ ਯਤਨ ਕਰਦਾ ਰਿਹਾ ਸੀ। ਉਹ ਇੱਕ ਛਿਣ ਚੁੱਪ ਰਿਹਾ ਤੇ ਫਿਰ ਹਉਕੇ ਵਰਗਾ ਲੰਮਾ ਸਾਹ ਭਰਿਆ, "ਵੇਖ ਲਈ ਭਾਵੇਂ। ਇਹ ਬਹੁਤ ਮਹਿੰਗਾ ਵਿਕੂ।"

ਬੀਵੀ ਨੇ ਉਹਦੇ ਅੰਦਰੋਂ ਕੁਝ ਟੁੱਟ ਕੇ ਕਿਰਨ ਦੀ ਆਵਾਜ਼ ਸੁਣ ਲਈ ਸੀ।

ਉਹਦੀ ਗੱਲ ਦੇ ਜੁਆਬ ਵਿਚ ਉਹ ਚੁੱਪ ਹੀ ਰਹੀ।

ਐਤਵਾਰ ਦੇ ਪਹੁ-ਫੁਟਾਲੇ ਨਾਲ ਜਗਤੇ ਫ਼ੌਜੀ ਦੇ ਪੈਰ ਮੰਡੀ ਵੱਲ ਤੁਰ ਪਏ।

ਐਤਵਾਰੀ ਮੰਡੀ ਵਿਚ ਲੋਕ ਦੂਰੋਂ-ਨੇੜਿਓਂ ਆਪਣੀਆਂ ਵਸਤਾਂ ਲੈ ਕੇ ਪਹੁੰਚੇ ਹੋਏ ਸਨ। ਕਸਬੇ ਦੀ ਸੜਕ 'ਤੇ ਦੂਰ ਤਕ ਉਨ੍ਹਾਂ ਦੀਆਂ ਚੀਜ਼ਾਂ ਦਾ ਖਿਲਾਰਾ ਪਿਆ ਹੋਇਆ ਸੀ। ਉਹਨੇ ਵੀ ਯੋਗ ਥਾਂ ਵੇਖ ਕੇ ਪੁਰਾਣੇ ਟਾਟ ਦਾ ਟੁਕੜਾ ਵਿਛਾ ਲਿਆ। ਟਾਟ ਉਤੇ ਉਹਨੇ ਸਲੀਕੇ ਨਾਲ ਇੱਕ ਇੱਕ ਕਰ ਕੇ ਸਾਰੇ ਤਗਮੇ ਟਿਕਾ ਦਿੱਤੇ।

ਮੰਡੀ ਵਿਚ ਭਾਂਤ-ਭਾਂਤ ਦੀਆਂ ਦੁਕਾਨਾਂ ਸਨ, ਪਰ ਜਗਤੇ ਫ਼ੌਜੀ ਦੀ ਦੁਕਾਨ ਕੁਝ ਅਲੋਕਾਰ ਹੀ ਸੀ। ਕਈਆਂ ਨੇ ਉਥੇ ਖਲੋ ਕੇ ਉਤਸੁਕਤਾ ਨਾਲ ਉਨ੍ਹਾਂ ਤਗਮਿਆਂ ਨੂੰ ਵੇਖਿਆ ਸੀ ਤੇ ਫਿਰ ਅਗਾਂਹ ਤੁਰ ਗਏ ਸਨ। ਹਾਲੇ ਤਕ ਕਿਸੇ ਨੇ ਵੀ ਉਨ੍ਹਾਂ ਤਗਮਿਆਂ ਦਾ ਮੁੱਲ ਪੁੱਛਣ ਦੀ ਲੋੜ ਮਹਿਸੂਸ ਨਹੀਂ ਸੀ ਕੀਤੀ।

ਧੁੱਪ ਹੌਲੀ ਹੌਲੀ ਤਿੱਖੀ ਹੋ ਗਈ।

ਉਹਦੀਆਂ ਲੱਤਾਂ ਦੇ ਟੁੰਡਾਂ 'ਤੇ ਪਸੀਨੇ ਨਾਲ ਅੱਚਵੀ ਜਿਹੀ ਹੋਣ ਲੱਗ ਪਈ। ਉਹਨੇ ਪਿੰਜਣੀਆਂ ਤੋਂ ਵੱਧਰੀਆਂ ਖੋਲ੍ਹੀਆਂ ਤੇ ਲੱਕੜ ਦੇ ਦੋਵੇਂ ਪੈਰ ਵਾਰੀ-ਵਾਰੀ ਪਾਸੇ ਟਿਕਾ ਦਿੱਤੇ। ਪੱਟੀਆਂ ਉਤਾਰ ਕੇ ਉਹਨੇ ਟੁੰਡਾਂ 'ਤੇ ਹੱਥ ਫੇਰਿਆ। ਸਾਹ ਪਿਛਾਂਹ ਖਿੱਚ ਕੇ ਉਹਨੇ ਕੱਸੀ ਹੋਈ ਫ਼ੌਜੀ ਪੇਟੀ ਖੋਲ੍ਹੀ ਤੇ ਪੈਰ ਕੋਲ ਰੱਖ ਦਿੱਤੀ। ਸਿਰ ਤੋਂ ਫ਼ੌਜੀ ਟੋਪੀ ਲਾਹ ਕੇ ਉਹਨੇ ਅੱਗੇ ਧਰ ਲਈ ਤੇ ਦੂਧੀਆ ਵਾਲਾਂ ਵਿਚ ਉਂਗਲਾਂ ਫੇਰਦਿਆਂ ਅੱਖਾਂ ਮੀਟ ਲਈਆਂ।

ਪੱਥਰ ਦੀ ਢੋਅ ਲਾਈ ਬੈਠਿਆਂ ਉਹ ਊਂਘਣ ਲੱਗ ਪਿਆ।

ਲੋਕਾਂ ਦੀ ਭੀੜ ਭਾਵੇਂ ਹੌਲੀ ਹੌਲੀ ਵਧ ਗਈ ਸੀ, ਪਰ ਉਹ ਇੱਕ ਦੁਕਾਨ ਦਿਨ ਭਰ ਸੁੰਞੀ ਹੀ ਰਹੀ। ਦੂਰ ਖੜ੍ਹਾ ਇੱਕ ਆਦਮੀ ਕੁਝ ਚਿਰ ਉਸ ਬੁੱਢੇ ਅਪਾਹਜ ਫ਼ੌਜੀ ਨੂੰ ਵੇਖਦਾ ਰਿਹਾ। ਉਹਨੇ ਤਰਸ ਨਾਲ ਭਰ ਕੇ ਇੱਕ ਵਾਰ ਉਹਦੇ ਨੰਗੇ ਟੁੰਡਾਂ ਵੱਲ ਵੇਖਿਆ ਤੇ ਫਿਰ ਕੋਲ ਪਏ ਲੱਕੜ ਦੇ ਪੈਰਾਂ ਵੱਲ। ਉਹ ਦੁਕਾਨ ਤਕ ਆਇਆ ਤੇ ਝੁਕ ਕੇ ਤਗਮਿਆਂ ਵੱਲ ਵੇਖਣ ਲੱਗ ਪਿਆ। ਉਹ ਮੁੜ ਸਿੱਧਾ ਖਲੋ ਗਿਆ ਤੇ ਜੇਬ 'ਚੋਂ ਅਠਿਆਨੀ ਕੱਢ ਕੇ ਉਹਦੇ ਅੱਗੇ ਪਈ ਟੋਪੀ ਵਿਚ ਸੁੱਟ ਦਿੱਤੀ।

ਸਿੱਕੇ ਦੇ ਡਿੱਗਣ ਦੀ ਆਵਾਜ਼ ਨਾਲ ਉਹਨੇ ਤ੍ਰਭਕ ਕੇ ਅੱਖਾਂ ਖੋਲ੍ਹੀਆਂ। ਉਹਨੇ ਇੱਕ ਵਾਰ ਟੋਪੀ ਵਿਚ ਪਈ ਅਠਿਆਨੀ ਵੱਲ ਵੇਖਿਆ ਤੇ ਫਿਰ ਤੁਰੇ ਜਾਂਦੇ ਦਾਨੀ ਦੀ ਪਿੱਠ ਵੱਲ। ਜ਼ਿੱਲਤ ਤੇ ਅਪਮਾਨ ਦੀ ਮਿਲੀ-ਜੁਲੀ ਭਾਵਨਾ ਨਾਲ ਉਹਦਾ ਚਿਹਰਾ ਭਖਣ ਲੱਗ ਪਿਆ। ਉਹਨੇ ਤਗਮੇ ਚੁੱਕੇ ਤੇ ਤੁਰੇ ਜਾਂਦੇ ਬੰਦੇ ਦੀ ਪਿੱਠ 'ਤੇ ਵਗਾਹ ਮਾਰੇ।

ਉਸ ਰਾਤ ਉਸ ਨੇ ਗੰਗੇ ਨੂੰ ਪਹਿਲਾ ਖ਼ਤ ਲਿਖਿਆ, "ਪੁੱਤਰ! ਤੇਰੀ ਲੜਾਈ ਸਾਡੇ ਸਾਰਿਆਂ ਦੀ ਰੋਜ਼ੀ-ਰੋਟੀ ਦੀ ਲੜਾਈ ਹੈ। ਤੂੰ ਲੜਾਈ ਵਿਚ ਜਿਉਂਦਾ ਰਹਿਣ ਦੀ ਕੋਸ਼ਿਸ਼ ਕਰੀਂ। ਤੂੰ ਮਰ ਗਿਆ ਤਾਂ ਸਮਝ ਲਵੀਂ-ਅਸੀਂ ਸਾਰੇ ਲੜਾਈ ਹਾਰ ਗਏ ਹਾਂ। ਯਾਦ ਰੱਖੀਂ, ਤੇਰੀ ਸੂਰਬੀਰਤਾ ਦੇ ਤਗਮੇ ਸੰਡੇ ਮਾਰਕੀਟ ਵਿਚ ਵੀ ਨਹੀਂ ਵਿਕ ਸਕਣੇ।"

ਪਤਾ ਨਹੀਂ ਜਗਤਾ ਫ਼ੌਜੀ ਉਹ ਖ਼ਤ ਡਾਕੇ ਪਾ ਵੀ ਸਕਿਆ ਜਾਂ ਨਹੀਂ, ਪਰ ਇੱਕ ਗੱਲ ਸੌ ਵਿਸਵੇ ਪੱਕੀ ਸੀ ਕਿ ਉਸ ਦਿਨ ਤੋਂ ਪਹਿਲਾਂ ਕਿਸੇ ਵੀ ਪਿਉ ਨੇ ਆਪਣੇ ਫ਼ੌਜੀ ਪੁੱਤਰ ਨੂੰ ਇਹੋ ਜਿਹਾ ਖ਼ਤ ਨਹੀਂ ਲਿਖਿਆ ਹੋਣਾ।



# 'ਬੀਬਾ ਬੁਆਏਜ਼' ਦੀ ਬਾਤ

ਰੌਸ਼ਨੀ ਖੇਤਲ

ਫਿਲਮਸਾਜ਼ ਦੀਪਾ ਮਹਿਤਾ ਆਪਣੀ ਨਵੀਂ ਫਿਲਮ 'ਬੀਬਾ ਬੁਆਏਜ਼' ਨਾਲ ਫਿਰ ਹਾਜ਼ਰ ਹੋਈ ਹੈ। ਇਹ ਫਿਲਮ ਕੈਨੇਡਾ ਦੇ ਅਪਰਾਧ ਜਗਤ ਦੀ ਬਾਤ ਪਾਉਂਦੀ ਜਿਥੇ ਭਾਰਤੀ, ਖਾਸ ਕਰ ਕੇ ਪੰਜਾਬੀਆਂ ਦੀ ਆਪਸੀ ਲੜਾਈ ਅੱਜ ਕੱਲ੍ਹ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਛਾਈ ਰਹਿੰਦੀ ਹੈ। ਫਿਲਮ ਵਿਚ ਰਣਦੀਪ ਹੁੱਡਾ, ਗੁਲਸ਼ਨ ਗਰੋਵਰ, ਵਾਰਿਸ ਆਹਲੂਵਾਲੀਆ, ਅਲੀ ਕਾਜ਼ਮ ਵਰਗੇ ਕਲਾਕਾਰ ਹਨ। ਇਹ ਸਾਰੇ ਵੈਨਕੂਵਰ ਵਿਚ ਹੋਂਦ ਦੀ ਲੜਾਈ ਲੜ ਰਹੇ ਹਨ। ਗੌਰਤਲਬ ਹੈ ਕਿ ਹੋਂਦ ਦੀ ਇਹ ਲੜਾਈ ਹੁਣ ਕਤਲਾਂ ਤੱਕ ਜਾ ਪੁੱਜੀ ਹੈ ਅਤੇ ਇਸ ਪੱਖੋਂ ਕੈਨੇਡੀਅਨ ਸਮਾਜ ਵਿਚ ਪੰਜਾਬੀ ਭਾਈਚਾਰੇ ਦੀ ਨੁਕਤਾਚੀਨੀ ਵੀ ਬਹੁਤ ਹੋ ਰਹੀ ਹੈ।

'ਬੀਬਾ ਬੁਆਏਜ਼' 13 ਸਤੰਬਰ ਨੂੰ ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਗਈ ਸੀ ਅਤੇ ਇਸ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਹੁਣ ਇਹ ਫਿਲਮ 16 ਅਕਤੂਬਰ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਦੀਪਾ ਮਹਿਤਾ ਨੇ ਇਹ ਫਿਲਮ ਅੰਗਰੇਜ਼ੀ ਅਤੇ ਪੰਜਾਬੀ ਵਿਚ ਤਿਆਰ ਕੀਤੀ ਹੈ। ਇਸ ਤੋਂ ਪਹਿਲਾਂ ਦੀਪਾ ਮਹਿਤਾ 'ਫਾਇਰ', 'ਅਰਥ', 'ਵਾਟਰ' ਤੇ 'ਮਿਡਨਾਈਟਸ ਚਿਲਡਰਨ' ਵਰਗੀਆਂ ਫਿਲਮਾਂ ਬਣਾ ਚੁੱਕੀ ਹੈ।



ਦੀਪਾ ਮਹਿਤਾ

ਅੰਮ੍ਰਿਤਸਰ ਵਿਚ ਪਹਿਲੀ ਜਨਵਰੀ 1950 ਨੂੰ ਜਨਮੀ ਦੀਪਾ ਮਹਿਤਾ ਨੇ ਆਪਣਾ ਕਰੀਅਰ ਦਸਤਾਵੇਜ਼ੀ ਫਿਲਮਾਂ ਨਾਲ 1991 ਵਿਚ ਸ਼ੁਰੂ ਕੀਤਾ ਸੀ। ਉਦੋਂ ਉਸ ਨੇ 'ਸੈਮ ਐਂਡ ਮੀ' ਅਤੇ 1994 ਵਿਚ 'ਕੈਮਿਲਾ' ਫਿਲਮਾਂ ਬਣਾਈਆਂ। 1996 ਵਿਚ 'ਫਾਇਰ' ਫੀਚਰ ਫਿਲਮ ਨਾਲ ਉਸ ਨੇ ਫਿਲਮ ਜਗਤ ਵਿਚ ਤਰਥੱਲੀ ਪਾਈ। ਇਸ ਫਿਲਮ ਵਿਚ 2 ਔਰਤਾਂ ਦੇ ਆਪਸੀ ਸਬੰਧਾਂ ਦੀ ਬਾਤ ਸੀ। 'ਫਾਇਰ' ਵਾਲੀ ਲੜੀ ਵਿਚ ਉਸ ਨੇ 'ਅਰਥ' ਅਤੇ 'ਵਾਟਰ' ਨਾਂ ਦੀਆਂ ਫਿਲਮਾਂ ਬਣਾਈਆਂ। ਸਲਮਾਨ ਰਸ਼ਦੀ ਦੇ ਨਾਵਲ 'ਮਿਡਨਾਈਟਸ ਚਿਲਡਰਨ' ਜੋ 2012 ਵਿਚ ਤਿਆਰ ਹੋ ਗਈ ਸੀ, ਲਈ ਵੀ ਉਸ ਨੂੰ ਖ਼ੂਬ ਹੁੰਗਾਰਾ ਮਿਲਿਆ ਸੀ। ਰਸ਼ਦੀ ਦਾ ਇਹ ਨਾਵਲ ਭਾਰਤ ਦੀ ਆਜ਼ਾਦੀ ਨਾਲ ਸਬੰਧਤ ਹੈ। ਦੀਪਾ ਮਹਿਤਾ ਜਨਮੀ ਭਾਵੇਂ ਅੰਮ੍ਰਿਤਸਰ ਵਿਚ ਸੀ ਪਰ ਉਸ ਦਾ ਪਾਲਣ-ਪੋਸ਼ਣ ਨਵੀਂ ਦਿੱਲੀ ਵਿਚ ਹੋਇਆ। ਉਸ ਦਾ ਫਿਲਮ ਡਿਸਟਰੀਬਿਊਟਰ ਪਿਤਾ ਪਰਿਵਾਰ ਸਮੇਤ ਦਿੱਲੀ ਜਾ ਵਸਿਆ ਸੀ। ਦੀਪਾ ਨੇ ਪੜ੍ਹਾਈ ਦੇਹਰਾਦੂਨ ਤੇ ਨਵੀਂ ਦਿੱਲੀ ਤੋਂ ਹਾਸਲ ਕੀਤੀ। ਪੜ੍ਹਾਈ ਦੌਰਾਨ ਹੀ ਉਸ ਦੀ ਦਿਲਚਸਪੀ ਫਿਲਮਾਂ ਵਾਲੇ ਪਾਸੇ ਹੋ ਗਈ ਸੀ।

# ਚੁਰਾਸੀ ਦੀ ਚੀਸ

## 31 ਅਕਤੂਬਰ

ਫਿਲਮ '31 ਅਕਤੂਬਰ' ਵਿਚ ਅਦਾਕਾਰ ਵੀਰ ਦਾਸ ਅਤੇ ਅਦਾਕਾਰਾ ਸੋਹਾ ਅਲੀ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਇਹ ਫਿਲਮ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦੀਆਂ ਘਟਨਾਵਾਂ ਦੀ ਪੀੜ ਬਿਆਨ ਕਰਦੀ ਹੈ। ਫਿਲਮ ਅਜਿਹੇ ਬਾਪ ਦੀ ਸੱਚੀ ਘਟਨਾ 'ਤੇ ਆਧਾਰਿਤ ਹੈ ਜੋ ਆਪਣੇ ਦੋ ਬੱਚਿਆਂ ਨੂੰ ਬਚਾਉਣ ਲਈ ਤੜਫ਼ਦਾ ਹੈ। ਇਹ ਫਿਲਮ 18 ਅਤੇ 20 ਜੁਲਾਈ ਲੰਡਨ ਭਾਰਤੀ ਫਿਲਮ ਮੇਲੇ ਵਿਚ ਦਿਖਾਈ ਗਈ ਸੀ। ਲੋਕਾਂ ਨੂੰ ਫਿਲਮ ਨੇ ਇੰਨਾ ਪ੍ਰਭਾਵਿਤ ਕੀਤਾ ਕਿ ਦਰਸ਼ਕ ਫਿਲਮ ਦੀ ਪ੍ਰਸ਼ੰਸਾ ਵਿਚ ਹਾਲ ਵਿਚ ਖੜ੍ਹੇ ਹੋ ਗਏ। ਹੁਣ ਇਹ ਫਿਲਮ 30 ਅਕਤੂਬਰ 2015 ਨੂੰ ਰਿਲੀਜ਼ ਹੋ ਰਹੀ ਹੈ।

ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਵਿਸ਼ੇ 'ਤੇ ਬਣਨ ਵਾਲੀ ਇਹ ਪਹਿਲੀ ਬਾਲੀਵੁੱਡ ਫਿਲਮ ਹੈ। ਇਸ ਫਿਲਮ ਲਈ ਵੀਰ ਦਾਸ ਨੇ ਬਹੁਤ ਮਿਹਨਤ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਉਸ ਨੂੰ ਪੰਜਾਬੀ ਸਿੱਖਣ ਵਿਚ ਤਾਂ ਦਿੱਕਤ ਨਹੀਂ ਹੋਈ, ਪਰ ਪਿਤਾ ਦਾ ਰੋਲ ਨਿਭਾਉਣਾ ਵੰਗਾਰ ਵਾਲਾ ਕੰਮ ਸੀ।

ਫਿਲਮ ਸ਼ਿਵਾਜੀ ਲੋਟਣ ਪਾਟਿਨ ਨੇ ਬਣਾਈ ਹੈ ਜਿਸ ਦੀ ਮਰਾਠੀ ਫਿਲਮ 'ਧਗ' ਨੂੰ ਸਰਵੋਤਮ ਨਿਰਦੇਸ਼ਕ ਦਾ ਕੌਮੀ ਪੁਰਸਕਾਰ ਮਿਲ ਚੁੱਕਾ ਹੈ।

*-ਸਿਮਰਨ ਕੌਰ*






ਫਿਲਮ '31 ਅਕਤੂਬਰ' ਵਿਚ ਅਦਾਕਾਰ ਵੀਰ ਦਾਸ।

# ਮ੍ਰਿਣਾਲ ਸੇਨ ਦੀਆਂ ਸੈਨਤਾਂ

ਆਵਾਜ਼ ਦੇ ਕਹਾਂ ਹੈ...
-19-



ਕੁਲਦੀਪ ਕੌਰ
ਫੋਨ: +91-98554-04330

ਮ੍ਰਿਣਾਲ ਸੇਨ ਬੰਗਾਲੀ ਫਿਲਮਸਾਜ਼ ਸੀ, ਪਰ ਹਿੰਦੀ, ਉੜੀਆ ਅਤੇ ਤੈਲਗੂ ਭਾਸ਼ਾਵਾਂ ਉਤੇ ਉਹਦੀ ਪਕੜ ਕਮਾਲ ਸੀ। ਉਹਦੀ ਪਹਿਲੀ ਫਿਲਮ 'ਰਾਤ ਭੌਰ' (ਨਾਈਟਜ਼ ਐਂਡ) ਤੋਂ ਲੈ ਕੇ 'ਕੰਧਾਰ' ਤੱਕ ਵਿਚ ਉਹਦੀ ਅਣਥੱਕ, ਬੇਚੈਨ ਅਤੇ ਸਦਾ ਜਵਾਨ ਸੋਚ ਦਾ ਭਰਪੂਰ ਜਜ਼ਬਾ ਮਿਲਦਾ ਹੈ। 'ਰਾਤ ਭੌਰ' ਉਹਦੇ ਆਪਣੇ ਸ਼ਬਦਾਂ ਵਿਚ 'ਮਾੜਾ ਤਜਰਬਾ' ਸੀ। 'ਨੀਲ ਅਕਸ਼ੇਰ ਨੀਚੇ' (ਨੀਲੇ ਅਕਾਸ਼ ਥੱਲੇ) ਉਹਦੇ ਮਾਰਕਸਵਾਦ ਤੋਂ ਪ੍ਰਭਾਵਿਤ ਹੋਣ ਦੇ ਮੁੱਢਲੇ ਦੌਰ ਦੀ ਫਿਲਮ ਹੈ। ਇਸ ਤੋਂ ਅਗਲੀ ਫਿਲਮ 'ਬਾਰਿਸ਼ੇ ਸਰਵਣਾ' (ਵਿਆਹ ਦਾ ਦਿਨ) ਵਿਚ ਉਹਦੀ ਸਿਆਸੀ ਸਮਝ ਸਪਸ਼ਟ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਫਿਲਮ ਬਾਰੇ ਇਕ ਇੰਟਰਵਿਊ ਵਿਚ ਉਹ ਆਖਦਾ ਹੈ ਕਿ ਫਿਲਮ 'ਦੋ ਬੀਘਾ ਜ਼ਮੀਨ' ਜਿਸ ਦੇ ਨਿਰਦੇਸ਼ਕ ਬਿਮਲ ਰਾਏ ਸਨ, ਉਹਦੇ ਦਿਲੋ-ਦਿਮਾਗ ਨੂੰ ਕਈ ਦਿਨਾਂ ਤੱਕ ਝੰਜੋੜਦੀ ਰਹੀ ਸੀ। ਇਸ ਤੋਂ ਬਾਅਦ 'ਬਾਰਿਸ਼ੇ ਸਰਵਣਾ' ਬਣਨ ਦੀ ਕਹਾਣੀ ਆਰੰਭ ਹੋਈ। ਇਹ ਫਿਲਮ ਪੂਰਬੀ ਬੰਗਾਲ (ਹੁਣ ਬੰਗਲਾਦੇਸ਼) ਦੇ ਬੰਗਾਲ-ਵੰਡ ਤੋਂ ਪੀੜਤ ਦੋ ਪ੍ਰੇਮੀਆਂ ਦੀ ਕਹਾਣੀ ਹੈ ਜੋ ਹਾਲਾਤ ਦੀ ਕਰੂਰਤਾ ਦੇ ਝੰਬੇ ਹੋਏ ਹਨ। ਮ੍ਰਿਣਾਲ ਸੇਨ ਇਸ ਦਰਦ ਅਤੇ ਤਰਾਸਦੀ ਦੀਆਂ ਬਰੀਕ ਤੰਦਾਂ ਫੜਦਾ ਹੈ।

ਮ੍ਰਿਣਾਲ ਸੇਨ ਦੀਆਂ ਅਗਲੀਆਂ ਤਿੰਨ ਫਿਲਮਾਂ ਐਨ ਵੱਖ ਵੱਖ ਮੁੱਦਿਆਂ ਬਾਰੇ ਸਨ। ਇਕ ਵਿਚ ਔਰਤ ਦੇ ਘਰੇਲੂ ਤੋਂ ਕੰਮ-ਕਾਜੀ ਬਣਨ ਸਮੇਂ ਘਰਾਂ ਵਿਚ ਵਾਪਰਦੀਆਂ ਤਬਦੀਲੀਆਂ ਨੂੰ ਆਧਾਰ ਬਣਾਇਆ ਗਿਆ ਸੀ। 1956 ਵਿਚ 'ਆਕਾਸ਼ ਕੁਸਮ' ਨਿਰਦੇਸ਼ਿਤ ਕਰਨ ਤੱਕ ਉਹ ਫਰਾਂਸੀਸੀ ਅਤੇ ਸੋਵੀਅਤ ਯੂਨੀਅਨ ਦੇ ਸਿਨੇਮਾ ਤੋਂ ਆਕਰਸ਼ਿਤ ਹੋ ਚੁੱਕਾ ਸੀ। ਇਸ ਤੋਂ ਬਾਅਦ ਉਹਦੀਆਂ ਫਿਲਮਾਂ ਵਿਚ ਪ੍ਰਯੋਗਵਾਦ ਅਤੇ ਯਥਾਰਥਵਾਦ ਦਾ ਖ਼ੂਬਸੂਰਤ ਸੰਗਮ ਸ਼ੁਰੂ ਹੋਇਆ ਅਤੇ ਫਿਲਮਾਂ ਨਿੱਜੀ ਮਸਲਿਆਂ ਦੇ ਸਮਾਜਕ ਹੱਲ ਲੱਭਣ ਵੱਲ ਤੁਰਨ ਲੱਗੀਆਂ। ਜਦੋਂ ਉਸ ਨੇ 'ਮਿੱਤਰਾ ਮਨੀਸ਼' (ਦੋ ਭਰਾ) ਬਣਾਈ ਤਾਂ ਭਾਸ਼ਾ ਉੜੀਆ ਰੱਖੀ। ਆਲੋਚਕਾਂ ਦਾ ਜਵਾਬ ਦਿੰਦਿਆਂ ਉਸ ਨੇ ਕਿਹਾ- "ਇਸ ਨਾਲ ਤੁਸੀਂ ਨਵੇਂ ਦਿਸਹੱਦੇ ਤਰਾਸ਼ਦੇ ਹੋ। ਜੇ ਦੁਨੀਆਂ ਵਿਚ ਗੁਰਬਤ ਹਰ ਜਗ੍ਹਾ ਇਕੋ ਤਰੀਕੇ ਨਾਲ ਲੋਕਾਂ ਦਾ ਸ਼ੋਸ਼ਣ ਕਰਦੀ ਹੈ ਤਾਂ ਖਿੱਤਾ ਅਤੇ ਭਾਸ਼ਾ ਕੋਈ ਵੀ ਹੋਵੇ, ਫਿਲਮ ਆਪਣੀ ਗੱਲ ਕਹਿਣ ਵਿਚ ਕਾਮਯਾਬ ਹੋਵੇਗੀ।"

ਮ੍ਰਿਣਾਲ ਸੇਨ ਨੇ ਹਿੰਦੀ ਵਿਚ ਫਿਲਮ 'ਭੂਵਨ ਸ਼ੋਮ' ਨਿਰਦੇਸ਼ਿਤ ਕੀਤੀ। ਇਸ ਫਿਲਮ ਦਾ ਖਾਕਾ ਅਜਿਹੇ ਅਧਿਕਾਰੀ ਦੀ ਜ਼ਿੰਦਗੀ ਦੇ ਆਸ-ਪਾਸ ਖਿੱਚਿਆ ਗਿਆ ਹੈ ਜੋ 50 ਸਾਲ ਦੀ ਉਮਰ ਵਿਚ ਆਪਣੀ ਜ਼ਿੰਦਗੀ ਅਤੇ ਹੋਂਦ ਦੇ ਸਵਾਲਾਂ ਨੂੰ ਮੁਖਾਤਿਬ ਹੁੰਦਾ ਹੈ। ਜਦੋਂ ਉਹ ਸ਼ਿਕਾਰੀ ਦੇ ਰੂਪ ਵਿਚ ਪੰਛੀ ਮਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿਚ ਘੁੰਮਦਾ ਹੈ ਤਾਂ ਉਸ ਦੀ ਮੁਲਾਕਾਤ ਗੌਰੀ ਨਾਂ ਦੀ ਕੁੜੀ ਨਾਲ ਹੁੰਦੀ ਹੈ ਜੋ ਉਸ ਨੂੰ ਜ਼ਿੰਦਗੀ ਦੇ ਅਸਲ ਅਰਥ ਸਮਝਾਉਂਦੀ ਹੈ। ਫਿਲਮ ਦੇ ਇਕ ਦ੍ਰਿਸ਼ ਵਿਚ ਗੌਰੀ ਉਸ ਨੂੰ ਆਖਦੀ ਹੈ ਕਿ ਜੇ ਪੰਛੀਆਂ ਦਾ ਸ਼ਿਕਾਰ ਕਰਨਾ ਹੈ ਤਾਂ ਆਪਣਾ ਕੋਟ ਪੈਂਟ ਵਾਲਾ ਅਫ਼ਸਰੀ ਚੋਗਾ ਉਤਾਰ ਕੇ, ਸਾਧਾਰਨ ਦਿਹਾਤੀ ਕੁੜਤਾ ਪਜਾਮਾ ਬਦਲ ਲੈ, ਨਹੀਂ ਤਾਂ ਪੰਛੀ ਦੇਖ ਕੇ ਹੀ ਡਰ ਜਾਣਗੇ। ਇਹੀ ਇਸ ਫਿਲਮ ਦਾ ਸਾਰ ਹੈ ਜੋ ਭੂਵਨ ਨੂੰ ਅਫਸਰੀ ਦੇ ਰੁੱਖੇ, ਖੁਸ਼ਕ ਤੇ ਫੋਕੀ ਟੌਹਰ ਵਾਲੇ ਬਿੰਬ ਵਿਚੋਂ ਕੱਢ ਕੇ ਆਜ਼ਾਦ ਹੋਣ ਦੀ ਰਾਹ ਤੋਰਦਾ ਹੈ।

ਇਸ ਫਿਲਮ ਨੂੰ ਹਿੰਦੀ ਸਿਨੇਮਾ ਵਿਚ ਆ ਰਹੀਆਂ ਤਬਦੀਲੀਆਂ ਨਾਲ ਜੋੜ ਕੇ ਵੀ ਸਮਝਿਆ ਜਾ ਸਕਦਾ ਹੈ। ਇਸ ਦੌਰ ਤੱਕ ਆਉਂਦੇ ਆਉਂਦੇ ਭਾਰਤੀ ਸਿਨੇਮਾ ਨਾ ਸਿਰਫ ਹਾਲੀਵੁੱਡ ਦੇ ਪ੍ਰਭਾਵ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਸਗੋਂ ਘੜੀਆਂ-ਘੜਾਈਆਂ ਧਾਰਨਾਵਾਂ ਅਤੇ ਫਾਰਮੂਲੇ ਰੱਦ ਕਰਨ ਦਾ ਤਰੱਦਦ ਵੀ ਕਰ ਰਿਹਾ ਸੀ।

'ਇੰਟਰਵਿਊ' ਦੀ ਭਾਸ਼ਾ ਬੰਗਾਲੀ ਸੀ। ਇਹ ਫਿਲਮ ਬਿਰਤਾਂਤਕ ਅਤੇ ਸਿਨੇਮਈ ਮੁਹਾਵਰੇ ਦੇ ਪੱਖ ਤੋਂ ਅਨੂਠਾ ਤਜਰਬਾ ਸੀ। ਬਿਲਕੁਲ ਸਾਧਾਰਨ ਘਟਨਾ 'ਤੇ ਆਧਾਰਿਤ ਇਸ ਫਿਲਮ ਨੇ ਮੱਧ ਵਰਗੀ ਮਾਨਸਕਿਤਾ, ਅੰਗਰੇਜ਼ਾਂ ਦੀ ਭਗਤੀ ਦੀ ਰਹਿੰਦ-ਖੂਹਿੰਦ ਅਤੇ ਰਾਜਤੰਤਰ ਦੇ ਦੋਗਲੇ ਕਿਰਦਾਰ ਨੂੰ ਨੰਗਿਆਂ ਕੀਤਾ। ਫਿਲਮ ਦਾ ਨਾਇਕ ਆਪਣੇ ਦੋਸਤ ਦੇ ਭਰੋਸੇ ਕਿਸੇ ਅੰਗਰੇਜ਼ੀ ਕੰਪਨੀ ਵਿਚ ਇੰਟਰਵਿਊ ਲਈ ਜਾਣ ਵਾਲਾ ਹੈ। ਉਸੇ ਦਿਨ ਸ਼ਹਿਰ ਦੇ ਧੋਬੀ ਘਾਟਾਂ ਦੀ ਹੜਤਾਲ ਕਾਰਨ ਉਸ ਦਾ ਅੰਗਰੇਜ਼ੀ ਸੂਟ ਮੌਕੇ 'ਤੇ ਨਹੀਂ ਮਿਲਦਾ। ਪ੍ਰੇਸ਼ਾਨ ਨੌਜਵਾਨ ਕਦੇ ਆਪਣੇ ਬਾਪ ਦਾ ਪੁਰਾਣਾ ਸੂਟ ਪਾ ਕੇ ਦੇਖਦਾ ਹੈ, ਕਦੇ ਦੋਸਤਾਂ ਦੇ ਮਿੰਨਤਾਂ-ਤਰਲੇ ਕਰਦਾ ਹੈ। ਸਵਾਲ ਇਹ ਨਹੀਂ ਕਿ ਫਿਲਮ ਦੇ ਅਖੀਰ ਵਿਚ ਉਸ ਨੂੰ ਨੌਕਰੀ ਮਿਲਦੀ ਹੈ ਜਾਂ ਨਹੀਂ, ਸਵਾਲ ਤਾਂ ਉਸ ਅਣਮਨੁੱਖੀ ਢਾਂਚੇ ਦਾ ਹੈ ਜੋ ਪ੍ਰਤਿਭਾਸ਼ਾਲੀ ਤੇ ਸੰਭਾਵਨਾਵਾਂ ਨਾਲ ਭਰੀਆਂ ਮਨੁੱਖੀ ਜ਼ਿੰਦਗੀਆਂ ਨੂੰ ਕਦਮ-ਦਮ-ਕਦਮ ਜ਼ਲੀਲ ਕਰਦਾ ਹੈ। 'ਕਲਕੱਤਾ-71' ਵਰਗੀ ਫਿਲਮ ਗਰੀਬੀ ਅਤੇ ਹਿੰਸਾ ਦੇ ਅੰਤਰ-ਸਬੰਧਾਂ ਨੂੰ ਕਲਕੱਤੇ ਵਿਚ ਵਾਪਰ ਰਹੀਆਂ ਘਟਨਾਵਾਂ ਨਾਲ ਜੋੜ ਕੇ ਦਰਸਾਉਂਦੀ ਹੈ।



ਮ੍ਰਿਣਾਲ ਸੇਨ

ਮ੍ਰਿਣਾਲ ਸੇਨ 'ਮ੍ਰਿਗਆ' (ਸ਼ਾਹੀ ਸ਼ਿਕਾਰ) ਨਾਲ ਆਦਿਵਾਸੀ ਪਿੰਡ ਵਾਸੀਆਂ ਨਾਲ ਹੋ ਰਹੀ ਲੁਕਵੀਂ ਹਿੰਸਾ ਵੱਲ ਮੁੜਦਾ ਹੈ। ਇਹ ਫਿਲਮ ਮਿਥੁਨ ਚੱਕਰਵਰਤੀ ਦੀ ਸ਼ਾਨਦਾਰ ਅਦਾਕਾਰੀ ਕਰ ਕੇ ਜਾਣੀ ਜਾਂਦੀ ਹੈ। ਫਿਲਮ ਵਿਚ ਅੰਗਰੇਜ਼ੀ ਸ਼ਾਸਕਾਂ ਦੇ ਪਿੰਡ ਵਾਸੀਆਂ ਨਾਲ ਕੀਤੇ ਵਿਹਾਰ ਦਾ ਵੇਰਵਾ ਹੈ। ਫਿਲਮ ਦਾ ਨਾਇਕ ਗੁਣੀਆ ਨਿਪੁੰਨ ਸ਼ਿਕਾਰੀ ਹੈ ਜਿਸ ਦੀ ਸਾਂਝ ਨਵੇਂ ਨਿਯੁਕਤ ਅੰਗਰੇਜ਼ ਸ਼ਾਸਕ ਨਾਲ ਪੈ ਜਾਂਦੀ ਹੈ। ਪਿੰਡ ਵਿਚ ਅਨੇਕਾਂ ਪੁਲਿਸ ਮੁਖਬਰ ਅਤੇ ਸ਼ਾਹੂਕਾਰ ਹਨ ਜੋ ਆਦਿਵਾਸੀਆਂ ਤੇ ਸ਼ਿਕਾਰੀਆਂ ਵਾਂਗ ਘਾਤ ਲਾਈ ਰੱਖਦੇ ਹਨ। ਪਿੰਡ ਦਾ ਇਨਕਲਾਬੀ ਨੌਜਵਾਨ ਸੋਲਪੂ ਜਦੋਂ ਆਪਣੀ ਮਾਂ ਨੂੰ ਮਿਲਣ ਆਉਂਦਾ ਹੈ ਤਾਂ ਇਕ ਮੁਖਬਰ ਉਸ ਨੇ ਮਾਰ ਕੇ ਅੰਗਰੇਜ਼ਾਂ ਤੋਂ ਇਨਾਮੀ ਰਾਸ਼ੀ ਲੈਣ ਦੇ ਲਾਲਚ ਵਿਚ ਪਿੰਡ ਆ ਪਹੁੰਚਦਾ ਹੈ। ਪਤਾ ਲੱਗਣ 'ਤੇ ਪਿੰਡ ਵਾਸੀ ਉਸ ਦੀ ਭੁਗਤ ਸੰਵਾਰ ਦਿੰਦੇ ਹਨ। ਉਹ ਬਦਲੇ ਦੀ ਅੱਗ ਵਿਚ ਸਾਜ਼ਿਸ਼ ਰਚਦਾ ਹੈ। ਪਿੰਡ ਵਿਚ ਡਕੈਤੀ ਪੈਂਦੀ ਹੈ ਅਤੇ ਇਕ ਪੁਲਿਸ ਵਾਲੇ ਦੀ ਮੌਤ ਹੋ ਜਾਂਦੀ ਹੈ। ਇਸ ਦੇ ਬਦਲੇ ਸੋਲਪੂ ਨੂੰ ਘੇਰ ਕੇ ਮਾਰ ਦਿੱਤਾ ਜਾਂਦਾ ਹੈ। ਜਦੋਂ ਮੁਖਬਰ ਨੂੰ ਇਸ ਬਦਲੇ ਇਨਾਮ ਮਿਲਦਾ ਹੈ ਤਾਂ ਪਿੰਡ ਵਾਸੀਆਂ ਅਤੇ ਗੈਰ-ਆਦਿਵਾਸੀਆਂ ਵਿਚਕਾਰ ਕੰਧ ਖਿੱਚੀ ਜਾਂਦੀ ਹੈ। ਮਾੜੀ ਨੀਅਤ ਨਾਲ ਪਿੰਡ ਦਾ ਸ਼ਾਹੂਕਾਰ ਗੁਣੀਆ ਦੀ ਪਤਨੀ ਨੂੰ ਅਗਵਾ ਕਰ ਲੈਂਦਾ ਹੈ ਜਿਸ ਨੂੰ ਬਚਾਉਣ ਲਈ ਗੁਣੀਆ ਸ਼ਾਹੂਕਾਰ ਨੂੰ ਮਾਰ ਦਿੰਦਾ ਹੈ। ਉਹ ਜਦੋਂ ਇਸ ਦੀ ਖ਼ਬਰ ਲੈ ਕੇ ਅੰਗਰੇਜ਼ ਸ਼ਾਸਕ ਕੋਲ ਜਾਂਦਾ ਹੈ ਤਾਂ ਉਸ ਨੂੰ ਇਨਾਮ ਦੀ ਥਾਂ ਫਾਂਸੀ ਦੇਣ ਦਾ ਹੁਕਮ ਮਿਲਦਾ ਹੈ। ਗੁਣੀਆ ਨੂੰ ਫਾਂਸੀ ਲੱਗਣ ਤੱਕ ਇਹੀ ਸਮਝ ਵਿਚ ਨਹੀਂ ਆਉਂਦਾ ਕਿ ਇਕੋ ਤਰ੍ਹਾਂ ਦੇ ਜੁਰਮਾਂ ਲਈ ਵੱਖ ਵੱਖ ਮਾਪਦੰਡ ਕਿਉਂ? ਇਉਂ ਨਿਰਦੇਸ਼ਕ ਨਿਆਂ, ਸ਼ਾਸਨ ਅਤੇ ਰਾਜਤੰਤਰ ਦਾ ਲੋਕ ਵਿਰੋਧੀ ਚਿਹਰਾ ਉਘਾੜਦਾ ਹੈ। ਇਹ ਫਿਲਮ ਉੜੀਆ ਲੇਖਕ ਭਗਵਤੀ ਚਰਨ ਦੀ ਕਹਾਣੀ 'ਸ਼ਿਕਾਰੀ' ਉਤੇ ਆਧਾਰਿਤ ਸੀ। ਇਸ ਨੂੰ ਆਦਿਵਾਸੀ ਸੰਥਾਲਾਂ ਦੇ ਵਿਦਰੋਹ ਨਾਲ ਜੋੜ ਕੇ ਵੀ ਸਮਝਿਆ ਗਿਆ ਹੈ। ਫਿਲਮ ਬਾਕਸ ਆਫਿਸ 'ਤੇ ਫਲਾਪ ਹੋ ਗਈ ਸੀ। ਸ਼ਾਇਦ ਦਰਸ਼ਕਾਂ ਲਈ ਕਹਾਣੀ ਵਿਚ ਪਰੋਇਆ ਇਤਿਹਾਸ ਪਚਾਉਣਾ ਔਖਾ ਸੀ!

*(ਚਲਦਾ)*


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HOME BUYERS!! HOME SELLERS!!
ਖੁਸ਼ਖ਼ਬਰੀ ★ SAVE THOUSANDS ★ ਖੁਸ਼ਖ਼ਬਰੀ
BUYERS
BUY ANY HOME THROUGH MANJIT GILL AND RECEIVE 25% OF AGENTS COMMISSIONS AT CLOSING!
SELLERS
LIST YOUR HOME WITH 1% TO "ALLIANCE BAY REALTY!"
ਖਰੀਦਦਾਰ ਨੂੰ 25% ਕਮਿਸ਼ਨ ਵਾਪਸ
HOME LOANS
NO POINTS/NO FEE [OPTION]
*CALL FOR DETAILS
CALL NOW!!!!
FOR SALE
MANJIT GILL
510-888-1180
10+ YEARS EXPERIENCE
LICENSED REALTOR.
CalBRE# 01700446
NMLS# 358965
EQUAL HOUSING LENDER
EQUAL HOUSING OPPORTUNITY
REALTOR
SERVING UNION CITY, FREMONT,NEWARK. HAYWARD, TRACY, MANTECA, LATHROP AND MODESTO!
ALLIANCE BAY REALTY
31080 UNION CITY BLVD., SUITE 201, UNION CITY, CA 94587


ਸਾਫ ਸੁਥਰੀ ਸੱਭਿਆਚਾਰਕ ਗਾਇਕੀ
ਜੀਤਾ ਗਿੱਲ
ਸੰਪਰਕ ਕਰੋ: 209-815-0013



HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।*
*ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।*

## ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ ਮਹਾਨ ਸੂਰਵੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ


ਕਰਤਾਰ ਸਿੰਘ ਸਰਾਭਾ


ਵਿਸ਼ਨੂੰ ਗਣੇਸ਼ ਪਿੰਗਲੇ


ਬਖਸ਼ੀਸ਼ ਸਿੰਘ ਗਿੱਲਵਾਲੀ


ਸੁਰੈਣ ਸਿੰਘ ਵੱਡਾ ਗਿੱਲਵਾਲੀ


ਸੁਰੈਣ ਸਿੰਘ ਛੋਟਾ ਗਿੱਲਵਾਲੀ


ਹਰਨਾਮ ਸਿੰਘ ਸਿਆਲ ਕੋਟੀ


ਜਗਤ ਸਿੰਘ ਸੁਰਸਿੰਘ

## ਐਤਵਾਰ, 11 ਅਕਤੂਬਰ 2015
*(ਦੁਪਹਿਰ 12 ਤੋਂ ਰਾਤ 8 ਵਜੇ ਤੱਕ)*

## ਸਥਾਨ: ਐਸ.ਈ.ਐਸ. ਹਾਲ
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਸੈਕਰਾਮੈਂਟੋ, ਕੈਲੀਫੋਰਨੀਆ - 95624

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥

**ਸਤਿਕਾਰਯੋਗ ਭੈਣੋ ਤੇ ਭਰਾਓ,**

2015 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜਾਦੀ ਖਾਤਰ ਹਸ ਹਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ ਅਤੇ ਕਾਲੇ ਪਾਣੀ ਦੇ ਦੁਖ ਭੋਗੇ। ਇਨ੍ਹਾਂ ਵਿਚੋਂ ਕਰਤਾਰ ਸਿੰਘ ਸਰਾਭਾ ਤਾਂ ਹਾਲੇ 20 ਵਰ੍ਹੇ ਦਾ ਵੀ ਨਹੀਂ ਸੀ ਹੋਇਆ। ਇਸ ਘਟਨਾ ਨੇ ਭਾਰਤੀ ਉਪ ਮਹਾਦੀਪ ਦੇ ਲੋਕਾਂ ਦੇ ਦਿਲਾਂ ਵਿਚ ਅੰਗਰੇਜ਼ ਸਮਰਾਜ ਵਿਰੁਧ ਰੋਹ ਅਤੇ ਆਜ਼ਾਦੀ ਖਾਤਰ ਕੁਰਬਾਨ ਹੋਣ ਦੀ ਜਵਾਲਾ ਹੋਰ ਭੜਕਾ ਦਿੱਤੀ। ਇਸ ਨੇ ਕੌਮੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ, ਸਾਰੇ ਰਲ ਕੇ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ ਮਹਾਨ ਸੂਰਵੀਰ ਸ਼ਹੀਦਾਂ ਨੂੰ ਸਜਦਾ ਕਰੀਏ।


*ਗਾਇਕਾ ਸਤਵਿੰਦਰ ਬਿੱਟੀ*

**ਪਹੁੰਚ ਰਹੇ ਕਲਾਕਾਰ**
ਪੰਮੀ ਮਾਨ, ਸੰਨੀ ਬੱਬਰ, ਪੂਨਮ ਮਲਹੋਤਰਾ, ਜੀਵਨ ਰੱਤੀ
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਵੀਰ ਰਸੀ ਵਾਰਾਂ ਪੇਸ਼ ਕਰੇਗਾ।

**ਪੁੱਜ ਰਹੀਆਂ ਸ਼ਖਸੀਅਤਾਂ**
ਕਿਰਪਾਲ ਸਿੰਘ ਸੰਧੂ, ਜਗਦੀਸ਼ ਸਿੰਘ ਖੰਗੂੜਾ,
ਦਲਵਿੰਦਰ ਸਿੰਘ ਧੂਤ, ਬੀਬੀ ਕਰਨੈਲ ਕੌਰ ਈਸੜੂ

**ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ**
**ਖਾਣਾ, ਪਾਰਕਿੰਗ ਤੇ ਦਾਖਲਾ ਮੁਫ਼ਤ**

**ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ** 916-420-2390
**ਸਕੱਤਰ: ਐਸ ਐਸ ਸਿੱਧੂ** 661-302-5611
**ਖਜ਼ਾਨਚੀ: ਕਰਮਜੀਤ ਸਿੰਘ ਕੰਗ** 661-205-5214
**ਸਮਿਤਰ ਸਿੰਘ ਉਪਲ** 530-695-1716
**ਬਲਜਿੰਦਰ ਸਿੰਘ ਭੱਟੀ** 209-480-2275
**ਬਲਵੰਤ ਬਾਂਕਾ** 916-271-4216
**ਪਰਮਜੀਤ ਸਿੰਘ ਸੰਧੂ** 510-674-5857

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਸਿੰਘ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਗੁਰਦਿਆਲ ਚੰਦ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ।

*ਡਾ. ਯਾਦਵਿੰਦਰ ਸਿੰਘ ਕੰਗ ਦੀ ਟੀਮ ਮੁਫਤ ਮੈਡੀਕਲ ਕੈਂਪ ਲਾਵੇਗੀ*

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਜਸਪ੍ਰੀਤ ਸਿੰਘ ਐਡਵੋਕੇਟ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਊਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਛਿੰਦਾ ਉਪਲ, ਕਮਲ ਗਿੱਲ (ਪੈਨਮਾ ਫਾਰਮੇਸੀ, ਗਿੱਲ ਫਾਰਮੇਸੀ), ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੁਰਦੀਪ ਗਿੱਲ, ਜਨਕ ਰਾਜ ਸਿਧਰਾ, ਬਲਵਿੰਦਰ ਡੁਲਕੂ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਸੁਰਜੀਤ ਢਿੱਲੋਂ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ।

**ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ**